**Golden State Realty** JASSI GILL
Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763
Broker/Owner




**Harmit S Toor** BEB BAY EAST BROKERS
*Bay East Brokers, Inc.*
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com




COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
**Mann Insurance Brokers Inc.**
4123 Dyer St., #230, Union City, CA 94587





Twenty-Third Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 52; December 24, 2022
20451 N. Plum Grove Rd., Palatine, IL 60074
Ph:847-359-0746, Fax:847-705-9388


# ਕੇਂਦਰ ਹੁਣ ਕਿਸਾਨ ਅੰਦੋਲਨ ਵਾਲੀ ਰੜਕ ਕੱਢਣ ਲੱਗਾ

## ਗਾਇਕ ਕੰਵਰ ਗਰੇਵਾਲ ਅਤੇ ਰਣਜੀਤ ਬਾਵਾ ਦੇ ਘਰਾਂ 'ਤੇ ਛਾਪੇ

**ਚੰਡੀਗੜ੍ਹ:** ਇਨਕਮ ਟੈਕਸ ਵਿਭਾਗ (ਆਈ.ਟੀ.) ਦੀਆਂ ਵੱਖ-ਵੱਖ ਟੀਮਾਂ ਨੇ ਪੰਜਾਬੀ ਗਾਇਕ ਕੰਵਰ ਗਰੇਵਾਲ ਅਤੇ ਰਣਜੀਤ ਬਾਵਾ ਦੇ ਘਰਾਂ 'ਤੇ ਛਾਪੇ ਮਾਰੇ ਹਨ। ਇਸ ਦੌਰਾਨ ਪੰਜਾਬ ਪੁਲਿਸ ਸਮੇਤ ਸੀ.ਆਰ.ਪੀ.ਐਫ. ਦੇ ਜਵਾਨ ਵੀ ਤਾਇਨਾਤ ਰਹੇ। ਅਧਿਕਾਰੀਆਂ ਨੇ ਕਲਾਕਾਰਾਂ ਤੋਂ ਪੁੱਛ-ਪੜਤਾਲ ਵੀ ਕੀਤੀ ਹੈ।

ਆਈ.ਟੀ ਦੀਆਂ ਟੀਮਾਂ ਤਕਰੀਬਨ ਦੋ ਦਿਨ ਇਨ੍ਹਾਂ ਕਲਾਕਾਰਾਂ ਦੀਆਂ ਰਿਹਾਇਸ਼ਾਂ ਨੂੰ ਫਰੋਲਦੀਆਂ ਰਹੀਆਂ। ਪਰਿਵਾਰ ਦਾ ਦਾਅਵਾ ਹੈ ਇਸ ਫਰੋਲਾ-ਫਰਾਲੀ ਦੌਰਾਨ ਕੇਂਦਰੀ ਟੀਮ ਨੂੰ ਕੁਝ ਵੀ ਗੈਰ-ਕਾਨੂੰਨੀ ਨਹੀਂ ਮਿਲਿਆ। ਉਧਰ, ਕਿਸਾਨ ਜਥੇਬੰਦੀਆਂ ਨੇ ਛਾਪਿਆਂ ਦੀ ਅਸਲ ਵਜ੍ਹਾ ਇਨ੍ਹਾਂ ਕਲਾਕਾਰਾਂ ਵੱਲੋਂ ਦਿੱਲੀ ਵਿਚ ਕੇਂਦਰ ਸਰਕਾਰ ਖ਼ਿਲਾਫ਼ ਚੱਲੇ ਕਿਸਾਨ ਅੰਦੋਲਨ ਦੀ ਹਮਾਇਤ ਕਰਨਾ ਦੱਸਿਆ ਹੈ। ਕਿਸਾਨ ਜਥੇਬੰਦੀਆਂ ਇਨ੍ਹਾਂ ਕਲਾਕਾਰਾਂ ਉਤੇ ਕੇਂਦਰ ਦੀ ਧੱਕੇਸ਼ਾਹੀ ਖ਼ਿਲਾਫ਼ ਖੁੱਲ੍ਹ ਕੇ ਨਿੱਤਰ ਆਈਆਂ ਹਨ ਤੇ ਸਰਕਾਰ ਨੂੰ ਸਖਤ ਚਿਤਾਵਨੀ ਦਿੱਤੀ ਹੈ। ਦੱਸ ਦਈਏ ਕਿ ਕੰਵਰ ਗਰੇਵਾਲ ਤੇ ਬਾਵਾ ਨੇ ਤਿੰਨ ਖੇਤੀ ਸੁਧਾਰ ਕਾਨੂੰਨਾਂ ਖ਼ਿਲਾਫ਼ ਪੰਜਾਬ ਸਮੇਤ ਦਿੱਲੀ ਦੀਆਂ ਬਰੂੰਹਾਂ 'ਤੇ ਚੱਲੇ ਕਿਸਾਨ ਅੰਦੋਲਨ ਦੀ ਡਟ ਕੇ ਹਮਾਇਤ ਕੀਤੀ ਸੀ। ਇਨ੍ਹਾਂ ਕਲਾਕਾਰਾਂ ਨੇ ਆਪਣੇ ਗੀਤਾਂ ਰਾਹੀਂ ਵੀ ਹਕੂਮਤਾਂ ਨੂੰ ਵੰਗਾਰਿਆ ਸੀ। ਕੇਂਦਰੀ ਟੀਮਾਂ ਨੇ ਇਹ ਸਰਗਰਮੀ ਉਸ ਵੇਲੇ ਵਿਖਾਈ ਹੈ ਕਿ ਜਦੋਂ ਕਿਸਾਨੀ ਸੰਘਰਸ਼ ਇਕ ਵਾਰ ਮੁੜ ਲਾਮਬੰਦ ਹੋਣ ਲੱਗਾ ਹੈ। ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਚ ਟੋਲ ਪਲਾਜ਼ਿਆਂ ਨੂੰ ਬੰਦ ਕੀਤਾ ਹੋਇਆ ਹੈ। ਕਿਸਾਨੀ ਮੰਗਾਂ ਨੂੰ ਲੈ ਕੇ ਜਥੇਬੰਦੀਆਂ ਨੇ ਥਾਂ-ਥਾਂ ਧਰਨੇ ਸ਼ੁਰੂ ਕੀਤੇ ਹੋਏ ਹਨ। ਦੱਸਿਆ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਅੰਦੋਲਨ ਦੀ ਸਮਾਪਤੀ ਮੌਕੇ ਜਥੇਬੰਦੀਆਂ ਨਾਲ ਕੀਤੇ ਲਿਖਤੀ ਵਾਅਦਿਆਂ ਤੋਂ ਮੁੱਕਰਨ ਕਾਰਨ ਕਿਸਾਨਾਂ ਵਿਚ ਕਾਫੀ ਰੋਹ ਹੈ ਤੇ ਇਸੇ ਰੋਹ ਆਸਰੇ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਕ ਹੋਰ ਵੱਡਾ ਅੰਦੋਲਨ ਖੜ੍ਹਾ ਕੀਤਾ ਜਾ ਸਕਦਾ ਹੈ। ਪੰਜਾਬ ਵਿਚ ਜਥੇਬੰਦੀਆਂ ਦੀਆਂ ਤਾਜ਼ਾ ਸਰਗਰਮੀਆਂ ਨੂੰ ਇਸੇ ਨਿਗ੍ਹਾ ਨਾਲ ਵੇਖਿਆ ਜਾ ਰਿਹਾ ਹੈ।




ਜ਼ੀਰਾ ਸ਼ਰਾਬ ਫੈਕਟਰੀ ਨੂੰ ਬੰਦ ਕਰਵਾਉਣ ਲਈ ਪੰਜ ਮਹੀਨਿਆਂ ਤੋਂ ਰੋਸ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਕਾਰਨ ਕਿਸਾਨਾਂ ਵਿਚ ਭਾਰੀ ਰੋਸ ਹੈ। ਪੁਲਿਸ ਕਾਰਵਾਈ ਪਿੱਛੋਂ ਵੱਖ-ਵੱਖ ਧਰਨੇ ਲਾਈ ਬੈਠੀਆਂ ਕਿਸਾਨ ਜਥੇਬੰਦੀਆਂ ਵੀ ਏਕੇ ਵੱਲ ਮੁੜੀਆਂ ਹਨ। ਸੰਯੁਕਤ ਮੋਰਚਾ ਦੇ ਆਗੂਆਂ ਨੇ ਵੀ ਕਿਸਾਨ ਜਥੇਬੰਦੀਆਂ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਲਾਮਬੰਦ ਹੋਣ ਦੇ ਸੁਨੇਹੇ ਭੇਜਣੇ ਸ਼ੁਰੂ ਕਰ ਦਿੱਤੇ ਹਨ। ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਸਥਿਤੀ ਟਕਰਾਅ ਵਾਲੀ ਬਣੀ ਹੋਈ ਹੈ। ਆਗੂਆਂ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਜ਼ਬਰਦਸਤੀ ਉਠਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਇਸ ਦੇ ਗੰਭੀਰ ਸਿੱਟੇ ਸਰਕਾਰ ਨੂੰ ਭੁਗਤਣੇ ਪੈਣਗੇ। ਖੇਤੀ ਕਾਨੂੰਨਾਂ ਖ਼ਿਲਾਫ਼ ਵਿੱਢਿਆ

***(ਬਾਕੀ ਸਫਾ 6 'ਤੇ)***

## ਫਰਜ਼ੀ ਮੁਕਾਬਲਾ

# ਹਾਈਕੋਰਟ ਨੇ ਫੈਸਲੇ ਨੇ ਜ਼ਖਮ ਮੁੜ ਹਰੇ ਕੀਤੇ

**ਚੰਡੀਗੜ੍ਹ:** ਅਲਾਹਾਬਾਦ ਹਾਈਕੋਰਟ ਨੇ ਉਤਰ ਪ੍ਰਦੇਸ਼ ਵਿਚ 1991 ਵਿਚ ਹੋਏ ਦਸ ਸਿੱਖਾਂ ਦੇ ਫਰਜ਼ੀ ਪੁਲਿਸ ਮੁਕਾਬਲੇ ਵਿਚ ਮੌਤ ਦੇ 43 ਦੋਸ਼ੀਆਂ ਦੀ ਸਜ਼ਾ ਘਟਾ ਕੇ ਪੀੜਤ ਪਰਿਵਾਰਾਂ ਦੇ ਜ਼ਖਮ ਮੁੜ ਅੱਲ੍ਹੇ ਕਰ ਦਿੱਤੇ ਹਨ। ਸੀ.ਬੀ.ਆਈ. ਅਦਾਲਤ ਨੇ 2016 ਵਿਚ ਇਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਧਾਰਾ 302 ਤਹਿਤ ਦੋਸ਼ੀ ਮੰਨਦਿਆਂ ਉਮਰ ਕੈਦ ਦੀ ਸਜਾ ਦਿੱਤੀ ਸੀ। ਹਾਈਕੋਰਟ ਨੇ ਉਨ੍ਹਾਂ ਨੂੰ ਧਾਰਾ 304 (1) ਤਹਿਤ ਗੈਰ-ਇਰਾਦਤਨ ਮਨੁੱਖੀ ਕਤਲ ਦੇ ਦੋਸ਼ੀ ਮੰਨਦਿਆਂ ਸਜ਼ਾ ਘਟਾ ਕੇ 7 ਸਾਲ ਕਰ ਦਿੱਤੀ ਹੈ।



ਜ਼ਿਕਰਯੋਗ ਹੈ ਕਿ 12 ਜੁਲਾਈ, 1991 ਨੂੰ ਯੂਪੀ ਪੁਲਿਸ ਦੇ ਮੁਲਾਜ਼ਮਾਂ ਨੇ ਬੱਸ ਵਿਚ ਸਵਾਰ ਸਿੱਖ ਸ਼ਰਧਾਲੂਆਂ ਵਿਚੋਂ 11 ਪੁਰਸ਼ ਮੈਂਬਰਾਂ ਨੂੰ ਵੱਖ ਕਰ ਕੇ ਤੇ ਖਾਲਿਸਤਾਨੀ ਅਤਿਵਾਦੀ ਕਰਾਰ ਦੇ ਕੇ ਜੰਗਲ 'ਚ ਲਿਜਾ ਕੇ ਗੋਲੀ ਮਾਰ ਦਿੱਤੀ ਸੀ। ਮਨੁੱਖੀ ਹੱਕਾਂ ਦੇ ਪੱਖ ਤੋਂ ਇਸ ਘਟਨਾ ਦੀ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਆਲੋਚਨਾ ਹੋਈ ਸੀ। ਅਪਰੈਲ, 2016 ਵਿਚ ਸੀ.ਬੀ.ਆਈ. ਅਦਾਲਤ ਨੇ 47 ਪੁਲਿਸ ਕਰਮੀਆਂ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਸੀ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਅਲਾਹਾਬਾਦ ਹਾਈ ਕੋਰਟ ਨੇ ਹੁਣ ਇਨ੍ਹਾਂ ਦੀ ਸਜ਼ਾ ਘਟਾ ਦਿੱਤੀ ਹੈ। ਚਾਰ ਪੁਲਿਸ ਕਰਮੀਆਂ ਦੀ ਸੁਣਵਾਈ ਦੌਰਾਨ ਹੀ ਮੌਤ ਹੋ ਗਈ ਸੀ।

ਪੁਲਿਸ ਅਨੁਸਾਰ ਮੁਕਾਬਲੇ ਵਿਚ ਮਾਰੇ ਗਏ ਵਿਅਕਤੀਆਂ ਵਿਚੋਂ ਚਾਰ ਦਾ ਖਾਲਿਸਤਾਨ ਲਿਬਰੇਸ਼ਨ ਫਰੰਟ ਨਾਲ ਸਬੰਧ ਸੀ। ਸੀ.ਬੀ.ਆਈ. ਦੀ ਤਫਤੀਸ਼ ਵਿਚ ਇਹ ਸਾਬਤ ਹੋਇਆ ਸੀ ਕਿ ਪੁਲਿਸ ਵੱਲੋਂ 12 ਜੁਲਾਈ 1991 ਦੀ ਰਾਤ ਨੂੰ ਬੱਸ ਵਿਚ ਯਾਤਰਾ ਕਰ ਰਹੇ 11 ਲੋਕਾਂ ਨੂੰ ਲਾਹ ਲਿਆ ਗਿਆ ਤੇ ਉਨ੍ਹਾਂ ਵਿਚ 10 ਨੂੰ ਅਤਿਵਾਦੀ ਦਰਸਾ ਕੇ ਫਰਜ਼ੀ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ। ਦੋਸ਼ ਲਗਾਇਆ ਜਾਂਦਾ ਰਿਹਾ ਹੈ ਕਿ 11ਵਾਂ ਸ਼ਖਸ ਇਕ ਬੱਚਾ ਸੀ ਜਿਸ ਦਾ ਹੁਣ ਤੱਕ ਕੋਈ ਪਤਾ ਨਹੀਂ ਲੱਗਾ। 1991 ਵਿਚ ਹੋਈ ਘਟਨਾ ਦਾ ਫੈਸਲਾ 2016 ਵਿਚ 25 ਸਾਲਾਂ ਬਾਅਦ ਆਇਆ। ਹੁਣ ਹਾਈਕੋਰਟ ਵੱਲੋਂ ਸਜਾ ਘਟਾਉਣ ਨੇ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ ਨੂੰ ਮੁੜ ਤਾਜ਼ਾ ਕਰ ਦਿੱਤਾ ਹੈ।

ਯਾਦ ਰਹੇ ਕਿ ਇਹ ਮਾਮਲਾ ਅਖਬਾਰਾਂ ਅਤੇ ਮੀਡੀਆ ਅੰਦਰ ਵਾਰ-ਵਾਰ ਉੱਠਦਾ ਰਿਹਾ ਹੈ। ਇਸ ਦੇ ਬਾਵਜੂਦ ਦੋਸ਼ੀਆਂ ਨੂੰ ਢਿੱਲ ਦੇ ਦਿੱਤੀ ਗਈ ਹੈ। ਪੀੜਤਾਂ ਦੀ ਪੀੜ ਦਾ ਖਿਆਲ ਹੀ ਨਹੀਂ ਰੱਖਿਆ ਗਿਆ।


Medicare Questions?

Medicare Annual Enrollment
Period: Oct. 15 - Dec. 7
Contact: 510-459-7537
MI Mehar Insurance Serv.
I can help you with:
• Understanding your Medicare options
• Plan analysis and enrollment
• Ongoing support and service

Bhupinder Singh Dev
bdev_99@yahoo.com
Lic# 0F86916
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.




Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving:
• All kinds of Sweets
• Snacks & Food
• Chaat & Tikki Stall
• Pani Poori Stall
• Bhel Poori / Pav Bhaji
• Faloodа Kulfi
Catering Services:
• Wedding Ceremonies
• Receptions
• Birthday Parties
• Religious Gatherings
• Corporate Events
• Picnics / Bar-b-que
Additional Services:
• Warmers
• Chaffing Dishes
• China & Silverware
• Linen Rental
• Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



GLOBAL TRUCK PERMITS

17 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

FRIENDS OF PUNJAB FOUNDATION
SERVING HUMANITY
DEDICATED TO THE TEACHINGS OF GURU NANAK DEV JI

# FRIENDS OF PUNJAB FOUNDATION

# 'MERA PIND' 360

## (ALL AROUND HUMAN DEVELOPMENT)

KHALSA AID

**ਖਾਲਸਾ ਏਡ ਇੰਟਰਨੈਸ਼ਨਲ ਨੇ ਪੰਜਾਬ ਦੇ ਪਿੰਡਾਂ ਵਿੱਚ "ਮੇਰਾ ਪਿੰਡ 360" ਪ੍ਰਜੈਕਟ ਸ਼ੁਰੂ ਕਰਨ ਲਈ ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ ਨਾਲ ਸਾਂਝੇਦਾਰੀ ਕੀਤੀ।**

ਗੁਰੂ ਨਾਨਕ ਸਾਹਿਬ ਦੇ ਹੁਕਮ ਅਨੁਸਾਰ, "ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ" ਪਿਛਲੇ 7 ਸਾਲਾਂ ਤੋਂ ਪੰਜਾਬ ਦੇ ਪਿੰਡਾਂ ਵਿੱਚ ਮਨੁੱਖਤਾ ਦੀ ਸੇਵਾ ਕਰ ਰਹੀ ਹੈ। ਦਰਜਨਾਂ ਪ੍ਰਵਾਸੀ ਭਾਰਤੀਆਂ ਵੱਲੋਂ ਕਈ ਪਿੰਡਾਂ ਦੇ ਸੈਂਕੜੇ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਫਾਊਂਡੇਸ਼ਨ ਪਿਛਲੇ 4 ਸਾਲਾਂ ਤੋਂ ਸਾਰੇ ਪਿੰਡ ਵਾਸੀਆਂ ਨੂੰ ਮਦਦ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ "ਮੇਰਾ ਪਿੰਡ 360" ਪ੍ਰਜੈਕਟ 'ਤੇ ਕੰਮ ਕਰ ਰਹੀ ਹੈ। ਹੁਣ ਖਾਲਸਾ ਏਡ ਇੰਟਰਨੈਸ਼ਨਲ ਨੇ ਪੰਜਾਬ ਦੇ ਪਿੰਡਾਂ ਵਿੱਚ "ਮੇਰਾ ਪਿੰਡ 360" ਸੈਂਟਰ ਖੋਲ੍ਹਣ ਲਈ ਫਾਊਂਡੇਸ਼ਨ ਨਾਲ ਭਾਈਵਾਲੀ ਕੀਤੀ ਹੈ। ਜੇਕਰ ਕੋਈ ਪ੍ਰਵਾਸੀ ਭਾਰਤੀ ਆਪਣੇ ਪਿੰਡ "ਮੇਰਾ ਪਿੰਡ 360" ਸੈਂਟਰ ਸਥਾਪਤ ਕਰਨ ਵਿਚ ਦਿਲਚਸਪੀ ਰੱਖਦੇ ਹਨ, ਤਾਂ ਖਾਲਸਾ ਏਡ ਲਾਗਤ ਨੂੰ ਮਾਲੀ ਹਿੱਸੇਦਾਰੀ ਦੇਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ "ਮਨੁੱਖਤਾ ਦੀ ਸੇਵਾ" ਅਨੁਸਾਰ ਪਿੰਡ ਕੋਟਲੀ ਅਰਾਈਆਂ ਵਿਖੇ ਪਿਛਲੇ ਚਾਰ ਸਾਲਾਂ ਤੋਂ, ਬਲਾਕ ਆਦਮਪੁਰ, ਜ਼ਿਲ੍ਹਾ ਜਲੰਧਰ ਵਿਖੇ ਲੋਕਾਂ ਦੀ ਸੇਵਾ ਲਈ ਸੈਂਟਰ ਚਲਾਇਆ ਜਾ ਰਿਹਾ ਹੈ। ਜਿਸ ਵਿੱਚ ਹੇਠ ਲਿਖੇ ਕੰਮ ਕੀਤੇ ਜਾ ਰਹੇ ਹਨ।

## ਲਾਇਬ੍ਰੇਰੀ

ਲਾਇਬ੍ਰੇਰੀ ਵਿੱਚ ਹਰ ਉਮਰ ਵਰਗ ਲਈ ਧਾਰਮਿਕ, ਇਤਿਹਾਸਿਕ, ਵਿਗਿਆਨਿਕ, ਨਾਵਲ, ਖੇਤੀ-ਬਾੜੀ ਅਤੇ ਛੋਟੇ ਬੱਚਿਆਂ ਲਈ ਕਹਾਣੀਆਂ ਅਤੇ ਕਵਿਤਾਵਾਂ ਦੀਆਂ ਕਿਤਾਬਾਂ ਉਪਲਬੱਧ ਹਨ।

**ਲਾਇਬ੍ਰੇਰੀ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਹੈ।**

ਲਾਇਬ੍ਰੇਰੀ ਵਿੱਚ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਇਤਿਹਾਸਿਕ ਸ਼ਖਸੀਅਤਾਂ ਦੇ ਜੀਵਨ ਤੋਂ ਜਾਣੂੰ ਕਰਵਾਉਣ ਲਈ ਪ੍ਰਤੀਯੋਗਤਾਵਾਂ ਕਰਵਾਈਆਂ ਜਾਂਦੀਆਂ ਹਨ,ਅਤੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਂਦੇ ਹਨ।

**ਕਿਸੇ ਵੀ ਪ੍ਰਤੀਯੋਗਤਾ ਵਿੱਚ ਹਿੱਸਾ ਲੈਣ ਲਈ ਆਪਣੀ ਰਜਿਸਟ੍ਰੇਸ਼ਨ ਕਰਵਾਓ**

## ਈ ਕਲੀਨਿਕ

ਵੀਡੀਓ ਕਾਨਫਰਸਿੰਗ ਚੈੱਕ ਅੱਪ- ਹਰ ਸ਼ਨੀਵਾਰ ਸਵੇਰੇ 9:00 ਵਜੇ ਤੋਂ 10:30 ਵਜੇ ਤੱਕ ਅਮਰੀਕਾ ਤੋਂ ਡਾਕਟਰ ਆਨਲਾਈਨ ਹੁੰਦੇ ਹਨ ਅਤੇ ਸੈਂਟਰ ਵਿੱਚ ਮੌਜੂਰ ਨਰਸ ਨੂੰ ਹਦਾਇਤਾਂ ਦੇ ਕੇ ਮੀਰਜ਼ਾਂ ਦਾ ਚੈੱਕ-ਅੱਪ ਕਰਦੇ ਹਨ ਅਤੇ ਸਲਾਹ ਦਿੰਦੇ ਹਨ।

**ਮਰੀਜ਼ਾਂ ਨੂੰ ਮਲਟੀ ਵਿਟਾਮਿਨ ਅਤੇ ਹੈਲਥ ਸਪਲੀਮੈਂਟ ਦਿੱਤੇ ਜਾਂਦੇ ਹਨ**

**ਬਲੱਡ ਟੈਸਟ ਕੇਵਲ ਡਾਕਟਰ ਦੀ ਸਲਾਹ ਨਾਲ ਕੀਤੇ ਜਾਂਦੇ ਹਨ**

## ਸੀ.ਐੱਸ.ਸੀ

ਪਾਸਪੋਰਟ, ਪੈਨ ਕਾਰਡ, ਈ ਟਿਕਟ, ਸਿਹਤ ਬੀਮਾ ਕਾਰਡ, ਕਿਸਾਨਾਂ ਦੀ ਕੇ ਵਾਈ ਸੀ, ਆਦਿ ਦਾ ਕੰਮ ਕੀਤਾ ਜਾਂਦਾ ਹੈ।

**ਸੀ.ਐੱਸ.ਸੀ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੈ।**

## ਕਿੱਤਾਮੁਖੀ ਸਿੱਖਿਆ

ਕੰਪਿਊਟਰ ਦੀ ਬੇਸਿਕ ਟ੍ਰੇਨਿੰਗ / ਅਤੇ ਆਧੁਨਿਕ ਟ੍ਰੇਨਿੰਗ / ਅਗ੍ਰਾਫਿਕ ਡਿਜ਼ਾਇਨਿੰਗ ਦੀ ਸਿਖਲਾਈ / ਟੈਲੀ / ਲੇਡੀਜ਼ ਡਰੈੱਸ ਡਿਜ਼ਾਇਨਿੰਗ, ਡੇਅਰੀ ਫਾਰਮਿੰਗ, ਬਿਊਟੀ ਪਾਰਲਰ, ਟੈਲੀ ਜੂਟ ਬੈਗ ਬਣਾਉਣ ਦੀ ਟ੍ਰੇਨਿੰਗ,ਦਿੱਤੀ ਜਾਂਦੀ ਹੈ।

**ਹੋਣਹਾਰ ਨੌਜਵਾਨਾ ਨੂੰ ਅਮਰੀਕਾ ਅਤੇ ਕਨੇਡਾ ਤੋਂ ਆਈ.ਟੀ ਬਿਜਨੈੱਸ ਦੇਣ ਦੀ ਤਿਆਰੀ ਚੱਲ ਰਹੀ ਹੈ।**

## ਛੋਟੇ ਕਿਸਾਨਾਂ ਲਈ ਸਹਾਇਤਾ

ਕਿਸਾਨਾਂ ਨੂੰ ਰਵਾਇਤੀ ਖੇਤੀ ਦੇ ਬਦਲ ਲਈ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**ਕਿਸੇ ਵੀ ਸਕਿੱਲ ਟ੍ਰੇਨਿੰਗ ਵਿੱਚ ਦਾਖਲਾ ਲੈਣ ਲਈ ਆਪਣੀ ਰਜਿਸਟ੍ਰੇਸ਼ਨ ਕਰਵਾਓ**

ਸਾਰੀਆਂ ਸੇਵਾਵਾਂ ਬਿਲਕੁਲ ਮੁਫਤ ਹਨ, ਕੋਈ ਵੀ ਪੈਸਾ ਨਹੀਂ ਲਿਆ ਜਾਂਦਾ ਹੈ।

Bhupinder Singh Hundal U.S.A, Email- hundalb@yahoo.com+1 (630) 802-2179

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5’2” daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5’ 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jat Sikh parents invite matrimonial alliance for their US born daughter 36, 5’9" beautiful, family oriented, never married. Master’s in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct’ 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5’6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

## ਲੜਕੀ ਦੀ ਲੋੜ ਹੈ

Khatri Sikh family looking for a beautiful educated Sikh girl from USA, Canada, or India for their USA citizen son, born in 1987, 5’11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

ਜੱਟ ਸਿੱਖ ਬੋਪਾਰਾਏ 29 ਸਾਲ, 5’10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

ਜੱਟ ਸਿੱਖ ਪੱਗੜੀਧਾਰੀ (Trim Beard) ਯੂ.ਐੱਸ.ਏ. ਸਿਟੀਜ਼ਨ, 28 ਸਾਲ, ਕੱਦ 5’11" Teetotaler, CPA ਸਾਫਟਵੇਅਰ ਕੰਪਨੀ ਵਿਚ ਵਧੀਆ ਨੌਕਰੀ ਕਰ ਰਹੇ ਲੜਕੇ ਲਈ ਬਰਾਬਰ ਦੀ ਯੋਗਤਾ ਅਤੇ ਯੂ.ਐੱਸ.ਏ. ਸਿਟੀਜ਼ਨ ਜਾਂ H1B ਵੀਜ਼ਾ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ: 415-518-0418

50-53

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

Looking for a suitable Ramgarhia Sikh Dhiman match for our well-settled boy (U.S Citizen), 29 years, 5’ 11”, residing in Chicago area. Please contact: manpreetrupal24@gmail.com

49-52

ਯੂ.ਐੱਸ.ਏ. ਸਿਟੀਜ਼ਨ ਰਾਜਪੂਤ ਕਲੀਨਸ਼ੇਵ ਉਮਰ 35 ਸਾਲ, ਕੱਦ 5-11 ਮੈਡੀਸਨ ਵਿਸਕਾਨਸਿਨ ਰਹਿੰਦੇ ਲੜਕੇ ਲਈ ਸੋਹਣੀ-ਸੁਨੱਖੀ ਅਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-241-7694

49-52

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

Ramgharia Sikh boy 5’8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178

44-47

Wanted suitable Sikh girl from USA for a New Zealand citizen jatt sikh boy (currently in USA ) 32 years, 5’9” . Bachelor in business. Also have a business in USA. Please Contact us at: 856-693-5401 or email rajdeepmann4u@yahoo.com.

42-47

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ ‘ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48


# ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ

ਫੋਨ: 515-291-1961






*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:*

*847-359-0746*

Visit us on the web:**wwwpunjabtimesusa.com**


# ਬਾਪੂ ਅਵਤਾਰ ਸਿੰਘ ਖੰਗੂੜਾ ਦੇ ਦੇਹਾਂਤ ਨਾਲ ਪਰਿਵਾਰ ਨੂੰ ਸਦਮਾ

**ਸੈਕਰਾਮੈਂਟੋ:** ਇੱਥੋਂ ਦੇ ਉਘੇ ਬਿਜ਼ਨਸਮੈਨ ਤੇ ਨੌਜਵਾਨ ਆਗੂ ਸਾਬੀ ਸਿੰਘ ਦੇ ਬਾਪੂ ਅਵਤਾਰ ਸਿੰਘ ਖੰਗੂੜਾ (92) ਸਾਲਾ ਜੀਵਨ ਭੋਗ ਕੇ ਅਕਾਲ ਚਲਾਣਾ ਕਰ ਗਏ। ਬਾਪੂ ਅਵਤਾਰ ਸਿੰਘ ਖੰਗੂੜਾ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਆਪਣੇ ਸਮੇਂ ‘ਚ ਸਮਾਜ ਸੇਵਾ ਕੀਤੀ ਤੇ ਉਨ੍ਹਾਂ ਦੇ ਪਿਤਾ ਸਰਦਾਰ ਪਾਲਾ ਸਿੰਘ ਖੰਗੂੜਾ ਵੀ ਧਾਰਮਿਕ ਬਿਰਤੀ ਵਾਲੇ ਵਿਅਕਤੀ ਤੇ ਸਮਾਜ ਸੇਵਕ ਸਨ।



ਬਾਪੂ ਅਵਤਾਰ ਸਿੰਘ ਖੰਗੂੜਾ ਦਾ ਅੰਤਿਮ ਸੰਸਕਾਰ 23 ਦਸੰਬਰ ਨੂੰ ਸੈਕਰਾਮੈਂਟੋ ਮੈਮੋਰੀਅਲ ਲਾਅਨ 6100 ਸਟਾਕਟਨ ਬੁਲੇਵਾਰਡ ਵਿਖੇ ਸਵੇਰੇ 11 ਵਜੇ ਹੋਵੇਗਾ ਤੇ ਇਸ ਉਪਰੰਤ ਅੰਤਿਮ ਅਰਦਾਸ ਗੁਰੂ ਨਾਨਕ ਦਰਬਾਰ ਗੁਰਦੁਆਰਾ ਏਲਸੀ ਰੋਡ ਸੈਕਰਾਮੈਂਟੋ ਵਿਖੇ ਹੋਵੇਗੀ। ਖੰਗੂੜਾ ਪਰਿਵਾਰ ਦਾ ਪੰਜਾਬ ਵਿਚਲਾ ਪਿੰਡ ਪੂਰ ਹੀਰਾਂ ਜ਼ਿਲ੍ਹਾ ਹੁਸ਼ਿਆਰਪੁਰ ਹੈ। ਇਸ ਮੌਕੇ ਭਾਈਚਾਰੇ ਦੇ ਲੋਕਾਂ ਨੇ ਸਾਬੀ ਸਿੰਘ ਨਾਲ ਬਾਪੂ ਅਵਤਾਰ ਸਿੰਘ ਖੰਗੂੜਾ ਦੇ ਅਕਾਲ ਚਲਾਣੇ ‘ਤੇ ਦੁੱਖ ਸਾਂਝਾ ਕੀਤਾ।

*-ਹੁਸਨ ਲੜੋਆ ਬੰਗਾ*

# ਬੇਅਦਬੀ ਕਾਂਡ: ਇਨਸਾਫ ਮੋਰਚੇ ਨੇ ਸਰਕਾਰ ਨੂੰ ਹੋਰ ਸਮਾਂ ਦਿੱਤਾ

**ਜੈਤੋ:** 'ਇਨਸਾਫ ਮੋਰਚਾ' ਬਹਿਬਲ ਕਲਾਂ ਵੱਲੋਂ ਬੰਦ ਕੀਤਾ ਬਠਿੰਡਾ ਅੰਮ੍ਰਿਤਸਰ ਕੌਮੀ ਮਾਰਗ ਕਰੀਬ ਪੰਜ ਘੰਟਿਆਂ ਮਗਰੋਂ ਦੇਰ ਰਾਤ ਲਗਭਗ 10 ਵਜੇ ਖੋਲ੍ਹ ਦਿੱਤਾ ਗਿਆ। ਧਰਨਾ ਦੇ ਕੇ ਆਵਾਜਾਈ ਰੋਕਣ ਵਾਲੀਆਂ ਪੰਥਕ ਧਿਰਾਂ ਨੇ ਕਿਹਾ ਕਿ ਹੁਣ ਇਹ ਜਾਮ 7 ਜਨਵਰੀ ਨੂੰ ਲਾਇਆ ਜਾਵੇਗਾ। ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਦੇਰ ਸ਼ਾਮ ਨੂੰ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਧਰਨੇ ਵਾਲੀ ਥਾਂ 'ਤੇ ਪੁੱਜੇ। ਉਨ੍ਹਾਂ ਮੋਰਚੇ ਦੇ ਨੁਮਾਇੰਦਿਆਂ ਨੂੰ ਸਰਕਾਰ ਨੂੰ ਦੋ ਮਹੀਨੇ ਦਾ ਸਮਾਂ ਦੇਣ ਦੀ ਅਪੀਲ ਕੀਤੀ। ਧਰਨਾ ਸਥਾਨ 'ਤੇ ਬੈਠੇ ਆਗੂਆਂ ਨੇ ਵੱਖਰੇ ਤੌਰ 'ਤੇ ਮੀਟਿੰਗ ਕਰਕੇ ਆਵਾਜਾਈ ਚਾਲੂ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਨ ਚੱਲ ਰਹੇ ਹਨ ਤੇ ਸੰਗਤ ਦੀ ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲ ਆਵਾਜਾਈ ਨੂੰ ਨਿਰਵਿਘਨ ਜਾਰੀ ਰੱਖਣ ਲਈ ਅੰਦੋਲਨ ਨੂੰ 6 ਜਨਵਰੀ ਤੱਕ ਮੁਲਤਵੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 7 ਜਨਵਰੀ ਨੂੰ ਇਸੇ ਜਗ੍ਹਾ ਸੜਕ ਮੁਕੰਮਲ ਤੌਰ 'ਤੇ ਬੰਦ ਕੀਤੀ ਜਾਵੇਗੀ।



ਉਧਰ, ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਬੇਅਦਬੀਆਂ ਦੇ ਮੁੱਦੇ 'ਤੇ ਸੰਸਦ ਵਿਚ ਬੇਅਦਬੀ ਨਾਲ ਸਬੰਧਤ ਆਈ.ਪੀ.ਸੀ. ਦੀ ਧਾਰਾ ਵਿਚ ਸੋਧ ਕਰਨ ਦੀ ਮੰਗ ਕੀਤੀ ਤਾਂ ਜੋ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾ ਸਕਣ। ਸੰਸਦ ਚੱਢਾ ਨੇ ਰਾਜ ਸਭਾ ਵਿਚ ਕੰਮਕਾਜ ਦੀ ਪ੍ਰਕਿਰਿਆ ਅਤੇ ਸੰਚਾਲਨ ਨਾਲ ਸਬੰਧਤ ਨਿਯਮ 267 ਦੇ ਤਹਿਤ ਰਾਜ ਸਭਾ ਵਿਚ ਸੂਚੀਬੱਧ ਕੰਮਕਾਜ ਨੂੰ ਮੁਅੱਤਲ ਕਰਨ ਲਈ ਸਦਨ ਵਿਚ ਨੋਟਿਸ ਦਿੱਤਾ।

ਜਦੋਂ ਚੇਅਰਮੈਨ ਨੇ ਬੇਅਦਬੀ 'ਤੇ ਚਰਚਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਰਾਘਵ ਚੱਢਾ ਨੇ ਰਾਜ ਸਭਾ ਵਿਚ ਹੀ ਇਸ ਦਾ ਵਿਰੋਧ ਕੀਤਾ ਅਤੇ ਇਸ ਉਪਰੰਤ ਉਨ੍ਹਾਂ ਸੰਸਦ ਭਵਨ ਦੇ ਬਾਹਰ ਗਾਂਧੀ ਦੇ ਬੁੱਤ ਦੇ ਸਾਹਮਣੇ ਧਰਨੇ 'ਤੇ ਬੈਠ ਕੇ ਬੇਅਦਬੀ 'ਤੇ ਚਰਚਾ ਦੀ ਮੰਗ ਕੀਤੀ।

## ਸੰਧਵਾਂ ਅਸਤੀਫਾ ਦੇਣ ਜਾਂ ਮੁਆਫੀ ਮੰਗਣ: ਖਹਿਰਾ

**ਚੰਡੀਗੜ੍ਹ:** ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਸਰਕਾਰ ਤੋਂ ਇਕ ਵੱਡੇ ਸਿਆਸੀ ਘਰਾਣੇ ਦੇ ਪਰਿਵਾਰਕ ਮੈਂਬਰਾਂ ਤੇ ਇਕ ਡੇਰੇ ਦੇ ਮੁਖੀ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਬੇਅਦਬੀ ਤੇ ਬਹਿਬਲ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਮਕਸਦ ਨਾਲ ਸਤਾ ਵਿਚ ਆਈ ਸੀ ਪਰ ਸਰਕਾਰ ਬਣਨ ਤੋਂ ਬਾਅਦ ਪੰਜਾਬ ਸਰਕਾਰ ਨੇ ਇਹ ਮੁੱਦਾ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਖਹਿਰਾ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਅਗਲੇ ਇਕ ਮਹੀਨੇ ਵਿਚ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਮੁਕੰਮਲ ਨਹੀਂ ਕਰਦੀ ਤਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਜਾਂ ਫਿਰ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

## ਬੇਅਦਬੀ ਮਾਮਲਿਆਂ ਬਾਰੇ ਗੰਭੀਰ ਹੈ 'ਆਪ' ਸਰਕਾਰ: ਮਾਲਵਿੰਦਰ ਕੰਗ

**ਮੋਰਿੰਡਾ:** ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਤੇ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਦੇ ਇੰਚਾਰਜ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਜਿਸ ਦੇ ਜਲਦੀ ਹੀ ਸਾਰਥਿਕ ਨਤੀਜੇ ਪੰਜਾਬ ਦੀ ਜਨਤਾ ਸਾਹਮਣੇ ਹੋਣਗੇ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਰਾਜਨੀਤੀ ਕਰਨ ਵਾਲੀਆਂ ਰਵਾਇਤੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਦਾ ਜੋ ਹਸ਼ਰ ਪੰਜਾਬ ਦੇ ਲੋਕਾਂ ਨੇ ਕੀਤਾ ਹੈ, ਉਹ ਸਭ ਦੇ ਸਾਹਮਣੇ ਹੈ।

## ਮਸਤੂਆਣਾ ਸਾਹਿਬ 'ਚ ਬਣਨ ਵਾਲੇ ਮੈਡੀਕਲ ਕਾਲਜ ਦਾ ਮੁੱਦਾ ਭਖਿਆ

**ਸੰਗਰੂਰ:** ਮਸਤੂਆਣਾ ਸਾਹਿਬ ਵਿਚ ਬਣਨ ਵਾਲੇ ਮੈਡੀਕਲ ਕਾਲਜ ਦਾ ਮਾਮਲਾ ਲਗਾਤਾਰ ਭਖਦਾ ਜਾ ਰਿਹਾ ਹੈ। ਇਕ ਪਾਸੇ ਲੋਕਾਂ ਵੱਲੋਂ ਮੈਡੀਕਲ ਕਾਲਜ ਦੇ ਰਾਹ ਵਿਚ ਅੜਿੱਕਾ ਪਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਐਸ.ਜੀ.ਪੀ.ਸੀ. ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਕੋਠੀ ਅੱਗੇ ਕਸਬਾ ਲੌਂਗੋਵਾਲ ਵਿਚ ਲਗਾਤਾਰ ਧਰਨਾ ਜਾਰੀ ਹੈ, ਉਥੇ ਮੈਡੀਕਲ ਕਾਲਜ ਲਈ ਪੰਜਾਬ ਸਰਕਾਰ ਦੇ ਨਾਂ ਕਰਵਾਈ 25 ਏਕੜ ਜ਼ਮੀਨ ਦੀ ਰਜਿਸਟਰੀ ਨੂੰ ਰੱਦ ਕਰਵਾਉਣ ਲਈ ਪੰਥਕ ਚੇਤਨਾ ਲਹਿਰ ਨੇ ਡੀਸੀ ਦਫਤਰ ਅੱਗੇ ਧਰਨਾ ਲਾਇਆ ਹੋਇਆ ਹੈ।



ਇਸ ਮਾਮਲੇ ਸਬੰਧੀ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਕਮੇਟੀ ਮੈਂਬਰ ਤੇਜਾ ਸਿੰਘ ਕਮਾਲਪੁਰ ਅਤੇ ਅੰਤ੍ਰਿਗ ਕਮੇਟੀ ਮੈਂਬਰ ਭਾਈ ਮਲਕੀਤ ਸਿੰਘ ਚੰਗਾਲ ਨੇ ਪ੍ਰੈਸ ਕਾਨਫਰੰਸ ਕਰਕੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਮੈਡੀਕਲ ਕਾਲਜ ਬਣਾਉਣ ਦਾ ਕੋਈ ਇਰਾਦਾ ਨਹੀਂ ਹੈ, ਸਗੋਂ ਸਰਕਾਰ ਵੱਲੋਂ ਕਾਲਜ ਦੇ ਨਾਂ 'ਤੇ ਸਿਆਸਤ ਕੀਤੀ ਜਾ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚ ਰਹੀ ਹੈ ਅਤੇ ਇਸ ਮਸਲੇ ਨੂੰ 2024 ਦੀਆਂ ਲੋਕ ਸਭਾ ਚੋਣਾਂ ਤੱਕ ਲਟਕਾਉਣਾ ਚਾਹੁੰਦੀ ਹੈ ਤਾਂ ਜੋ ਇਸ ਦਾ ਸਿਆਸੀ ਲਾਹਾ ਲਿਆ ਜਾ ਸਕੇ। ਭਾਈ ਲੌਂਗੋਵਾਲ ਨੇ ਕਿਹਾ ਕਿ ਇਲਾਕੇ ਦੀ ਸੰਗਤ ਨੂੰ ਉਨ੍ਹਾਂ ਦੀ ਰਿਹਾਇਸ਼ ਅੱਗੇ ਰੋਸ ਧਰਨਾ ਦੇਣ ਦੀ ਬਜਾਏ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਲਗਾਉਣਾ ਚਾਹੀਦਾ ਹੈ ਤਾਂ ਜੋ ਮੁੱਖ ਮੰਤਰੀ ਮੈਡੀਕਲ ਕਾਲਜ ਬਣਾਉਣ ਲਈ ਕਾਰਵਾਈ ਕਰਨ।

## ਸੁਰੱਖਿਆ ਕਾਰਨ ਕਰਕੇ ਹਵਾਰਾ ਦੀ ਅਦਾਲਤ ਵਿਚ ਪੇਸ਼ੀ ਟਲੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਆਗੂ ਜਗਤਾਰ ਸਿੰਘ ਹਵਾਰਾ ਨੂੰ ਸੁਰੱਖਿਆ ਦੇ ਮੱਦੇਨਜ਼ਰ ਚੰਡੀਗੜ੍ਹ ਸਥਿਤ ਜ਼ਿਲ੍ਹਾ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ।



ਜਾਣਕਾਰੀ ਅਨੁਸਾਰ ਜਗਤਾਰ ਸਿੰਘ ਹਵਾਰਾ ਇਸ ਸਮੇਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹੈ, ਜਿਸ ਨੂੰ ਚੰਡੀਗੜ੍ਹ ਦੀ ਅਦਾਲਤ ਨੇ ਸਾਲ 2004 ਵਿਚ ਦਰਜ ਇਕ ਕੇਸ ਦੀ ਸੁਣਵਾਈ ਲਈ ਪੇਸ਼ ਕਰਨ ਦੇ ਆਦੇਸ਼ ਦਿੱਤੇ ਸਨ ਪਰ ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਅਦਾਲਤ ਵਿਚ ਪੱਤਰ ਭੇਜ ਕੇ ਜਗਤਾਰ ਸਿੰਘ ਹਵਾਰਾ ਨੂੰ ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਪੇਸ਼ ਕਰਨ ਤੋਂ ਅਸਮਰੱਥਾ ਪ੍ਰਗਟਾਈ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 18 ਫਰਵਰੀ 'ਤੇ ਪਾ ਦਿੱਤੀ ਹੈ। ਦੱਸਣਯੋਗ ਹੈ ਕਿ ਜਗਤਾਰ ਸਿੰਘ ਹਵਾਰਾ ਆਪਣੇ ਸਾਥੀ ਪਰਮਜੀਤ ਸਿੰਘ ਭਿਓਰਾ ਅਤੇ ਦੇਵੀ ਸਿੰਘ ਨਾਲ ਮਿਲ ਕੇ ਸਾਲ 2004 ਵਿਚ ਬੁੜੈਲ ਜੇਲ੍ਹ ਵਿਚੋਂ ਸੁਰੰਗ ਪੁੱਟ ਕੇ ਫਰਾਰ ਹੋ ਗਿਆ ਸੀ। ਚੰਡੀਗੜ੍ਹ ਪੁਲਿਸ ਨੇ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ, ਜਦਕਿ ਦੇਵੀ ਸਿੰਘ ਪੁਲਿਸ ਦੀ ਗ੍ਰਿਫਤ ਵਿਚੋਂ ਬਾਹਰ ਹੈ।

ਇਸ ਮਾਮਲੇ ਵਿਚ ਦੋਸ਼ ਆਇਦ ਕਰਨ ਲਈ ਚੰਡੀਗੜ੍ਹ ਦੀ ਅਦਾਲਤ ਵੱਲੋਂ ਹਵਾਰਾ ਨੂੰ ਪੇਸ਼ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਇਸ ਦੌਰਾਨ ਅਦਾਲਤ ਨੇ ਹੁਕਮ ਦਿੱਤਾ ਕਿ ਜੇਕਰ ਹਵਾਰਾ ਖ਼ਿਲਾਫ਼ ਦਿੱਲੀ ਵਿਚ ਕੋਈ ਕੇਸ ਨਹੀਂ ਹੈ ਤਾਂ ਉਸ ਨੂੰ ਚੰਡੀਗੜ੍ਹ ਸਥਿਤ ਬੁੜੈਲ ਜੇਲ੍ਹ ਵਿਚ ਤਬਦੀਲ ਕੀਤਾ ਜਾਵੇ ਪਰ ਮੁੜ ਸੁਰੱਖਿਆ ਦੇ ਮੱਦੇਨਜ਼ਰ ਹਵਾਰਾ ਨੂੰ ਪੇਸ਼ ਨਹੀਂ ਕੀਤਾ ਗਿਆ।

## ਭਾਈਚਾਰੇ ਦੀ ਮਿਸਾਲ: ਸਿੱਖ ਪਰਿਵਾਰ ਵੱਲੋਂ ਮਸੀਤ ਲਈ ਜਗ੍ਹਾ ਦਾਨ

**ਟੱਲੇਵਾਲ:** ਬਰਨਾਲਾ ਜ਼ਿਲ੍ਹੇ ਦੇ ਪਿੰਡ ਬਖਤਗੜ੍ਹ ਦੇ ਐਮ.ਐਡ ਨੌਜਵਾਨ ਅਮਨਦੀਪ ਸਿੰਘ ਰਵੀ ਨੇ ਪਿੰਡ ਵਿਚ ਪਈ ਆਪਣੀ ਕੀਮਤੀ ਜਗ੍ਹਾ ਮੁਸਲਿਮ ਭਾਈਚਾਰੇ ਨੂੰ ਮਸੀਤ ਬਣਾਉਣ ਲਈ ਦਾਨ ਕਰਕੇ ਭਾਈਚਾਰਕ ਏਕਤਾ ਦੀ ਮਿਸਾਲ ਪੈਦਾ ਕੀਤੀ ਹੈ।

ਪਿੰਡ ਵਿਚ ਇਕ ਵੱਡੇ ਗੁਰਦੁਆਰਾ ਸਾਹਿਬ ਸਮੇਤ ਕਈ ਧਾਰਮਿਕ ਸਥਾਨ ਹਨ ਪਰ ਮੁਸਲਿਮ ਭਾਈਚਾਰੇ ਦਾ ਪਿੰਡ ਵਿਚ ਕੋਈ ਧਾਰਮਿਕ ਸਥਾਨ ਨਾ ਹੋਣ ਕਾਰਨ ਉਨ੍ਹਾਂ ਨੂੰ ਨਮਾਜ਼ ਅਦਾ ਕਰਨ ਲਈ ਨੇੜਲੇ ਪਿੰਡ ਚੂੰਘਾਂ ਵਿਖੇ ਜਾਣਾ ਪੈਂਦਾ ਹੈ। ਪਿੰਡ ਵਿਚ ਮੁਸਲਿਮ ਭਾਈਚਾਰੇ ਦੇ ਇਕ ਦਰਜਨ ਤੋਂ ਵੱਧ ਪਰਿਵਾਰ ਹਨ। ਪਿੰਡ ਦੇ ਮੁਸਲਿਮ ਪਰਿਵਾਰਾਂ ਦੀ ਕਈ ਦਹਾਕਿਆਂ ਤੋਂ ਪਿੰਡ ਵਿਚ ਮਸੀਤ ਬਣਾਉਣ ਦੀ ਇੱਛਾ ਸੀ ਪਰ ਸੀਮਤ ਆਰਥਿਕ ਸਾਧਨਾਂ ਕਾਰਨ ਉਹ ਕੋਈ ਜਗ੍ਹਾ ਖਰੀਦਣ ਤੋਂ ਅਸਮਰੱਥ ਸਨ। ਮੁਸਲਿਮ ਭਾਈਚਾਰੇ ਦੀ ਭਾਵਨਾ ਨੂੰ ਸਮਝਦਿਆਂ ਅਮਨਦੀਪ ਸਿੰਘ ਰਵੀ ਨੇ ਪਿੰਡ ਵਿਚ ਪਿਆ ਆਪਣੇ 8 ਮਰਲੇ ਦਾ ਪਲਾਟ ਨੂੰ ਮੁਸਲਿਮ ਭਾਈਚਾਰੇ ਨੂੰ ਮਸੀਤ ਬਣਾਉਣ ਲਈ ਦਾਨ ਕਰ ਦਿੱਤਾ ਹੈ।

ਅਮਨਦੀਪ ਸਿੰਘ ਰਵੀ ਨੇ ਕਿਹਾ ਕਿ ਵੱਖ-ਵੱਖ ਲੋਕ ਪੱਖੀ ਲਹਿਰਾਂ ਵਿਚ ਮੋਹਰੀ ਰੋਲ ਅਦਾ ਕਰਨ ਵਾਲੇ ਪਿੰਡ ਬਖਤਗੜ੍ਹ ਦੇ ਸੇਵਾ ਸਿੰਘ ਕਿਰਪਾਨ ਬਹਾਦਰ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਉਸ ਨੇ ਇਹ ਜਗ੍ਹਾ ਦਾਨ ਕੀਤੀ ਹੈ। ਰਵੀ ਨੇ ਉਹ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਹਨ ਤੇ ਅਜਿਹੇ ਸਮੇਂ ਜਦ ਕੁਝ ਲੋਕ ਸਿਆਸਤ ਕਰਨ ਲਈ ਲੋਕਾਂ ਵਿਚ ਵੰਡੀਆਂ ਪਾਉਣ ਦਾ ਯਤਨ ਕਰ ਰਹੇ ਹਨ ਤਾਂ ਸਾਡੇ ਅਜਿਹੇ ਕਦਮ ਭਾਈਚਾਰਕ ਏਕਤਾ ਮਜ਼ਬੂਤ ਕਰਨਗੇ।

## ਪਾਕਿਸਤਾਨ 'ਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਦੇ ਫੈਸਲੇ ਦਾ ਸਵਾਗਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ਵਿਚ ਮਰਦਮਸ਼ੁਮਾਰੀ ਦੇ ਫਾਰਮ 'ਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਦਰਜ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਇਸ ਕਾਰਜ ਲਈ ਯਤਨ ਕਰਨ ਵਾਲਿਆਂ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਾਕਿਸਤਾਨ ਵਿਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਲੰਮੇ ਅਰਸੇ ਬਾਅਦ ਮਾਨਤਾ ਮਿਲਣਾ ਪੂਰੀ ਕੌਮ ਲਈ ਖ਼ੁਸ਼ੀ ਦੀ ਗੱਲ ਹੈ।

ਇਸ ਨਾਲ ਪਾਕਿਸਤਾਨ ਵੱਸਦੇ ਸਿੱਖਾਂ ਦੇ ਮੁਢਲੇ ਅਧਿਕਾਰਾਂ ਅਤੇ ਵੱਖ-ਵੱਖ ਥਾਵਾਂ 'ਤੇ ਪ੍ਰਤੀਨਿਧਤਾ ਲਈ ਫਾਇਦਾ ਮਿਲੇਗਾ ਅਤੇ ਦੇਸ਼ ਵਿਚ ਸਿੱਖਾਂ ਦੇ ਸਹੀ ਅੰਕੜੇ ਬਾਰੇ ਵੀ ਸਪੱਸ਼ਟਤਾ ਬਣੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੂਰੀ ਦੁਨੀਆਂ ਵਿਚ ਸਿੱਖਾਂ ਨੇ ਆਪਣੀ ਵੱਖਰੀ ਪਛਾਣ ਨਾਲ ਵੱਡੇ ਮੁਕਾਮ ਹਾਸਲ ਕੀਤੇ ਹਨ।

## ਕੈਲੰਡਰ ਵਿਵਾਦ: ਵੱਖ-ਵੱਖ ਤਰੀਕਾਂ ਨੂੰ ਮਨਾਇਆ ਜਾਵੇਗਾ ਪ੍ਰਕਾਸ਼ ਪੁਰਬ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਕਾਰਨ ਗੁਰੂ ਗੋਬਿੰਦ ਸਿੰਘ ਦਾ ਆਉਣ ਵਾਲਾ ਪ੍ਰਕਾਸ਼ ਪੁਰਬ ਵੀ ਭਾਰਤ ਅਤੇ ਪਾਕਿਸਤਾਨ ਵਿਚ ਦੋ ਵੱਖ-ਵੱਖ ਤਰੀਕਾਂ ਨੂੰ ਮਨਾਇਆ ਜਾਵੇਗਾ। ਭਾਰਤ ਵਿਚ ਪ੍ਰਕਾਸ਼ ਪੁਰਬ ਸੋਧੇ ਨਾਨਕਸ਼ਾਹੀ ਕੈਲੰਡਰ ਮੁਤਾਬਕ 29 ਦਸੰਬਰ ਅਤੇ ਪਾਕਿਸਤਾਨ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ 5 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ।

ਪਾਕਿਸਤਾਨ ਵਿਚ ਪ੍ਰਕਾਸ਼ ਪੁਰਬ ਸਬੰਧੀ ਪ੍ਰੋਗਰਾਮ ਦੇ ਪ੍ਰਬੰਧ ਸਬੰਧੀ ਪਾਕਿਸਤਾਨ ਔਕਾਫ ਬੋਰਡ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਕੀਤੀ ਗਈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣ ਦੇ ਪ੍ਰਬੰਧ ਅਰੰਭੇ ਗਏ ਹਨ। ਇਸ ਸਬੰਧੀ 3 ਜਨਵਰੀ ਨੂੰ ਅਖੰਡ ਪਾਠ ਆਰੰਭ ਕੇ 5 ਜਨਵਰੀ ਨੂੰ ਭੋਗ ਪਾਏ ਜਾਣਗੇ। ਮੀਟਿੰਗ ਵਿਚ 21 ਫਰਵਰੀ 2023 ਨੂੰ ਸਾਕਾ ਨਨਕਾਣਾ ਸਾਹਿਬ ਤੇ ਸਮਾਗਮ ਬਾਰੇ ਵੀ ਵਿਚਾਰ ਚਰਚਾ ਹੋਈ ਹੈ।



ਪਾਕਿਸਤਾਨ ਦੇ ਸਿੱਖਾਂ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰ ਦਿੱਤਾ ਗਿਆ ਸੀ ਤੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਪ੍ਰਕਾਸ਼ ਪੁਰਬ ਤੇ ਹੋਰ ਤਿਉਹਾਰ ਮਨਾਏ ਜਾਂਦੇ ਹਨ। ਦੂਜੇ ਪਾਸੇ ਭਾਰਤ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 29 ਦਸੰਬਰ ਨੂੰ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਇਆ ਜਾ ਰਿਹਾ ਹੈ।

ਸੋਧ ਕੇ ਬਣਾਏ ਗਏ ਕੈਲੰਡਰ 'ਚ ਗੁਰਪੁਰਬ ਦੀਆਂ ਤਰੀਕਾਂ ਨਿਸ਼ਚਿਤ ਨਹੀਂ ਹਨ। ਇਸ ਸਾਲ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ 28 ਦਸੰਬਰ ਤੇ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 29 ਦਸੰਬਰ ਨੂੰ ਇਕ ਦਿਨ ਦੇ ਫਰਕ 'ਤੇ ਇਕੱਠੇ ਆ ਗਏ ਹਨ ਤੇ ਸਿੱਖ ਸੰਗਤ ਵਿਚ ਦੁਬਿਧਾ ਖੜ੍ਹੀ ਹੋ ਗਈ ਸੀ ਕਿ ਸ਼ਹੀਦੀ ਦਿਵਸ ਵਾਲੇ ਦਿਨ ਪ੍ਰਕਾਸ਼ ਪੁਰਬ ਸਬੰਧੀ ਨਗਰ ਕੀਰਤਨ ਕਿਵੇਂ ਕੱਢਿਆ ਜਾ ਸਕਦਾ ਹੈ। ਅਕਾਲ ਤਖਤ ਦੇ ਜਥੇਦਾਰ ਵੱਲੋਂ ਦਿੱਤੇ ਗਏ ਆਦੇਸ਼ ਨਾਲ ਹੁਣ ਨਗਰ ਕੀਰਤਨ ਦੋ ਦਿਨ ਪਹਿਲਾਂ 27 ਨਵੰਬਰ ਨੂੰ ਕੱਢਿਆ ਜਾਵੇਗਾ। ਹਾਲਾਂਕਿ ਸ਼ਹੀਦੀ ਦਿਵਸ ਤੋਂ 15 ਦਿਨ ਪਹਿਲਾਂ ਗੁਰਦੁਆਰਿਆਂ ਵਿਚ ਸਾਦੇ ਲੰਗਰ ਬਣਨੇ ਸ਼ੁਰੂ ਹੋ ਜਾਂਦੇ ਹਨ ਤੇ ਕੋਈ ਪਕਵਾਨ ਨਹੀਂ ਬਣਾਇਆ ਜਾਂਦਾ। ਇਸ ਕਰਕੇ ਹੁਣ ਇਹ ਦੁਬਿਧਾ ਹੈ ਕਿ ਨਗਰ ਕੀਰਤਨ ਵਾਲੇ ਦਿਨ ਪਕਵਾਨ ਬਣਾਏ ਜਾਣਗੇ ਜਾਂ ਸਾਦੇ ਲੰਗਰ ਲਾਏ ਜਾਣਗੇ।

# ਵਿਦੇਸ਼ ’ਚ ਰਚੀ ਸੀ ਥਾਣੇ ’ਤੇ ਹਮਲੇ ਦੀ ਸਾਜ਼ਿਸ਼, ਛੇ ਕਾਬੂ

**ਚੰਡੀਗੜ੍ਹ:** ਤਰਨ ਤਾਰਨ ਜ਼ਿਲ੍ਹੇ ਦੇ ਥਾਣਾ ਸਰਹਾਲੀ ‘ਤੇ ਰਾਕੇਟ ਪ੍ਰੋਪੈਲਡ ਗ੍ਰਨੇਡ (ਆਰ.ਪੀ.ਜੀ.) ਨਾਲ ਕੀਤੇ ਹਮਲੇ ਦੇ ਮਾਮਲੇ ਨੂੰ ਪੁਲਿਸ ਨੇ ਸੁਲਝਾਉਂਦਿਆਂ ਇਸ ਕੇਸ ਵਿਚ ਦੋ ਨਾਬਾਲਗਾਂ ਸਮੇਤ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦਾਅਵਾ ਕੀਤਾ ਹੈ ਕਿ ਇਸ ਹਮਲੇ ਪਿੱਛੇ ਵਿਦੇਸ਼ਾਂ ‘ਚ ਬੈਠੇ ਅਪਰਾਧੀਆਂ ਦਾ ਹੱਥ ਹੈ।

ਡੀ.ਜੀ.ਪੀ. ਯਾਦਵ ਨੇ ਦੱਸਿਆ ਕਿ ਇਸ ਅਤਿਵਾਦੀ ਹਮਲੇ ਦੀ ਸਾਜ਼ਿਸ਼ ਵਿਦੇਸ਼ ਰਹਿੰਦੇ ਲੋੜੀਂਦੇ ਅਤਿਵਾਦੀ ਲਖਬੀਰ ਸਿੰਘ ਉਰਫ ਲੰਡਾ ਹਰੀਕੇ, ਸਤਬੀਰ ਸਿੰਘ ਉਰਫ ਸੱਤਾ ਅਤੇ ਗੁਰਦੇਵ ਉਰਫ ਜੈਸਲ ਨੇ ਗੋਇੰਦਵਾਲ ਸਾਹਿਬ ਜੇਲ੍ਹ ਵਿਚ ਬੰਦ ਅਜਮੀਤ ਸਿੰਘ ਦੀ ਮਦਦ ਨਾਲ ਰਚੀ ਸੀ। ਦੋ ਨਾਬਾਲਗਾਂ ਤੋਂ ਇਲਾਵਾ ਗ੍ਰਿਫਤਾਰ ਕੀਤੇ ਗਏ ਬਾਕੀ ਚਾਰ ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਗੋਪੀ ਨੰਬਰਦਾਰ (18) ਵਾਸੀ ਨੌਸ਼ਹਿਰਾ ਪੰਨੂਆ, ਗੁਰਲਾਲ ਸਿੰਘ ਉਰਫ ਗਹਿਲਾ (19) ਵਾਸੀ ਚੋਹਲਾ ਸਾਹਿਬ, ਸੁਰਲਾਲਪਾਲ ਸਿੰਘ ਉਰਫ ਗੁਰਲਾਲ ਉਰਫ ਲਾਲੀ (21) ਵਾਸੀ ਪਿੰਡ ਠੱਠੀਆ ਮਹੰਤਾ ਅਤੇ ਜੋਬਨਪ੍ਰੀਤ ਸਿੰਘ ਉਰਫ ਜੋਬਨ (18) ਵਾਸੀ ਨੌਸ਼ਹਿਰਾ ਪੰਨੂਆ ਵਜੋਂ ਹੋਈ ਹੈ।



ਉਨ੍ਹਾਂ ਕਿਹਾ ਕਿ ਗੋਪੀ ਨੰਬਰਦਾਰ, ਜੋ ਕਿਸੇ ਹੋਰ ਕੇਸ ਵਿਚ ਗ੍ਰਿਫਤਾਰ ਸੀ, ਨੂੰ ਨਾਬਾਲਗ ਹੋਣ ਕਰਕੇ ਜ਼ਮਾਨਤ ਦੇ ਦਿੱਤੀ ਗਈ ਸੀ। 22 ਨਵੰਬਰ, 2022 ਨੂੰ ਆਪਣੀ ਰਿਹਾਈ ਤੋਂ ਇਕ ਦਿਨ ਬਾਅਦ ਉਹ 18 ਸਾਲ ਦਾ ਹੋ ਗਿਆ ਸੀ ਤੇ ਫਿਰ ਵਿਦੇਸ਼ ਆਧਾਰਿਤ ਹੈਂਡਲਰਾਂ ਦੇ ਸੰਪਰਕ ਵਿਚ ਆ ਗਿਆ। ਡੀ.ਜੀ.ਪੀ. ਨੇ ਦੱਸਿਆ ਕਿ ਤਰਨ ਤਾਰਨ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ ਵਿੰਗ ਨਾਲ ਤਾਲਮੇਲ ਕਰਕੇ ਗੋਪੀ ਨੰਬਰਦਾਰ ਤੇ ਗੁਰਲਾਲ ਗਹਿਲਾ ਦੋਵਾਂ ਨੂੰ ਪੱਟੀ ਮੋੜ ਸਰਹਾਲੀ ਤੋਂ ਕਾਬੂ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ‘ਚੋਂ ਇਕ 32 ਬੋਰ ਪਿਸਤੌਲ ਸਮੇਤ 15 ਕਾਰਤੂਸ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਗੋਪੀ ਨੰਬਰਦਾਰ ਦੀ ਨਿਸ਼ਾਨਦੇਹੀ ‘ਤੇ ਇਕ ਹੈਂਡ ਗ੍ਰਨੇਡ ਵੀ ਬਰਾਮਦ ਕੀਤਾ ਹੈ।

ਡੀ.ਜੀ.ਪੀ. ਨੇ ਦੱਸਿਆ ਕਿ ਜਾਂਚ ਮੁਤਾਬਕ ਗੋਪੀ ਨੂੰ ਸ਼ੁਰੂ ਵਿਚ ਲੰਡਾ ਅਤੇ ਸੱਤਾ ਤੋਂ 8.5 ਲੱਖ ਰੁਪਏ ਦੀ ਫੰਡਿੰਗ ਅਤੇ 200 ਕਾਰਤੂਸਾਂ ਸਮੇਤ 30 ਬੋਰ ਦਾ ਪਿਸਤੌਲ ਮਿਲਿਆ ਸੀ। ਡੀ.ਜੀ.ਪੀ. ਯਾਦਵ ਨੇ ਦੱਸਿਆ ਕਿ ਪੁੱਛ ਪੜਤਾਲ ਦੌਰਾਨ ਗੋਪੀ ਨੰਬਰਦਾਰ ਅਤੇ ਗੁਰਲਾਲ ਗਹਿਲਾ ਨੇ ਖੁਲਾਸਾ ਕੀਤਾ ਕਿ ਲੰਡਾ ਅਤੇ ਸੱਤਾ ਨੇ ਦੋ ਨਾਬਾਲਗ ਮੈਂਬਰਾਂ ਨੂੰ ਥਾਣਾ ਸਰਹਾਲੀ ‘ਤੇ ਹਮਲੇ ਦਾ ਜ਼ਿੰਮਾ ਸੌਂਪਿਆ ਸੀ। ਡੀ.ਜੀ.ਪੀ. ਮੁਤਾਬਕ ਇਕ ਹੋਰ ਮੁਲਜ਼ਮ ਗੁਰਲਾਲ ਲਾਲੀ ਨੇ ਪੁਲਿਸ ਸਟੇਸ਼ਨ ਦੀ ਇਮਾਰਤ ‘ਤੇ ਹਮਲੇ ਤੋਂ ਕੁਝ ਘੰਟੇ ਪਹਿਲਾਂ ਪਿੰਡ ਮਰਹਾਣਾ ‘ਚ ਰੁਕੇ ਹੋਏ ਦੋਵਾਂ ਨਾਬਾਲਗ ਮੈਂਬਰਾਂ ਦੀ ਮਦਦ ਕੀਤੀ ਸੀ। ਪੁਲਿਸ ਨੇ ਜੋਬਨਪ੍ਰੀਤ ਤੇ ਗੁਰਲਾਲ ਲਾਲੀ ਦੇ ਕਬਜ਼ੇ ‘ਚੋਂ ਇਕ 30 ਬੋਰ ਦਾ ਪਿਸਤੌਲ, 35 ਕਾਰਤੂਸ ਤੇ ਘਟਨਾ ਸਮੇਂ ਵਰਤਿਆ ਗਿਆ ਮੋਟਰਸਾਈਕਲ ਬਰਾਮਦ ਕੀਤਾ ਹੈ। ਤਰਨ ਤਾਰਨ ਦੇ ਐਸ.ਐਸ.ਪੀ. ਗੁਰਮੀਤ ਸਿੰਘ ਚੌਹਾਨ ਨੇ ਦੱਸਿਆ ਕਿ ਇਸ ਸਬੰਧੀ ਪੁਲਿਸ ਨੇ ਧਾਰਾ 307, ਗ਼ੈਰਕਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ.) ਦੀ ਧਾਰਾ 16 ਅਤੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3 ਅਧੀਨ ਥਾਣਾ ਸਰਹਾਲੀ ਵਿਚ ਪਹਿਲਾਂ ਹੀ ਇਕ ਕੇਸ ਦਰਜ ਕੀਤਾ ਹੋਇਆ ਹੈ।

## ਸੂਬੇ ’ਚ ਪੰਜ ਨਗਰ ਨਿਗਮ ਦੀਆਂ ਚੋਣਾਂ ਦੇਰੀ ਨਾਲ ਹੋਣ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਵਿਚ ਹੋਣ ਵਾਲੀਆਂ ਪੰਜ ਨਗਰ ਨਿਗਮ ਦੀਆਂ ਚੋਣਾਂ ਦੇਰੀ ਨਾਲ ਹੋਣ ਦੇ ਆਸਾਰ ਜਾਪ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਨਗਰ ਨਿਗਮ ਪਟਿਆਲਾ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਫਗਵਾੜਾ ਦੀਆਂ ਚੋਣਾਂ ਜਨਵਰੀ 2023 ਵਿਚ ਹੋਣੀਆਂ ਸਨ ਪਰ ਹੁਣ ਸੂਬਾ ਸਰਕਾਰ ਕੁਝ ਸਮਾਂ ਦੇਰੀ ਨਾਲ ਚੋਣਾਂ ਕਰਵਾਏਗੀ।

ਆਮ ਆਦਮੀ ਪਾਰਟੀ ਚੋਣਾਂ ਦੇਰੀ ਨਾਲ ਕਰਵਾ ਕੇ ਲੋਕਾਂ ਵਿਚ ਇਕ ਸਾਲ ਦੀ ਕਾਰਗੁਜ਼ਾਰੀ ਨੂੰ ਰੱਖਣ ਦੀ ਤਿਆਰੀ ਕਰ ਰਹੀ ਹੈ। ਇਸ ਲਈ ਦਿੱਲੀ ਵਿਚ ਹੋਈ ਕੌਮੀ ਕਾਰਜਕਾਰੀ ਮੀਟਿੰਗ ਵਿਚ ਵੀ ਵਿਚਾਰ-ਚਰਚਾ ਕੀਤੀ ਗਈ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੌਮੀ ਕਾਰਜਕਾਰੀ ਦੀ ਮੀਟਿੰਗ ਵਿਚ ਪੰਜਾਬ ਮਾਡਲ ਨੂੰ ਤਿਆਰ ਕਰਨ ਦੀ ਹਦਾਇਤ ਦਿੱਤੀ ਹੈ।

# ਸਿੱਧੂ ਮੂਸੇਵਾਲੇ ਦੀ ਥਾਰ ਹਵੇਲੀ ਪਹੁੰਚੀ, ਪ੍ਰਸ਼ੰਸਕ ਦੇਖਣ ਪੁੱਜੇ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ‘ਦਿ ਲਾਸਟ ਰਾਈਡ-ਥਾਰ’ ਨੂੰ ਪਰਿਵਾਰ ਨੇ ਕਤਲ ਦੇ ਪੌਣੇ ਸੱਤ ਮਹੀਨਿਆਂ ਬਾਅਦ ਹਵੇਲੀ ਵਿਚ ਹੋਰਾਂ ਯਾਦਗਾਰੀ ਵਾਹਨਾਂ ਨਾਲ ਖੜ੍ਹਾ ਦਿੱਤਾ ਹੈ ਤਾਂ ਕਿ ਗਾਇਕ ਦੇ ਪ੍ਰਸ਼ੰਸਕ ਥਾਰ ਨੂੰ ਦੇਖ ਸਕਣ। ਬੀਤੇ ਦਿਨੀਂ ਜਦੋਂ ਗੋਲੀਆਂ ਨਾਲ ਵਿੰਨ੍ਹੀ ਇਹ ਥਾਰ ਪਿੰਡ ਮੂਸਾ ਪੁੱਜੀ ਸੀ ਤਾਂ ਗਾਇਕ ਦਾ ਪਿਤਾ ਬਲਕੌਰ ਸਿੰਘ ਭਾਵੁਕ ਹੋ ਗਿਆ ਸੀ। ਭਾਵੇਂ ਮੂਸੇਵਾਲਾ ਦੇ ਕੁਝ ਪ੍ਰਸ਼ੰਸਕ ਤੇ ਰਿਸ਼ਤੇਦਾਰ ਇਸ ਥਾਰ ਨੂੰ ਮਨਹੂਸ ਮੰਨਦੇ ਹਨ ਪਰ ਪਿਤਾ ਵੱਲੋਂ ਉਸ ਨੂੰ ਯਾਦਗਾਰ ਵਜੋਂ ਸਾਂਭ ਕੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕਤਲ ਤੋਂ ਬਾਅਦ ਸਿੱਧੂ ਮੂਸੇਵਾਲਾ ਦੀ ਥਾਰ ਥਾਣਾ ਸਿਟੀ ਮਾਨਸਾ ਵਿਚ ਬੰਦ ਸੀ। ਚੀਫ ਜੁਡੀਸ਼ੀਅਲ ਮੈਜਿਸਟਰੇਟ ਅਤੁਲ ਕੰਬੋਜ ਦੀ ਅਦਾਲਤ ਦੇ ਹੁਕਮਾਂ ‘ਤੇ ਗੱਡੀ ਪਰਿਵਾਰ ਨੂੰ ਸੌਂਪੀ ਗਈ। ਪਿਤਾ ਬਲਕੌਰ ਸਿੰਘ ਨੇ ਥਾਰ ਨੂੰ ਘਟਨਾ ਵਾਲੀ ਹਾਲਤ ‘ਚ ਹੀ ਹਵੇਲੀ ਵਿਚ ਲਗਾਇਆ ਹੈ। ਬਲਕੌਰ ਸਿੰਘ ਨੇ ਇਨ੍ਹਾਂ ਗੋਲੀਆਂ ਦੇ ਨਿਸ਼ਾਨ ਅਤੇ ਅੰਦਰ ਦੀ ਹਾਲਤ ਬਿਲਕੁਲ ਉਵੇਂ ਹੀ ਰੱਖੀ ਹੈ।




ਸਿੱਧੂ ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਜੀਪ ਉਨ੍ਹਾਂ ਦੇ ਪਰਿਵਾਰ ਦੀ ਆਪਣੀ ਨਹੀਂ ਸੀ। ਇਕ ਵਿਅਕਤੀ ਉਨ੍ਹਾਂ ਤੋਂ ਵੇਚਿਆ ਹੋਇਆ ਇਕ ਟਰੈਕਟਰ ਇਸ ਥਾਰ ਜੀਪ ‘ਤੇ ਲੈਣ ਆਇਆ ਸੀ। ਬਾਅਦ ਵਿਚ ਇਹ ਜੀਪ ਮੂਸੇਵਾਲਾ ਨੂੰ ਪਸੰਦ ਆ ਗਈ ਤਾਂ ਉਹ ਉਥੇ ਹੀ ਇਸ ਨੂੰ ਖੜ੍ਹਾ ਗਏ ਸਨ।

ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਦੇਸ਼-ਵਿਦੇਸ਼ ਰਹਿੰਦੇ ਗੈਂਗਸਟਰਾਂ ਵੱਲੋਂ ਪੰਜਾਬ ਦੇ ਲੋਕਾਂ ਤੋਂ ਮੰਗੀਆਂ ਜਾ ਰਹੀਆਂ ਫਿਰੌਤੀਆਂ ਦੇ ਪੀੜਤ ਪਰਿਵਾਰਾਂ ਨੂੰ ਸਰਕਾਰ ਅਤੇ ਪੁਲਿਸ ਤੋਂ ਝਾਕ ਛੱਡਦੇ ਹੋਏ ਇਕਜੁੱਟ ਹੋਣ ਦੀ ਲੋੜ ਹੈ ਤਾਂ ਕਿ ਇਨ੍ਹਾਂ ਖਿਲਾਫ ਸਰਕਾਰ ‘ਤੇ ਦਬਾਅ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਦੀਆਂ ਧਮਕੀਆਂ ਤੋਂ ਡਰਨ ਦੀ ਲੋੜ ਨਹੀਂ, ਸਗੋਂ ਇਕੱਠੇ ਹੋ ਕੇ ਗੁਆਂਢੀ ਸੂਬਿਆਂ ਦੇ ਲੋਕਾਂ ਨੂੰ ਇਕ ਵਾਰ ਫਿਰ ਪੰਜਾਬੀਆਂ ਦੀ ਏਕਤਾ ਅਤੇ ਭਾਈਚਾਰੇ ਦਾ ਸਬੂਤ ਦੇਣਾ ਚਾਹੀਦਾ ਹੈ।

# ਕਿਸਾਨ ਜਥੇਬੰਦੀਆਂ ਨੇ ਟੌਲ ਪਲਾਜ਼ੇ ਬੰਦ ਕਰਵਾਏ; 19 ਟੌਲ ਪਲਾਜ਼ਿਆਂ ’ਤੇ ਮਹੀਨੇ ਭਰ ਲਈ ਘਿਰਾਓ ਸ਼ੁਰੂ

**ਚੰਡੀਗੜ੍ਹ:** ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਕਿਸਾਨਾਂ ਨੇ ਪੰਜਾਬ ਦੇ 19 ਟੌਲ ਪਲਾਜ਼ਿਆਂ ਦਾ ਮਹੀਨੇ ਭਰ ਲਈ ਘਿਰਾਓ ਸ਼ੁਰੂ ਕਰ ਦਿੱਤਾ ਹੈ। ਕਿਸਾਨਾਂ ਨੇ ਸਵੇਰੇ ਹੀ ਟੌਲ ਨਾਕਿਆਂ ‘ਤੇ ਨਾਕਾਬੰਦੀ ਕਰ ਕੇ ਵਾਹਨਾਂ ਤੋਂ ਵਸੂਲੀ ਬੰਦ ਕਰਾ ਦਿੱਤੀ ਹੈ।

ਸੰਘਰਸ਼ ਕਮੇਟੀ ਵੱਲੋਂ 15 ਜਨਵਰੀ ਤੱਕ ਨਾਕਾਬੰਦੀ ਕਰਨ ਦਾ ਐਲਾਨ ਕੀਤਾ ਗਿਆ ਹੈ। ਸੰਘਰਸ਼ ਕਰ ਰਹੇ ਕਿਸਾਨਾਂ ਨੇ ਸੂਬਾ ਤੇ ਕੇਂਦਰ ਸਰਕਾਰਾਂ ਤੋਂ ਸਾਰੇ ਟੌਲ ਪਲਾਜ਼ੇ ਬੰਦ ਕੀਤੇ ਜਾਣ ਦੀ ਮੰਗ ਵੀ ਕੀਤੀ ਹੈ। ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ ਤੇ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਨੂੰ ਲੋਕਾਂ ਦੀ ਲੁੱਟ ਕਰਨ ਦੀ ਖੁੱਲ੍ਹ ਦੇਣ ਵਾਲੀਆਂ ਕੇਂਦਰ ਤੇ ਪੰਜਾਬ ਸਰਕਾਰਾਂ ਵਿਰੁੱਧ ਕੀਤੇ ਐਲਾਨ ਮੁਤਾਬਕ ਪੰਜਾਬ ਦੇ 10 ਜ਼ਿਲ੍ਹਿਆਂ ਵਿਚ 19 ਟੌਲ ਪਲਾਜ਼ੇ ਪਰਚੀ ਮੁਕਤ ਕਰਵਾਏ ਗਏ ਹਨ, ਜਿਨ੍ਹਾਂ ਵਿਚ ਮਾਨਾਂਵਾਲਾ, ਕੱਥੂਨੰਗਲ, ਛਿੱਡਣ ਅਟਾਰੀ, ਮੰਨਣ, ਸ਼ੇਰੋਂ, ਫਿਰੋਜ਼ਸ਼ਾਹ, ਗਿੱਦੜਪਿੰਡੀ, ਮੁਕੇਰੀਆਂ, ਚੋਲਾਂਗ, ਮਾਨਸਰ, ਗੜ੍ਹਦੀਵਾਲਾ, ਚੱਬੇਵਾਲ, ਥੇਹ ਕਲੰਧਰ, ਮਾਹਮੂਜੋਈਆਂ, ਸਿੰਘਾਂ ਵਾਲਾ, ਕਾਂਵਾਂ ਵਾਲਾ ਪੱਤਣ, ਢਿੱਲਵਾਂ ਤੇ ਲਾਟਪਲਾਵਾ ਦੀਨਾਨਗਰ ਆਦਿ ਟੌਲ ਪਲਾਜ਼ੇ ਸ਼ਾਮਲ ਹਨ।



ਕਿਸਾਨ ਆਗੂਆਂ ਨੇ ਕਿਹਾ ਕਿ ਦੇਸ ਭਰ ਵਿਚ ਲੱਗੇ ਟੌਲ ਪਲਾਜ਼ੇ ਗੈਰਕਾਨੂੰਨੀ ਹਨ ਕਿਉਂਕਿ ਜਦ ਕੋਈ ਵਿਅਕਤੀ ਵਾਹਨ ਖਰੀਦਦਾ ਹੈ ਤਾਂ ਉਹ ਉਸੇ ਵੇਲੇ ਰੋਡ ਟੈਕਸ ਵੀ ਭਰਦਾ ਹੈ। ਇਸ ਲਈ ਵਾਹਨ ਚਾਲਕਾਂ ਤੋਂ ਮੁੜ ਟੌਲ ਟੈਕਸ ਵਸੂਲਣਾ ਗੈਰਕਾਨੂੰਨੀ ਹੈ। ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਪੰਜਾਬ ਭਰ ਵਿਚ ਲੱਗੇ ਟੌਲ ਪਲਾਜ਼ੇ ਪੁੱਟੇ ਜਾਣ ਜਾਂ ਫਿਰ ਇਨ੍ਹਾਂ ਨੂੰ ਸਰਕਾਰੀ ਕਰਕੇ ਪਰਚੀ ਉਤੇ ਛੋਟ ਦਿੱਤੀ ਜਾਵੇ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਟੌਲ ਪਲਾਜ਼ਿਆਂ ਦੇ ਮੁਲਾਜ਼ਮਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ, ਉਨ੍ਹਾਂ ਦੀ ਇਕ ਮਹੀਨੇ ਦੀ ਤਨਖਾਹ ਟੌਲ ਕੰਪਨੀਆਂ ਤੋਂ ਦਿਵਾਈ ਜਾਵੇਗੀ। ਕਿਸਾਨ ਆਗੂਆਂ ਨੇ ਹੁਸ਼ਿਆਰਪੁਰ ਦੇ ਚੋਲਾਂਗ ਟੌਲ ਪਲਾਜਾ ਵਿਖੇ ਕਿਸਾਨਾਂ ਉਤੇ ਕੀਤੇ ਹਮਲੇ ਦੀ ਨਿਖੇਧੀ ਕਰਦਿਆਂ ਸੂਬਾ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਹਮਲਾਵਰਾਂ ‘ਤੇ ਪਰਚੇ ਦਰਜ ਕਰਕੇ ਇਨ੍ਹਾਂ ਨੂੰ ਤੁਰਤ ਗ੍ਰਿਫਤਾਰ ਕੀਤਾ ਜਾਵੇ। ਟੈਕਸੀ ਯੂਨੀਅਨ ਵੱਲੋਂ ਟੌਲ ਪਲਾਜ਼ੇ ਟੈਕਸ ਮੁਕਤ ਕਰਵਾਉਣ ਦੇ ਇਸ ਫੈਸਲੇ ਦੀ ਕੀਤੀ ਹਮਾਇਤ ਦਾ ਸਵਾਗਤ ਕਰਦਿਆਂ ਕਿਸਾਨ ਆਗੂਆਂ ਨੇ ਹੋਰਨਾਂ ਜਨਤਕ ਜਥੇਬੰਦੀਆਂ ਨੂੰ ਵੀ ਅਪੀਲ ਹੈ ਕਿ ਉਹ ਬਾਕੀ ਰਹਿੰਦੇ ਟੌਲ ਪਲਾਜ਼ਿਆਂ ‘ਤੇ ਵੀ ਧਰਨੇ ਲਾ ਕੇ ਉਨ੍ਹਾਂ ਨੂੰ ਪਰਚੀ ਮੁਕਤ ਕਰਵਾਉਣ।

ਇਸ ਤੋਂ ਬਿਨਾਂ ਪੰਜਾਬ ਸਰਕਾਰ ਵੱਲੋਂ ਜਲੰਧਰ ਦੇ ਪਿੰਡ ਲਤੀਫਪੁਰਾ ਵਿਚ ਗਰੀਬਾਂ ਦੇ ਘਰ ਢਾਹੁਣ ਦੀ ਸਖ਼ਤ ਨਿਖੇਧੀ ਕਰਦਿਆਂ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਵੱਲੋਂ ਉਕਤ ਬੇਘਰ ਕੀਤੇ ਲੋਕਾਂ ਨੂੰ ਮੁੜ ਘਰ ਬਣਾ ਕੇ ਦਿੱਤੇ ਜਾਣ।

# ਸ਼ਰਾਬ ਫੈਕਟਰੀ ਅੱਗੇ ਡਟੇ ਧਰਨਾਕਾਰੀਆਂ ’ਤੇ ਲਾਠੀਚਾਰਜ ਕੀਤਾ

**ਫ਼ਿਰੋਜ਼ਪੁਰ:** ਜ਼ੀਰਾ ਸ਼ਰਾਬ ਫੈਕਟਰੀ ਨੂੰ ਬੰਦ ਕਰਵਾਉਣ ਲਈ ਪੰਜ ਮਹੀਨਿਆਂ ਤੋਂ ਰੋਸ ਪ੍ਰਦਰਸ਼ਨ ਕਰ ਰਹੇ ਲੋਕਾਂ ‘ਤੇ ਪੁਲਿਸ ਨੇ ਲਾਠੀਚਾਰਜ ਕੀਤਾ। ਪੁਲਿਸ ਨੇ ਜੇ.ਸੀ.ਬੀ. ਦੀ ਮਦਦ ਨਾਲ ਧਰਨਾਕਾਰੀਆਂ ਦਾ ਟੈਂਟ ਵੀ ਪੁੱਟ ਦਿੱਤਾ ਹੈ। ਇਸ ਮਗਰੋਂ ਪ੍ਰਦਰਸ਼ਨਕਾਰੀਆਂ ਨੇ ਅੰਮ੍ਰਿਤਸਰ-ਬਠਿੰਡਾ ਕੌਮੀ ਮਾਰਗ ਜਾਮ ਕਰਨ ਦਾ ਯਤਨ ਕੀਤਾ ਤਾਂ ਪੁਲਿਸ ਨੇ ਲਾਠੀਚਾਰਜ ਨਾਲ ਇਹ ਯਤਨ ਅਸਫਲ ਬਣਾ ਦਿੱਤਾ।

ਮੌਕੇ ‘ਤੇ ਭਾਰੀ ਗਿਣਤੀ ਵਿਚ ਪੁਲਿਸ ਤਾਇਨਾਤ ਹੈ ਅਤੇ ਪੌਣੇ ਦੋ ਸੌ ਦੇ ਕਰੀਬ ਵਿਅਕਤੀਆਂ ਖਿਲਾਫ ਥਾਣਾ ਜੀਰਾ ਵਿਚ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਫੈਕਟਰੀ ਦੇ ਗੇਟ ਅੱਗੇ ਸਾਂਝੇ ਮੋਰਚੇ ਦੀ ਚੱਲ ਰਹੀ ਸਟੇਜ ‘ਤੇ ਕੋਈ ਵੀ ਕਾਰਵਾਈ ਨਹੀਂ ਕਰ ਸਕੀ ਕਿਉਂਕਿ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਅਤੇ ਪਾਠ ਜਾਪ ਚੱਲ ਰਹੇ ਹਨ। ਪ੍ਰਸ਼ਾਸਨ ਨੇ ਤਰਕ ਦਿੱਤਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਧਰਨਾਕਾਰੀਆਂ ਨੂੰ ਫੈਕਟਰੀ ਤੋਂ ਤਿੰਨ ਸੌ ਮੀਟਰ ਦੂਰ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ ਪਰ ਧਰਨਾਕਾਰੀ ਇਸ ਨੂੰ ਮੰਨਣ ਲਈ ਤਿਆਰ ਨਹੀਂ ਹੋ ਰਹੇ ਸਨ ਜਿਸ ਕਰਕੇ ਮਜਬੂਰਨ ਪ੍ਰਸ਼ਾਸਨ ਨੂੰ ਹਲਕਾ ਲਾਠੀਚਾਰਜ ਕਰਨਾ ਪਿਆ। ਹਾਈ ਕੋਰਟ ਵੱਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ ਵੀਹ ਦਸੰਬਰ ਰੱਖੀ ਗਈ ਹੈ ਜਿੱਥੇ ਇਸ ਸਬੰਧੀ ਜਵਾਬ ਪੇਸ਼ ਕੀਤਾ ਜਾਣਾ ਹੈ। ਫੈਕਟਰੀ ਤੋਂ ਇਕ ਕਿਲੋਮੀਟਰ ਦੂਰ ਪੈਂਦੇ ਪਿੰਡ ਰਟੌਲ ਰੋਹੀ ਦੇ ਟੀ-ਪੁਆਇੰਟ ‘ਤੇ ਪੱਕਾ ਨਾਕਾ ਲਾ ਕੇ ਖੜ੍ਹੇ ਪ੍ਰਦਰਸ਼ਨਕਾਰੀਆਂ ਉੱਪਰ ਪੁਲਿਸ ਨੇ ਹਲਕੀ ਤਾਕਤ ਦੀ ਵਰਤੋਂ ਕਰਕੇ ਕੁਝ ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਕੁਝ ਨੂੰ ਉਥੋਂ ਖਦੇੜ ਦਿੱਤਾ।



## ਸਰਕਾਰ ਲੋਕਾਂ ’ਤੇ ਜਬਰ ਕਰਨਾ ਤੁਰੰਤ ਬੰਦ ਕਰੇ: ਉਗਰਾਹਾਂ

**ਮਾਨਸਾ:** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਪ੍ਰਦੂਸ਼ਣ ਦਾ ਗੜ੍ਹ ਬਣੀ ਜ਼ੀਰਾ ਸ਼ਰਾਬ ਫੈਕਟਰੀ ਨੂੰ ਬੰਦ ਕਰਾਉਣ ਦੀ ਮੰਗ ਹੇਠ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਦੇ ਹੁਕਮਾਂ ਬਹਾਨੇ ਪੁਲਿਸ ਜਬਰ ਰਾਹੀਂ ਉਠਾਉਣ ਦੀ ਸਖ਼ਤ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਵੱਲੋਂ ਕੀਤੀ ਗਈ ਇਸ ਕਾਰਵਾਈ ਵਿਚ 14 ਨਾਮਜ਼ਦ ਆਗੂਆਂ ਸਣੇ 100 ਤੋਂ 125 ਅਣਪਛਾਤੇ ਵਿਅਕਤੀਆਂ ਉੱਤੇ ਕੇਸ ਦਰਜ ਕਰਕੇ 60 ਤੋਂ ਵੱਧ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਹਨ।

## ਸੰਯੁਕਤ ਮੋਰਚੇ ਨੇ ਲਾਮਬੰਦੀ ਲਈ ਭੇਜੇ ਸੁਨੇਹੇ

**ਮਾਨਸਾ:** ਸੰਯੁਕਤ ਮੋਰਚਾ ਦੇ ਆਗੂਆਂ ਨੇ ਵੀ ਕਿਸਾਨ ਜਥੇਬੰਦੀਆਂ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਲਾਮਬੰਦ ਹੋਣ ਦੇ ਸੁਨੇਹੇ ਭੇਜਣੇ ਸ਼ੁਰੂ ਕਰ ਦਿੱਤੇ ਹਨ। ਫਿਲਹਾਲ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਸਥਿਤੀ ਟਕਰਾਅ ਵਾਲੀ ਬਣੀ ਹੋਈ ਹੈ। ਆਗੂਆਂ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਜ਼ਬਰਦਸਤੀ ਉਠਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਇਸ ਦੇ ਗੰਭੀਰ ਸਿੱਟੇ ਸਰਕਾਰ ਨੂੰ ਭੁਗਤਣੇ ਪੈਣਗੇ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਹਵਾਈ ਉਡਾਣਾਂ ਦੇ ਵਿਸਥਾਰ 'ਚ ਪੰਜਾਬ ਨੂੰ ਤਰਜੀਹ ਦੇਣ ਦਾ ਭਰੋਸਾ

**ਨਵੀਂ ਦਿੱਲੀ:** ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਨੇ ਰਾਜ ਸਭਾ 'ਚ ਕਿਹਾ ਕਿ ਦੇਸ਼ 'ਚ ਹਵਾਈ ਉਡਾਣਾਂ ਦੇ ਵਿਸਥਾਰ 'ਚ ਪੰਜਾਬ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ (33) ਅਤੇ ਚੰਡੀਗੜ੍ਹ (9) ਤੋਂ ਹਰ ਹਫਤੇ 42 ਕੌਮਾਂਤਰੀ ਉਡਾਣਾਂ ਜਾਂਦੀਆਂ ਹਨ। ਮੰਤਰੀ ਨੇ ਕਿਹਾ ਕਿ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਦੀ ਕੀਮਤ ਸੀਜ਼ਨ 'ਤੇ ਨਿਰਭਰ ਕਰਦੀ ਹੈ ਪਰ ਮੁਸਾਫ਼ਰ ਐਡਵਾਂਸ 'ਚ ਬੁਕਿੰਗ ਤੋਂ ਲਾਹਾ ਲੈ ਸਕਦੇ ਹਨ। ਪ੍ਰਸ਼ਨਕਾਲ ਦੌਰਾਨ ਪੂਰਕ ਸਵਾਲਾਂ ਦੇ ਜਵਾਬ ਦਿੰਦਿਆਂ ਸ੍ਰੀ ਸਿੰਧੀਆ ਨੇ ਕਿਹਾ ਕਿ ਸ਼ਹਿਰੀ ਹਵਾਬਾਜ਼ੀ ਅਸੰਗਠਤ ਖੇਤਰ ਹੈ ਅਤੇ ਰੂਟਾਂ ਦੇ ਵਿਸਥਾਰ 'ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ ਕਿਉਂਕਿ ਇਹ ਏਅਰਲਾਈਨਜ 'ਤੇ ਨਿਰਭਰ ਹੈ।

# ਸੰਸਦ ਵਿਚ ਪੰਜਾਬ ਦੇ ਮਸਲਿਆਂ ਦੀ ਗੂੰਜ

**ਨਵੀਂ ਦਿੱਲੀ:** ਅੰਮ੍ਰਿਤਸਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਜੀਰਾ ਵਿਚ ਮਾਲਬਰੋਜ ਸ਼ਰਾਬ ਫੈਕਟਰੀ ਦੇ ਬਾਹਰ ਚੱਲ ਰਹੇ ਪ੍ਰਦਰਸ਼ਨ ਦਾ ਹਵਾਲਾ ਦਿੰਦਿਆਂ ਲੋਕ ਸਭਾ ਵਿਚ ਕਿਹਾ ਕਿ ਪੰਜਾਬ ਤੇ ਲੋਕ ਧਰਤੀ ਹੇਠਲੇ ਪ੍ਰਦੂਸ਼ਿਤ ਪਾਣੀ ਕਾਰਨ ਬਿਮਾਰ ਹੋ ਰਹੇ ਹਨ ਅਤੇ ਮਰ ਰਹੇ ਹਨ।

ਉਨ੍ਹਾਂ ਸਥਿਤੀ ਦਾ ਜਾਇਜ਼ਾ ਲੈਣ ਲਈ ਪੰਜਾਬ ਦੇ ਸੰਸਦ ਮੈਂਬਰਾਂ ਦੀ ਇਕ ਕੇਂਦਰੀ ਕਮੇਟੀ ਬਣਾਉਣ ਦੀ ਮੰਗ ਕੀਤੀ। ਇਸੇ ਤਰ੍ਹਾਂ ਸੰਸਦ ਵਿਚ ਚੱਲ ਰਹੇ ਸਰਦ ਰੁੱਤ ਸੈਸ਼ਨ ਦੌਰਾਨ ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਮਾਮਲਾ ਚੁੱਕਿਆ। ਐਨ.ਸੀ.ਆਰ.ਬੀ. ਦੀ ਇਕ ਰਿਪੋਰਟ ਦਾ ਹਵਾਲਾ ਦਿੰਦਿਆਂ ਸੰਤ ਸੀਚੇਵਾਲ ਨੇ ਦੱਸਿਆ ਕਿ 2017 ਤੋਂ 2021 ਤੱਕ ਪੰਜਾਬ ਵਿਚ ਲਗਭਗ 53000 ਕਿਸਾਨ ਤੇ ਮਜ਼ਦੂਰ ਆਪਣੇ ਸਿਰ ਚੜ੍ਹੇ ਕਰਜ਼ਿਆਂ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀਆਂ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਦੇਸ਼ ਦੇ ਕਿਸਾਨ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਹੈ ਤੇ ਦੇਸ਼ ਵਾਸੀਆਂ ਦਾ ਢਿੱਡ ਭਰਨ ਵਾਲੇ ਅੰਨਦਾਤਾ ਅੱਜ ਭੁੱਖੇ ਸੌਣ ਲਈ ਮਜਬੂਰ ਹੋ ਰਹੇ ਹਨ।

ਸੰਤ ਸੀਚੇਵਾਲ ਨੇ ਸਦਨ ਵਿਚ ਮੰਗ ਰੱਖੀ ਕਿ ਹੜ੍ਹ, ਸੋਕੇ ਜਾਂ ਹੋਰ ਕੁਦਰਤੀ ਆਫਤ ਕਾਰਨ ਨੁਕਸਾਨੀਆਂ ਜਾਣ ਵਾਲੀਆਂ ਫਸਲਾਂ ਲਈ ਕਿਸਾਨਾਂ ਨੂੰ ਉਚਿਤ ਮੁਆਵਜ਼ਾ ਦਿੱਤਾ ਜਾਵੇ ਅਤੇ ਡੂੰਘੇ ਕਰਜ਼ਿਆਂ ਦੇ ਭਾਰ ਹੇਠ ਦੱਬੇ ਹੋਏ ਕਿਸਾਨਾਂ ਦੇ ਕਰਜ਼ੇ ਵੀ ਕਾਰਪੋਰੇਟਾਂ ਦੀ ਤਰਜ਼ 'ਤੇ ਮੁਆਫ਼ ਕੀਤੇ ਜਾਣ।

## ਬਹਿਬਲ ਕਾਂਡ: ਪ੍ਰਭਦੀਪ ਸਿੰਘ ਨੇ ਸਰਕਾਰੀ ਨੌਕਰੀ ਛੱਡੀ

**ਕੋਟਕਪੂਰਾ:** ਬਹਿਬਲ ਕਲਾਂ ਗੋਲੀਕਾਂਡ 'ਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਛੋਟੇ ਪੁੱਤਰ ਪ੍ਰਭਦੀਪ ਸਿੰਘ ਨੇ ਪਿਤਾ ਦੀ ਮੌਤ ਲਈ ਇਨਸਾਫ ਨਾ ਦਿਵਾਏ ਜਾਣ ਦੇ ਰੋਸ ਵਜੋਂ ਸਰਕਾਰ ਵੱਲੋਂ ਤਰਸ ਦੇ ਆਧਾਰ 'ਤੇ ਮਿਲੀ ਸਰਕਾਰੀ ਨੌਕਰੀ ਛੱਡ ਦਿੱਤੀ ਹੈ। ਇਹ ਐਲਾਨ ਉਸ ਵੱਲੋਂ ਬਹਿਬਲ ਕਲਾਂ 'ਚ ਆਪਣੇ ਭਰਾ ਸੁਖਰਾਜ ਸਿੰਘ ਨਿਆਮੀ ਵਾਲਾ ਦੀ ਅਗਵਾਈ ਹੇਠ ਚੱਲ ਰਹੇ ਇਨਸਾਫ ਮੋਰਚੇ ਦੌਰਾਨ ਕੀਤਾ ਗਿਆ। ਪ੍ਰਭਦੀਪ ਸਿੰਘ ਨੂੰ 2015 ਵਿਚ ਹੋਈ ਉਸ ਦੇ ਪਿਤਾ ਦੀ ਮੌਤ ਮਗਰੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਿਬਲ ਕਲਾਂ ਵਿਚ ਕਲਰਕ ਦੀ ਨੌਕਰੀ ਮਿਲੀ ਸੀ। ਪ੍ਰਭਦੀਪ ਸਿੰਘ ਨੇ ਕਿਹਾ ਕਿ ਉਸ ਦੇ ਪਰਿਵਾਰ ਨੂੰ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਦਾ ਇਨਸਾਫ ਚਾਹੀਦਾ ਹੈ ਤੇ ਇਸ ਦੇ ਇਵਜ਼ ਵਿਚ ਕੋਈ ਲਾਭ ਨਹੀਂ ਚਾਹੀਦਾ। ਇਸ ਮੌਕੇ ਸੁਖਰਾਜ ਸਿੰਘ ਨੇ ਦੱਸਿਆ ਸਿੱਖ ਸੰਗਤ ਵੱਲੋਂ 7 ਜਨਵਰੀ ਨੂੰ ਆਰ-ਪਾਰ ਦੀ ਲੜਾਈ ਲੜੀ ਜਾਵੇਗੀ।

## ਪੰਜਾਬ ਵਿਚ ਸਸਤਾ ਰੇਤਾ-ਬਜਰੀ ਮਿਲਣ ਦਾ ਰਾਹ ਖੁੱਲ੍ਹਿਆ

**ਮੁੱਲਾਂਪੁਰ ਗਰੀਬਦਾਸ:** ਖਣਨ ਤੇ ਭੂ-ਵਿਗਿਆਨ ਮੰਤਰੀ ਹਰਜੋਤ ਸਿੰਘ ਬੈਂਸ ਨੇ ਨਿਊ ਚੰਡੀਗੜ੍ਹ ਦੀ ਈਕੋ ਸਿਟੀ-2 ਵਿਚ ਸਿੱਸਵਾਂ-ਕੁਰਾਲੀ ਮਾਰਗ 'ਤੇ ਪਿੰਡ ਮਾਜਰਾ ਵਿਚ ਦੋ ਲੱਖ ਟਨ ਸਮਰੱਥਾ ਵਾਲੇ ਰੇਤੇ ਤੇ ਬਜਰੀ ਦੇ ਪਹਿਲੇ ਸਰਕਾਰੀ ਵਿਕਰੀ ਕੇਂਦਰ ਦਾ ਉਦਘਾਟਨ ਕੀਤਾ। ਇਸ ਦੌਰਾਨ ਸ੍ਰੀ ਬੈਂਸ ਨੇ ਕਿਹਾ ਕਿ ਰੇਤੇ ਤੇ ਬਜਰੀ ਦੀ ਕੀਮਤ 28 ਰੁਪਏ ਪ੍ਰਤੀ ਘਣ ਫੁੱਟ ਰੱਖੀ ਗਈ ਹੈ। ਲੋਕਾਂ ਨੂੰ ਕਿਫਾਇਤੀ ਦਰਾਂ ਉਤੇ ਰੇਤਾ-ਬਜਰੀ ਮੁਹੱਈਆ ਕਰਵਾਉਣ ਲਈ ਸੂਬਾ ਸਰਕਾਰ ਵੱਲੋਂ ਜਲਦੀ ਹੀ ਅਜਿਹਾ ਇਕ ਹੋਰ ਵਿਕਰੀ ਕੇਂਦਰ ਖੋਲ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮਾਈਨਿੰਗ ਦਾ ਕੰਮ ਆਪਣੇ ਹੱਥਾਂ ਵਿਚ ਲੈ ਕੇ ਖਣਨ ਮਾਫੀਆ ਦੀਆਂ ਵੱਡੀਆਂ ਮੱਛੀਆਂ ਨੂੰ ਜੇਲ੍ਹਾਂ ਵਿਚ ਡੱਕਿਆ ਹੈ ਅਤੇ ਨਾਜਾਇਜ਼ ਮਾਈਨਿੰਗ ਕਰਨ ਵਾਲਿਆਂ ਨੂੰ ਦੋ ਲੱਖ ਰੁਪਏ ਦੇ ਜਰਮਾਨੇ ਕੀਤੇ ਗਏ ਹਨ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 11 ਨਵੰਬਰ 2022 ਨੂੰ ਸੂਬੇ ਵਿਚ ਸਾਰੀਆਂ ਮਾਈਨਿੰਗ ਗਤੀਵਿਧੀਆਂ ਉਤੇ ਪਾਬੰਦੀ ਲਗਾ ਦਿੱਤੀ ਸੀ ਪਰ ਪੰਜਾਬ ਸਰਕਾਰ ਨੇ ਆਮ ਲੋਕਾਂ ਨੂੰ ਰੇਤਾ ਤੇ ਬਜਰੀ ਸਸਤੀਆਂ ਦਰਾਂ 'ਤੇ ਮੁਹੱਈਆ ਕਰਵਾਉਣ ਲਈ ਆਪਣੀ ਵਚਨਬੱਧਤਾ ਨੂੰ ਧਿਆਨ ਵਿਚ ਰੱਖਦਿਆਂ ਸੂਬੇ ਤੋਂ ਬਾਹਰੋਂ ਇਸ ਦਾ ਪ੍ਰਬੰਧ ਕੀਤਾ ਤੇ ਹੁਣ ਤੱਕ 90000 ਟਨ ਦੀ ਸਪਲਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਨੂੰ ਹਾਈ ਕੋਰਟ ਤੋਂ ਰਾਹਤ ਮਿਲਣ ਉਪਰੰਤ ਇਹ ਕੀਮਤ 15 ਜਾਂ 16 ਰੁਪਏ ਪ੍ਰਤੀ ਘਣ ਫੁੱਟ ਹੇਠਾਂ ਆਉਣ ਦੀ ਸੰਭਾਵਨਾ ਹੈ। ਇਸ ਮੌਕੇ ਖਣਨ ਤੇ ਭੂ-ਵਿਗਿਆਨ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਆਦਿ ਵੀ ਹਾਜ਼ਰ ਸਨ।

## ਸੁੱਚਾ ਸਿੰਘ ਲੰਗਾਹ ਨੇ ਤਨਖਾਹ ਪੂਰੀ ਕੀਤੀ

**ਅੰਮ੍ਰਿਤਸਰ:** ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਸ੍ਰੀ ਅਕਾਲ ਤਖਤ ਵੱਲੋਂ ਲੱਗੀ ਤਨਖਾਹ ਨੂੰ ਪੂਰਾ ਕਰ ਲਿਆ ਹੈ। ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਵੱਲੋਂ ਪਰਨਾਰੀ ਨਾਲ ਸਬੰਧਾਂ ਦੇ ਦੋਸ਼ ਹੇਠ ਤਨਖਾਹ ਲਾਈ ਗਈ ਸੀ। ਉਨ੍ਹਾਂ ਸ੍ਰੀ ਅਕਾਲ ਤਖਤ ਵਿਖੇ ਵਾਰਾਂ ਦਾ ਗਾਇਨ ਕਰ ਰਹੇ ਸਾਰੇ ਢਾਡੀ ਜਥਿਆਂ ਨੂੰ ਪ੍ਰਸਾਦਾ ਛਕਾਇਆ ਅਤੇ ਉਨ੍ਹਾਂ ਨੂੰ ਅਕਾਲ ਤਖਤ ਵੱਲੋਂ ਕੀਤੇ ਆਦੇਸ਼ ਮੁਤਾਬਕ 5100-5100 ਰੁਪਏ ਭੇਟ ਕੀਤੇ ਹਨ। ਤਨਖਾਹ ਪੂਰੀ ਕਰ ਕੇ ਉਨ੍ਹਾਂ ਸ੍ਰੀ ਅਕਾਲ ਤਖਤ ਵਿਖੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਲੰਗਾਹ ਵੱਲੋਂ ਆਪਣੀ ਤਨਖਾਹ ਪੂਰੀ ਕਰਨ ਦੀ ਜਾਣਕਾਰੀ ਭੇਜੀ ਗਈ ਹੈ। ਦੱਸਣਯੋਗ ਹੈ ਕਿ ਇਸ ਦੋਸ਼ ਕਾਰਨ ਲੰਗਾਹ ਨੂੰ ਨਾ ਸਿਰਫ਼ ਸ਼੍ਰੋਮਣੀ ਅਕਾਲੀ ਦਲ ਤੋਂ ਫ਼ਾਰਗ ਕਰ ਦਿੱਤਾ ਗਿਆ ਸੀ ਸਗੋਂ ਕਮੇਟੀ ਦੀ ਮੈਂਬਰਸ਼ਿਪ ਤੋਂ ਵੀ ਹਟਾ ਦਿੱਤਾ ਗਿਆ ਸੀ।

## ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਵਿਚ ਜੁਟੀ ਸਰਕਾਰ

**ਮੁਹਾਲੀ:** ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ, "ਪਰਵਾਸੀ ਪੰਜਾਬੀਆਂ ਦੀਆਂ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਮਾਮਲਿਆਂ ਨਾਲ ਜੁੜੀਆਂ ਸਮੱਸਿਆਵਾਂ ਦਾ ਮਿੱਥੇ ਸਮੇਂ ਵਿਚ ਨਿਪਟਾਰਾ ਕਰਨ ਲਈ ਸਰਕਾਰ ਵਿਸ਼ੇਸ਼ ਨੀਤੀ ਤਿਆਰ ਕਰ ਰਹੀ ਹੈ।

ਐਨ.ਆਰ.ਆਈ. ਪੰਜਾਬੀਆਂ ਦੀਆਂ ਸਮੱਸਿਆਵਾਂ ਸੁਣਨ ਤੇ ਉਨ੍ਹਾਂ ਦੇ ਹੱਲ ਲਈ ਹਰ ਸਾਲ ਦਸੰਬਰ ਤੇ ਅਪਰੈਲ ਮਹੀਨੇ ਵਿਚ ਦੋ ਵਾਰ ਐਨ.ਆਰ.ਆਈ. ਮਿਲਣੀਆਂ ਕੀਤੀਆਂ ਜਾਣਗੀਆਂ।" ਉਹ ਇਥੇ ਐਮਿਟੀ ਯੂਨੀਵਰਸਿਟੀ ਵਿਚ ਕਰਵਾਏ ਗਏ 'ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ' ਪ੍ਰੋਗਰਾਮ ਮੌਕੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਸੁਣਨ ਮੌਕੇ ਬੋਲ ਰਹੇ ਸਨ। ਇਸ ਸਮਾਗਮ ਵਿਚ ਮੁਹਾਲੀ ਸਮੇਤ ਰੂਪਨਗਰ, ਫਤਹਿਗੜ੍ਹ ਸਾਹਿਬ ਤੇ ਪਟਿਆਲਾ ਜ਼ਿਲ੍ਹਿਆਂ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਨੇ ਸ਼ਿਰਕਤ ਕੀਤੀ ਅਤੇ ਆਪਣੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ।

ਇਸ ਮੌਕੇ ਸ੍ਰੀ ਧਾਲੀਵਾਲ ਨੇ ਕਿਹਾ ਕਿ ਸਰਕਾਰ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਐਨ.ਆਰ.ਆਈਜ਼. ਦੇ ਮੁੱਖ ਮਸਲੇ ਉਨ੍ਹਾਂ ਦੀਆਂ ਜ਼ਮੀਨ-ਜਾਇਦਾਦਾਂ, ਕਾਰੋਬਾਰ ਅਤੇ ਪਰਿਵਾਰਕ ਝਗੜੇ ਹਨ।

# ਕੇਂਦਰ ਹੁਣ ਕਿਸਾਨ ਅੰਦੋਲਨ ਵਾਲੀ ਰੜਕ ਕੱਢਣ ਲੱਗਾ

*(ਪਹਿਲੇ ਸਫੇ ਦੀ ਬਾਕੀ)*

ਸੰਘਰਸ਼ ਵੀ ਪੰਜਾਬ ਤੋਂ ਸ਼ੁਰੂ ਹੋਇਆ ਸੀ ਤੇ ਹੌਲੀ-ਹੌਲੀ ਪੂਰੇ ਮੁਲਕ ਵਿਚ ਫੈਲ ਗਿਆ। ਕੇਂਦਰ ਤੇ ਪੰਜਾਬ ਸਰਕਾਰ ਖ਼ਿਲਾਫ਼ ਸ਼ੁਰੂ ਕੀਤੇ ਧਰਨੇ ਦਿੱਲੀ ਦੀਆਂ ਬਰੂੰਹਾਂ ਤੱਕ ਜਾ ਅੱਪੜੇ। ਚਰਚਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਤਾਜ਼ਾ ਸਰਗਰਮੀਆਂ ਉਤੇ ਨੇੜਿਉਂ ਨਿਗ੍ਹਾ ਰੱਖ ਰਹੀ ਹੈ। ਯਾਦ ਰਹੇ ਕਿ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲਿਆਂ ਪਰਵਾਸੀ ਪੰਜਾਬੀਆਂ, ਕਲਾਕਾਰਾਂ, ਸਮਾਜ ਸੇਵੀਆਂ ਅਤੇ ਹੋਰ ਧਿਰਾਂ ਖ਼ਿਲਾਫ਼ ਟੇਢੇ-ਮੇਢੇ ਢੰਗ ਨਾਲ ਕਾਰਵਾਈ ਹਮੇਸ਼ਾ ਚਰਚਾ ਵਿਚ ਰਹੀ ਹੈ। ਖਾਸ ਕਰਕੇ ਪਰਵਾਸੀਆਂ ਪੰਜਾਬੀਆਂ ਦੀ ਵਤਨ ਵਾਪਸੀ ਦੇ ਰਾਹ ਵਿਚ ਅੜਿੱਕੇ ਡਾਹੁਣਾ ਆਮ ਗੱਲ ਰਹੀ ਹੈ। ਪੰਜਾਬ ਸਰਕਾਰ ਵੱਲੋਂ 'ਪੰਜਾਬੀ ਐਨ.ਆਰ.ਆਈਜ਼. ਨਾਲ ਮਿਲਣੀ' ਨਾਂ ਦੇ ਸ਼ੁਰੂ ਕੀਤੇ ਗਏ ਪ੍ਰੋਗਰਾਮ ਵਿਚ ਪਰਵਾਸੀਆਂ ਪੰਜਾਬੀਆਂ ਵੱਲੋਂ ਇਸ ਮੁੱਦੇ ਨੂੰ ਖੁੱਲ੍ਹ ਕੇ ਉਭਾਰਿਆ ਜਾ ਰਿਹਾ ਹੈ। ਪਰਵਾਸੀ ਪੰਜਾਬੀ ਫਰੈਂਡਜ਼ ਆਫ ਇੰਡੀਆ-ਕੈਨੇਡਾ ਦੇ ਪ੍ਰਧਾਨ ਮਨਿੰਦਰ ਗਿੱਲ ਨੇ ਇਹ ਮੁੱਦੇ ਚੁੱਕਦੇ ਹੋਏ ਆਖਿਆ ਹੈ ਕਿ ਕੈਨੇਡਾ ਦੇ ਪੰਜਾਬੀਆਂ ਨੇ ਕਿਸਾਨ ਅੰਦੋਲਨ ਦੀ ਖੁੱਲ੍ਹ ਕੇ ਕੀਤੀ ਮਦਦ ਕੀਤੀ ਸੀ, ਜਿਸ ਕਾਰਨ ਹੁਣ ਉਨ੍ਹਾਂ ਨੂੰ ਭਾਰਤ ਆਉਣ ਲੱਗਿਆਂ ਵੀਜ਼ੇ ਦੀ ਵੱਡੀ ਸਮੱਸਿਆ ਆ ਰਹੀ ਹੈ। ਮੋਦੀ ਸਰਕਾਰ ਦੇ ਪਹਿਲੇ ਪੰਜ ਸਾਲਾਂ ਦੌਰਾਨ ਕਾਲੀ ਸੂਚੀ ਨੂੰ ਖਤਮ ਕਰ ਦਿੱਤਾ ਸੀ। ਉਹ ਖੁਦ ਵੀ 19 ਸਾਲਾਂ ਤੱਕ ਕਾਲੀ ਸੂਚੀ ਵਿਚ ਰਹੇ। ਕਾਲੀ ਸੂਚੀ ਖਤਮ ਹੋਣ ਤੋਂ ਬਾਅਦ ਗਰਮਖਿਆਲੀ ਸਿੱਖ ਕਾਰਕੁਨ ਵੀ ਭਾਰਤ ਦਾ ਦੌਰਾ ਆਮ ਕਰ ਸਕਦੇ ਸਨ ਅਤੇ ਉਨ੍ਹਾਂ ਨੂੰ ਪੁਲਿਸ ਤੰਗ ਵੀ ਨਹੀਂ ਸੀ ਕਰਦੀ ਪਰ ਹੁਣ ਉਹ ਮਹਿਸੂਸ ਕਰਦੇ ਹਨ ਕਿ ਕਿਸਾਨ ਅੰਦੋਲਨ ਤੋਂ ਬਾਅਦ ਹਾਲਾਤ ਬਦਲ ਗਏ ਹਨ। ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਕੁਲਵੰਤ ਸਿੰਘ ਢੇਸੀ ਦਾ ਵੀ ਕਹਿਣਾ ਹੈ ਕਿ ਭਾਰਤ ਸਰਕਾਰ ਦਾ ਇਹ ਰਵੱਈਆ ਕਿਸਾਨ ਅੰਦੋਲਨ ਤੋਂ ਬਾਅਦ ਬਦਲਿਆ ਹੈ। ਇਸ ਦੌਰਾਨ ਹੋਰ ਵੀ ਵੱਡੀ ਗਿਣਤੀ ਪਰਵਾਸੀਆਂ ਨੇ ਇਹ ਮੁੱਦੇ ਚੁੱਕਿਆ ਹੈ। ਹੁਣ ਕੇਂਦਰੀ ਟੀਮਾਂ ਦੀ ਤਾਜ਼ਾ ਕਾਰਵਾਈ ਇਸ਼ਾਰਾ ਕਰ ਰਹੀ ਹੈ ਕਿ ਆਉਂਦੇ ਦਿਨਾਂ ਵਿਚ ਕਿਸਾਨ ਅੰਦੋਲਨ ਦੇ ਹਮਾਇਤੀਆਂ ਉਤੇ ਹੋਰ ਸਖਤ ਕਾਰਵਾਈ ਹੋ ਸਕਦੀ ਹੈ। ਚਰਚਾ ਹੈ ਕਿ ਵੱਡੇ ਕਿਸਾਨ ਆਗੂਆਂ ਖ਼ਿਲਾਫ਼ ਵੀ ਕਾਰਵਾਈ ਹੋ ਸਕਦੀ ਹੈ। ਹਾਲਾਂਕਿ ਇਹ ਵੀ ਚਰਚਾ ਹੋ ਰਹੀ ਹੈ ਸਰਕਾਰ ਦੀ ਇਹ ਸਖਤੀ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਪਿੱਛੋਂ ਵੱਖ-ਵੱਖ ਰਾਹ ਤੁਰੀਆਂ ਕਿਸਾਨ ਜਥੇਬੰਦੀਆਂ ਦੇ ਏਕੇ ਦਾ ਰਾਹ ਵੀ ਮੋਕਲਾ ਕਰ ਸਕਦੀ ਹੈ।

# ਚੰਨੀ ਪੌਣੇ ਛੇ ਮਹੀਨਿਆਂ ਪਿੱਛੋਂ ਵਿਦੇਸ਼ ਤੋਂ ਪਰਤੇ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪੰਜਾਬ ਦੀ ਸਿਆਸਤ 'ਚੋਂ ਲੰਮੀ ਗ਼ੈਰਹਾਜ਼ਰੀ ਮਗਰੋਂ ਹੁਣ ਵਿਦੇਸ਼ ਤੋਂ ਪਰਤ ਆਏ ਹਨ। ਤਕਰੀਬਨ ਪੌਣੇ ਛੇ ਮਹੀਨਿਆਂ ਪਿੱਛੋਂ ਸਾਬਕਾ ਮੁੱਖ ਮੰਤਰੀ ਚੰਨੀ ਵਤਨ ਪਰਤੇ ਹਨ। ਕਾਂਗਰਸ ਪਾਰਟੀ ਦੀ 'ਭਾਰਤ ਜੋੜੋ ਯਾਤਰਾ' ਦੇ ਪੰਜਾਬ 'ਚ ਦਾਖਲ ਹੋਣ ਤੋਂ ਪਹਿਲਾਂ ਚੰਨੀ ਵਿਦੇਸ਼ ਤੋਂ ਪਰਤੇ ਹਨ। ਚੰਨੀ ਦੀ ਗ਼ੈਰਮੌਜੂਦਗੀ ਨੂੰ ਲੈ ਕੇ ਵਿਰੋਧੀਆਂ ਵੱਲੋਂ ਕਈ ਤਰ੍ਹਾਂ ਦੇ ਤਨਜ ਕਸੇ ਜਾਂਦੇ ਰਹੇ ਹਨ ਜਦੋਂ ਕਿ ਚੰਨੀ ਨੇ ਕਿਹਾ ਸੀ ਕਿ ਉਹ ਅੱਖਾਂ ਦੇ ਇਲਾਜ ਅਤੇ ਪੀ.ਐਚ.ਡੀ. ਦਾ ਥੀਸਿਸ ਲਿਖਣ ਵਾਸਤੇ ਵਿਦੇਸ਼ ਗਏ ਸਨ।

ਕਾਂਗਰਸ ਪਾਰਟੀ ਨੇ ਵਿਧਾਨ ਸਭਾ ਚੋਣਾਂ 'ਚ ਚੰਨੀ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਸੀ ਅਤੇ ਚੰਨੀ ਇਨ੍ਹਾਂ ਚੋਣਾਂ ਵਿਚ ਭਦੌੜ ਅਤੇ ਚਮਕੌਰ ਸਾਹਿਬ ਹਲਕੇ ਤੋਂ ਚੋਣ ਹਾਰ ਗਏ ਸਨ। ਚੋਣ ਪ੍ਰਚਾਰ ਦੌਰਾਨ ਹੀ ਚੰਨੀ ਦੇ ਕਰੀਬੀ ਰਿਸ਼ਤੇਦਾਰ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ ਦਾ ਛਾਪਾ ਪਿਆ ਸੀ ਤੇ ਕਰੋੜਾਂ ਰੁਪਏ ਦੀ ਰਾਸ਼ੀ ਨਗਦ ਬਰਾਮਦ ਹੋਈ ਸੀ। ਈਡੀ ਨੇ ਅਪਰੈਲ ਦੇ ਦੂਸਰੇ ਹਫ਼ਤੇ ਚੰਨੀ ਨੂੰ ਵੀ ਤਲਬ ਕੀਤਾ ਸੀ ਤੇ ਪੁੱਛਗਿੱਛ ਕੀਤੀ ਸੀ। ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਵੀ ਚੰਨੀ ਦੇ ਗਾਇਬ ਹੋਣ ਦੀ ਗੱਲ ਚੱਲੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਫੁਟਬਾਲ ਵਿਸ਼ਵ ਕੱਪ; ਅਰਜਨਟੀਨਾ ਤੀਜੀ ਵਾਰ ਚੈਂਪੀਅਨ

**ਲੁਸੈਲ (ਦੋਹਾ):** ਫੁਟਬਾਲ ਵਿਸ਼ਵ ਕੱਪ ਦੇ ਫਾਈਨਲ ਮੈਚ ਵਿਚ ਅਰਜਨਟੀਨਾ ਨੇ ਫਰਾਂਸ ਨੂੰ ਪੈਨਲਟੀ ਸ਼ੂਟਆਊਟ ਵਿਚ 4-2 ਨਾਲ ਹਰਾ ਕੇ ਟਰਾਫੀ ਉਤੇ ਕਬਜ਼ਾ ਕਰ ਲਿਆ। ਅਰਜਨਟੀਨਾ ਨੇ 36 ਸਾਲ ਬਾਅਦ ਤੀਜੀ ਵਾਰ ਵਿਸ਼ਵ ਕੱਪ ਖਿਤਾਬ ਉਤੇ ਕਬਜ਼ਾ ਕੀਤਾ ਹੈ। ਇਸ ਤੋਂ ਪਹਿਲਾਂ 1978 ਤੇ 1986 ਵਿਚ ਟੀਮ ਨੇ ਵਿਸ਼ਵ ਕੱਪ ਜਿੱਤਿਆ ਸੀ।

ਦੋ-ਦੋ ਗੋਲਾਂ ਨਾਲ ਮੁਕਾਬਲਾ ਬਰਾਬਰ ਰਹਿਣ ਉਤੇ ਕਈ ਵਾਰ ਵਾਧੂ ਸਮਾਂ ਦਿੱਤਾ ਗਿਆ। ਇਸੇ ਦੌਰਾਨ ਅਰਜਨਟੀਨਾ ਵੱਲੋਂ ਲਿਓਨਲ ਮੈਸੀ ਨੇ ਗੋਲ ਕਰ ਕੇ ਆਪਣੀ ਟੀਮ ਨੂੰ 3-2 ਨਾਲ ਅੱਗੇ ਕਰ ਦਿੱਤਾ। ਹਾਲਾਂਕਿ ਕਾਇਲੀਅਨ ਐਮਬਾਪੇ ਨੇ ਮੈਚ ਦਾ ਆਪਣਾ ਤੀਜਾ ਗੋਲ ਕਰਦਿਆਂ ਫਰਾਂਸ ਨੂੰ ਬਰਾਬਰੀ ਉਤੇ ਲਿਆ ਖੜ੍ਹਾ ਕੀਤਾ। ਮੁਕਾਬਲਾ ਤਿੰਨ-ਤਿੰਨ ਨਾਲ ਬਰਾਬਰ ਹੋਣ ਅਤੇ ਵਾਧੂ ਸਮਾਂ ਦੇਣ ਤੋਂ ਬਾਅਦ ਪੈਨਲਟੀ ਸ਼ੂਟਆਊਟ ਦਾ ਫੈਸਲਾ ਲਿਆ ਗਿਆ ਜਿਸ ਵਿਚ ਫਰਾਂਸ ਦੋ ਗੋਲ ਕਰਨ ਤੋਂ ਖੁੰਝ ਗਿਆ। ਇਸ ਤੋਂ ਪਹਿਲਾਂ ਅਰਜਨਟੀਨਾ ਵੱਲੋਂ ਸਟਾਰ ਫੁਟਬਾਲਰ ਲਿਓਨਲ ਮੈਸੀ ਤੇ ਏਂਜਲ ਡੀ ਮਾਰੀਆ ਨੇ ਪਹਿਲੇ ਅੱਧ ਵਿਚ ਹੀ ਇਕ-ਇਕ ਗੋਲ ਕਰ ਕੇ ਆਪਣੀ ਟੀਮ ਨੂੰ ਦੋ ਗੋਲਾਂ ਨਾਲ ਅੱਗੇ ਕਰ ਦਿੱਤਾ।



ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮੈਸੀ ਨੇ 23ਵੇਂ ਮਿੰਟ ਵਿਚ ਪੈਨਲਟੀ ਕਿੱਕ ਰਾਹੀਂ ਟੂਰਨਾਮੈਂਟ ਦਾ ਆਪਣਾ ਛੇਵਾਂ ਗੋਲ ਕੀਤਾ ਤੇ ਅਰਜਨਟੀਨਾ ਨੂੰ 1-0 ਨਾਲ ਅੱਗੇ ਕਰ ਦਿੱਤਾ। ਇਸ ਤਰ੍ਹਾਂ ਉਸ ਨੇ ਬ੍ਰਾਜ਼ੀਲ ਦੇ ਮਹਾਨ ਖਿਡਾਰੀ ਪੇਲੇ ਦੇ ਰਿਕਾਰਡ ਦੀ ਬਰਾਬਰੀ ਕਰ ਲਈ। ਜਦਕਿ ਏਂਜਲ ਡੀ ਮਾਰੀਆ ਨੇ 36ਵੇਂ ਮਿੰਟ ਵਿਚ ਗੋਲ ਕਰ ਕੇ ਅਰਜਨਟੀਨਾ ਨੂੰ 2-0 ਦੀ ਲੀਡ ਦਿਵਾ ਦਿੱਤੀ। ਪਰ ਫਰਾਂਸ ਦੇ ਸਟਾਰ ਖਿਡਾਰੀ ਕਾਇਲੀਅਨ ਐਮਬਾਪੇ ਨੇ 97 ਸਕਿੰਟਾਂ ਦੇ ਫਰਕ ਨਾਲ ਦੋ ਗੋਲ ਕਰ ਕੇ ਮੈਚ ਹੀ ਪਲਟ ਦਿੱਤਾ ਤੇ ਆਪਣੀ ਟੀਮ ਨੂੰ ਅਰਜਨਟੀਨਾ ਦੇ ਬਰਾਬਰ ਲਿਆ ਖੜ੍ਹਾ ਕੀਤਾ।

ਐਮਬਾਪੇ ਨੇ ਪਹਿਲਾ ਗੋਲ ਪੈਨਲਟੀ ਰਾਹੀਂ 80ਵੇਂ ਮਿੰਟ ਵਿਚ ਕੀਤਾ ਜਦਕਿ ਦੂਜਾ ਗੋਲ 81ਵੇਂ ਮਿੰਟ ਵਿਚ ਹੀ ਕਰ ਦਿੱਤਾ। ਐਮਬਾਪੇ ਨੇ ਪੈਨਲਟੀ ਸ਼ੂਟਆਊਟ ਵਿਚ ਵੀ ਗੋਲ ਕੀਤਾ।

ਇਸ ਤਰ੍ਹਾਂ ਐਮਬਾਪੇ ਵਿਸ਼ਵ ਕੱਪ ਫਾਈਨਲ ਵਿਚ ਹੈਟਟ੍ਰਿਕ ਕਰਨ ਵਾਲਾ ਦੂਜਾ ਖਿਡਾਰੀ ਬਣ ਗਿਆ ਹੈ। ਅਰਜਨਟੀਨਾ ਨੇ ਮੈਚ ਦੀ ਸ਼ੁਰੂਆਤ ਵਿਚ ਹੀ ਸਕਾਰਾਤਮਕ ਰੁਖ ਅਪਣਾਇਆ ਤੇ ਲਗਾਤਾਰ ਹੱਲੇ ਬੋਲੇ। ਇਸੇ ਦੌਰਾਨ ਜੂਲੀਅਨ ਅਲਵਾਰੇਜ ਨੂੰ ਵੀ ਚੰਗਾ ਮੌਕਾ ਮਿਲਿਆ ਜਿਸ ਦਾ ਹਾਲਾਂਕਿ ਉਹ ਲਾਹਾ ਨਹੀਂ ਲੈ ਸਕਿਆ। ਮੈਕ ਐਲਿਸਟਰ ਨੇ ਵੀ ਸ਼ੂਟ ਲਾ ਕੇ ਮੌਕਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਬਾਲ ਸਿੱਧੀ ਫਰਾਂਸ ਦੇ ਗੋਲਕੀਪਰ ਹਿਊਗੋ ਲੌਰਿਸ ਦੇ ਹੱਥਾਂ ਵਿਚ ਗਈ। ਮੈਚ ਦੇ 14ਵੇਂ ਮਿੰਟ ਵਿਚ ਹੀ ਕਾਇਲੀਅਨ ਐਮਬਾਪੇ ਨੇ ਵੀ ਫਰਾਂਸ ਲਈ ਗੋਲ ਦਾ ਮੌਕਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਹੱਥ ਨਿਰਾਸ਼ਾ ਹੀ ਲੱਗੀ। ਕਤਰ ਵਿਸ਼ਵ ਕੱਪ ਵਿਚ ਇਹ ਛੇਵੀਂ ਵਾਰ ਹੈ ਜਦ ਅਰਜਨਟੀਨਾ ਨੇ 2-0 ਦੀ ਲੀਡ ਬਣਾਈ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਵੀ ਇਸ ਮੌਕੇ ਮੈਦਾਨ ਵਿਚ ਹਾਜ਼ਰ ਸਨ ਤੇ ਜੋਸ਼ ਨਾਲ ਆਪਣੀ ਟੀਮ ਦਾ ਹੌਸਲਾ ਵਧਾਇਆ। ਜ਼ਿਕਰਯੋਗ ਹੈ ਕਿ ਫੀਫਾ ਵਿਸ਼ਵ ਕੱਪ ਦੀ ਜੇਤੂ ਟੀਮ ਨੂੰ 42 ਮਿਲੀਅਨ ਡਾਲਰ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ ਤੇ ਹਾਰਨ ਵਾਲੀ ਟੀਮ ਨੂੰ 30 ਮਿਲੀਅਨ ਡਾਲਰ ਦਾ ਇਨਾਮ ਦਿੱਤਾ ਜਾਵੇਗਾ।

## ਲਿਓਨਲ ਮੈਸੀ ਦਾ ਸੁਪਨਾ ਪੂਰਾ ਹੋਇਆ

**ਲੁਸੈਲ:** ਇਸ ਵਿਸ਼ਵ ਕੱਪ ਨੂੰ ਅਰਜਨਟੀਨਾ ਦੇ ਕਪਤਾਨ ਲਿਓਨਲ ਮੈਸੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਸੀ। ਇਸ ਸਮੇਂ ਪੁਰਤਗਾਲ ਦੇ ਰੋਨਾਲਡੋ ਤੇ ਬ੍ਰਾਜ਼ੀਲ ਦੇ ਨੇਮਾਰ ਦੇ ਨਾਲ-ਨਾਲ ਮੈਸੀ ਦੁਨੀਆਂ ਦਾ ਬਿਹਤਰੀਨ ਖਿਡਾਰੀ ਮੰਨਿਆ ਜਾਂਦਾ ਹੈ। ਉਸ ਨੇ ਹੁਣ ਤੱਕ ਫੁਟਬਾਲ ਦਾ ਹਰ ਖਿਤਾਬ ਜਿੱਤਿਆ ਸੀ ਪਰ ਵਿਸ਼ਵ ਕੱਪ ਨਹੀਂ। ਇਸ ਨਾਲ ਲਿਓਨਲ ਮੈਸੀ ਦਾ ਸੁਪਨਾ ਵੀ ਪੂਰ ਹੋ ਗਿਆ। ਪਿਛਲੀ ਵਾਰ (2018 ਵਿਚ) ਅਰਜਨਟੀਨਾ ਕੁਆਟਰ-ਫਾਈਨਲ ਵਿਚ ਫਰਾਂਸ ਤੋਂ ਹਾਰ ਗਿਆ ਸੀ ਅਤੇ 2014 ਵਿਚ ਫਾਈਨਲ ਵਿਚ ਜਰਮਨੀ ਤੋਂ। ਇਸ ਸਾਲ 1987 'ਚ ਜਨਮੇ ਮੈਸੀ ਨੇ ਕੱਪ ਦੇ ਹਰ ਪੜਾਅ 'ਤੇ ਆਪਣਾ ਕਮਾਲ ਦਿਖਾਇਆ। ਰਜਨਟੀਨਾ ਵਿਸ਼ਵ ਕੱਪ ਦਾ ਪਹਿਲਾ ਮੈਚ ਸਾਊਦੀ ਅਰਬ ਤੋਂ ਹਾਰ ਗਿਆ ਸੀ ਪਰ ਟੀਮ ਨੇ ਕਮਾਲ ਦੀ ਦ੍ਰਿੜ੍ਹਤਾ ਦਿਖਾਈ ਅਤੇ ਉਸ ਤੋਂ ਬਾਅਦ ਹਰ ਮੈਚ ਜਿੱਤ ਕੇ ਕੱਪ ਆਪਣੇ ਨਾਂ ਕਰ ਲਿਆ। ਫਾਈਨਲ ਮੈਚ ਵਿਚ ਉਨ੍ਹਾਂ ਦੇ ਗੋਲਕੀਪਰ ਮਾਰਟੀਨੇਜ ਦੀ ਭੂਮਿਕਾ ਅਹਿਮ ਸੀ। ਪੁਰਾਣੇ ਖਿਡਾਰੀਆਂ, ਫੁੱਟਬਾਲ ਦੇ ਦੀਵਾਨਿਆਂ ਅਤੇ ਮਾਹਿਰਾਂ ਅਨੁਸਾਰ ਇਹ ਫਾਈਨਲ ਇਸ ਸਦੀ ਦਾ ਹੁਣ ਤੱਕ ਦਾ ਸਭ ਤੋਂ ਸ਼ਾਨਦਾਰ ਮੈਚ ਹੈ।

## ਭਾਰਤ 'ਚ ਮਨਾਏ ਗਏ ਅਰਜਨਟੀਨਾ ਦੀ ਜਿੱਤ ਦੇ ਜਸ਼ਨ

**ਕੋਲਕਾਤਾ:** ਫੀਫਾ ਵਿਸ਼ਵ ਕੱਪ ਵਿਚ ਅਰਜਨਟੀਨਾ ਦੀ ਜਿੱਤ ਮਗਰੋਂ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵੱਡੇ ਪੱਧਰ ਉਤੇ ਜਸ਼ਨ ਮਨਾਏ ਗਏ। ਕੋਲਕਾਤਾ, ਕੋਚੀ, ਤਿਰੂਵਨੰਤਪੁਰਮ, ਪਣਜੀ ਅਤੇ ਇੰਫਾਲ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਜਸ਼ਨ ਮਨਾਉਣ ਲਈ ਸੜਕਾਂ ਉਤੇ ਉੱਤਰੇ ਸਮਰਥਕਾਂ ਨੇ ਨੀਲੇ ਰੰਗ ਦੀਆਂ ਜਰਸੀਆਂ ਅਤੇ ਸਟਾਰ ਖਿਡਾਰੀ ਲਿਓਨਲ ਮੈਸੀ ਦੇ ਫਲੈਕਸ ਚੁੱਕੇ ਹੋਏ ਸਨ। ਅਰਜਨਟੀਨਾ ਨੇ ਫਾਈਨਲ ਵਿਚ ਫਰਾਂਸ ਨੂੰ ਪੈਨਲਟੀ ਸ਼ੂਟਆਊਟ ਵਿਚ 4-2 ਨਾਲ ਹਰਾ ਕੇ 36 ਸਾਲਾਂ ਦੇ ਵਿਸ਼ਵ ਖਿਤਾਬ ਦੇ ਸੋਕੇ ਨੂੰ ਖਤਮ ਕਰ ਕੇ ਤੀਜੀ ਵਾਰ ਵਿਸ਼ਵ ਕੱਪ ਜਿੱਤਿਆ।

# ਭਗਵੰਤ ਮਾਨ ਵੱਲੋਂ ਹਾਕੀ ਦੀ ਪੁਰਾਤਨ ਸ਼ਾਨ ਬਹਾਲ ਕਰਨ ਦਾ ਵਾਅਦਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤ ਵਿਚ ਉੜੀਸਾ ਦੇ ਭੁਵਨੇਸ਼ਵਰ ਵਿਚ 13 ਤੋਂ 29 ਜਨਵਰੀ ਤੱਕ ਹੋਣ ਵਾਲੀ ਵਿਸ਼ਵ ਹਾਕੀ ਕੱਪ (ਪੁਰਸ਼) ਲਈ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ। ਮੁੱਖ ਮੰਤਰੀ ਨੇ ਇਥੇ ਆਪਣੀ ਰਿਹਾਇਸ਼ 'ਤੇ ਪੁਰਸ਼ਾਂ ਦੇ ਹਾਕੀ ਵਿਸ਼ਵ ਕੱਪ ਦੀ ਟਰਾਫੀ ਦਾ ਸਵਾਗਤ ਕਰਦਿਆਂ ਪ੍ਰਣ ਕੀਤਾ ਕਿ ਪੰਜਾਬ ਵਿਚ ਹਾਕੀ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।



ਉਨ੍ਹਾਂ ਕਿਹਾ ਕਿ ਸਾਡੀ ਕੌਮੀ ਖੇਡ ਹੋਣ ਦੇ ਬਾਵਜੂਦ ਪਿਛਲੀਆਂ ਸਰਕਾਰਾਂ ਦੇ ਅਵੇਸਲੇਪਣ ਕਾਰਨ ਹਾਕੀ ਖੇਡ ਮੈਦਾਨ 'ਚ ਪਛੜਦੀ ਰਹੀ ਹੈ, ਪਰ ਹੁਣ ਸੂਬਾ ਸਰਕਾਰ ਹਾਕੀ ਨੂੰ ਬਣਦਾ ਰੁਤਬਾ ਦਿਵਾਏਗੀ। ਭਗਵੰਤ ਮਾਨ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਵਰਗੀ ਅਲਾਮਤ ਤੋਂ ਦੂਰ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਹਾਕੀ ਦੇ ਮੈਦਾਨ ਵਿਚ ਪੰਜਾਬੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਦੁਨੀਆਂ ਭਰ ਵਿਚ ਸੂਬੇ ਦਾ ਨਾਮ ਰੋਸ਼ਨ ਕੀਤਾ ਹੈ। ਜ਼ਿਕਰਯੋਗ ਹੈ ਕਿ ਭਾਰਤੀ ਹਾਕੀ ਟੀਮ ਨੇ ਪਿਛਲੇ ਸਾਲ ਟੋਕੀਓ ਵਿਚ ਹੋਈਆਂ ਓਲੰਪਿਕ ਖੇਡਾਂ 'ਚ 41 ਸਾਲਾਂ ਬਾਅਦ ਤਗਮਾ ਜਿੱਤਿਆ ਸੀ। ਇਸ ਟੀਮ ਵਿਚ ਕਪਤਾਨ ਮਨਪ੍ਰੀਤ ਸਿੰਘ ਸਣੇ 11 ਖਿਡਾਰੀ ਪੰਜਾਬ ਨਾਲ ਸਬੰਧਤ ਸਨ। ਇਸ ਦੇ ਨਾਲ ਹੀ 1975 ਵਿਚ ਇਕਲੌਤਾ ਹਾਕੀ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦੀ ਕਪਤਾਨੀ ਵੀ ਪੰਜਾਬ ਦੇ ਅਜੀਤਪਾਲ ਸਿੰਘ ਕੋਲ ਸੀ। ਅਗਲੇ ਮਹੀਨੇ ਭਾਰਤ ਦੀ ਮੇਜ਼ਬਾਨੀ ਵਿਚ ਹੋਣ ਵਾਲੇ ਵਿਸ਼ਵ ਕੱਪ ਦੀ ਟੀਮ ਦੇ ਕੈਂਪ ਵਿਚ ਵੀ ਅੱਧੇ ਤੋਂ ਵੱਧ ਖਿਡਾਰੀ ਪੰਜਾਬ ਦੇ ਹਨ।

# ਭਾਰਤ ਦੀ ਸਰਗਮ ਕੌਸ਼ਲ 'ਮਿਸਿਜ਼ ਵਰਲਡ' ਬਣੀ

**ਨਵੀਂ ਦਿੱਲੀ:** ਭਾਰਤ ਦੀ ਸਰਗਮ ਕੌਸ਼ਲ ਨੂੰ 'ਮਿਸਿਜ਼ ਵਰਲਡ 2022' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਹੈ। ਉਸ ਨੇ 63 ਦੇਸ਼ਾਂ ਦੀਆਂ ਮਹਿਲਾ ਮੁਕਾਬਲਾਕਾਰੀਆਂ ਨੂੰ ਮਾਤ ਦੇ ਕੇ ਇਹ ਖ਼ਿਤਾਬ ਆਪਣੇ ਨਾਂ ਕੀਤਾ ਹੈ ਅਤੇ 21 ਵਰ੍ਹਿਆਂ ਮਗਰੋਂ ਮਿਸਿਜ਼ ਵਰਲਡ ਦਾ ਖ਼ਿਤਾਬ ਮੁੜ ਭਾਰਤ ਦੀ ਝੋਲੀ ਪਿਆ ਹੈ। ਇਸ ਖ਼ਿਤਾਬ ਲਈ ਫਾਈਨਲ ਮੁਕਾਬਲਾ ਵੈਸਟਗੇਟ ਲਾਸ ਵੇਗਸ ਰਿਜੋਰਟ ਤੇ ਕੈਸੀਨੋ ਵਿਚ ਕਰਵਾਇਆ ਗਿਆ ਸੀ ਅਤੇ ਮਿਸਿਜ਼ ਵਰਲਡ 2021 ਸ਼ੈਲਿਨ ਫੋਰਡ ਨੇ ਮੁੰਬਈ ਦੀ ਰਹਿਣ ਵਾਲੀ ਸਰਗਮ ਕੌਸ਼ਲ ਨੂੰ ਕਰਾਊਨ ਪਹਿਨਾਇਆ।




ਇਸੇ ਦੌਰਾਨ ਮਿਸਿਜ਼ ਪੋਲੀਨੇਸ਼ੀਆ ਨੂੰ ਪਹਿਲੀ ਰਨਰ-ਅੱਪ ਅਤੇ ਮਿਸਿਜ਼ ਕੈਨੇਡਾ ਨੂੰ ਦੂਜੀ ਰਨਰ-ਅੱਪ ਐਲਾਨਿਆ ਗਿਆ ਹੈ। ਸਰਗਮ ਕੌਸ਼ਲ ਨੇ 'ਮਿਸਿਜ਼ ਵਰਲਡ 2022' ਦਾ ਖ਼ਿਤਾਬ ਜਿੱਤਣ ਬਾਰੇ ਆਪਣੇ ਇੰਸਟਾਗ੍ਰਾਮ ਪੇਜ 'ਤੇ ਅਧਿਕਾਰਤ ਤੌਰ 'ਤੇ ਐਲਾਨ ਕੀਤਾ। ਮੂਲ ਰੂਪ ਵਿਚ ਜੰਮੂ-ਕਸ਼ਮੀਰ ਦੀ ਵਸਨੀਕ ਸਰਗਮ ਨੇ ਵੀਡੀਓ ਸੁਨੇਹੇ ਵਿਚ ਕਿਹਾ, 'ਲੰਬੀ ਉਡੀਕ ਖ਼ਤਮ ਹੋਈ ਤੇ 21 ਸਾਲਾਂ ਮਗਰੋਂ ਖ਼ਿਤਾਬ ਮੁੜ ਭਾਰਤ ਦੇ ਨਾਂ ਹੋਇਆ ਹੈ। ਇਸ ਨੂੰ ਲੈ ਕੇ ਮੈਂ ਬਹੁਤ ਉਤਸ਼ਾਹਿਤ ਹਾਂ। ਲਵ ਯੂ ਇੰਡੀਆ, ਲਵ ਯੂ ਵਰਲਡ।' ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵਰ੍ਹਾ 2001 ਵਿਚ ਭਾਰਤੀ ਅਦਾਕਾਰਾ ਤੇ ਮਾਡਲ ਅਦਿਤੀ ਗੋਵਿਤਰੀਕਰ ਨੇ 'ਮਿਸਿਜ਼ ਵਰਲਡ' ਦਾ ਖ਼ਿਤਾਬ ਹਾਸਲ ਕੀਤਾ ਸੀ। ਉਸ ਨੇ ਸਰਗਮ ਕੌਸ਼ਲ ਨੂੰ ਇਸ ਅਹਿਮ ਪ੍ਰਾਪਤੀ ਲਈ ਵਧਾਈ ਦਿੱਤੀ ਹੈ। ਗੋਵਿਤਰੀਕਰ ਨੇ ਸਰਗਮ ਨੂੰ ਸੋਸ਼ਲ ਮੀਡੀਆ 'ਤੇ ਦਿੱਤੇ ਸੁਨੇਹੇ ਵਿਚ ਲਿਖਿਆ, 'ਸਰਗਮ ਨੂੰ ਦਿਲੋਂ ਵਧਾਈ। 21 ਸਾਲਾਂ ਮਗਰੋਂ ਸਮਾਂ ਆਇਆ ਹੈ ਕਿ ਕਰਾਊਨ ਮੁੜ ਭਾਰਤ ਦੇ ਨਾਂ ਹੋਇਆ ਹੈ।'

# ਭਗਵੰਤ ਮਾਨ ਵੱਲੋਂ ਇਕ ਹੋਰ ਟੌਲ ਪਲਾਜ਼ਾ ਬੰਦ ਕਰਨ ਦਾ ਐਲਾਨ

**ਹੁਸ਼ਿਆਰਪੁਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹੁਸ਼ਿਆਰਪੁਰ-ਟਾਂਡਾ ਸੜਕ ਉਤੇ ਪਿਛਲੇ 15 ਸਾਲਾਂ ਤੋਂ ਰਾਹਗੀਰਾਂ ਤੋਂ ਟੈਕਸ ਵਸੂਲ ਰਹੇ ਟੌਲ ਪਲਾਜ਼ਾ ਨੂੰ ਪੂਰੀ ਤਰ੍ਹਾਂ ਬੰਦ ਕਰਨ ਦਾ ਐਲਾਨ ਕੀਤਾ। ਟੌਲ ਪਲਾਜ਼ਾ ਚਲਾ ਰਹੀ ਕੰਪਨੀ ਦਾ ਸਰਕਾਰ ਨਾਲ ਹੋਇਆ ਸਮਝੌਤਾ 14 ਦਸੰਬਰ ਦੀ ਅੱਧੀ ਰਾਤ ਨੂੰ ਖਤਮ ਹੋ ਗਿਆ ਸੀ। ਭਾਵੇਂ ਇਸ ਦੀ ਜਾਣਕਾਰੀ ਬੀਤੀ ਰਾਤ ਡਿਪਟੀ ਕਮਿਸ਼ਨਰ ਵੱਲੋਂ ਮੀਡੀਆ ਰਾਹੀਂ ਦੇ ਦਿੱਤੀ ਗਈ ਸੀ ਪਰ ਮੁੱਖ ਮੰਤਰੀ ਇਹ ਐਲਾਨ ਕਰਨ ਲਈ ਖੁਦ ਉਚੇਚੇ ਤੌਰ 'ਤੇ ਟੌਲ ਪਲਾਜ਼ੇ ਵਾਲੀ ਥਾਂ 'ਤੇ ਪੁੱਜੇ।

ਉਨ੍ਹਾਂ ਨਾਲ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ 'ਆਪ' ਦੇ ਹੋਰ ਵਿਧਾਇਕ ਵੀ ਹਾਜ਼ਰ ਸਨ। ਮੁੱਖ ਮੰਤਰੀ ਨੇ ਦੱਸਿਆ ਕਿ ਕੰਪਨੀ ਨੇ ਬੀਓਟੀ ਸਮਝੌਤੇ ਦੀ ਮਿਆਦ 522 ਹੋਰ ਦਿਨਾਂ ਲਈ ਵਧਾਉਣ ਦੀ ਮੰਗ ਕੀਤੀ ਸੀ ਤਾਂ ਜੋ ਕਰੋਨਾ ਕਾਰਨ ਲੌਕਡਾਊਨ ਅਤੇ ਕਿਸਾਨਾਂ ਦੇ ਅੰਦੋਲਨ ਕਾਰਨ ਹੋਏ ਨੁਕਸਾਨ ਦੀ ਭਰਪਾਈ ਕਰ ਸਕਣ ਪਰ ਸਰਕਾਰ ਨੇ ਉਨ੍ਹਾਂ ਦੀ ਮੰਗ ਰੱਦ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ 15 ਸਾਲਾਂ ਤੋਂ ਟੌਲ ਕੰਪਨੀ ਲੋਕਾਂ ਦੀ ਲੁੱਟ-ਖਸੁੱਟ ਕਰ ਰਹੀ ਸੀ।



ਉਨ੍ਹਾਂ ਦੋਸ਼ ਲਾਇਆ ਕਿ ਇਸ ਸਮੇਂ ਦੌਰਾਨ ਕੰਪਨੀ ਨੇ ਰੋਜ਼ਾਨਾ 1.94 ਲੱਖ ਰੁਪਏ ਦੀ ਕਮਾਈ ਕੀਤੀ ਪਰ ਸਮਝੌਤੇ ਦੀ ਇਕ ਵੀ ਸ਼ਰਤ ਪੂਰੀ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਸਰਕਾਰ ਨਾਲ ਧੋਖਾਧੜੀ ਕਰਨ ਦੇ ਦੋਸ਼ ਤਹਿਤ ਟੀ.ਡੀ ਅਗਰਵਾਲ ਇੰਫਰਾਸਟਰੱਕਚਰ ਲਿਮਟਿਡ ਖਿਲਾਫ਼ ਐਫ.ਆਈ.ਆਰ. ਦਰਜ ਕਰ ਦਿੱਤੀ ਗਈ ਹੈ। ਉਨ੍ਹਾਂ ਪੰਜਾਬ ਦੀਆਂ ਹੋਰ ਥਾਵਾਂ 'ਤੇ ਟੌਲ ਵਸੂਲ ਰਹੀਆਂ ਕੰਪਨੀਆਂ ਨੂੰ ਵੀ ਚਿਤਾਵਨੀ ਦਿੱਤੀ ਕਿ ਉਹ ਸਮਝੌਤੇ ਦੀ ਮਿਆਦ ਖਤਮ ਹੋਣ ਦੀ ਤਰੀਕ ਮੋਟੇ ਅੱਖਰਾਂ ਵਿਚ ਟੌਲ ਪਲਾਜ਼ਿਆਂ ਦੇ ਬਾਹਰ ਲਿਖਣ। ਉਨ੍ਹਾਂ ਐਲਾਨ ਕੀਤਾ ਕਿ ਕਿਸੇ ਵੀ ਟੌਲ ਕੰਪਨੀ ਦੀ ਮਿਆਦ ਵਧਾਈ ਨਹੀਂ ਜਾਵੇਗੀ। ਉਨ੍ਹਾਂ ਕਿਹਾ ਕਿ 10 ਸਾਲ ਅਕਾਲੀਆਂ ਤੇ 5 ਸਾਲ ਕਾਂਗਰਸ ਦੀ ਸਰਕਾਰ ਨੇ ਆਮ ਜਨਤਾ ਦੀ ਲੁੱਟ ਕਰਵਾਈ। ਬੇਨਿਯਮੀਆਂ ਦੇ ਬਾਵਜੂਦ ਟੌਲ ਕੰਪਨੀਆਂ ਦੇ ਸਮਝੌਤੇ ਰੱਦ ਨਹੀਂ ਕੀਤੇ ਗਏ। ਸ੍ਰੀ ਮਾਨ ਨੇ ਦੱਸਿਆ ਕਿ ਉਨ੍ਹਾਂ ਟੌਲ ਟੈਕਸ ਦੀ ਗੈਰ-ਵਾਜਬੀਅਤ ਦਾ ਮਾਮਲਾ ਸੰਸਦ ਵਿਚ ਵੀ ਉਠਾਇਆ ਸੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਲੋਕਾਂ ਦੀ ਹੋਰ ਲੁੱਟ ਨਹੀਂ ਹੋਣ ਦੇਵੇਗੀ। 'ਜਿਨ੍ਹਾਂ ਕੰਪਨੀਆਂ ਵੱਲ ਸਰਕਾਰ ਦਾ ਪੈਸਾ ਬਣਦਾ ਹੈ, ਉਸ ਤੋਂ ਇਹ ਵਸੂਲਿਆ ਜਾਵੇਗਾ।' ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ 7.76 ਕਰੋੜ ਰੁਪਏ ਖਰਚ ਕਰਕੇ 27.9 ਕਿਲੋਮੀਟਰ ਲੰਬੀ ਹੁਸ਼ਿਆਰਪੁਰ-ਟਾਂਡਾ ਸੜਕ ਬਣਵਾਈ ਅਤੇ ਮਾਰਚ 2007 ਵਿਚ ਇਸ ਦਾ ਰੱਖ ਰਖਾਅ ਪ੍ਰਾਈਵੇਟ ਕੰਪਨੀ ਨੂੰ ਦੇ ਦਿੱਤਾ। ਉਨ੍ਹਾਂ ਕਿਹਾ ਕਿ ਬਿਨਾਂ ਕੋਈ ਪੈਸਾ ਖਰਚਿਆਂ ਇਹ ਕੰਪਨੀ ਹਰ ਸਾਲ ਰਾਹਗੀਰਾਂ ਤੋਂ ਲਗਭਗ 7 ਕਰੋੜ ਰੁਪਏ ਵਸੂਲ ਰਹੀ ਸੀ ਪਰ ਨਾ ਸੜਕ ਦਾ ਰੱਖ ਰਖਾਅ ਤੇ ਨਾ ਕੋਈ ਹੋਰ ਸਹੂਲਤ ਦਿੱਤੀ ਗਈ। ਇਸ ਤੋਂ ਇਲਾਵਾ ਸਮਝੌਤੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਿਆਂ ਟੌਲ ਟੈਕਸ ਰਾਹੀਂ ਵਸੂਲਿਆ ਜਾਂਦਾ ਪੈਸਾ ਕੰਪਨੀ ਆਪਣੇ ਪ੍ਰਾਈਵੇਟ ਖਾਤੇ ਵਿਚ ਪਾਉਂਦੀ ਰਹੀ। ਭਗਵੰਤ ਮਾਨ ਨੇ ਕਿਹਾ ਕਿ ਨਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਤੇ ਨਾ ਹੀ ਉਨ੍ਹਾਂ ਤੋਂ ਪਹਿਲਾਂ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਾਨੂੰਨ ਦੀ ਉਲੰਘਣਾ ਕਰਨ ਵਾਲੀਆਂ ਟੌਲ ਕੰਪਨੀਆਂ ਖਿਲਾਫ ਕੋਈ ਐਕਸ਼ਨ ਲਿਆ।


## ਵਿਰੋਧੀ ਪਾਰਟੀਆਂ ਵੱਲੋਂ ਸਿਆਸੀ ਡਰਾਮਾ ਕਰਾਰ

**ਚੰਡੀਗੜ੍ਹ:** ਵਿਰੋਧੀ ਪਾਰਟੀਆਂ ਨੇ ਮੁੱਖ ਮੰਤਰੀ ਵੱਲੋਂ ਖੁਦ ਆ ਕੇ ਟੌਲ ਪਲਾਜ਼ਾ ਬੰਦ ਕੀਤੇ ਜਾਣ ਦੇ ਐਲਾਨ ਨੂੰ ਇਕ ਸਿਆਸੀ ਸਟੰਟ ਅਤੇ ਡਰਾਮਾ ਕਰਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਤਿੰਦਰ ਸਿੰਘ ਲਾਲੀ ਬਾਜਵਾ ਅਤੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਡੋਗਰਾ ਨੇ ਕਿਹਾ ਕਿ ਮਿਆਦ ਖਤਮ ਹੋਣ ਕਰਕੇ ਲਾਚੋਵਾਲ ਟੌਲ ਪਲਾਜ਼ਾ ਵੈਸੇ ਹੀ ਬੰਦ ਹੋ ਜਾਣਾ ਸੀ ਪਰ ਭਗਵੰਤ ਮਾਨ ਨੇ ਇਸ ਮੁੱਦੇ 'ਤੇ ਸਸਤੀ ਸ਼ੋਹਰਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਨੇ ਕਿਹਾ ਕਿ ਮਿਆਦ ਖਤਮ ਹੋਣ ਤੋਂ ਬਾਅਦ ਕਿਸਾਨਾਂ ਨੇ ਟੌਲ ਪਲਾਜ਼ਾ ਚੱਲਣ ਹੀ ਨਹੀਂ ਦੇਣਾ ਸੀ।

# ਕਿਸਾਨ ਅੰਦੋਲਨ ਪਿੱਛੋਂ ਪਰਵਾਸੀਆਂ ਲਈ ਪੰਜਾਬ ਫੇਰੀ ਔਖੀ ਹੋਈ

**ਚੰਡੀਗੜ੍ਹ:** ਕਿਸਾਨ ਅੰਦੋਲਨ ਤੋਂ ਬਾਅਦ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਪੰਜਾਬ ਆਉਣਾ ਬਹੁਤ ਔਖਾ ਹੋ ਗਿਆ ਹੈ। ਪੰਜਾਬ ਸਰਕਾਰ ਵੱਲੋਂ 'ਪੰਜਾਬੀ ਐਨ.ਆਰ.ਆਈਜ਼. ਨਾਲ ਮਿਲਣੀ' ਨਾਂ ਦੇ ਸ਼ੁਰੂ ਕੀਤੇ ਗਏ ਪ੍ਰੋਗਰਾਮ ਵਿਚ ਕੈਨੇਡਾ ਤੋਂ ਆਏ ਪਰਵਾਸੀ ਪੰਜਾਬੀਆਂ ਨੇ ਇਹ ਖੁਲਾਸਾ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕੋਲ ਕੀਤਾ।

ਪਰਵਾਸੀ ਪੰਜਾਬੀ ਫਰੈਂਡਜ਼ ਆਫ ਇੰਡੀਆ-ਕੈਨੇਡਾ ਦੇ ਪ੍ਰਧਾਨ ਮਨਿੰਦਰ ਗਿੱਲ ਨੇ ਕੈਨੇਡਾ ਤੋਂ ਪੰਜਾਬ ਆਉਣ ਲਈ ਈ-ਵੀਜ਼ਾ ਦੀ ਸਹੂਲਤ ਵਿਚ ਪਰਵਾਸੀ ਪੰਜਾਬੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਮਾਮਲਾ ਵੀ ਮੰਤਰੀ ਕੋਲ ਚੁੱਕਿਆ। ਉਨ੍ਹਾਂ ਕਿਹਾ ਕਿ ਕਈ ਪਰਿਵਾਰਾਂ ਨੇ ਆਪਣੇ ਬਜ਼ੁਰਗਾਂ ਦੀਆਂ ਅਸਥੀਆਂ ਲਿਆਉਣੀਆਂ ਹੁੰਦੀਆਂ ਹਨ ਪਰ ਉਨ੍ਹਾਂ ਨੂੰ ਵੀ ਵੀਜ਼ਾ ਲੈਣ ਵਿਚ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਉਨ੍ਹਾਂ ਕਿਹਾ ਕਿ ਕੈਨੇਡਾ ਦੇ ਪੰਜਾਬੀਆਂ ਨੇ ਕਿਸਾਨ ਅੰਦੋਲਨ ਦੀ ਖੁੱਲ੍ਹ ਕੇ ਕੀਤੀ ਮਦਦ ਕੀਤੀ ਸੀ, ਜਿਸ ਕਾਰਨ ਹੁਣ ਉਨ੍ਹਾਂ ਨੂੰ ਭਾਰਤ ਆਉਣ ਲੱਗਿਆਂ ਵੀਜ਼ੇ ਦੀ ਵੱਡੀ ਸਮੱਸਿਆ ਆ ਰਹੀ ਹੈ। ਪੰਜਾਬ ਵਿਚ 6 ਹਵਾਈ ਅੱਡੇ ਹੋਣ ਦੇ ਬਾਵਜੂਦ ਕਿਸੇ ਵੀ ਹਵਾਈ ਅੱਡੇ ਤੋਂ ਕੈਨੇਡਾ ਲਈ ਸਿੱਧੀ ਉਡਾਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ।

ਮਨਿੰਦਰ ਗਿੱਲ ਨੇ ਕਿਹਾ ਕਿ ਮੋਦੀ ਸਰਕਾਰ ਦੇ ਪਹਿਲੇ ਪੰਜ ਸਾਲਾਂ ਦੌਰਾਨ ਕਾਲੀ ਸੂਚੀ ਨੂੰ ਖਤਮ ਕਰ ਦਿੱਤਾ ਸੀ। ਉਹ ਖੁਦ ਵੀ 19 ਸਾਲਾਂ ਤੱਕ ਕਾਲੀ ਸੂਚੀ ਵਿਚ ਰਹੇ। ਕਾਲੀ ਸੂਚੀ ਖਤਮ ਹੋਣ ਤੋਂ ਬਾਅਦ ਗਰਮਖਿਆਲੀ ਸਿੱਖ ਕਾਰਕੁਨ ਵੀ ਭਾਰਤ ਦਾ ਦੌਰਾ ਆਮ ਕਰ ਸਕਦੇ ਸਨ ਅਤੇ ਉਨ੍ਹਾਂ ਨੂੰ ਪੁਲਿਸ ਤੰਗ ਵੀ ਨਹੀਂ ਸੀ ਕਰਦੀ ਪਰ ਹੁਣ ਉਹ ਮਹਿਸੂਸ ਕਰਦੇ ਹਨ ਕਿ ਕਿਸਾਨ ਅੰਦੋਲਨ ਤੋਂ ਬਾਅਦ ਹਾਲਾਤ ਬਦਲ ਗਏ ਹਨ।

ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਕੁਲਵੰਤ ਸਿੰਘ ਢੇਸੀ ਨੇ ਕਿਹਾ ਕਿ ਵੀਜ਼ਾ ਅਪਲਾਈ ਕਰਨ ਲਈ ਲੋਕਾਂ ਨੂੰ ਘੰਟਿਆਂਬੱਧੀ ਲਾਈਨਾਂ ਵਿਚ ਖੜ੍ਹੇ ਰਹਿੰਦੇ ਹਨ ਅਤੇ ਫਿਰ ਵੀ ਵੀਜ਼ਾ ਲੈਣ ਲਈ 3-4 ਮਹੀਨੇ ਉਡੀਕ ਕਰਨੀ ਪੈਂਦੀ ਹੈ। ਉਨ੍ਹਾਂ ਆਖਿਆ ਕਿ ਭਾਰਤ ਸਰਕਾਰ ਦਾ ਇਹ ਰਵੱਈਆ ਕਿਸਾਨ ਅੰਦੋਲਨ ਤੋਂ ਬਾਅਦ ਬਦਲਿਆ ਹੈ। ਟੋਰਾਂਟੋ ਤੋਂ ਆਏ ਹਰਭਜਨ ਸਿੰਘ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਨੂੰ ਇਕ ਤੋਂ ਪੰਜ ਦਿਨਾਂ ਵਿਚ ਵੀਜ਼ਾ ਮਿਲ ਜਾਂਦਾ ਸੀ ਪਰ ਇਸ ਵਾਰ ਇਕ ਮਹੀਨਾ ਤੋਂ ਵੱਧ ਸਮਾਂ ਲੱਗਾ ਹੈ। ਇਕ ਹੋਰ ਕੈਨੇਡੀਅਨ ਪੰਜਾਬੀ ਪਿਆਰਾ ਸਿੰਘ ਗੋਸਲ ਨੇ ਦੱਸਿਆ ਕਿ ਇਸ ਵਾਰ ਵੀਜ਼ਾ ਅਰਜ਼ੀ ਕੇਂਦਰ ਵਿੱਚ ਕਤਾਰ ਵਿਚ 11 ਘੰਟੇ ਉਡੀਕ ਕਰਨੀ ਪਈ।

ਸ੍ਰੀ ਧਾਲੀਵਾਲ ਨੇ ਆਖਿਆ ਕਿ ਉਹ ਪਰਵਾਸੀ ਪੰਜਾਬੀਆਂ ਦਾ ਮਸਲਾ ਕੇਂਦਰ ਸਰਕਾਰ ਕੋਲ ਚੁੱਕੇਗੀ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵਿਦੇਸ਼ਾਂ ਦੇ ਨਾਗਰਿਕ ਬਣ ਚੁੱਕੇ ਪਰਵਾਸੀ ਪੰਜਾਬੀਆਂ ਨੂੰ ਸੂਬੇ ਵਿਚ ਜ਼ਮੀਨਾਂ ਦੀ ਖ਼ਰੀਦੋ-ਫ਼ਰੋਖ਼ਤ ਦੇ ਹੱਕ ਦਿਵਾਉਣ ਲਈ ਚਾਰਾਜੋਈ ਕਰੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਬਾਰੇ ਕਾਨੂੰਨ ਵਿਚ ਲੋੜੀਂਦੀ ਸੋਧ ਵੀ ਕਰੇਗੀ ਅਤੇ ਲੋੜ ਪੈਣ ਉਤੇ ਕੇਂਦਰ ਸਰਕਾਰ ਕੋਲ ਵੀ ਮਾਮਲਾ ਚੁੱਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਗਲੇ ਵਰ੍ਹੇ ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਵਿਚ ਐਨ.ਆਰ.ਆਈ. ਸੰਮੇਲਨ ਕੀਤੇ ਜਾਣਗੇ ਤਾਂ ਜੋ ਉਨ੍ਹਾਂ ਦੇ ਬੂਹੇ 'ਤੇ ਜਾ ਕੇ ਮੁਸ਼ਕਲਾਂ ਜਾਣ ਸਕੀਏ।

## ਗੈਰ ਹੁਨਰਮੰਦ ਕਾਮਿਆਂ ਲਈ ਵਾਧੂ ਐਚ-2ਬੀ ਵੀਜ਼ੇ ਜਾਰੀ ਕਰੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਪਹਿਲੀ ਵਾਰ ਵਿੱਤੀ ਵਰ੍ਹੇ 2023 ਵਿਚ ਆਰਜ਼ੀ ਤੌਰ ਉਤੇ ਗੈਰ ਹੁਨਰਮੰਦ ਕਾਮਿਆਂ ਲਈ ਵਾਧੂ 64,716 ਐਚ-2ਬੀ ਵੀਜ਼ਾ ਉਪਲਬਧ ਕਰਾਉਣ ਦਾ ਫੈਸਲਾ ਕੀਤਾ ਹੈ ਤਾਂ ਕਿ ਅਮਰੀਕੀ ਕਾਰੋਬਾਰ ਜ਼ਿਆਦਾ ਲੋੜ ਵੇਲੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਸਕਣ।

ਐਚ-2ਬੀ ਵੀਜ਼ਾ ਰੁਜ਼ਗਾਰਦਾਤਾ ਨੂੰ ਆਰਜ਼ੀ ਤੌਰ 'ਤੇ ਵਿਦੇਸ਼ੀ ਕਾਮਿਆਂ ਨੂੰ ਰੱਖਣ ਦੀ ਇਜਾਜ਼ਤ ਦਿੰਦਾ ਹੈ। ਇਹ ਵਰਕਰ ਗੈਰ-ਖੇਤੀਬਾੜੀ ਕੰਮਾਂ ਜਾਂ ਸੇਵਾਵਾਂ ਲਈ ਸੀਮਤ ਸਮੇਂ ਲਈ ਸੱਦੇ ਜਾਂਦੇ ਹਨ ਜੋ ਕਿ ਸੀਜ਼ਨਲ ਲੋੜ ਮੁਤਾਬਕ ਇਕੋ ਵਾਰ ਲਈ ਹੁੰਦਾ ਹੈ। ਇਸ ਵੀਜ਼ਾ ਤਹਿਤ ਜ਼ਿਆਦਾ ਜਾਂ ਤੁਰਤ ਲੋੜ ਮੁਤਾਬਕ ਵੀ ਵਰਕਰ ਸੱਦੇ ਜਾਂਦੇ ਹਨ। ਇਸ ਕਦਮ ਦਾ ਹਾਲਾਂਕਿ ਭਾਰਤੀ ਨਾਗਰਿਕਾਂ ਉਤੇ ਬਹੁਤਾ ਅਸਰ ਨਾ ਪੈਣ ਦੀ ਸੰਭਾਵਨਾ ਹੈ ਕਿਉਂਕਿ ਜ਼ਿਆਦਾਤਰ



ਭਾਰਤੀ ਇਸ ਵੀਜ਼ਾ ਲਈ ਅਪਲਾਈ ਨਹੀਂ ਕਰਦੇ। ਅਮਰੀਕਾ ਆਉਣ ਵਾਲੇ ਜ਼ਿਆਦਾਤਰ ਭਾਰਤੀ ਬੇਹੱਦ ਹੁਨਰਮੰਦ ਪੇਸ਼ੇਵਰ ਹੁੰਦੇ ਹਨ ਜੋ ਅਮਰੀਕੀ ਕੰਪਨੀਆਂ ਵਿਚ ਮੁਹਾਰਤ ਵਾਲੇ ਤਕਨੀਕੀ ਤੇ ਹੋਰ ਅਹੁਦਿਆਂ ਉਤੇ ਕੰਮ ਕਰਦੇ ਹਨ। ਇਨ੍ਹਾਂ ਵੱਲੋਂ ਐਚ-1ਬੀ ਵੀਜ਼ਾ ਲਈ ਅਰਜ਼ੀ ਦਿੱਤੀ ਜਾਂਦੀ ਹੈ।

## ਕੈਪਟਨ ਵੱਲੋਂ ਪੰਜਾਬ ਬਾਰੇ ਮੋਦੀ ਅੱਗੇ ਲਾਕਾਨੂੰਨੀ ਲਈ ਫਿਕਰਮੰਦੀ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸੰਸਦ ਭਵਨ ਵਿਚ ਮੁਲਾਕਾਤ ਕੀਤੀ ਤੇ ਪੰਜਾਬ ਵਿਚ ਕਥਿਤ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਪੰਜਾਬ ਵਿਚ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਉਨ੍ਹਾਂ ਦੇ ਸਾਥੀਆਂ ਦਾ ਵਧ ਰਿਹਾ ਪ੍ਰਭਾਵ ਚਿੰਤਾ ਦਾ ਵਿਸ਼ਾ ਹੈ।



ਕੈਪਟਨ ਨੇ ਆਖਿਆ ਕਿ ਉਹ ਆਪਣੀ ਸਰਜਰੀ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਨਹੀਂ ਮਿਲੇ ਸਨ, ਇਸ ਲਈ ਉਹ ਉਨ੍ਹਾਂ ਨੂੰ ਮਿਲਣ ਆਏ ਹਨ ਅਤੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਕੋਲੋਂ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਉਹ ਪਿਛਲੇ 53 ਸਾਲ ਤੋਂ ਸਿਆਸਤ ਵਿਚ ਹਨ ਤੇ ਉਨ੍ਹਾਂ ਇਹ ਵੀ ਆਖਿਆ ਕਿ ਕਿਵੇਂ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਮੇਂ ਪੰਜਾਬ ਦੇ ਹਾਲਾਤ ਖਰਾਬ ਹੋ ਗਏ ਸਨ। ਉਨ੍ਹਾਂ ਆਖਿਆ ਕਿ ਪੰਜਾਬ ਉਸੇ ਰਾਹ 'ਤੇ ਤੁਰਦਾ ਜਾਪ ਰਿਹਾ ਹੈ। ਹਾਲਾਂਕਿ ਉਨ੍ਹਾਂ ਆਖਿਆ ਕਿ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣਾ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ ਨਾ ਕਿ ਕੇਂਦਰ ਦੀ। ਪੰਜਾਬ ਵਿਚ ਇਸ ਵੇਲੇ ਹਾਲਾਤ ਚਿੰਤਾਜਨਕ ਬਣੇ ਹੋਏ ਹਨ। ਰਾਜ ਵਿਚ ਬਾਹਰੋਂ ਹਥਿਆਰ ਆ ਰਹੇ ਹਨ ਅਤੇ ਹਾਲ ਹੀ ਵਿਚ ਅੰਮ੍ਰਿਤਸਰ ਸਿੰਘ ਦੇ ਸਮਰਥਕਾਂ ਵੱਲੋਂ ਗੁਰੂ ਘਰ ਵਿਚ ਕੀਤੀ ਗਈ ਭੰਨ੍ਹਤੋੜ ਦਾ ਮਾਮਲਾ ਵੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੇ ਹਾਲਤ ਵਿਗੜਦੇ ਜਾ ਰਹੇ ਹਨ।

## ਕੈਨੇਡਾ 'ਚ ਕਤਲ ਦੇ ਦੋਸ਼ ਹੇਠ ਤਿੰਨ ਪੰਜਾਬੀ ਗ੍ਰਿਫਤਾਰ

**ਚੰਡੀਗੜ੍ਹ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਬਸਫੋਰਡ ਵਿਚ ਇਕ ਬਜ਼ੁਰਗ ਜੋੜੇ ਦੇ ਕਤਲ ਦੇ ਦੋਸ਼ ਹੇਠ ਤਿੰਨ ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜੋੜੇ ਦੀ ਹੱਤਿਆ ਮਈ ਵਿਚ ਹੋਈ ਸੀ। ਨੌਜਵਾਨਾਂ 'ਤੇ ਆਰਨੋਲਡ ਅਤੇ ਜੋਐਨ ਡੀ ਜੌਂਗ ਦੀ ਹੱਤਿਆ ਦਾ ਦੋਸ਼ ਹੈ।

ਜਾਂਚ ਟੀਮ ਨੇ ਦੱਸਿਆ ਕਿ 9 ਮਈ ਸਵੇਰੇ ਕਰੀਬ 10.26 'ਤੇ ਪੁਲਿਸ ਨੂੰ ਘਟਨਾ ਬਾਰੇ ਸੂਚਨਾ ਮਿਲੀ ਸੀ ਤੇ ਜਦ ਉਹ ਆਰਕੇਡੀਅਨ ਵੇਅ ਸਥਿਤ ਜੋੜੇ ਦੀ ਰਿਹਾਇਸ਼ ਉਤੇ ਪੁੱਜੇ, ਉਦੋਂ ਤੱਕ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ। ਪੁਲਿਸ ਨੂੰ



ਸ਼ੱਕ ਪੈਣ 'ਤੇ ਉਨ੍ਹਾਂ ਮਾਮਲੇ ਦੀ ਜਾਂਚ ਆਰੰਭੀ ਸੀ। ਪੁਲਿਸ ਮੁਤਾਬਕ ਮ੍ਰਿਤਕ ਆਰਨੋਲਡ ਦੀ ਉਮਰ 77 ਸਾਲ ਤੇ ਪਤਨੀ ਜੋਐਨ ਦੀ ਉਮਰ 76 ਸਾਲ ਸੀ। ਜਾਂਚ ਤੋਂ ਬਾਅਦ ਪੁਲਿਸ ਨੇ 16 ਦਸੰਬਰ ਨੂੰ ਤਿੰਨ ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਫੜੇ ਗਏ ਨੌਜਵਾਨਾਂ ਦੀ ਸ਼ਨਾਖ਼ਤ 20 ਸਾਲਾ ਗੁਰਕਰਨ ਸਿੰਘ, 22 ਸਾਲਾ ਅਭਿਜੀਤ ਸਿੰਘ ਤੇ 22 ਸਾਲਾ ਖੁਸ਼ਵੀਰ ਤੂਰ ਵਜੋਂ ਹੋਈ ਹੈ। ਪੁਲਿਸ ਮੁਤਾਬਕ ਤਿੰਨੋਂ ਨੌਜਵਾਨ ਸਰੀ ਦੇ ਰਹਿਣ ਵਾਲੇ ਹਨ। ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਬਜ਼ੁਰਗ ਜੋੜੇ ਲਈ ਇਨਸਾਫ ਯਕੀਨੀ ਬਣਾਉਣ ਦੇ ਕਰੀਬ ਪਹੁੰਚ ਗਏ ਹਨ। ਇਨ੍ਹਾਂ ਹੱਤਿਆਵਾਂ ਨੇ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਸੀ।

## ਪੰਜਾਬ ਦਾ ਸਿੱਖਿਆ ਢਾਂਚਾ ਬਿਹਤਰ ਬਣਾਇਆ ਜਾਵੇਗਾ: ਬੈਂਸ

**ਤਰਨ ਤਾਰਨ:** ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਜ਼ਿਲ੍ਹੇ ਦੇ ਕਈ ਸਰਕਾਰੀ ਸਕੂਲਾਂ ਦਾ ਨਿਰੀਖਣ ਕੀਤਾ। ਉਨ੍ਹਾਂ ਤਰਨ ਤਾਰਨ ਸ਼ਹਿਰ 'ਚ ਗੁਰੂ ਅਰਜਨ ਦੇਵ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ), ਕੈਰੋਂ ਪਿੰਡ ਦਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਤੇ ਸਰਕਾਰੀ ਐਲੀਮੈਂਟਰੀ ਸਕੂਲ ਤੋਂ ਇਲਾਵਾ ਉਸਮਾਂ ਪਿੰਡ ਦੇ ਐਲੀਮੈਂਟਰੀ ਅਤੇ ਮਿਡਲ ਸਕੂਲ ਦਾ ਦੌਰਾ ਕਰਕੇ ਉਥੋਂ ਦੇ ਹਾਲਾਤ ਦਾ ਜਾਇਜ਼ਾ ਲਿਆ। ਨਿਰੀਖਣ ਦੌਰਾਨ ਸਾਹਮਣੇ ਆਇਆ ਕਿ ਸੈਕੰਡਰੀ ਵਿਭਾਗ ਦੇ ਸਕੂਲਾਂ ਵਿਚ ਉਚੇਰੀਆਂ ਜਮਾਤਾਂ ਲਈ ਲੈਕਚਰਾਰ ਕਾਡਰ ਦੀਆਂ ਵੱਡੀ ਗਿਣਤੀ ਅਸਾਮੀਆਂ ਖਾਲੀ ਹਨ।

ਇਸ ਸਬੰਧੀ ਸਰਕਾਰੀ ਤੌਰ 'ਤੇ ਪ੍ਰੈੱਸ ਨੋਟ ਜਾਰੀ ਕਰ ਕੇ ਮਨੀਸ਼ ਸਿਸੋਦੀਆ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸੂਬੇ ਅੰਦਰ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਲ-ਨਾਲ ਸਿੱਖਿਆ ਦੇ ਮਿਆਰ ਨੂੰ ਹੋਰ ਬਿਹਤਰ ਬਣਾ ਕੇ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿਚ ਦੇਸ਼ ਦਾ ਅੱਵਲ ਸੂਬਾ ਬਣਾਇਆ ਜਾਵੇਗਾ।

## ਆਸਟਰੇਲੀਆ ਸੱਦਣ ਦੇ ਨਾਮ 'ਤੇ ਲਾੜੇ ਨਾਲ 30 ਲੱਖ ਦੀ ਠੱਗੀ

**ਸ੍ਰੀ ਫਤਹਿਗੜ੍ਹ ਸਾਹਿਬ:** ਆਸਟਰੇਲੀਆ ਸੱਦਣ ਦੇ ਨਾਮ ਉਤੇ 30 ਲੱਖ ਰੁਪਏ ਦੀ ਧੋਖਾਧੜੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਿਸ ਨੇ ਪੀੜਤ ਨੌਜਵਾਨ ਦੀ ਪਤਨੀ ਤੇ ਸਹੁਰੇ ਵਿਰੁੱਧ ਕੇਸ ਦਰਜ ਦਰਜ ਕੀਤਾ ਹੈ।

ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਨੋਬਲਪ੍ਰੀਤ ਸਿੰਘ ਵਾਸੀ ਪਿੰਡ ਬੀਬੀਪੁਰ ਨੇ ਦੱਸਿਆ ਕਿ ਵਿਚੋਲਿਆਂ ਰਾਹੀਂ ਉਸ ਦਾ ਸੰਪਰਕ ਪਿੰਡ ਜਹਾਂਗੀਰ (ਲੁਧਿਆਣਾ) ਦੇ ਗੁਰਦੀਪ ਸਿੰਘ ਦੇ ਪਰਿਵਾਰ ਨਾਲ ਹੋਇਆ ਸੀ।

ਉਸ ਪਰਿਵਾਰ ਨੇ ਕਿਹਾ,'ਸਾਡੀ ਲੜਕੀ ਮਨਰੀਤ ਕੌਰ ਆਸਟਰੇਲੀਆ 'ਚ ਪੜ੍ਹਦੀ ਸੀ ਪਰ ਦੂਜੇ ਸਮੈਸਟਰ ਦੀ ਫੀਸ ਇਕੱਠੀ ਨਾ ਹੋਣ ਕਾਰਨ ਭਾਰਤ ਆਈ ਹੋਈ ਹੈ। ਤੁਸੀਂ ਇਸ ਦੀ ਫੀਸ ਭਰ ਦੇਵੋ ਤੇ ਵਿਆਹ ਦਾ ਖਰਚਾ ਖੁਦ ਕਰ ਦੇਵੋ ਤੇ ਮਨਰੀਤ ਕੌਰ ਤੈਨੂੰ ਆਸਟਰੇਲੀਆ ਬੁਲਾ ਲਵੇਗੀ।' ਇਸ 'ਤੇ ਉਨ੍ਹਾਂ ਦੀਆਂ ਗੱਲਾਂ 'ਚ ਆ ਕੇ ਉਸ ਨੇ ਵਿਆਹ ਦਾ ਸਾਰਾ ਖਰਚ ਕਰਦਿਆਂ 28 ਨਵੰਬਰ 2018 ਨੂੰ ਮਨਰੀਤ ਕੌਰ ਨਾਲ ਵਿਆਹ ਕਰਵਾ ਲਿਆ ਜੋ ਇੱਕ ਮਹੀਨਾ ਉਸ ਦੇ ਘਰ ਰਹਿ ਕੇ ਵਾਪਸ ਆਸਟਰੇਲੀਆ ਚਲੇ ਗਈ ਤੇ ਫੀਸਾਂ ਭਰਵਾਉਣ ਤੋਂ ਬਾਅਦ ਫਰਵਰੀ 2021 'ਚ ਉਸ ਦੀ ਪਤਨੀ ਨੇ ਉਸ ਨਾਲ ਫੋਨ ਉਤੇ ਗੱਲਬਾਤ ਕਰਨੀ ਬੰਦ ਕਰ ਦਿੱਤੀ, ਜਿਸ ਸਬੰਧੀ ਮਨਰੀਤ ਕੌਰ ਦੇ ਮਾਤਾ-ਪਿਤਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ, 'ਸਾਡੀ ਕੁੜੀ ਸਾਡੇ ਵੱਸ 'ਚ ਨਹੀਂ ਹੈ ਤੇ ਨਾ ਹੀ ਅਸੀਂ ਤੁਹਾਡੇ ਪੈਸੇ ਵਾਪਸ ਕਰ ਸਕਦੇ ਹਾਂ।' ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਲੜਕੀ ਤੇ ਉਸ ਦੇ ਪਰਿਵਾਰ ਨੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਉਸ ਨਾਲ 30 ਲੱਖ ਰੁਪਏ ਦੀ ਠੱਗੀ ਮਾਰੀ ਹੈ। ਪੁਲਿਸ ਨੇ ਮਨਰੀਤ ਕੌਰ ਤੇ ਉਸ ਦੇ ਪਿਤਾ ਗੁਰਦੀਪ ਸਿੰਘ ਵਿਰੁੱਧ ਥਾਣਾ ਬਡਾਲੀ ਆਲਾ ਸਿੰਘ ਵਿਚ ਕੇਸ ਦਰਜ ਕਰ ਕੇ ਗੁਰਦੀਪ ਸਿੰਘ ਨੂੰ ਗ੍ਰਿਫਤਾਰ ਕਰ ਕੇ ਫਤਹਿਗੜ੍ਹ ਸਾਹਿਬ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਜਿਸ ਨੂੰ ਅਦਾਲਤ ਨੇ ਜੁਡੀਸ਼ਲ ਰਿਮਾਂਡ ਤਹਿਤ ਜੇਲ੍ਹ ਭੇਜਣ ਦੇ ਹੁਕਮ ਸੁਣਾਏ।

## ਪੰਜਾਬ ਦੀ ਆਪਣੀ ਕੋਲਾ ਖਾਣ ਚਾਲੂ ਹੋਈ

**ਰੂਪਨਗਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੂਪਨਗਰ ਵਿਚ ਪੀ.ਐਸ.ਪੀ.ਸੀ.ਐਲ. ਦੀ ਪਛਵਾੜਾ ਖਾਣ ਤੋਂ ਕੋਲਾ ਲੈ ਕੇ ਪੁੱਜੀ ਰੇਲ ਗੱਡੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਆਪਣੀ ਕੋਲਾ ਖਾਣ ਸ਼ੁਰੂ ਹੋਣ ਨਾਲ, ਜਿਥੇ ਸੂਬੇ ਵਿਚ ਹੁਣ ਬਿਜਲੀ ਦੇ ਕੱਟ ਨਹੀਂ ਲੱਗਣਗੇ, ਉਥੇ ਹੀ ਕੋਲਾ ਵੀ ਪਹਿਲਾਂ ਨਾਲੋਂ ਸਸਤਾ ਮਿਲੇਗਾ।

ਉਨ੍ਹਾਂ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਪੰਜਾਬ ਨੇ ਪਿਛਲੇ ਸਾਲ ਦੇ ਮੁਕਾਬਲੇ 83 ਫੀਸਦੀ ਵੱਧ ਬਿਜਲੀ ਦਾ ਉਤਪਾਦਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਅਲਾਟ ਹੋਈ ਪਛਵਾੜਾ ਖਾਣ ਦਾ ਉਤਪਾਦਨ 2015 ਤੋਂ ਬੰਦ ਪਿਆ ਸੀ। ਪਿਛਲੀਆਂ ਸਰਕਾਰਾਂ ਨੇ ਉਤਪਾਦਨ ਬਹਾਲ ਕਰਨ ਵੱਲ ਧਿਆਨ ਨਹੀਂ ਦਿੱਤਾ ਤੇ ਉਨ੍ਹਾਂ ਦੀ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਮਾਰਚ-2022 ਵਿਚ ਇਸ ਮਾਮਲੇ ਦੀ ਸਹੀ ਢੰਗ ਨਾਲ ਪੈਰਵੀ ਕਰ ਕੇ ਕੋਲੇ ਦੀ ਖਾਣ ਦੀ ਸਪਲਾਈ ਬਹਾਲ ਕਰਵਾ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਖਾਣ ਤੋਂ 70 ਲੱਖ ਟਨ ਸਾਲਾਨਾ ਕੋਲਾ ਪ੍ਰਾਪਤ ਹੋਵੇਗਾ ਤੇ ਪੰਜਾਬ ਦੇ



ਤਾਪ ਬਿਜਲੀ ਘਰਾਂ ਲਈ ਭਵਿੱਖ ਵਿਚ ਵਿਦੇਸ਼ਾਂ ਤੋਂ ਕੋਲਾ ਮੰਗਵਾਉਣ ਦੀ ਕੋਈ ਲੋੜ ਨਹੀਂ ਰਹੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੌਰਾਨ ਕੀਤੇ ਗਏ ਸਾਰੇ ਬਿਜਲੀ ਖਰੀਦ ਸਮਝੌਤਿਆਂ (ਪੀ.ਪੀ.ਏ.) ਦੀ ਸਮੀਖਿਆ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋਣ ਨਾਲ ਪੀ.ਐਸ.ਪੀ.ਸੀ.ਐਲ. ਨੂੰ 600 ਕਰੋੜ ਰੁਪਏ ਸਾਲਾਨਾ ਦੀ ਸਿੱਧੀ ਬੱਚਤ ਹੋਵੇਗੀ, ਜਦੋਂਕਿ ਘਰੇਲੂ ਕੋਲੇ 'ਤੇ ਪੂਰੀ ਤਰ੍ਹਾਂ ਨਿਰਭਰਤਾ ਨਾਲ ਹੋਰ 520 ਕਰੋੜ ਰੁਪਏ ਦੀ ਬੱਚਤ ਹੋਵੇਗੀ। ਇਸ ਤੋਂ ਇਲਾਵਾ ਪ੍ਰਾਈਵੇਟ ਕੰਪਨੀਆਂ ਨੂੰ ਵਾਧੂ ਬਚਦੇ ਕੋਲੇ ਦੀ ਸਪਲਾਈ ਤੋਂ ਹੋਰ 1500 ਕਰੋੜ ਰੁਪਏ ਜੁਟਾਏ ਜਾਣਗੇ।

# ਪੰਜਾਬ ਕੈਬਨਿਟ 'ਚ ਫੇਰ-ਬਦਲ ਦੀ ਚਰਚਾ ਪਿੱਛੋਂ ਵਜ਼ੀਰਾਂ ਨੂੰ ਲੱਗਿਆ ਧੁੜਕੂ



**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੰਤਰੀ ਮੰਡਲ ਵਿਚ ਰੱਦੋਬਦਲ ਦਾ ਮਾਮਲਾ ਭਾਵੇਂ ਨਵੇਂ ਵਰ੍ਹੇ ਤੱਕ ਟਾਲ ਦਿੱਤਾ ਹੈ, ਪਰ ਫੇਰਬਦਲ ਦੀ ਚਰਚਾ ਨੇ ਕੁਝ ਵਜ਼ੀਰਾਂ ਦੀ ਧੜਕਣ ਵਧਾ ਰੱਖੀ ਹੈ। ਸਭ ਤੋਂ ਵੱਧ ਡਰ ਮਾਝੇ ਦੇ ਇਕ ਮੰਤਰੀ ਨੂੰ ਬਣਿਆ ਹੋਇਆ ਹੈ। ਇਸ ਦੇ ਮੱਦੇਨਜ਼ਰ ਅੰਦਰੋਂ-ਅੰਦਰੀ ਕਈ ਵਜ਼ੀਰਾਂ ਨੇ ਛਾਂਟੀ ਦੇ ਡਰੋਂ 'ਆਪ' ਦੀ ਹਾਈਕਮਾਨ ਕੋਲ ਹਾਜ਼ਰੀ ਵੀ ਵਧਾ ਦਿੱਤੀ ਹੈ।

ਪਹਿਲਾਂ ਚਰਚੇ ਸਨ ਕਿ ਇਸੇ ਹਫਤੇ ਪੰਜਾਬ ਕੈਬਨਿਟ ਦਾ ਵਿਸਥਾਰ ਹੋਵੇਗਾ। ਸੂਤਰਾਂ ਅਨੁਸਾਰ 'ਆਪ' ਸਰਕਾਰ ਨੇ ਹੁਣ ਨਵੇਂ ਵਰ੍ਹੇ ਕੈਬਨਿਟ 'ਚ ਫੇਰਬਦਲ ਕਰਨ ਦਾ ਫੈਸਲਾ ਕੀਤਾ ਹੈ। ਇਕ ਕੈਬਨਿਟ ਮੰਤਰੀ ਦੀ ਛਾਂਟੀ ਹੋਣੀ ਵੀ ਤੈਅ ਦੱਸੀ ਜਾ ਰਹੀ ਹੈ। ਕੁਝ ਵਜ਼ੀਰਾਂ ਦੇ ਵਿਭਾਗਾਂ ਵਿਚ ਵੀ ਰੱਦੋਬਦਲ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਵੇਲੇ ਪੰਜਾਬ ਮੰਤਰੀ ਮੰਡਲ ਵਿਚ 14 ਵਜ਼ੀਰ ਹਨ। ਸੂਤਰਾਂ ਅਨੁਸਾਰ ਪੰਜਾਬ ਮੰਤਰੀ ਮੰਡਲ ਵਿਚ ਸਿਰਫ ਇਕ ਨਵਾਂ ਚਿਹਰਾ ਲਏ ਜਾਣ ਦਾ ਅਨੁਮਾਨ ਹੈ ਅਤੇ ਖਾਸ ਹਾਲਾਤ ਵਿਚ ਇਹ ਗਿਣਤੀ ਦੋ ਵੀ ਹੋ ਸਕਦੀ ਹੈ।

ਫਿਲਹਾਲ ਏਨਾ ਕੁ ਨਿਸ਼ਚਿਤ ਹੈ ਕਿ ਕੈਬਨਿਟ 'ਚੋਂ ਇਕ ਵਜ਼ੀਰ ਨੂੰ ਬਾਹਰ ਦਾ ਰਾਹ ਦਿਖਾਇਆ ਜਾਣਾ ਹੈ। ਤਲਵੰਡੀ ਸਾਬੋ ਤੋਂ ਦੂਜੀ ਦਫ਼ਾ ਵਿਧਾਇਕ ਬਣੇ ਪ੍ਰੋ. ਬਲਜਿੰਦਰ ਕੌਰ ਨੂੰ ਪਾਰਟੀ ਦੀ ਚੀਫ਼ ਵ੍ਹਿਪ ਬਣਾਇਆ ਗਿਆ ਹੈ ਅਤੇ ਹੁਣ ਚੀਫ਼ ਵ੍ਹਿਪ ਨੂੰ ਕੈਬਨਿਟ ਰੈਂਕ ਦੇਣ ਵੱਲ ਸਰਕਾਰ ਨੇ ਕਦਮ ਵਧਾਏ ਹਨ। ਚੀਫ਼ ਵ੍ਹਿਪ ਨੂੰ ਕੈਬਨਿਟ ਰੈਂਕ ਦੇਣ ਦੀ ਮੁਹਿੰਮ ਤੋਂ ਜਾਪਦਾ ਹੈ ਕਿ ਪ੍ਰੋ. ਬਲਜਿੰਦਰ ਕੌਰ ਨੂੰ ਕੈਬਨਿਟ ਵਿਸਥਾਰ 'ਚ ਥਾਂ ਮਿਲਣ ਦੀ ਸੰਭਾਵਨਾ ਘੱਟ ਹੈ। ਕੈਬਨਿਟ ਵਿਸਥਾਰ ਵਿਚ ਇਕ ਹੋਰ ਔਰਤ ਨੂੰ ਵਜ਼ੀਰ ਬਣਾਏ ਜਾਣ ਦੇ ਆਸਾਰ ਹਨ। ਇਸੇ ਤਰ੍ਹਾਂ ਦੁਆਬੇ 'ਚੋਂ ਵੀ ਇਕ ਵਿਧਾਇਕ ਨੂੰ ਕੈਬਨਿਟ ਵਿਚ ਥਾਂ ਮਿਲ ਸਕਦੀ ਹੈ।

'ਆਪ' ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਤਤਕਾਲੀ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਕੈਬਨਿਟ ਵਿਚੋਂ ਬਾਹਰ ਕਰ ਦਿੱਤਾ ਸੀ ਜਦਕਿ ਪੰਜਾਬ ਦੇ ਫੂਡ ਪ੍ਰੋਸੈਸਿੰਗ ਤੇ ਬਾਗਬਾਨੀ ਮੰਤਰੀ ਫੌਜਾ ਸਿੰਘ ਸਰਾਰੀ ਦੇ ਆਡੀਓ ਕਲਿੱਪ ਵਾਇਰਲ ਹੋਣ ਤੋਂ ਬਾਅਦ ਸ਼ੁਰੂ ਹੋਈ ਮੁਸ਼ਕਲਾਂ ਘਟਣ ਦਾ ਨਾਮ ਨਹੀਂ ਲੈ ਰਹੀਆਂ। ਵਿਰੋਧੀ ਧਿਰ ਵੱਲੋਂ ਸਰਾਰੀ ਦੀ ਨਿਯੁਕਤੀ ਬਾਰੇ ਲਗਾਤਾਰ ਸਵਾਲ ਚੁੱਕੇ ਜਾ ਰਹੇ ਹਨ। ਇਸੇ ਕਰਕੇ 'ਆਪ' ਨੇ ਕੈਬਨਿਟ ਮੰਤਰੀ ਸਰਾਰੀ ਨੂੰ ਸਤੰਬਰ ਮਹੀਨੇ ਦੇ ਅਖੀਰ ਵਿਚ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ, ਪਰ ਹਾਲੇ ਤੱਕ ਉਸ ਦਾ ਕੋਈ ਜਵਾਬ ਨਹੀਂ ਦਿੱਤਾ। ਕੈਬਨਿਟ ਮੰਤਰੀ ਦੇ ਅਜਿਹੇ ਰਵੱਈਏ ਨੂੰ ਵੇਖਦਿਆਂ ਪਾਰਟੀ ਜਲਦ ਕਾਰਵਾਈ ਕਰਨ ਦੀ ਤਿਆਰੀ ਕਰ ਰਹੀ ਹੈ।

# ਵਿਅਕਤੀਗਤ ਆਜ਼ਾਦੀ ਖੋਹੀ ਨਹੀਂ ਜਾ ਸਕਦੀ: ਸੁਪਰੀਮ ਕੋਰਟ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 'ਵਿਅਕਤੀਗਤ ਆਜ਼ਾਦੀ' ਦੀ ਅਹਿਮੀਅਤ ਉਤੇ ਰੌਸ਼ਨੀ ਪਾਉਂਦਿਆਂ ਆਖਿਆ ਹੈ ਕਿ ਜੇ ਉਹ ਦੇਸ਼ ਦੇ ਨਾਗਰਿਕਾਂ ਦੇ ਬੁਨਿਆਦੀ ਹੱਕਾਂ ਦੇ ਉਲੰਘਣ ਨਾਲ ਜੁੜੇ ਮਾਮਲੇ ਵਿਚ ਕਾਰਵਾਈ ਨਹੀਂ ਕਰਦਾ, ਤਾਂ ਇਹ ਉਸ ਨੂੰ ਹਾਸਲ ਵਿਸ਼ੇਸ਼ ਸੰਵਿਧਾਨਕ ਤਾਕਤਾਂ ਦਾ 'ਉਲੰਘਣ' ਕਰਨ ਵਰਗਾ ਹੋਵੇਗਾ।

ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਅਲਾਹਾਬਾਦ ਹਾਈ ਕੋਰਟ ਦੇ ਇਕ ਹੁਕਮ ਨੂੰ ਖਾਰਜ ਕਰਦਿਆਂ ਸਵਾਲ ਕੀਤਾ, 'ਅਸੀਂ ਇੱਥੇ ਕਿਉਂ ਹਾਂ ਜੇਕਰ ਅਸੀਂ ਆਪਣੀ ਅੰਤਰ-ਆਤਮਾ ਦੀ ਨਹੀਂ ਸੁਣਦੇ?' ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਲਈ ਕੋਈ ਵੀ ਮਾਮਲਾ ਛੋਟਾ ਨਹੀਂ ਹੁੰਦਾ। ਬੈਂਚ ਨੇ ਕਿਹਾ ਕਿ ਮਾਮਲੇ ਦੇ ਤੱਥ ਸਿਖਰਲੀ ਅਦਾਲਤ ਨੂੰ ਹਰੇਕ ਨਾਗਰਿਕ ਨੂੰ ਮਿਲੇ ਜੀਵਨ ਤੇ ਵਿਅਕਤੀਗਤ ਸੁਤੰਤਰਤਾ ਦੇ ਬੁਨਿਆਦੀ ਹੱਕਾਂ ਦੇ ਰੱਖਿਅਕ ਦੇ ਰੂਪ ਵਿਚ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰਨ ਦਾ ਇਕ ਹੋਰ ਮੌਕਾ, ਇਕ ਸਪੱਸ਼ਟ ਮੌਕਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜੇ ਅਦਾਲਤ ਅਜਿਹਾ ਨਹੀਂ ਕਰੇਗੀ ਤਾਂ ਇਕ ਨਾਗਰਿਕ ਦੀ ਆਜ਼ਾਦੀ ਖਤਮ ਹੋ ਜਾਵੇਗੀ। ਸਿਖਰਲੀ ਅਦਾਲਤ ਨੇ ਪਟੀਸ਼ਨਕਰਤਾ ਇਕਰਾਮ ਨੂੰ ਰਾਹਤ ਦਿੰਦਿਆਂ ਇਹ ਟਿੱਪਣੀ ਕੀਤੀ।

ਇਕਰਾਮ ਨੂੰ ਉੱਤਰ ਪ੍ਰਦੇਸ਼ ਬਿਜਲੀ ਵਿਭਾਗ ਨਾਲ ਜੁੜੇ ਨੌਂ ਅਪਰਾਧਕ ਮਾਮਲਿਆਂ ਵਿਚ ਹਾਪੁੜ ਜ਼ਿਲ੍ਹੇ ਦੀ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਸੀ। ਅਦਾਲਤ ਨੇ ਹਰੇਕ ਮਾਮਲੇ ਵਿਚ ਉਸ ਨੂੰ ਦੋ ਸਾਲ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਇਕਰਾਮ ਲਗਭਗ ਤਿੰਨ ਸਾਲ ਤੋਂ ਜੇਲ੍ਹ ਵਿਚ ਹੈ। ਜੇਲ੍ਹ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸ ਦੀ ਸਜ਼ਾ ਨਾਲੋ-ਨਾਲ ਦੀ ਬਜਾਏ ਵੱਖ-ਵੱਖ ਚੱਲੇਗੀ। ਇਸ ਕਾਰਨ ਉਸ ਨੂੰ 18 ਸਾਲ ਜੇਲ੍ਹ ਵਿਚ ਕੱਟਣੇ ਪੈਣਗੇ। ਇਕਰਾਮ ਨੇ ਇਸ ਮਾਮਲੇ ਵਿਚ ਹਾਈ ਕੋਰਟ ਦਾ ਰੁਖ ਕੀਤਾ ਸੀ ਜਿਸ ਨੇ ਉਸ ਨੂੰ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਸੀ। ਹਾਲਾਂਕਿ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਹੁਕਮ ਨੂੰ ਪਲਟਦਿਆਂ ਸਪੱਸ਼ਟ ਕੀਤਾ ਕਿ ਸਜ਼ਾ ਨਾਲੋ-ਨਾਲ ਚੱਲੇਗੀ। ਸੁਪਰੀਮ ਕੋਰਟ ਨੇ ਨਾਲ ਹੀ ਕਿਹਾ ਕਿ ਹਾਈ ਕੋਰਟ ਨੂੰ ਇਸ 'ਵੱਡੀ ਬੇਇਨਸਾਫ਼ੀ' ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਸੀ।

# ਪੰਜਾਬ ਦਾ ਅਸਲ ਮੁੱਖ ਮੰਤਰੀ ਹੈ ਕੌਣ: ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਆ ਰਹੀ ਕਿ ਪੰਜਾਬ ਵਿਚ 'ਆਪ' ਸਰਕਾਰ ਬਣਨ ਮਗਰੋਂ ਸੂਬੇ ਦਾ ਅਸਲ ਮੁੱਖ ਮੰਤਰੀ ਕੌਣ ਹੈ? ਭਗਵੰਤ ਮਾਨ ਜਾਂ ਰਾਘਵ ਚੱਢਾ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਮੁੱਦਿਆਂ ਨਾਲ ਸਬੰਧਤ ਸਾਰੀਆਂ ਫਾਈਲਾਂ ਸਿੱਧੀਆਂ ਰਾਘਵ ਚੱਢਾ ਕੋਲ ਪਹੁੰਚਦੀਆਂ ਹਨ।

ਇਕ ਚੈਨਲ 'ਤੇ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਾਸੀਆਂ ਨਾਲ ਕੀਤਾ ਗਿਆ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ ਹੈ। ਇਸੇ ਦੌਰਾਨ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਇਕ ਵੱਖਰੀ ਇੰਟਰਵਿਊ ਦੌਰਾਨ ਕਿਹਾ, 'ਮੈਂ ਮਨ, ਪਰਿਵਾਰ ਅਤੇ ਦਿਲੋਂ ਪੰਜਾਬੀ ਹਾਂ ਤੇ ਹਰ ਪੱਖੋਂ ਪੰਜਾਬ ਦਾ ਭਲਾ ਚਾਹੁੰਦਾ ਹਾਂ। ਮੈਨੂੰ ਪਾਰਟੀ, ਭਗਵੰਤ ਮਾਨ ਤੇ ਕੇਜਰੀਵਾਲ ਨੇ ਜੋ ਜ਼ਿੰਮੇਵਾਰੀ ਦਿੱਤੀ ਹੈ, ਮੈਂ ਉਸ ਨੂੰ ਨਿਭਾਅ ਰਿਹਾ ਹਾਂ।' ਉਨ੍ਹਾਂ ਕਿਹਾ ਕਿ 'ਦਿੱਲੀ ਵਿਚ ਰਾਜ ਸਭਾ ਦੇ ਸੈਸ਼ਨ ਵੇਲੇ ਮੈਂ ਹਫਤੇ ਦੇ ਆਖਰੀ ਦਿਨ ਅਤੇ ਇਸ ਤੋਂ ਇਲਾਵਾ ਮੈਂ ਆਪਣਾ ਸਾਰਾ ਸਮਾਂ ਪੰਜਾਬ ਨੂੰ ਦਿੰਦਾ ਹਾਂ।" ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਪੰਜਾਬ ਲਈ ਕੰਮ ਕਰਦੇ ਹਨ ਤੇ ਪੰਜਾਬ ਨਾਲ ਸਬੰਧਤ ਸਾਰੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੀ ਹਨ, ਪਰ ਉਹ ਪੰਜਾਬ ਦੇ ਸੁਪਰ-ਡੁਪਰ ਮੁੱਖ ਮੰਤਰੀ ਦੇ ਸੁਪਰ-ਡੁਪਰ ਛੋਟੇ ਭਰਾ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਣੇ ਪੰਜਾਬ ਦੀਆਂ ਸਾਰੀਆਂ ਵਿਰੋਧੀ ਧਿਰਾਂ ਉਨ੍ਹਾਂ ਕਾਰਗੁਜ਼ਾਰੀ 'ਤੇ ਸਵਾਲ ਨਹੀਂ ਚੁੱਕ ਸਕਦੀਆਂ। ਇਸ ਲਈ ਉਹ ਸਿਰਫ ਅਜਿਹੇ ਮਸਲੇ ਖੜ੍ਹੇ ਕਰ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਕੈਪਟਨ ਵੱਲੋਂ ਉਨ੍ਹਾਂ 'ਤੇ ਚੁੱਕੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕੈਪਟਨ ਅਮਰਿੰਦਰ ਨੂੰ ਸਲਾਹ ਦਿੱਤੀ ਕਿ ਉਹ ਪੰਜਾਬ ਅਤੇ 'ਆਪ' ਦੀ ਚਿੰਤਾ ਛੱਡ ਕੇ ਆਪਣੇ ਕੰਮ ਵੱਲ ਧਿਆਨ ਦੇਣ।

# ਪੁਲਿਸ ਅਫਸਰ ਪੰਜਾਬੀ ਭਾਸ਼ਾ ਦੇ ਸਤਿਕਾਰ ਲਈ ਅੱਗੇ ਆਏ

**ਲੁਧਿਆਣਾ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬੀ ਮਾਂ ਬੋਲੀ ਵਿਚ ਬੋਰਡ ਲਾਉਣ ਦੀ ਕੀਤੀ ਗਈ ਅਪੀਲ 'ਤੇ ਲੁਧਿਆਣਾ ਪੁਲਿਸ ਨੇ ਪਹਿਲ ਕੀਤੀ ਹੈ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਆਪਣੀ ਤੇ ਆਪਣੇ ਅਫਸਰਾਂ ਦੀ ਵਰਦੀ 'ਤੇ ਲੱਗਣ ਵਾਲੀ 'ਨੇਮ ਪਲੇਟ' ਤੇ ਦਫ਼ਤਰ ਦੇ ਬਾਹਰ ਲੱਗੀਆਂ ਤਖ਼ਤੀਆਂ 'ਤੇ ਪਹਿਲੇ ਨੰਬਰ 'ਤੇ ਪੰਜਾਬੀ ਲਿਖ ਦਿੱਤੀ ਹੈ।

ਲੁਧਿਆਣਾ ਪੁਲਿਸ ਨੇ ਸਾਰੇ ਸੀਨੀਅਰ ਅਧਿਕਾਰੀਆਂ ਦੇ ਦਫਤਰਾਂ ਦੇ ਬਾਹਰ ਲਾਈਆਂ ਨਾਮ ਵਾਲੀਆਂ ਤਖ਼ਤੀਆਂ 'ਤੇ ਪਹਿਲਾਂ ਮਾਂ ਬੋਲੀ ਤੇ ਦੂਸਰੇ ਨੰਬਰ 'ਤੇ ਹੋਰ ਭਾਸ਼ਾ ਲਿਖੀ ਹੈ। ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਇਹ ਫੈਸਲਾ ਕਾਫੀ ਵਧੀਆ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਪੰਜਾਬੀ ਹੋਣ ਦਾ ਮਾਣ ਹੋਣਾ ਚਾਹੀਦਾ ਹੈ।

ਉਧਰ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਨਿੱਜੀ ਸਕੂਲਾਂ ਪ੍ਰਬੰਧਕਾਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬੀ ਭਾਸ਼ਾ ਨੂੰ ਪ੍ਰਮੁੱਖ ਦਰਜਾ ਦੇਣ।

# ਡਿਊਟੀ ਤੋਂ ਟਾਲਾ ਵੱਟਣ ਵਾਲੇ ਬਾਬੂਆਂ ਦੀ ਸ਼ਾਮਤ



**ਚੰਡੀਗੜ੍ਹ:** ਸੂਬੇ ਦੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿਚ ਅਣਗਹਿਲੀ ਤੇ ਦੇਰੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ 42 ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਤੋਂ ਇਲਾਵਾ ਤਿੰਨ ਅਧਿਕਾਰੀਆਂ, ਜਿਨ੍ਹਾਂ ਵਿਚ ਦੋ ਸੀਨੀਅਰ ਸਹਾਇਕ ਤੇ ਇਕ ਸਹਾਇਕ ਅਸਟੇਟ ਅਫਸਰ ਹੈ, ਨੂੰ ਡਿਊਟੀ ਚਾਰਜਸ਼ੀਟ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਣ ਲਈ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਆਨਲਾਈਨ ਪ੍ਰਣਾਲੀ ਸਥਾਪਤ ਕੀਤੀ ਹੈ, ਜਿਸ ਉਤੇ ਵਿਭਾਗ ਨੂੰ ਪ੍ਰਾਪਤ ਹੋਈਆਂ ਅਰਜ਼ੀਆਂ ਅਤੇ ਫਾਈਲਾਂ ਦੀ ਸੀਨੀਅਰ ਅਧਿਕਾਰੀਆਂ ਤੇ ਖ਼ੁਦ ਉਨ੍ਹਾਂ (ਮਕਾਨ ਉਸਾਰੀ ਮੰਤਰੀ) ਵੱਲੋਂ ਨਿੱਜੀ ਤੌਰ 'ਤੇ ਨਿਗਰਾਨੀ ਕੀਤੀ ਜਾ ਰਹੀ ਹੈ। ਹਾਲ ਹੀ ਵਿਚ ਮੰਤਰੀ ਨੇ ਖ਼ੁਦ ਹਰੇਕ ਪੱਧਰ ਉਤੇ ਹਰ ਕੇਸ ਦੀ ਨਿੱਜੀ ਤੌਰ ਉਤੇ ਪੜਤਾਲ ਕੀਤੀ, ਜਿਸ ਦੌਰਾਨ ਸਾਹਮਣੇ ਆਇਆ ਕਿ ਵਿਭਾਗ ਦੇ 45 ਅਧਿਕਾਰੀਆਂ/ਕਰਮਚਾਰੀਆਂ, ਜਿਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ, ਦੇ ਪੱਧਰ ਉਤੇ ਸਭ ਤੋਂ ਵੱਧ ਕੇਸ ਲਟਕੇ ਹੋਏ ਸਨ। ਇਨ੍ਹਾਂ ਵਿਚੋਂ ਤਿੰਨ ਨੂੰ ਕਾਰਨ ਦੱਸੋ ਨੋਟਿਸਾਂ ਦਾ ਜਵਾਬ ਨਾ ਦੇਣ ਤੇ ਡਿਊਟੀ ਵਿਚ ਕੁਤਾਹੀ ਕਰਨ ਲਈ ਚਾਰਜਸ਼ੀਟ ਕੀਤਾ ਗਿਆ ਹੈ। ਜਿਹੜੇ ਤਿੰਨ ਅਧਿਕਾਰੀਆਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ, ਉਨ੍ਹਾਂ ਵਿਚ ਜਸਪਾਲ ਕੌਰ ਸਹਾਇਕ ਅਸਟੇਟ ਅਫ਼ਸਰ ਪਟਿਆਲਾ ਵਿਕਾਸ ਅਥਾਰਟੀ, ਰਾਜੇਸ਼ ਕੁਮਾਰ ਸੀਨੀਅਰ ਸਹਾਇਕ (ਲੇਖਾ) ਅੰਮ੍ਰਿਤਸਰ ਵਿਕਾਸ ਅਥਾਰਟੀ ਅਤੇ ਪਰਮਿੰਦਰ ਸਿੰਘ ਸੀਨੀਅਰ ਸਹਾਇਕ ਅਸਟੇਟ ਦਫ਼ਤਰ ਗਮਾਡਾ ਸ਼ਾਮਲ ਹਨ। ਜਿਹੜੇ 42 ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ ਵਿਚ ਅੰਮ੍ਰਿਤਸਰ ਵਿਕਾਸ ਅਥਾਰਟੀ ਦਾ ਜੂਨੀਅਰ ਇੰਜੀਨੀਅਰ (ਸਿਵਲ), ਜਲੰਧਰ ਵਿਕਾਸ ਅਥਾਰਟੀ ਦੇ ਚਾਰ ਜੂਨੀਅਰ ਇੰਜੀਨੀਅਰ, ਬਠਿੰਡਾ ਵਿਕਾਸ ਅਥਾਰਟੀ ਦਾ ਸੈਕਸ਼ਨ ਅਫਸਰ (ਐਸ.ਓ) ਅਤੇ ਸੀਨੀਅਰ ਸਹਾਇਕ (ਲੇਖਾ) ਅਤੇ ਗਲਾਡਾ ਦੇ ਚਾਰ ਸੀਨੀਅਰ ਸਹਾਇਕ (ਲੇਖਾ), ਸਹਾਇਕ ਅਸਟੇਟ ਅਫਸਰ, ਸਬ ਡਿਵੀਜ਼ਨ ਇੰਜੀਨੀਅਰ (ਸਿਵਲ), ਸੁਪਰਡੈਂਟ ਤੇ ਐਸ.ਓ. ਸ਼ਾਮਲ ਹੈ। ਇਸੇ ਤਰ੍ਹਾਂ ਗਮਾਡਾ ਦੇ 27 ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਡਿਊਟੀ ਤੋਂ ਟਾਲਾ ਵੱਟਣ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਸ੍ਰੀ ਅਮਨ ਅਰੋੜਾ ਨੇ ਸਪੱਸ਼ਟ ਕੀਤਾ ਕਿ ਆਪਣੇ ਫਰਜ਼ ਪ੍ਰਤੀ ਲੋਕ-ਸੇਵਕਾਂ ਦੀ ਟਾਲ-ਮਟੋਲ ਵਾਲੀ ਪਹੁੰਚ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਪੰਜਾਬ ਖੇਤੀਬਾੜੀ ਔਸਤ ਆਮਦਨ 'ਚ ਦੂਜੇ ਨੰਬਰ 'ਤੇ



**ਚੰਡੀਗੜ੍ਹ:** ਪੰਜਾਬ ਪ੍ਰਤੀ ਪਰਿਵਾਰ ਖੇਤੀਬਾੜੀ ਔਸਤ ਮਾਸਿਕ ਆਮਦਨ ਵਿਚ ਦੇਸ਼ ਵਿਚ ਦੂਜੇ ਨੰਬਰ 'ਤੇ ਹੈ। ਇਹ ਜਾਣਕਾਰੀ ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਨਰਿੰਦਰ ਸਿੰਘ ਤੋਮਰ ਵੱਲੋਂ ਰਾਜ ਸਭਾ ਵਿਚ ਪੇਸ਼ ਅੰਕੜਿਆਂ ਵਿਚ ਸਾਹਮਣੇ ਆਈ ਹੈ। ਤੋਮਰ, ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦੇ ਸਵਾਲ ਦਾ ਜਵਾਬ ਦੇ ਰਹੇ ਸਨ।

ਜਾਣਕਾਰੀ ਅਨੁਸਾਰ, ਪ੍ਰਤੀ ਪਰਿਵਾਰ ਖੇਤੀਬਾੜੀ ਔਸਤ ਮਾਸਿਕ ਆਮਦਨ (29,348 ਰੁਪਏ) ਦੇ ਨਾਲ ਮੇਘਾਲਿਆ ਦੇਸ਼ ਭਰ ਵਿਚ ਪਹਿਲੇ ਸਥਾਨ 'ਤੇ ਹੈ। ਪੰਜਾਬ (26,701 ਰੁਪਏ) ਦੂਜੇ, ਹਰਿਆਣਾ (22,841 ਰੁਪਏ) ਤੀਜੇ, ਅਰੁਣਾਚਲ ਪ੍ਰਦੇਸ਼ (19,225 ਰੁਪਏ) ਚੌਥੇ, ਜੰਮੂ-ਕਸ਼ਮੀਰ (18,918 ਰੁਪਏ) ਪੰਜਵੇਂ, ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦਾ ਸਮੂਹ (18,511 ਰੁਪਏ) ਛੇਵੇਂ, ਮਿਜ਼ੋਰਮ (17,964 ਰੁਪਏ) ਸੱਤਵੇਂ, ਕੇਰਲ (19,195 ਰੁਪਏ) ਅੱਠਵੇਂ ਸਥਾਨ 'ਤੇ ਹੈ।

ਇਸ ਤੋਂ ਬਾਅਦ ਉੱਤਰ-ਪੂਰਬੀ ਰਾਜਾਂ ਦਾ ਸਮੂਹ (16,863 ਰੁਪਏ), ਉੱਤਰਾਖੰਡ (13,552 ਰੁਪਏ), ਕਰਨਾਟਕ (13,441 ਰੁਪਏ), ਗੁਜਰਾਤ (12,631 ਰੁਪਏ), ਰਾਜਸਥਾਨ (12,520 ਰੁਪਏ), ਸਿੱਕਮ (12,447 ਰੁਪਏ) ਅਤੇ ਹਿਮਾਚਲ ਪ੍ਰਦੇਸ਼ (ਰੁਪਏ 12,447) ਆਉਂਦੇ ਹਨ। ਖੇਤੀਬਾੜੀ ਮੰਤਰੀ ਦੇ ਜਵਾਬ ਵਿਚ ਅਰੋੜਾ ਨੇ ਪੱਤਰਕਾਰਾਂ ਨੂੰ ਦੱਸਿਆ, ''ਜੇਕਰ ਅਸੀਂ ਰਾਜਾਂ ਨੂੰ ਨਕਦੀ ਫਸਲਾਂ 'ਤੇ ਸਭ ਤੋਂ ਵੱਧ ਨਿਰਭਰ ਮੰਨਦੇ ਹਾਂ ਤਾਂ, ਬਾਗਬਾਨੀ ਅਤੇ ਫਲਾਂ ਵਿਚ ਵੱਡੇ ਹਿੱਸੇ ਨਾਲ ਮੇਘਾਲਿਆ ਨਾਲ ਪੰਜਾਬ ਪਹਿਲੇ ਸਥਾਨ 'ਤੇ ਹੈ।''

ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਅਪਨਾ ਕੇ ਬਾਗਬਾਨੀ ਅਤੇ ਫਲਾਂ ਦੀ ਕਾਸ਼ਤ ਕਰਨ ਦੀ ਅਪੀਲ ਕੀਤੀ। ਪੰਜਾਬ ਵਿਚ ਪੈਦਾ ਹੋਣ ਵਾਲੀਆਂ ਪ੍ਰਮੁੱਖ ਫਸਲਾਂ ਵਿਚ ਚਾਵਲ, ਕਣਕ, ਮੱਕੀ, ਬਾਜਰਾ, ਗੰਨਾ, ਤੇਲ ਬੀਜ ਅਤੇ ਕਪਾਹ ਸ਼ਾਮਲ ਹਨ, ਪਰ ਕੁੱਲ ਖੇਤੀਯੋਗ ਜ਼ਮੀਨ ਦੇ 80 ਫੀਸਦੀ ਹਿੱਸੇ ਵਿਚ ਚੌਲ ਤੇ ਕਣਕ ਦੀ ਕਾਸ਼ਤ ਕੀਤੀ ਜਾਂਦੀ ਹੈ। ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਦੀ ਕਿਸਾਨੀ ਦੀ ਹਾਲਤ ਸੁਧਾਰਨ ਲਈ ਪੂਰੀ ਵਾਹ ਲਾ ਰਹੇ ਹਨ। ਇਕ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਅਕਤੂਬਰ ਵਿਚ ਮੁੱਖ ਮੰਤਰੀ ਨੇ ਗੰਨੇ ਦਾ ਭਾਅ 360 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 380 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਐਲਾਨ ਕੀਤਾ ਸੀ।

# ਖੱਟਰ ਨਾਲ ਬਲਜੀਤ ਸਿੰਘ ਦਾਦੂਵਾਲ ਦੀ ਮੁਲਾਕਾਤ ਤੋਂ ਭਖਿਆ ਵਿਵਾਦ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਇਸੇ ਵਿਚਕਾਰ ਬਲਜੀਤ ਸਿੰਘ ਦਾਦੂਵਾਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਨਾਲ ਭਾਈਵਾਲੀ ਕਰਕੇ ਵਜ਼ੀਰੀਆਂ ਹਾਸਲ ਕਰਨ ਵਾਲੇ ਸੁਖਬੀਰ ਬਾਦਲ ਉਨ੍ਹਾਂ 'ਤੇ ਪੰਥ ਦਾ ਗੱਦਾਰ ਹੋਣ ਦਾ ਦੋਸ਼ ਲਗਾ ਰਹੇ ਹਨ ਜਦਕਿ ਪੰਥ ਤੇ ਪੰਜਾਬ ਵਿਰੋਧੀ ਗਤੀਵਿਧੀਆਂ ਵਿਚ ਉਹ ਖੁਦ ਸ਼ਾਮਲ ਰਹੇ ਹਨ। ਸ੍ਰੀ ਦਾਦੂਵਾਲ ਨੇ ਕਿਹਾ ਕਿ ਉਹ ਸਿੱਖ ਪੰਥ ਦੇ ਮਸਲਿਆਂ ਨੂੰ ਹੱਲ ਕਰਨ ਲਈ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਮੁਲਾਕਾਤ ਕਰਨ ਗਏ ਸਨ, ਪਰ ਸ਼੍ਰੋਮਣੀ ਅਕਾਲੀ ਦਲ ਨੇ ਲੰਬਾ ਸਮਾਂ ਭਾਜਪਾ ਨਾਲ ਭਾਈਵਾਲ ਰਹਿ ਕੇ ਸਿਰਫ਼ ਸੱਤਾ ਦਾ ਆਨੰਦ ਮਾਣਿਆ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਵੱਲੋਂ ਨਵੰਬਰ 2015 'ਚ ਚੰਡੀਗੜ੍ਹ 'ਚ ਇਕ ਘੰਟਾ ਮੀਟਿੰਗ ਕਰਕੇ ਉਨ੍ਹਾਂ ਨੂੰ ਸਰਬੱਤ ਖਾਲਸਾ ਸਮਾਗਮ ਵਿਚ ਸ਼ਾਮਲ ਹੋਣ ਤੋਂ ਰੋਕਿਆ ਗਿਆ ਅਤੇ ਸਿੱਖ ਮਸਲਿਆਂ ਨੂੰ ਛੱਡਣ ਬਾਰੇ ਜ਼ੋਰ ਦਿੱਤਾ।

ਸੁਖਬੀਰ ਬਾਦਲ ਨੇ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਲਗਾਉਣ ਤੱਕ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਿੱਖਾਂ ਦੇ ਕਈ ਕੰਮ ਹੋਏ ਤੇ ਉਨ੍ਹਾਂ ਨੇ ਰਹਿੰਦੇ ਕੰਮਾਂ ਨੂੰ ਜਲਦ ਪੂਰਾ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਬਿਲਕੀਸ ਬਾਨੋ ਜਬਰ-ਜਨਾਹ ਕੇਸ ਅਤੇ ਰਾਜੀਵ ਗਾਂਧੀ ਕਤਲ ਕੇਸ ਦੇ ਦੋਸ਼ੀਆਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ ਤਾਂ ਬੰਦੀ ਸਿੰਘਾਂ ਨੂੰ ਵੀ ਰਿਹਾਅ ਕਰਨਾ ਚਾਹੀਦਾ ਹੈ।



## ਸਿੱਖ ਸੰਸਥਾਵਾਂ 'ਤੇ ਕੇਂਦਰ ਸਰਕਾਰ ਦੀ ਅੱਖ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੁਝ ਵਿਰੋਧੀ ਤਾਕਤਾਂ ਸਿੱਖ ਸੰਸਥਾਵਾਂ ਨੂੰ ਤੋੜਨ ਅਤੇ ਇਨ੍ਹਾਂ ਸੰਸਥਾਵਾਂ ਦੇ ਅਹਿਮ ਅਹੁਦਿਆਂ 'ਤੇ ਆਪਣੀ ਕਬਜ਼ਾ ਕਰਨਾ ਚਾਹੁੰਦੀਆਂ ਹਨ, ਜਿਨ੍ਹਾਂ ਖਿਲਾਫ ਸਿੱਖ ਪੰਥ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਸੁਖਬੀਰ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖ ਸੰਸਥਾਵਾਂ ਦੇ ਮੁਖੀਆਂ ਵਜੋਂ ਆਪਣੀਆਂ ਰਬੜ ਦੀਆਂ ਮੋਹਰਾਂ ਨੂੰ ਨਿਯੁਕਤ ਕਰਨਾ ਚਾਹੁੰਦੀ ਹੈ, ਜੋ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਤਾਂ ਹੀ ਸੰਭਵ ਹੈ ਜੇਕਰ ਸਾਰੇ ਧਰਮਾਂ ਤੇ ਫਿਰਕਿਆਂ ਦਾ ਸਤਿਕਾਰ ਹੋਵੇ। ਸ਼੍ਰੋਮਣੀ ਅਕਾਲੀ ਦਲ ਇਸ ਉਦੇਸ਼ ਵਾਸਤੇ ਸਭ ਨੂੰ ਨਾਲ ਲੈ ਕੇ ਚੱਲਣ ਲਈ ਦ੍ਰਿੜ੍ਹ ਹੈ।

# ਪੰਜਾਬ ਦੇ ਔਸਤਨ ਹਰ ਚੌਥੇ ਵਿਅਕਤੀ ਕੋਲ ਪਾਸਪੋਰਟ

**ਚੰਡੀਗੜ੍ਹ:** ਪੰਜਾਬ ਦੇ ਔਸਤਨ ਹਰ ਚੌਥੇ ਵਿਅਕਤੀ ਕੋਲ ਅੱਜ ਪਾਸਪੋਰਟ ਹੈ। ਸਟੱਡੀ ਵੀਜ਼ੇ 'ਤੇ ਜਾਣ ਦੇ ਇੱਛੁਕਾਂ ਦੇ ਪਾਸਪੋਰਟਾਂ ਦੇ ਤਾਂ ਢੇਰ ਲੱਗ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵੇਲੇ ਲਗਭਗ ਤਿੰਨ ਕਰੋੜ ਦੀ ਆਬਾਦੀ ਵਾਲੇ ਸੂਬੇ ਪੰਜਾਬ ਵਿਚ 77.17 ਲੱਖ ਲੋਕਾਂ ਕੋਲ ਪਾਸਪੋਰਟ ਹਨ।




ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਦਿੱਤੇ ਗਏ ਤਾਜ਼ਾ ਵੇਰਵਿਆਂ ਅਨੁਸਾਰ ਦੇਸ਼ ਭਰ ਵਿਚ 9.58 ਕਰੋੜ ਪਾਸਪੋਰਟ ਹੋਲਡਰ ਹਨ ਤੇ ਪੰਜਾਬ ਇਸ ਸੂਚੀ ਵਿਚ ਸਮੁੱਚੇ ਦੇਸ਼ 'ਚੋਂ ਚੌਥੇ ਨੰਬਰ 'ਤੇ ਆਉਂਦਾ ਹੈ। ਪਹਿਲੇ ਨੰਬਰ 'ਤੇ 1.12 ਕਰੋੜ ਪਾਸਪੋਰਟਾਂ ਨਾਲ ਕੇਰਲਾ ਹੈ, ਜਦਕਿ ਦੂਸਰਾ ਨੰਬਰ 1.04 ਕਰੋੜ ਪਾਸਪੋਰਟਾਂ ਨਾਲ ਮਹਾਰਾਸ਼ਟਰ ਦਾ ਹੈ। ਉੱਤਰ ਪ੍ਰਦੇਸ਼ ਵਿਚ 87.03 ਲੱਖ ਪਾਸਪੋਰਟ ਬਣੇ ਹਨ, ਜੋ ਤੀਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਪੰਜਾਬ 67.26 ਲੱਖ ਪਾਸਪੋਰਟਾਂ ਨਾਲ ਚੌਥੇ ਸਥਾਨ 'ਤੇ ਹੈ। ਦਿੱਲੀ 'ਚ 39.06 ਲੱਖ ਤੇ ਚੰਡੀਗੜ੍ਹ ਵਿਚ 3.16 ਲੱਖ ਪਾਸਪੋਰਟ ਹਨ।

ਗੌਰਤਲਬ ਹੈ ਕਿ ਜਦੋਂ ਤੋਂ ਸਟੱਡੀ ਵੀਜ਼ੇ ਦਾ ਰੁਝਾਨ ਵਧਿਆ ਹੈ, ਉਦੋਂ ਤੋਂ ਪੰਜਾਬ ਪੁਲਿਸ ਦਾ ਵੈਰੀਫਿਕੇਸ਼ਨ ਦਾ ਕੰਮ ਵੀ ਤੇਜ਼ੀ ਨਾਲ ਵਧਿਆ ਹੈ। ਪੰਜਾਬ ਦੇ ਪਿੰਡਾਂ 'ਚੋਂ ਵੱਡੀ ਗਿਣਤੀ ਨੌਜਵਾਨ ਸਟੱਡੀ ਵੀਜ਼ੇ 'ਤੇ ਪਰਵਾਸ ਕਰ ਰਹੇ ਹਨ। ਜਾਣਕਾਰੀ ਅਨੁਸਾਰ 2017 ਤੋਂ ਸਟੱਡੀ ਵੀਜ਼ੇ 'ਤੇ ਜਾਣ ਵਾਲਿਆਂ ਦਾ ਅੰਕੜਾ ਤੇਜੀ ਨਾਲ ਵਧਿਆ ਹੈ। 2022 ਦੇ ਨਵੰਬਰ ਮਹੀਨੇ ਤੱਕ 7.40 ਲੱਖ ਪਾਸਪੋਰਟ ਬਣ ਚੁੱਕੇ ਹਨ, ਜਦਕਿ 2021 ਵਿਚ 6.44 ਲੱਖ ਪਾਸਪੋਰਟ ਬਣਾਏ ਗਏ ਸਨ।

ਜੇਕਰ ਜ਼ਿਲ੍ਹਾ ਵਾਰ ਨਜ਼ਰ ਮਾਰੀਏ ਤਾਂ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਸਭ ਤੋਂ ਵੱਧ 9.58 ਲੱਖ ਪਾਸਪੋਰਟ ਹਨ ਜਦਕਿ ਲੁਧਿਆਣਾ ਜ਼ਿਲ੍ਹੇ ਵਿਚ 7.28 ਲੱਖ, ਹੁਸ਼ਿਆਰਪੁਰ ਵਿਚ 5.67 ਲੱਖ, ਪਟਿਆਲਾ ਜ਼ਿਲ੍ਹੇ ਵਿਚ 4.88 ਲੱਖ, ਸੰਗਰੂਰ ਜ਼ਿਲ੍ਹੇ ਵਿਚ 3.20 ਲੱਖ, ਬਠਿੰਡਾ ਜ਼ਿਲ੍ਹੇ ਵਿਚ 2.47 ਲੱਖ ਤੇ ਮਾਨਸਾ ਜ਼ਿਲ੍ਹੇ ਵਿਚ 86,352 ਪਾਸਪੋਰਟ ਮੌਜੂਦ ਹਨ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਵਿਚ ਜਿਨ੍ਹਾਂ ਦੇ ਸਟੱਡੀ ਵੀਜ਼ੇ ਨਹੀਂ ਲੱਗੇ, ਉਨ੍ਹਾਂ ਵੱਲੋਂ ਆਪਣੇ ਪਾਸਪੋਰਟ ਰੀਨਿਊ ਵੀ ਨਹੀਂ ਕਰਵਾਏ ਗਏ। ਅੰਕੜਿਆਂ ਅਨੁਸਾਰ ਸਮੁੱਚੇ ਪੰਜਾਬ ਵਿਚ 5.62 ਲੱਖ ਪਾਸਪੋਰਟ ਹਨ, ਜੋ ਰੀਨਿਊ ਨਹੀਂ ਕਰਵਾਏ ਗਏ। ਇਸ ਵਿਚ ਲੁਧਿਆਣਾ ਜ਼ਿਲ੍ਹੇ ਦੇ 1.10 ਲੱਖ, ਜਲੰਧਰ ਜ਼ਿਲ੍ਹੇ ਦੇ 69489, ਹੁਸ਼ਿਆਰਪੁਰ ਜ਼ਿਲ੍ਹੇ ਦੇ 35,055, ਮੋਗਾ ਜ਼ਿਲ੍ਹੇ ਦੇ 30632, ਬਠਿੰਡਾ ਜ਼ਿਲ੍ਹੇ ਦੇ 20,889 ਤੇ ਬਰਨਾਲਾ ਜ਼ਿਲ੍ਹੇ ਦੇ 11,994 ਪਾਸਪੋਰਟ ਰੀਨਿਊ ਨਹੀਂ ਹੋਏ ਹਨ।

# ਮੂਸੇਵਾਲਾ ਕਤਲ: ਦਿੱਲੀ ਪੁਲਿਸ ਦੇ 13 ਅਧਿਕਾਰੀਆਂ ਦੀ ਵਧਾਈ ਸੁਰੱਖਿਆ

**ਨਵੀਂ ਦਿੱਲੀ:** ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਕਤਲ ਕੇਸ ਦੀ ਤਫ਼ਤੀਸ਼ ਵਿਚ ਸ਼ਾਮਲ 13 ਪੁਲਿਸ ਅਧਿਕਾਰੀਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਇਨ੍ਹਾਂ ਵਿਚੋਂ ਤਿੰਨ ਨੂੰ 'ਵਾਈ' ਜਦੋਂਕਿ 9 ਜਣਿਆਂ ਨੂੰ 'ਐਕਸ' ਵਰਗ ਦੀ ਸੁਰੱਖਿਆ ਮੁਹੱਈਆ ਕੀਤੀ ਗਈ ਹੈ।

ਅਧਿਕਾਰਤ ਸੂਤਰਾਂ ਨੇ ਕਿਹਾ ਕਿ ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਕੈਨੇਡਾ ਅਧਾਰਿਤ ਗੈਂਗਸਟਰ ਲਖਬੀਰ ਸਿੰਘ ਲੰਡਾ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਇਹ 13 ਪੁਲਿਸ ਅਧਿਕਾਰੀ ਦਿੱਲੀ ਪੁਲਿਸ ਨਾਲ ਸਬੰਧਤ ਹਨ। ਸੂਤਰਾਂ ਮੁਤਾਬਕ ਇਨ੍ਹਾਂ ਅਧਿਕਾਰੀਆਂ ਨੂੰ 24 ਘੰਟੇ ਸੁਰੱਖਿਆ ਮੁਹੱਈਆ ਕਰਵਾਉਣ ਦੇ ਨਾਲ ਇਨ੍ਹਾਂ ਦੀ ਦਿੱਲੀ ਵਿਚਲੀਆਂ ਰਿਹਾਇਸ਼ਾਂ ਦੇ ਬਾਹਰ ਸਖ਼ਤ ਚੌਕਸੀ ਰੱਖੀ ਜਾਵੇਗੀ। ਸਿੱਧੂ ਮੂਸੇਵਾਲਾ ਦਾ ਇਸ ਸਾਲ 29 ਮਈ ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਕਤਲ ਕਰ ਦਿੱਤਾ ਗਿਆ ਸੀ।

ਦਿੱਲੀ ਦੇ ਪੁਲਿਸ ਕਮਿਸ਼ਨਰ ਸੰਜੈ ਅਰੋੜਾ ਵੱਲੋਂ ਜਾਰੀ ਹੁਕਮਾਂ ਮਗਰੋਂ ਸਪੈਸ਼ਲ ਕਮਿਸ਼ਨਰ ਆਫ ਪੁਲਿਸ (ਵਿਸ਼ੇਸ਼ ਸੈੱਲ) ਐਚ.ਜੀ.ਐੱਸ. ਧਾਲੀਵਾਲ, ਡੀ.ਸੀ.ਪੀ. ਰਾਜੀਵ ਰੰਜਨ ਤੇ ਡੀ.ਸੀ.ਪੀ. (ਵਿਸ਼ੇਸ਼ ਸੈੱਲ) ਮਾਨਿਸ਼ੀ ਚੰਦਰ ਲਈ 'ਵਾਈ' ਸ਼੍ਰੇਣੀ ਦੀ ਸੁਰੱਖਿਆ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਸੂਤਰਾਂ ਮੁਤਾਬਕ ਸੁਰੱਖਿਆ ਵਧਾਉਣ ਦਾ ਫੈਸਲਾ ਕੈਨੇਡਾ ਬੈਠੇ ਗੈਂਗਸਟਰ ਲਖਬੀਰ ਸਿੰਘ ਲੰਡਾ ਵੱਲੋਂ ਦਿੱਤੀਆਂ ਧਮਕੀਆਂ ਦੀ ਵਿਆਪਕ ਸਮੀਖਿਆ ਮਗਰੋਂ ਲਿਆ ਗਿਆ ਹੈ। ਲੰਡਾ ਨੇ ਸੋਸ਼ਲ ਮੀਡੀਆ ਪੋਸਟ ਜਰੀਏ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਦੇ ਅਧਿਕਾਰੀਆਂ ਨੂੰ ਧਮਕਾਉਂਦੇ ਹੋਏ ਦਾਅਵਾ ਕੀਤਾ ਸੀ ਕਿ ਉਸ ਕੋਲ (ਇਨ੍ਹਾਂ) ਸਾਰੇ ਅਧਿਕਾਰੀਆਂ ਦੀਆਂ ਤਸਵੀਰਾਂ ਹਨ ਤੇ ਜੇਕਰ ਉਹ ਆਪਣੀ ਗਲੀ ਵਿਚ ਘੁੰਮਦੇ ਨਜ਼ਰ ਆਏ ਤਾਂ ਚੰਗਾ ਨਹੀਂ ਹੋਵੇਗਾ।

# 2021 'ਚ 13089 ਵਿਦਿਆਰਥੀਆਂ ਨੇ ਕੀਤੀ ਖੁਦਕੁਸ਼ੀ

**ਨਵੀਂ ਦਿੱਲੀ:** ਦੇਸ ਦੇ ਕੋਚਿੰਗ ਹੱਬ ਕੋਟਾ (ਰਾਜਸਥਾਨ) ਵਿਚ ਮੈਡੀਕਲ ਜਾਂ ਇੰਜੀਨੀਅਰਿੰਗ ਵਿਚ ਕਰੀਅਰ ਬਣਾਉਣ ਦੇ ਚਾਹਵਾਨ ਵਿਦਿਆਰਥੀਆਂ ਵੱਲੋਂ ਖੁਦਕੁਸ਼ੀ ਦੇ ਤਾਜ਼ਾ ਮਾਮਲਿਆਂ ਨੇ ਸਖ਼ਤ ਮੁਕਾਬਲੇ ਤੇ ਨਾ ਖਤਮ ਹੋਣ ਵਾਲੇ ਦਬਾਅ ਬਾਰੇ ਬਹਿਸ ਛੇੜ ਦਿੱਤੀ ਹੈ।

ਦੇਸ ਭਰ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜਿੱਥੇ ਨੌਜਵਾਨ ਵਿਦਿਆਰਥੀ, ਆਪਣੇ ਅਕਾਦਮਿਕ ਕਰੀਅਰ ਕੁਝ ਕਰਨ ਦੀ ਇੱਛਾ ਰੱਖਦੇ ਹੋਏ ਵੱਖ-ਵੱਖ ਕਾਰਨਾਂ ਕਰਕੇ ਆਤਮ ਹੱਤਿਆ ਕਰ ਲੈਂਦੇ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਜਾਰੀ ਕੀਤੇ ਖੁਦਕੁਸ਼ੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਹਾਲ ਹੀ ਦੇ ਸਾਲਾਂ ਵਿਚ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ।



ਵਿਦਿਆਰਥੀਆਂ ਵੱਲੋਂ ਖੁਦਕੁਸ਼ੀ ਦੇ ਕੁੱਲ 13,089 ਮਾਮਲਿਆਂ ਤੋਂ ਪਤਾ ਲੱਗਦਾ ਹੈ ਕਿ ਸਾਲ 2020 ਦੇ ਮੁਕਾਬਲੇ, 2021 ਵਿਚ ਇਹ ਗਿਣਤੀ 4.5 ਫ਼ੀਸਦੀ ਵਧੀ ਹੈ। ਇਨ੍ਹਾਂ ਵਿਚੋਂ ਅੱਧੇ ਪੰਜ ਰਾਜਾਂ ਮਹਾਰਾਸ਼ਟਰ, ਮੱਧ ਪ੍ਰਦੇਸ਼, ਤਾਮਿਲਨਾਡੂ, ਕਰਨਾਟਕ ਅਤੇ ਉੜੀਸਾ ਵਿਚ ਦਰਜ ਕੀਤੇ ਗਏ ਹਨ।

ਅੰਕੜਿਆਂ ਦੇ ਅਨੁਸਾਰ ਵਿਦਿਆਰਥੀਆਂ ਦੁਆਰਾ ਕੀਤੀਆਂ ਕੁੱਲ ਖੁਦਕੁਸ਼ੀਆਂ ਵਿਚੋਂ, 14.0 ਫ਼ੀਸਦੀ ਮਹਾਰਾਸ਼ਟਰ (1,834) ਵਿਚ ਦਰਜ ਕੀਤੀਆਂ ਗਈਆਂ। ਇਸ ਤੋਂ ਬਾਅਦ ਮੱਧ ਪ੍ਰਦੇਸ਼ (1,308) ਵਿਚ 10.0 ਫ਼ੀਸਦੀ, ਤਾਮਿਲਨਾਡੂ ਵਿਚ 9.5 ਫ਼ੀਸਦੀ (1,246) ਅਤੇ ਕਰਨਾਟਕ ਵਿਚ 6.5 ਫ਼ੀਸਦੀ ( 855) ਸ਼ਾਮਲ ਹਨ। ਹਾਲਾਂਕਿ ਰਿਪੋਰਟ ਵਿਚ ਖੁਦਕੁਸ਼ੀਆਂ ਦੇ ਪਿੱਛੇ ਕਿਸੇ ਖਾਸ ਕਾਰਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਪਰ ਕਿਹਾ ਗਿਆ ਹੈ ਕਿ 'ਪ੍ਰੀਖਿਆ ਵਿਚ ਫੇਲ੍ਹ ਹੋਣਾ' ਇਕ ਕਾਰਨ ਸੀ।

# ਪੰਜਾਬ ਸਰਕਾਰ ਨੇ ਅਜੇ 'ਕਰਤਾਰ ਸਿੰਘ ਸਰਾਭਾ ਏਅਰਪੋਰਟ' ਬਾਰੇ ਕੋਈ ਤਜਵੀਜ਼ ਹੀ ਨਹੀਂ ਭੇਜੀ

**ਚੰਡੀਗੜ੍ਹ:** ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਹਲਵਾਰਾ ਦੇ ਹਵਾਈ ਅੱਡੇ ਦਾ ਨਾਮ 'ਸਰਦਾਰ ਕਰਤਾਰ ਸਿੰਘ ਸਰਾਭਾ ਕੌਮਾਂਤਰੀ ਹਵਾਈ ਅੱਡਾ' ਉਤੇ ਰੱਖਣ ਬਾਰੇ ਕੋਈ ਤਜਵੀਜ਼ ਨਹੀਂ ਭੇਜੀ ਗਈ ਹੈ। ਕੇਂਦਰੀ ਮੰਤਰਾਲੇ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਹਵਾਈ ਅੱਡੇ ਦਾ ਨਾਂ ਉਸ ਸ਼ਹਿਰ ਦੇ ਨਾਮ 'ਤੇ ਰੱਖਿਆ ਜਾਂਦਾ ਹੈ, ਜਿੱਥੇ ਹਵਾਈ ਅੱਡਾ ਸਥਾਪਿਤ ਹੁੰਦਾ ਹੈ। ਜੇਕਰ ਸੂਬਾ ਸਰਕਾਰ ਕਿਸੇ ਖਾਸ ਹਸਤੀ ਦੇ ਨਾਮ 'ਤੇ ਹਵਾਈ ਅੱਡੇ ਦਾ ਨਾਂ ਰੱਖਣ ਦੀ ਇੱਛੁਕ ਹੁੰਦੀ ਹੈ ਤਾਂ ਇਸ ਬਾਰੇ ਰਾਜ ਵਿਧਾਨ ਸਭਾ 'ਚ ਮਤਾ ਪਾਸ ਕਰਨਾ ਪੈਂਦਾ ਹੈ।



ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਲਿਖਤੀ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਹਲਵਾਰਾ ਹਵਾਈ ਅੱਡੇ ਦੇ ਨਾਮਕਰਨ ਬਾਰੇ ਕੋਈ ਤਜਵੀਜ਼ ਕੇਂਦਰ ਸਰਕਾਰ ਨੂੰ ਨਹੀਂ ਭੇਜੀ ਹੈ। ਸੂਬਾ ਸਰਕਾਰ ਦੀ ਤਜਵੀਜ਼ ਮਗਰੋਂ ਸਬੰਧਤ ਕੇਂਦਰੀ ਮੰਤਰਾਲਿਆਂ ਨਾਲ ਮਸ਼ਵਰਾ ਕੀਤਾ ਜਾਂਦਾ ਹੈ ਅਤੇ ਆਖਰੀ ਪ੍ਰਵਾਨਗੀ ਵਾਸਤੇ ਮਾਮਲਾ ਕੇਂਦਰੀ ਕੈਬਨਿਟ ਕੋਲ ਭੇਜਿਆ ਜਾਂਦਾ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਮੁਹਾਲੀ ਦੇ ਹਵਾਈ ਅੱਡੇ ਦਾ ਨਾਮਕਰਨ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਕੀਤਾ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਕਿਹਾ ਸੀ ਕਿ ਉਹ ਇਸ ਸਬੰਧੀ ਲੋੜੀਂਦੀ ਪ੍ਰਕਿਰਿਆ ਪੂਰੀ ਕਰਨਗੇ। ਸੂਬੇ 'ਚ ਜਦੋਂ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠਲੀ ਸਰਕਾਰ ਸੀ ਤਾਂ ਉਦੋਂ ਹਲਵਾਰਾ ਹਵਾਈ ਅੱਡੇ ਦੀ ਉਸਾਰੀ ਵਾਸਤੇ ਚੋਣਾਂ ਤੋਂ ਐਨ ਪਹਿਲਾਂ ਫੰਡ ਜਾਰੀ ਕੀਤੇ ਗਏ ਸਨ ਪਰ ਨਵੀਂ ਸਰਕਾਰ ਨੇ ਇਕ ਵਾਰ ਫੰਡ ਰੋਕ ਲਏ ਸਨ ਜਿਸ ਕਰਕੇ ਹਵਾਈ ਅੱਡੇ ਦੀ ਉਸਾਰੀ ਰੁਕ ਗਈ ਸੀ। ਮਗਰੋਂ ਸਰਕਾਰ ਨੇ 49 ਕਰੋੜ ਰੁਪਏ ਜਾਰੀ ਕਰ ਦਿੱਤੇ ਸਨ। ਹਲਵਾਰਾ ਹਵਾਈ ਅੱਡਾ ਬਣਾਉਣ ਵਾਸਤੇ ਕਾਂਗਰਸ ਸਰਕਾਰ ਤੇ ਏਅਰਪੋਰਟ ਅਥਾਰਿਟੀ ਆਫ ਇੰਡੀਆ (ਏ.ਏ.ਆਈ.) ਦਰਮਿਆਨ 20 ਦਸੰਬਰ 2018 ਨੂੰ ਸਮਝੌਤਾ ਹੋਇਆ ਸੀ। ਸਾਂਝੀ ਭਾਈਵਾਲੀ ਤਹਿਤ ਏ.ਏ.ਆਈ. ਨੇ 51 ਫੀਸਦੀ ਅਤੇ ਪੰਜਾਬ ਸਰਕਾਰ ਨੇ 49 ਫੀਸਦੀ ਖਰਚਾ ਚੁੱਕਣਾ ਸੀ। ਮੁੱਖ ਸਕੱਤਰ ਪੰਜਾਬ ਅਤੇ ਏ.ਏ.ਆਈ. ਦੇ ਚੇਅਰਮੈਨ ਦੀ 5 ਜੂਨ 2020 ਨੂੰ ਇਕ ਮੀਟਿੰਗ ਹੋਈ ਸੀ ਜਿਸ ਵਿਚ 300 ਯਾਤਰੀਆਂ ਦੀ ਸਮਰੱਥਾ ਵਾਲੇ ਟਰਮੀਨਲ ਦੀ ਇਮਾਰਤ ਦੀ ਉਸਾਰੀ ਕੀਤੀ ਜਾਣੀ ਸੀ।

# ਸਪੇਨ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਸ੍ਰੀ ਮੁਕਤਸਰ ਸਾਹਿਬ:** ਰੋਜ਼ੀ ਰੋਟੀ ਕਮਾਉਣ ਲਈ ਸਪੇਨ ਗਏ ਮੁਕਤਸਰ ਨੇੜਲੇ ਪਿੰਡ ਬੱਲਮਗੜ੍ਹ ਦੇ ਨੌਜਵਾਨ ਸੰਦੀਪ ਸਿੰਘ ਮਾਨ (31) ਪੁੱਤਰ ਰਾਜਬੀਰ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਰਿਵਾਰ ਦੇ ਦੱਸਣ ਅਨੁਸਾਰ ਸੰਦੀਪ ਪਹਿਲਾਂ ਯੂਕਰੇਨ ਵਿਚ ਰਹਿ ਰਿਹਾ ਸੀ ਪਰ ਉਥੇ ਜੰਗ ਲੱਗਣ ਕਾਰਨ ਵਿਗੜੇ ਹਾਲਾਤ ਮਗਰੋਂ ਉਹ ਕੁਝ ਮਹੀਨੇ ਪਹਿਲਾਂ ਹੀ ਸਪੇਨ ਚਲਾ ਗਿਆ ਸੀ ਜਿੱਥੇ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਇਥੇ ਪੰਜਾਬ ਵਿਚ ਸੰਦੀਪ ਦੇ ਮਾਤਾ-ਪਿਤਾ ਤੇ ਇਕ ਭਰਾ ਰਹਿੰਦਾ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਵੱਲੋਂ ਪੰਜਾਬ ਸਰਕਾਰ ਤੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਗਈ ਹੈ ਕਿ ਸੰਦੀਪ ਸਿੰਘ ਦੀ ਲਾਸ਼ ਨੂੰ ਜਲਦ ਤੋਂ ਜਲਦ ਭਾਰਤ ਲਿਆਉਣ ਵਿਚ ਮਦਦ ਕੀਤੀ ਜਾਵੇ ਤਾਂ ਕਿ ਪਰਿਵਾਰਕ ਮੈਂਬਰ ਉਸ ਦੀਆਂ ਅੰਤਿਮ ਰਸਮਾਂ ਨਿਭਾਅ ਸਕਣ।

# ਸਰਹੱਦਾਂ ਦੀ ਰਾਖੀ ਸੂਬਿਆਂ ਦੀ ਵੀ ਜ਼ਿੰਮੇਵਾਰੀ: ਅਮਿਤ ਸ਼ਾਹ

**ਕੋਲਕਾਤਾ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੂਰਬੀ ਜ਼ੋਨ ਕੌਂਸਲ ਦੀ ਮੀਟਿੰਗ 'ਚ ਮੁੱਖ ਮੰਤਰੀਆਂ ਨੂੰ ਸੰਕੇਤ ਦਿੱਤਾ ਕਿ ਭਾਰਤ ਦੇ ਸਰਹੱਦੀ ਇਲਾਕਿਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਬੀ.ਐਸ.ਐਫ. ਦੇ ਨਾਲ ਰਾਜਾਂ ਦੀ ਵੀ ਹੈ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸ਼ਾਹ ਦੀ ਪ੍ਰਧਾਨਗੀ ਹੇਠ ਇਥੇ ਪੱਛਮੀ ਬੰਗਾਲ ਸਕੱਤਰੇਤ 'ਚ ਹੋਈ 25ਵੀਂ ਪੂਰਬੀ ਜ਼ੋਨਲ ਕੌਂਸਲ (ਈ.ਜੈਡ.ਸੀ.) ਦੀ ਮੀਟਿੰਗ 'ਚ ਗੈਰਕਾਨੂੰਨੀ ਘੁਸਪੈਠ, ਸਰਹੱਦ ਪਾਰੋਂ ਤਸਕਰੀ ਤੇ ਸੰਵੇਦਨਸ਼ੀਲ ਭਾਰਤ-ਬੰਗਲਾਦੇਸ਼ ਸਰਹੱਦ ਬਾਰੇ ਚਰਚਾ ਹੋਈ।

ਮੀਟਿੰਗ ਦੌਰਾਨ ਸੂਬਿਆਂ ਵਿਚਾਲੇ ਪਾਣੀਆਂ ਦੀ ਵੰਡ ਤੇ ਟਰਾਂਸਪੋਰਟ ਸਹੂਲਤਾਂ ਬਾਰੇ ਵੀ ਚਰਚਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਮੀਟਿੰਗ 'ਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ, ਬਿਹਾਰ ਦੇ ਡਿਪਟੀ ਮੁੱਖ ਮੰਤਰੀ ਤੇਜਸਵੀ ਯਾਦਵ ਤੇ ਉੜੀਸਾ ਦੇ ਮੰਤਰੀ ਪ੍ਰਦੀਪ ਆਮਤ ਹਾਜ਼ਰ ਸਨ। ਸੂਤਰਾਂ ਅਨੁਸਾਰ ਸਾਲ ਦੀ ਸ਼ੁਰੂਆਤ 'ਚ ਬੀ.ਐਸ.ਐਫ. ਦੇ ਅਧਿਕਾਰ ਖੇਤਰ 'ਚ ਵਾਧੇ ਦੇ ਮੱਦੇਨਜ਼ਰ ਉਸ ਦੀ ਭੂਮਿਕਾ 'ਤੇ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਝਾਰਖੰਡ-ਉੜੀਸਾ ਤੇ ਬੰਗਾਲ 'ਚ ਮਾਓਵਾਦੀ ਗਤੀਵਿਧੀਆਂ ਮੁੜ ਸ਼ੁਰੂ ਹੋਣ ਬਾਰੇ ਵੀ ਚਰਚਾ ਹੋਈ।

# ਹੁਣ ਫੰਡਾਂ ਦੀ ਤੰਗੀ ਨਾਲ ਘੁਲਣ ਲੱਗੇ 'ਆਪ' ਵਜ਼ੀਰ

**ਚੰਡੀਗੜ੍ਹ:** ਚਾਲੂ ਵਿੱਤੀ ਵਰ੍ਹੇ ਦੇ ਸਿਰਫ ਸਾਢੇ ਤਿੰਨ ਮਹੀਨੇ ਬਚੇ ਹਨ ਤੇ ਪੰਜਾਬ ਦੇ ਵਜ਼ੀਰਾਂ ਦਾ ਅਖ਼ਤਿਆਰੀ ਕੋਟੇ ਦਾ ਖ਼ਜ਼ਾਨਾ ਖਾਲੀ ਹੈ। ਉਪਰੋਂ ਪੰਜਾਬ ਸਰਕਾਰ ਹੁਣ ਵਜ਼ੀਰਾਂ ਦੇ ਅਖ਼ਤਿਆਰੀ ਫੰਡਾਂ 'ਤੇ ਕੱਟ ਲਾਉਣ ਦੇ ਰਾਹ ਪੈ ਗਈ ਹੈ।



'ਆਪ' ਸਰਕਾਰ ਦੇ ਬਹੁਤੇ ਵਜ਼ੀਰਾਂ ਨੂੰ ਜਨਤਕ ਸਮਾਗਮਾਂ ਵਿਚ ਸ਼ਰਮਿੰਦਗੀ ਝੱਲਣੀ ਪੈ ਰਹੀ ਹੈ ਕਿਉਂਕਿ ਉਨ੍ਹਾਂ ਕੋਲ ਫੰਡ ਦੇਣ ਵਾਲਾ ਬੋਝਾ ਤਾਂ ਖਾਲੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਆਪਣੇ ਅਖ਼ਤਿਆਰੀ ਕੋਟੇ ਦੇ ਫੰਡਾਂ ਦਾ ਮਹੂਰਤ ਨਹੀਂ ਕੀਤਾ ਹੈ। ਇਕ ਕੈਬਨਿਟ ਮੰਤਰੀ ਨੇ ਆਪਣਾ ਮਨ ਖੋਲ੍ਹਿਆ 'ਸਾਡੇ ਕੋਲ ਤਾਂ ਇਸ ਵੇਲੇ ਲੋਕਾਂ ਨੂੰ ਦੇਣ ਲਈ ਸਿਰਫ ਗੱਲਾਂ ਹੀ ਨੇ।' ਸਰਕਾਰ ਨੇ ਜੇਕਰ ਅਖ਼ਤਿਆਰੀ ਕੋਟੇ ਦੇ ਫੰਡ ਜਾਰੀ ਨਾ ਕੀਤੇ ਤਾਂ ਇਹ 31 ਮਾਰਚ ਨੂੰ ਲੈਪਸ ਹੋ ਜਾਣਗੇ।

ਇਕ ਵਜ਼ੀਰ ਦਾ ਦਰਦ ਸੀ ਕਿ ਹਾਈਕਮਾਨ ਨੇ ਵਜ਼ੀਰਾਂ 'ਤੇ ਬਿਆਨ ਜਾਰੀ ਕਰਨ ਦੀ ਵੀ ਇਕ ਤਰੀਕੇ ਨਾਲ ਪਾਬੰਦੀ ਲਗਾ ਰੱਖੀ ਹੈ ਅਤੇ ਨਾ ਹੀ ਹੁਣ ਉਨ੍ਹਾਂ ਕੋਲ ਸਮਾਗਮਾਂ ਵਿਚ ਵੰਡਣ ਲਈ ਫੰਡ ਹਨ। ਸਿਰਫ ਇਕ ਝੰਡੀ ਵਾਲੀ ਕਾਰ ਹੈ ਅਤੇ ਦੂਸਰਾ ਗੰਨਮੈਨ। ਬਹੁਤੇ ਵਜ਼ੀਰ ਇਸ ਗੱਲੋਂ ਔਖ 'ਚ ਹਨ ਕਿ ਉਹ ਕਿਹੜੇ ਮੂੰਹ ਨਾਲ ਸਮਾਗਮਾਂ ਵਿਚ ਜਾਣ। ਸੂਬੇ 'ਚ ਵਜ਼ੀਰਾਂ ਨੂੰ ਅਖ਼ਤਿਆਰੀ ਕੋਟੇ ਤਹਿਤ ਪਹਿਲਾਂ ਤਿੰਨ ਕਰੋੜ ਰੁਪਏ ਸਾਲਾਨਾ ਮਿਲਦੇ ਸਨ ਅਤੇ ਚੰਨੀ ਸਰਕਾਰ ਨੇ ਇਹ ਫੰਡ ਵਧਾ ਕੇ ਪੰਜ ਕਰੋੜ ਰੁਪਏ ਸਾਲਾਨਾ ਕਰ ਦਿੱਤੇ ਸਨ। ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਮੁੱਖ ਮੰਤਰੀ ਦਾ ਅਖ਼ਤਿਆਰੀ ਕੋਟਾ 10 ਕਰੋੜ ਤੋਂ ਵਧਾ ਕੇ 50 ਕਰੋੜ ਰੁਪਏ ਸਾਲਾਨਾ ਕਰ ਦਿੱਤਾ ਸੀ। ਜਿਉਂ ਹੀ ਚਰਨਜੀਤ ਚੰਨੀ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਤਾਂ ਉਨ੍ਹਾਂ ਪਹਿਲਾਂ ਮੁੱਖ ਮੰਤਰੀ ਦਾ ਅਖ਼ਤਿਆਰੀ ਕੋਟਾ 50 ਕਰੋੜ ਤੋਂ ਵਧਾ ਕੇ 100 ਕਰੋੜ ਅਤੇ ਫਿਰ ਨਵਾਂ ਨੋਟੀਫਿਕੇਸ਼ਨ ਜਾਰੀ ਕਰਕੇ ਇਹ ਕੋਟਾ 150 ਕਰੋੜ ਰੁਪਏ ਸਾਲਾਨਾ ਕਰ ਦਿੱਤਾ ਸੀ। ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਚੰਨੀ ਨੇ ਇਹ ਕੋਟਾ 150 ਕਰੋੜ ਤੋਂ ਵਧਾ ਕੇ 200 ਕਰੋੜ ਰੁਪਏ ਸਾਲਾਨਾ ਕਰ ਦਿੱਤਾ ਸੀ। ਜਦੋਂ ਵਿਧਾਨ ਸਭਾ ਚੋਣਾਂ ਸਿਰ 'ਤੇ ਸਨ ਤਾਂ ਚੰਨੀ ਨੇ ਆਪਣੇ ਅਖ਼ਤਿਆਰੀ ਕੋਟੇ 'ਚੋਂ 81.51 ਕਰੋੜ ਰੁਪਏ ਦੇ ਫੰਡ ਵੰਡੇ ਸਨ। ਤਤਕਾਲੀ ਵਜ਼ੀਰਾਂ ਵੱਲੋਂ ਵੰਡੇ ਗਏ ਬਹੁਤੇ ਫੰਡ ਚੋਣ ਜ਼ਾਬਤੇ ਦੀ ਭੇਟ ਚੜ੍ਹ ਗਏ ਸਨ। ਸੂਤਰਾਂ ਅਨੁਸਾਰ 'ਆਪ' ਸਰਕਾਰ ਵਜ਼ੀਰਾਂ ਅਤੇ ਮੁੱਖ ਮੰਤਰੀ ਦੇ ਅਖ਼ਤਿਆਰੀ ਕੋਟੇ ਵਿਚ ਕਟੌਤੀ ਕਰਨ ਬਾਰੇ ਫੈਸਲੇ ਲੈਣ ਦੇ ਰਾਹ 'ਤੇ ਹੈ। ਇਹ ਫੈਸਲਾ ਸਿਰੇ ਚੜ੍ਹਦਾ ਹੈ ਤਾਂ ਵਜ਼ੀਰਾਂ ਕੋਲ ਸੰਸਥਾਵਾਂ ਨੂੰ ਦੇਣ ਲਈ ਫੰਡਾਂ ਦੀ ਤੋਟ ਪੈ ਜਾਣੀ ਹੈ।

## ਜ਼ਹਿਰੀਲੀ ਸ਼ਰਾਬ ਕਾਰਨ ਮੱਧ ਪ੍ਰਦੇਸ਼, ਕਰਨਾਟਕ ਤੇ ਪੰਜਾਬ 'ਚ ਵੱਧ ਮੌਤਾਂ

**ਨਵੀਂ ਦਿੱਲੀ:** ਭਾਰਤ ਵਿਚ ਪਿਛਲੇ 6 ਸਾਲਾਂ ਵਿਚ ਜ਼ਹਿਰੀਲੀ ਸ਼ਰਾਬ ਕਾਰਨ ਤਕਰੀਬਨ 7,000 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਸਭ ਤੋਂ ਵੱਧ ਮੌਤਾਂ ਮੱਧ ਪ੍ਰਦੇਸ਼, ਕਰਨਾਟਕ ਤੇ ਪੰਜਾਬ ਵਿਚ ਦਰਜ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਤੋਂ ਮਿਲੀ ਹੈ।

ਸਾਲ 2021 ਵਿਚ ਦੇਸ਼ ਭਰ ਵਿਚ ਜ਼ਹਿਰੀਲੀ ਸ਼ਰਾਬ ਨਾਲ ਸਬੰਧਤ 708 ਘਟਨਾਵਾਂ ਵਿਚ 782 ਵਿਅਕਤੀਆਂ ਦੀ ਮੌਤ ਹੋਈ। ਇਸ ਸਮੇਂ ਦੌਰਾਨ ਉਤਰ ਪ੍ਰਦੇਸ਼ ਵਿਚ ਸਭ ਤੋਂ ਵੱਧ 137, ਪੰਜਾਬ ਵਿਚ 127 ਅਤੇ ਮੱਧ ਪ੍ਰਦੇਸ਼ ਵਿਚ 108 ਮੌਤਾਂ ਹੋਈਆਂ। ਅੰਕੜਿਆਂ ਅਨੁਸਾਰ 2016 ਤੋਂ 2021 ਦਰਮਿਆਨ ਸਭ ਤੋਂ ਵੱਧ 1,322 ਮੌਤਾਂ ਮੱਧ ਪ੍ਰਦੇਸ਼ ਵਿਚ ਹੋਈਆਂ, ਇਸ ਤੋਂ ਬਾਅਦ ਕਰਨਾਟਕ ਵਿਚ 1,013 ਤੇ ਪੰਜਾਬ ਵਿਚ 852 ਮੌਤਾਂ ਦੌਰਾਨ ਹੋਈਆਂ।

## ਬਾਗੀਆਂ ਨਾਲ ਨਰਮੀ ਵਰਤਨ ਦੇ ਰੌਂਅ 'ਚ ਬਾਦਲ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਜਥੇਬੰਦੀ ਦਾ ਵਿਸਥਾਰ ਕਰਦਿਆਂ 10 ਸੀਨੀਅਰ ਆਗੂਆਂ ਨੂੰ ਪਾਰਟੀ ਪ੍ਰਧਾਨ ਦੇ ਸਲਾਹਕਾਰ ਬੋਰਡ ਦਾ ਮੈਂਬਰ ਤੇ 19 ਸੀਨੀਅਰ ਆਗੂਆਂ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਬਣਾਉਣ ਦਾ ਐਲਾਨ ਕੀਤਾ ਹੈ। ਤਾਜ਼ਾ ਨਿਯੁਕਤੀਆਂ ਵਿਚ ਕਈ ਅਜਿਹੇ ਆਗੂਆਂ ਨੂੰ ਵੀ ਥਾਂ ਦਿੱਤੀ ਗਈ ਹੈ, ਜਿਨ੍ਹਾਂ ਦੇ ਨਾਮ ਅਕਾਲੀ ਦਲ ਵਿਚੋਂ ਕੱਢੇ ਗਏ ਆਗੂ ਜਗਮੀਤ ਸਿੰਘ ਬਰਾੜ ਵੱਲੋਂ ਆਪਣੀ ਤਾਲਮੇਲ ਕਮੇਟੀ ਵਿਚ ਸ਼ਾਮਲ ਕੀਤੇ ਗਏ ਸਨ। ਤਾਜ਼ਾ ਕੀਤੀਆਂ ਨਿਯੁਕਤੀਆਂ ਵਿਚ ਬਾਗੀ ਚੱਲੇ ਆ ਰਹੇ ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੂੰ ਵੀ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ ਹੈ। ਪਾਰਟੀ ਪ੍ਰਧਾਨ ਦੇ ਸਲਾਹਕਾਰ ਬੋਰਡ ਵਿੱਚ ਗੋਬਿੰਦ ਸਿੰਘ ਲੌਂਗੋਵਾਲ, ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਅਲਵਿੰਦਰਪਾਲ ਸਿੰਘ ਪੱਖੋਕੇ, ਕੈਪਟਨ ਬਲਬੀਰ ਸਿੰਘ ਬਾਠ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਜਥੇਦਾਰ ਉਜਾਗਰ ਸਿੰਘ ਬਡਾਲੀ, ਬਲਬੀਰ ਸਿੰਘ ਮਿਆਣੀ, ਹਰਚਰਨ ਸਿੰਘ ਗੋਹਲਵੜੀਆ ਅਤੇ ਭਾਈ ਰਾਮ ਸਿੰਘ ਦੇ ਨਾਮ ਸ਼ਾਮਲ ਹਨ।

ਪਾਰਟੀ ਵੱਲੋਂ ਨਿਯੁਕਤ ਕੀਤੇ ਸੀਨੀਅਰ ਮੀਤ ਪ੍ਰਧਾਨਾਂ ਵਿਚ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜੀਤਮਹਿੰਦਰ ਸਿੰਘ ਸਿੱਧੂ, ਮਨਪ੍ਰੀਤ ਸਿੰਘ ਇਯਾਲੀ, ਸੋਹਣ ਸਿੰਘ ਠੰਡਲ, ਹਰਮੀਤ ਸਿੰਘ ਸੰਧੂ, ਮਨਤਾਰ ਸਿੰਘ ਬਰਾੜ, ਜਗਬੀਰ ਸਿੰਘ ਬਰਾੜ, ਗਗਨਜੀਤ ਸਿੰਘ ਬਰਨਾਲਾ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਸੁਰਿੰਦਰ ਸਿੰਘ ਭੂਲੇਵਾਲ ਰਾਠਾਂ, ਹਰਪ੍ਰੀਤ ਸਿੰਘ ਕੋਟਭਾਈ, ਹਰੀਸ਼ ਰਾਏ ਢਾਂਡਾ, ਡਾ. ਮਹਿੰਦਰ ਕੁਮਾਰ ਰਿਣਵਾਂ, ਹੰਸ ਰਾਜ ਜੋਸ਼ਨ, ਐੱਸਆਰ ਕਲੇਰ, ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ, ਦਰਸ਼ਨ ਸਿੰਘ ਸ਼ਿਵਾਲਿਕ, ਬੀਬੀ ਗੁਰਦੇਵ ਕੌਰ ਸੰਘਾ ਅਤੇ ਹਰਭਜਨ ਸਿੰਘ ਡੰਗ ਦੇ ਨਾਮ ਸ਼ਾਮਲ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜੁਲਾਈ ਮਹੀਨੇ ਦੌਰਾਨ ਪਾਰਟੀ ਦਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਸੀ। ਨਵੇਂ ਗਠਿਤ ਕੀਤੇ ਜਾ ਰਹੇ ਜਥੇਬੰਦਕ ਢਾਂਚੇ ਵਿਚ ਬਾਦਲ ਪਰਿਵਾਰ ਦੇ ਕਰੀਬੀ ਰਿਸ਼ਤੇਦਾਰਾਂ ਨੂੰ ਵੀ ਨਿਯੁਕਤੀਆਂ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਚ ਬਿਕਰਮ ਸਿੰਘ ਮਜੀਠੀਆ ਨੂੰ ਕੋਰ ਕਮੇਟੀ ਮੈਂਬਰ ਅਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਹੈ।

## ਪੰਜਾਬ ਭਰ ਵਿਚ ਹੋਣਗੇ ਸੁਖਬੀਰ ਬਾਦਲ ਦੇ ਦੌਰੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਜਥੇਬੰਦਕ ਢਾਂਚੇ ਦੇ ਗਠਨ ਤੋਂ ਬਾਅਦ ਕੋਰ ਕਮੇਟੀ ਦੀ ਪਲੇਠੀ ਮੀਟਿੰਗ ਕੀਤੀ ਗਈ। ਇਸ ਮੌਕੇ ਪੰਜਾਬ ਵਿਚ ਕਾਨੂੰਨ ਵਿਵਸਥਾ ਮੁਕੰਮਲ ਤੌਰ 'ਤੇ ਢਹਿ-ਢੇਰੀ ਹੋਣ ਦੇ ਦੋਸ਼ ਲਾਉਂਦਿਆਂ ਸੁਖਬੀਰ ਸਿੰਘ ਬਾਦਲ ਨੇ ਸਾਰੇ ਜ਼ਿਲ੍ਹਿਆਂ ਦਾ ਦੌਰਾ ਕਰਨ ਦਾ ਐਲਾਨ ਕੀਤਾ ਹੈ।

ਸੁਖਬੀਰ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪਾਰਟੀ ਆਗੂਆਂ ਨੇ ਸੂਬੇ ਦੀ ਕਾਨੂੰਨ ਵਿਵਸਥਾ ਬਾਰੇ ਚਰਚਾ ਕੀਤੀ। ਅਕਾਲੀ ਦਲ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਖਾਸ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਵਿਚ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਕਾਇਮ ਰੱਖਣ ਦੀ ਆਪਣੀ ਨੈਤਿਕ ਤੇ ਸੰਵਿਧਾਨਕ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ। ਸ੍ਰੀ ਬਾਦਲ ਨੇ ਕਿਹਾ ਕਿ ਸੂਬੇ ਦੀ ਵਾਗਡੋਰ ਗੈਂਗਸਟਰਾਂ ਦੇ ਹੱਥ ਦੇ ਦਿੱਤੀ ਗਈ ਹੈ ਤੇ ਮੰਤਰੀ ਸਿਰਫ ਜਨਤਕ ਸਮਾਗਮਾਂ ਦੀਆਂ ਰਸਮਾਂ ਨਿਭਾਉਣ ਜੋਗੇ ਹੀ ਰਹਿ ਗਏ ਹਨ। ਪੁਲਿਸ ਤੇ ਅਫਸਰਸ਼ਾਹੀ ਵੱਖਰੇ ਹੀ ਵਹਿਣ ਵਿਚ ਹੈ। ਉਨ੍ਹਾਂ ਕਿਹਾ ਕਿ ਸਾਰੇ ਪੰਜਾਬੀ ਆਪਣੀ ਜਾਨ-ਮਾਲ ਦੀ ਰਾਖੀ ਨੂੰ ਲੈ ਕੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਮੀਟਿੰਗ ਉਪਰੰਤ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੀਟਿੰਗ ਵਿਚ ਚਾਰ ਸਾਹਿਬਜ਼ਾਦਿਆਂ ਅਤੇ ਕੌਮ ਦੇ ਹੋਰ ਬੇਖ਼ੌਫ਼ ਜੰਗਜੂਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

## ਸੀਤ ਲਹਿਰ ਤੇ ਸੰਘਣੀ ਧੁੰਦ ਨੇ ਪੰਜਾਬ 'ਚ ਕੰਬਣੀ ਛੇੜੀ



**ਚੰਡੀਗੜ੍ਹ:** ਪੋਹ ਦਾ ਮਹੀਨਾ ਚੜ੍ਹਨ ਨਾਲ ਹੀ ਪੰਜਾਬ ਵਿਚ ਠੰਢ ਅਤੇ ਧੁੰਦ ਨੇ ਜ਼ੋਰ ਫੜ ਲਿਆ ਹੈ। ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਸੰਘਣੀ ਧੁੰਦ ਕਾਰਨ ਜਨ-ਜੀਵਨ 'ਤੇ ਮਾੜਾ ਅਸਰ ਪਿਆ ਹੈ। ਧੁੰਦ ਕਾਰਨ ਲੋਕਾਂ ਨੂੰ ਸੜਕਾਂ 'ਤੇ ਵਾਹਨ ਚਲਾਉਣ ਸਮੇਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਸੜਕਾਂ 'ਤੇ 100 ਮੀਟਰ ਤੋਂ ਅੱਗੇ ਕੁਝ ਦਿਖਾਈ ਨਹੀਂ ਦੇ ਰਿਹਾ ਸੀ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸੂਬੇ ਵਿਚ ਤਾਪਮਾਨ ਹੇਠਾਂ ਡਿੱਗਦਾ ਜਾ ਰਿਹਾ ਹੈ ਤੇ ਹਫਤਾ ਭਰ ਸੰਘਣੀ ਧੁੰਦ ਪੈਣ ਅਤੇ ਸੀਤ ਲਹਿਰ ਚੱਲਣ ਦੇ ਆਸਾਰ ਹਨ।

ਮੌਸਮ ਵਿਗਿਆਨੀਆਂ ਅਨੁਸਾਰ ਮਾਝਾ, ਮਾਲਵਾ ਅਤੇ ਦੋਆਬਾ ਖੇਤਰ ਵਿਚ ਸੰਘਣੀ ਧੁੰਦ ਦੇ ਨਾਲ ਸ਼ੀਤ ਲਹਿਰ ਜਾਰੀ ਰਹਿਣ ਦੇ ਆਸਾਰ ਹਨ। ਚੰਡੀਗੜ੍ਹ ਸਣੇ ਉੱਤਰੀ ਹਰਿਆਣਾ ਦੇ ਸ਼ਹਿਰ ਪੰਚਕੂਲਾ, ਅੰਬਾਲਾ, ਯਮੁਨਾਨਗਰ, ਕੁਰੂਕਸ਼ੇਤਰ, ਕੈਥਲ ਅਤੇ ਕਰਨਾਲ ਵਿਚ ਵੀ ਸੰਘਣੀ ਧੁੰਦ ਪਏਗੀ ਜਦੋਂਕਿ ਹੋਰ ਇਲਾਕੇ ਸਾਫ ਰਹਿ ਸਕਦੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਪ੍ਰਦੂਸ਼ਣ ਕਾਰਨ ਹਵਾ ਦੀ ਕੁਆਲਿਟੀ 'ਬਹੁਤ ਮਾੜੀ' ਸ਼੍ਰੇਣੀ ਵਿਚ ਦਰਜ ਕੀਤੀ ਗਈ ਅਤੇ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 322 ਨੋਟ ਕੀਤਾ ਗਿਆ। ਇਸੇ ਦੌਰਾਨ ਨੋਇਡਾ ਵਿਚ ਏਕਿਊਆਈ 348 ਦਰਜ ਕੀਤਾ ਗਿਆ। ਲੋਧੀ ਰੋਡ ਤੇ ਮਥੁਰਾ ਰੋਡ ਇਲਾਕੇ ਵਿੱਚ ਵੀ ਹਵਾ ਦੀ ਕੁਆਲਿਟੀ 'ਬਹੁਤ ਮਾੜੀ' ਰਹੀ ਅਤੇ ਏਕਿਊਆਈ 306 ਅਤੇ 390 ਦਰਜ ਕੀਤਾ ਗਿਆ।

# ਪੰਜਾਬ 'ਚ ਅਪਰਾਧਿਕ ਘਟਨਾਵਾਂ ਆਪ ਸਰਕਾਰ ਲਈ ਸਿਰਦਰਦੀ ਬਣੀਆਂ

**ਚੰਡੀਗੜ੍ਹ:** ਪੰਜਾਬ ਵਿਚ ਅਪਰਾਧਿਕ ਘਟਨਾਵਾਂ ਵਿਚ ਵਾਧਾ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਸਿਰਦਰਦੀ ਬਣ ਗਿਆ ਹੈ। ਵਿਰੋਧੀ ਧਿਰਾਂ ਨੇ ਇਸ ਮੁੱਦੇ ਉਤੇ ਸਰਕਾਰ ਨੂੰ ਲਾਜਵਾਬ ਕੀਤਾ ਹੋਇਆ ਹੈ। ਭਾਜਪਾ ਦੀ ਕੌਮੀ ਕਾਰਜਕਰਨੀ ਦੇ ਮੈਂਬਰ ਸੁਨੀਲ ਜਾਖੜ ਨੇ 'ਆਪ' ਸਰਕਾਰ ਦੀ ਨੌਂ ਮਹੀਨਿਆਂ ਦੀ ਕਾਰਗੁਜ਼ਾਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ 'ਆਪ' ਸਰਕਾਰ ਨੂੰ ਹਕੂਮਤ ਨਹੀਂ ਕਰਨੀ ਆਉਂਦੀ ਤੇ ਨਾ ਹੀ ਇਨ੍ਹਾਂ ਦੀ ਲੀਡਰਸ਼ਿਪ ਵਿਚ ਇੱਛਾ ਸ਼ਕਤੀ ਹੈ।

ਪੰਜਾਬ ਇਸ ਵੇਲੇ ਸਰਕਾਰ ਤੋਂ ਵਾਂਝਾ ਹੈ ਤੇ ਭਗਵੰਤ ਮਾਨ ਦੇ ਹੱਥ ਹਕੂਮਤ ਦੀ ਵਾਗਡੋਰ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਆਪਣੀ ਹਾਈਕਮਾਨ ਅੱਗੇ ਹਥਿਆਰ ਸੁੱਟ ਦਿੱਤੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਗਈ ਹੈ ਤੇ ਸੂਬੇ ਅੱਗੇ ਨਵੀਆਂ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ 'ਆਪ' ਦੀ ਦਿੱਲੀ ਲੀਡਰਸ਼ਿਪ ਹੀ ਪੰਜਾਬ ਨੂੰ ਚਲਾ ਰਹੀ ਹੈ ਅਤੇ ਇਹ ਲੀਡਰਸ਼ਿਪ ਪੰਜਾਬੀਆਂ ਦੀ ਮੂਲ ਭਾਵਨਾ ਨੂੰ ਸਮਝਣ ਤੋਂ ਅਸਮਰਥ ਹੈ। ਪੰਜਾਬ ਦੀ ਹਮੇਸ਼ਾ ਲੜਾਈ ਦਿੱਲੀ ਨਾਲ ਰਹੀ ਹੈ ਪਰ ਪੰਜਾਬੀ ਕਿਸੇ ਬਾਹਰਲੀ ਲੀਡਰਸ਼ਿਪ ਦੀ ਧੌਂਸ ਨੂੰ ਬਰਦਾਸ਼ਤ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸੂਬੇ ਦੇ ਪੱਖ 'ਚ ਸਟੈਂਡ ਨਹੀਂ ਲੈ ਰਹੇ।

ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਕਿਸੇ ਵੀ ਸੱਤਾਧਾਰੀ ਸਿਆਸੀ ਪਾਰਟੀ ਨੇ ਸਮੇਂ ਤੋਂ ਪਹਿਲਾਂ ਲੋਕਾਂ ਦਾ ਭਰੋਸਾ ਇਸ ਤਰ੍ਹਾਂ ਨਹੀਂ ਗੁਆਇਆ ਜਿਵੇਂ 'ਆਪ' ਨੇ ਗੁਆਇਆ। ਬਾਜਵਾ ਨੇ ਕਿਹਾ ਕਿ ਸਰਕਾਰ ਬਣਨ ਦੇ ਨੌਂ ਮਹੀਨਿਆਂ ਦੇ ਅੰਦਰ ਹੀ ਲੋਕਾਂ ਦਾ ਭਰੋਸਾ 'ਆਪ' ਸਰਕਾਰ ਤੋਂ ਉਠ ਗਿਆ ਹੈ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਮੂੰਗੀ ਦਾਲ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੇ ਦਿੱਤੇ ਭਰੋਸੇ ਤੋਂ ਬਾਅਦ ਕਿਸਾਨਾਂ ਨੇ ਸੈਂਕੜੇ ਏਕੜ ਜ਼ਮੀਨ ਮੂੰਗੀ ਦੀ ਕਾਸ਼ਤ ਹੇਠ ਲਿਆਂਦੀ ਪਰ ਕੁੱਲ ਉਪਜ ਦਾ ਸਿਰਫ 10 ਫੀਸਦੀ ਹੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਿਆ ਗਿਆ। ਪ੍ਰਤਾਪ ਸਿੰਘ ਬਾਜਵਾ ਨੇ ਸਰਾਬ ਦੀ ਡਿਸਟਿਲਰੀ ਦੇ ਬਾਹਰ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਦੀ ਬੇਰਹਿਮੀ ਨਾਲ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਕਹਿਣਾ ਸੀ ਕਿ 'ਆਪ' ਦੇ ਨੌਂ ਮਹੀਨਿਆਂ ਦੇ ਰਾਜ ਦੌਰਾਨ ਸੂਬੇ ਵਿਚ ਡਰ ਦਾ ਮਾਹੌਲ ਬਣ ਗਿਆ ਹੈ ਅਤੇ ਵਪਾਰੀ ਤੇ ਕਾਰੋਬਾਰੀ ਲੋਕ ਸਹਿਮੇ ਹੋਏ ਹਨ। ਉਨ੍ਹਾਂ ਕਿਹਾ ਕਿ ਫਿਰੌਤੀਆਂ ਦੇ ਧੰਦੇ ਕਰ ਕੇ ਪੰਜਾਬ ਵਿਚ ਮਾਹੌਲ ਸਾਜ਼ਗਾਰ ਨਹੀਂ ਰਿਹਾ ਹੈ, ਜਿਸ ਦਾ ਸਿੱਧਾ ਸੂਬੇ ਦੀ ਤਰੱਕੀ 'ਤੇ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਵਧ ਗਿਆ ਹੈ ਅਤੇ ਰਿਸ਼ਵਤਖੋਰੀ ਜ਼ੋਰਾਂ 'ਤੇ ਚੱਲ ਪਈ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟ ਅਫਸਰ ਅੱਗੇ ਆ ਗਏ ਹਨ ਅਤੇ ਇਮਾਨਦਾਰ ਅਧਿਕਾਰੀ ਪੋਸਟਿੰਗ ਲੈਣ ਤੋਂ ਵੀ ਟਾਲਾ ਵੱਟਣ ਲੱਗੇ ਹਨ।

### ਵਿਰੋਧੀ ਧਿਰਾਂ ਦੇ ਸਵਾਲਾਂ ਨੇ ਸਰਕਾਰ ਨੂੰ ਲਾਜਵਾਬ ਕੀਤਾ



### ਮਾਹੌਲ ਖਰਾਬ ਕਰਨਾ ਚਾਹੁੰਦੀਆਂ ਵਿਰੋਧੀ ਤਾਕਤਾਂ: ਵੜਿੰਗ

**ਖਰੜ:** ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਦਿਨੋ-ਦਿਨ ਵਿਗੜ ਰਹੀ ਹੈ ਤੇ ਸੁਰੱਖਿਆ ਗਾਰਡ ਰੱਖਣ ਵਾਲਿਆਂ ਦੇ ਵੀ ਸ਼ਰੇਆਮ ਕਤਲ ਹੋ ਰਹੇ ਹਨ। ਸ੍ਰੀ ਵੜਿੰਗ ਨੇ ਕਿਹਾ ਕਿ ਇਹ ਇਕ ਸੋਚੀ ਸਮਝੀ ਸਾਜ਼ਿਸ਼ ਹੈ, ਜਿਸ ਤਹਿਤ ਸੂਬੇ ਦੇ ਹਾਲਾਤ ਵਿਗਾੜ ਕੇ ਇਥੇ ਗਵਰਨਰੀ ਰਾਜ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ 'ਆਪ' ਸਰਕਾਰ ਜ਼ਾਹਿਰ ਤੌਰ 'ਤੇ ਇਨ੍ਹਾਂ ਵਿਗੜ ਰਹੇ ਹਾਲਾਤ ਨੂੰ ਕਾਬੂ ਕਰਨ ਵਿਚ ਫੇਲ੍ਹ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਹੁਣ ਸਭ ਤੋਂ ਵੱਧ ਖਤਰਾ ਅੰਦਰਲੀਆਂ ਵਿਰੋਧੀ ਸ਼ਕਤੀਆਂ ਤੋਂ ਹੈ, ਜੋ ਆਪਣੇ ਸਵਾਰਥ ਲਈ ਸੂਬੇ ਦੇ ਹਾਲਾਤ ਵਿਗੜਨ ਦਾ ਯਤਨ ਕਰ ਰਹੀਆਂ ਹਨ।

### ਗੈਂਗਸਟਰਾਂ ਤੋਂ ਬਚਾਅ ਲਈ ਲੋਕ ਪਾਰਟੀਬਾਜ਼ੀ ਤੋਂ ਉਪਰ ਉੱਠਣ: ਸੁਖਬੀਰ

**ਚੰਡੀਗੜ੍ਹ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ 'ਆਪ' ਸਰਕਾਰ ਨੂੰ ਗੈਂਗਸਟਰਾਂ ਖ਼ਿਲਾਫ਼ ਕਾਰਵਾਈ ਲਈ ਮਜਬੂਰ ਕਰਨ ਲਈ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਕਜੁੱਟ ਹੋਣ ਕਿਉਂਕਿ ਗੈਂਗਸਟਰਾਂ ਨੇ ਪੰਜਾਬ ਦੀ ਸ਼ਾਂਤੀ ਭੰਗ ਕਰ ਦਿੱਤੀ ਹੈ ਅਤੇ ਆਮ ਆਦਮੀ ਦਾ ਜਿਊਣਾ ਮੁਹਾਲ ਹੋ ਗਿਆ ਹੈ। ਗਿੱਦੜਬਾਹਾ ਦੇ ਪਿੰਡ ਕੋਟਭਾਈ ਦੇ ਹਰਮਨਦੀਪ (20) ਨੂੰ ਫਿਰੌਤੀ ਵਾਸਤੇ ਅਗਵਾ ਕਰਕੇ ਕਤਲ ਕਰਨ ਦੀ ਘਟਨਾ ਨੂੰ ਦਿਲ ਦਹਿਲਾਉਣ ਵਾਲੀ ਦੱਸਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

ਪੰਜਾਬ ਟਾਈਮਜ਼

*ਸਨਿਚਰਵਾਰ, 24 ਦਸੰਬਰ 2022*

## ਜ਼ਿੰਦਗੀ ਦਾ ਜਲਵਾ

ਇਸ ਵਾਰ ਸੰਸਾਰ ਫੁੱਟਬਾਲ ਕੱਪ ਦਾ ਨਜ਼ਾਰਾ ਬੜਾ ਦਿਲਕਸ਼ ਹੋ ਨਿੱਬੜਿਆ। ਟੂਰਨਾਮੈਂਟ ਵਿਚ ਪਹਿਲੇ ਮੈਚਾਂ ਵਿਚ ਬੜੇ ਉਲਟ-ਫੇਰ ਹੋਏ ਅਤੇ ਕਹਿੰਦੀਆਂ-ਕਹਾਉਂਦੀਆਂ ਟੀਮਾਂ ਅਤੇ ਖਿਡਾਰੀ ਟੂਰਨਾਮੈਂਟ ਵਿਚੋਂ ਹੌਲੀ-ਹੌਲੀ ਕਰ ਕੇ ਕਿਰਦੇ ਗਏ ਅਤੇ ਫਾਈਨਲ ਮੁਕਾਬਲਾ ਅਰਜਨਟਾਈਨਾ ਅਤੇ ਫਰਾਂਸ ਵਿਚਕਾਰ ਤੈਅ ਹੋ ਗਿਆ। ਸੱਚਮੁੱਚ ਇਹ ਫਾਈਨਲ ਮੈਚ ਬਹੁਤ ਸਾਰੇ ਕਾਰਨਾਂ ਕਰ ਕੇ ਯਾਦਗਾਰੀ ਹੋ ਨਿੱਬੜਿਆ। ਆਰਜਨਟਾਈਨਾ ਦੇ ਪ੍ਰਤਿਭਾਸ਼ਾਲੀ ਖਿਡਾਰੀ ਲਿਓਨਲ ਮੈਸੀ ਦਾ ਇਹ ਆਖਰੀ ਸੰਸਾਰ ਕੱਪ ਸੀ। ਉਹ ਚਾਹੁੰਦਾ ਸੀ ਕਿ ਐਤਕੀਂ ਉਹ ਇਹ ਕੱਪ ਜਿੱਤ ਕੇ ਵਧੀਆ ਢੰਗ ਨਾਲ ਰੁਖਸਤ ਹੋਵੇ। ਇਸ ਕੱਪ ਦੌਰਾਨ ਉਹ ਪੂਰੀ ਫਾਰਮ ਵਿਚ ਵੀ ਚੱਲ ਰਿਹਾ ਸੀ। ਸ਼ਾਇਦ ਇਸੇ ਕਰ ਕੇ ਸੰਸਾਰ ਦੇ ਬਹੁਤੇ ਫੁੱਟਬਾਲ ਪ੍ਰੇਮੀ ਅਰਜਨਟਾਈਨਾ ਦੀ ਜਿੱਤ ਬਾਰੇ ਹੀ ਕਿਆਸ ਲਾ ਰਹੇ ਸਨ। ਮੈਸੀ ਨੇ ਆਪਣੀ ਖੇਡ ਕਲਾ ਦਾ ਜਲਵਾ ਫਾਈਨਲ ਮੈਚ ਵਿਚ ਰੱਜ ਕੇ ਦਿਖਾਇਆ ਵੀ ਪਰ ਫਰਾਂਸ ਦੇ ਨੌਜਵਾਨ ਕਣਦਾਰ ਖਿਡਾਰੀ ਮਬਾਪੇ ਨੇ ਜਿਸ ਤਰ੍ਹਾਂ ਦੀ ਖੇਡ ਦਾ ਮੁਜ਼ਹਾਰਾ ਕੀਤਾ, ਉਸ ਨੇ ਖੇਡ ਪ੍ਰੇਮੀਆਂ ਦੇ ਦਿਲ ਜਿੱਤ ਲਏ। ਇਸ ਤੋਂ ਪਹਿਲਾਂ ਡਿਏਗੋ ਮੈਰਾਡੋਨਾ ਦੇ ਦਮ ਉਤੇ ਅਰਜਨਟਾਈਨਾ ਨੇ 1986 ਵਾਲਾਸੰਸਾਰ ਕੱਪ ਜਿੱਤਿਆ ਸੀ। ਇਸ ਤੋਂ ਸਾਲ ਬਾਅਦ 1987 ਨੂੰ ਅਰਜਨਟਾਈਨਾ ਵਿਚ ਹੀ ਮੈਸੀ ਦਾ ਜਨਮ ਹੋਇਆ। 2006 ਵਿਚ 19 ਵਰ੍ਹਿਆਂ ਦੇ ਮੈਸੀ ਨੇ ਆਪਣਾ ਪਹਿਲਾ ਸੰਸਾਰ ਕੱਪ ਖੇਡਿਆ। ਇਸ ਤੋਂ ਬਾਅਦ ਤਾਂ ਮੈਸੀ ਦਾ ਜਾਦੂ ਚੱਲਣ ਲੱਗ ਪਿਆ। 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਵਿਚ ਮੈਸੀ ਨੇ ਮੈਰਾਡੋਨਾ ਦੀ ਹਾਜ਼ਰੀ ਵਿਚ ਓਲੰਪਿਕ ਖੇਡਾਂ ਦਾ ਸੋਨੇ ਦਾ ਤਮ਼ਗਾ ਜਿੱਤਿਆ। 2014 ਵਿਚ ਮੈਸੀ ਆਪਣੀ ਖੇਡ ਦੀ ਸਿਖਰ 'ਤੇ ਸੀ ਅਤੇ ਅਰਜਨਟਾਈਨਾ ਨੂੰ ਫਾਈਨਲ ਤੱਕ ਪਹੁੰਚਾਇਆ ਪਰ 1990 ਵਾਲੀ ਕਹਾਣੀ ਵਾਂਗ ਅਰਜਨਟਾਈਨਾ ਦੀ ਟੀਮ ਜਰਮਨੀ ਤੋਂ ਇਕ ਗੋਲ ਨਾਲ ਹਾਰ ਗਈ। ਹੁਣ ਕਤਰ ਵਾਲੇ ਸੰਸਾਰ ਕੱਪ ਵਿਚ ਮੈਸੀ ਰਿਕਾਰਡ ਪੰਜਵੀਂ ਵਾਰ ਉਤਰਿਆ ਸੀ। ਜਦੋਂ 18 ਦਸੰਬਰ ਦੀ ਰਾਤ ਅਰਜਨਟਾਈਨਾ ਅਤੇ ਫਰਾਂਸ ਵਿਚਾਲੇ ਫਾਈਨਲ ਮੈਚ ਖੇਡਿਆ ਗਿਆ ਤਾਂ ਮੈਸੀ ਦਾ ਰਿਕਾਰਡ 26ਵਾਂ ਮੈਚ ਸੀ।

ਇਹ ਫਾਈਨਲ ਮੈਚ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਮੈਚ ਦਾ ਨਤੀਜਾ ਵਾਧੂ ਸਮਾਂ ਪਾ ਕੇ 120 ਮਿੰਟ ਤੱਕ ਵੀ ਨਾ ਨਿਕਲਿਆ।ਅੱਧੇ ਸਮੇਂ ਤੱਕ ਲਿਓਨਲ ਮੈਸੀ ਅਤੇ ਡੀ ਮਾਰੀਆ ਦੇ ਗੋਲਾਂ ਸਦਕਾ ਮੈਚ ਇਕਪਾਸੜ ਜਿਹਾ ਜਾਪਣ ਲੱਗ ਪਿਆ। ਦੂਜੇ ਅੱਧ ਦੇ ਅੱਧ ਤੱਕ ਵੀ ਇਹੀ ਹਾਲ ਸੀ। ਇਸ ਤੋਂ ਬਾਅਦ ਫਰਾਂਸੀਸੀ ਖਿਡਾਰੀ ਮਬਾਪੇ ਦਾ ਜਾਦੂ ਚੱਲਿਆ। ਮਾਹਿਰ ਦੱਸਦੇ ਹਨ ਕਿ ਉਹ ਜਦੋਂ ਬਾਲ ਲੈ ਕੇ ਦੌੜਦਾ ਹੈ ਤਾਂ ਹਵਾ ਨੂੰ ਪਿੱਛੇ ਛੱਡ ਜਾਂਦਾ ਹੈ।ਸੱਚਮੁੱਚ ਇਸ ਮੈਚ ਦੇ 80ਵੇਂ ਮਿੰਟ 'ਤੇ ਜਾ ਕੇ ਕੁੱਲ 100 ਕੁ ਸਕਿੰਟਾਂ ਵਿਚਉਸ ਨੇ ਉਪਰੋਥਲੀ ਦੋ ਗੋਲ ਕਰਕੇ ਮੈਚ ਦਾ ਪਾਸਾ ਹੀ ਪਲਟ ਦਿੱਤਾ। ਇਕਪਾਸੜ ਜਾਪਦਾ ਮੈਚ ਐਨ ਕੁੰਢੀਆਂ ਦੇ ਸਿੰਗ ਫਸਣ ਵਾਲਾ ਹੋ ਗਿਆ। ਮੈਚ ਦੇ ਪੂਰੇ ਸਮੇਂ ਦੌਰਾਨਦੋਵੇਂ ਟੀਮਾਂ 2-2 ਗੋਲ ਕਰ ਚੁੱਕੀਆਂ ਸਨ। ਵਾਧੂ ਸਮੇਂ ਵਿਚ ਮੈਚ ਸਮਾਪਤੀ ਤੋਂ 10 ਮਿੰਟ ਪਹਿਲਾਂ ਮੈਸੀ ਨੇ ਦੂਜਾ ਗੋਲ ਕਰਦਿੱਤਾ। ਉਧਰ, ਮਬਾਪੇ ਵੀ ਧਾਰ ਕੇ ਆਇਆ ਸੀ ਕਿ ਅਰਜਨਟਾਈਨਾ ਨੂੰ ਸੁਖਾਲਾ ਨਹੀਂ ਜਿੱਤਣ ਦੇਣਾ ਅਤੇ ਇਕ ਵਾਰ ਪੈਨਲਟੀ ਨਾਲ ਮੈਚ ਬਰਾਬਰੀ 'ਤੇ ਲੈ ਆਂਦਾ। ਇਸ ਦੇ ਨਾਲ ਹੀ ਉਹ ਫਾਈਨਲ ਵਿਚ ਹੈਟ੍ਰਿਕ ਲਾਉਣ ਵਾਲਾ ਦੂਜਾ ਖਿਡਾਰੀ ਬਣ ਗਿਆ। 1966 ਵਿਚ ਇੰਗਲੈਂਡ ਦੇ ਜਿਊਫ ਹਰਸਟ ਨੇ ਹੈਟ੍ਰਿਕ ਲਾਈ ਸੀ।ਆਖਰੀ ਪਲਾਂ ਵਿਚ ਫਰਾਂਸ ਨੂੰ ਇਕ ਮੂਵ ਉਤੇ ਜਿੱਤ ਪੱਕੀ ਜਾਪਣ ਲੱਗੀ ਪਰ ਸਾਹਮਣਿਓ ਗੋਲਚੀ ਮਾਰਟੀਨੇਜ਼ ਵੀ ਕੰਧ ਬਣ ਕੇ ਖੜ੍ਹ ਗਿਆ ਅਤੇ ਮੈਚ ਵਾਧੂ ਸਮੇਂ ਤੱਕ ਬਰਾਬਰੀ 'ਤੇ ਮੁੱਕਿਆ। ਮਾਰਟੀਨੇਜ਼ ਦੀ ਵਧੀਆ ਫਾਰਮ ਨਾਲ ਅਰਜਨਟਾਈਨਾ ਦੀ ਟੀਮ ਪੈਨਲਟੀਆਂ ਵਿਚ ਬੁਲੰਦ ਹੌਸਲਿਆਂ ਨਾਲ ਉਤਰੀ। ਮਬਾਪੇ ਅਤੇ ਮੈਸੀ ਨੇ ਗੋਲ ਨਾਲ ਸ਼ੁਰੂਆਤ ਕੀਤੀ ਪਰ ਉਸ ਤੋਂ ਬਾਅਦ ਫਰਾਂਸ ਦੀਆਂ ਦੋ ਪੈਨਲਟੀਆਂ ਰੁਕਣ ਕਾਰਨ ਅਰਜਨਟਾਈਨਾ ਨੇ 4-2 ਨਾਲ ਮੈਚ ਜਿੱਤਲਿਆ ਅਤੇ ਇਤਿਹਾਸ ਸਿਰਜਦਿੱਤਾ।

ਅਰਜਨਟਾਈਨਾ ਦੀ ਟੀਮ ਬ੍ਰਾਜ਼ੀਲ, ਇਟਲੀ ਤੇ ਜਰਮਨੀ ਤੋਂ ਬਾਅਦ ਸਭ ਤੋਂ ਵੱਧ ਵਾਰ (ਤਿੰਨ ਵਾਰ) ਸੰਸਾਰ ਕੱਪ ਜਿੱਤਣ ਵਾਲੀ ਟੀਮ ਬਣ ਗਈ। ਅਰਜਨਟਾਈਨਾ ਨੇ 36 ਵਰ੍ਹਿਆਂ ਬਾਅਦ ਸੰਸਾਰ ਕੱਪ ਜਿੱਤਿਆ। ਇਸ ਕੱਪ ਦੌਰਾਨ ਅਰਜਨਟਾਈਨਾ ਦੇ ਲਿਓਨਲ ਮੈਸੀ ਨੇ ਗੋਲਡਨ ਬਾਲ, ਗੋਲਚੀ ਮਾਰਟੀਨੇਜ਼ ਨੇ ਗੋਲਡਨ ਗਲੱਵਜ਼ ਅਤੇ ਫਰਨਾਂਡੇਜ਼ ਨੇ ਸਰਵੋਤਮ ਨੌਜਵਾਨ ਖਿਡਾਰੀ ਦਾ ਇਨਾਮ ਜਿੱਤਿਆ। ਫਰਾਂਸ ਦਾ ਮਬਾਪੇ ਅੱਠ ਗੋਲਾਂ ਨਾਲ ਗੋਲਡਨ ਬੂਟ ਦਾ ਹੱਕਦਾਰ ਬਣਿਆ। ਮੈਸੀ ਦੁਨੀਆ ਦਾ ਪਹਿਲਾ ਖਿਡਾਰੀ ਬਣਿਆ ਜਿਸ ਨੇ ਦੂਜੀ ਵਾਰ ਗੋਲਡਨ ਬਾਲ ਜਿੱਤੀ। ਇਸ ਤੋਂ ਪਹਿਲਾਂ ਉਸ ਨੇ 2014 ਵਿਚ ਇਹ ਸਨਮਾਨ ਹਾਸਲ ਕੀਤਾ ਸੀ। ਮਬਾਪੇ ਦੇ ਸੰਸਾਰ ਕੱਪ ਦੇ ਫਾਈਨਲ ਵਿਚ ਕੁੱਲ ਚਾਰ ਗੋਲ ਹੋ ਗਏ ਅਤੇ ਸਭ ਤੋਂ ਵੱਧ ਗੋਲ ਕਰਨ ਦਾ ਰਿਕਾਰਡ ਬਣਾਇਆ। ਇਸ ਤੋਂ ਪਹਿਲਾਂ ਬਰਾਜ਼ੀਲ ਦੇ ਪੇਲੇ ਤੇ ਵਾਵਾ ਅਤੇ ਇੰਗਲੈਂਡ ਦੇ ਹਰਸਟ ਅਤੇ ਫਰਾਂਸ ਦੇ ਜ਼ਿਨੇਡਿਨ ਜ਼ਿਡਾਨ ਨੇ ਤਿੰਨ-ਤਿੰਨ ਗੋਲ ਕੀਤੇ ਹਨ। ਫੀਫਾ ਸੰਸਾਰ ਕੱਪ ਦੀ ਜਿੱਤ ਨਾਲ ਲਿਓਨਲ ਮੈਸੀ ਹੁਣ ਪੇਲੇ, ਮੈਰਾਡੋਨਾ, ਜ਼ਿਨੇਡਿਨ ਜ਼ਿਡਾਨ ਜਿਹੇ ਮਹਾਨ ਖਿਡਾਰੀਆਂ ਦੀ ਸੂਚੀ ਵਿਚ ਆ ਗਿਆ ਹੈ।ਇਸ ਫਾਈਨਲ ਮੈਚ ਨੇ ਦਰਸਾ ਦਿੱਤਾ ਕਿ ਜ਼ਿੰਦਗੀ ਦਾ ਜਲਵਾ ਕਿੰਨਾ ਖੂਬਸੂਰਤ ਹੈ। ਮੈਚ ਤੋਂ ਪਹਿਲਾਂ ਬਹੁਤੇ ਪ੍ਰਸ਼ੰਸਕ ਮੈਸੀ ਲਈ ਤੜਫ ਰਹੇ ਸਨ ਪਰ ਬਾਅਦ ਵਿਚ ਦਰਸ਼ਕਾਂ ਨੇ ਵੀ ਅਤੇ ਮਾਹਿਰਾਂ ਨੇ ਵੀ ਮੰਨਿਆ ਕਿ ਜੇ ਲਿਓਨਲ ਮੈਸੀ ਸੰਸਾਰ ਫੁੱਟਬਾਲ ਦਾ ਅੱਜ ਹੈ ਤਾਂ ਮਬਾਪੇ ਸੰਸਾਰ ਫੁੱਟਬਾਲ ਦਾ ਕੱਲ੍ਹ ਹੈ। ਮਬਾਪੇ ਨੇ ਜਿਸਤਰ੍ਹਾਂ ਫਰਾਂਸ ਨੂੰ ਅਰਜਨਟਾਈਨਾ ਦੇ ਮੁਕਾਬਲੇ 'ਤੇ ਲਿਆਂਦਾ, ਉਸ ਨਾਲ ਉਹ ਨਵੀਂ ਪੀੜ੍ਹੀ ਦਾ ਪਸੰਦੀਦਾ ਖਿਡਾਰੀ ਹੋ ਨਿੱਬੜਿਆ। ਉਂਝ, ਦੋਹਾਂ ਟੀਮਾਂ ਦੀ ਖੇਡ ਵੀ ਦੇਖਣ ਵਾਲੀ ਸੀ, ਕੁੱਲ ਮਿਲਾ ਕੇ ਸਾਫ-ਸੁਥਰੀ। ਇਹ ਮੈਚ ਖੂਬਸੂਰਤ ਜ਼ਿੰਦਗੀ ਦੇ ਖੂਬਸੂਰਤ ਲਮਹਿਆਂ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲਾਚਾਰ ਹੋਣ ਤੋਂ ਬਚੀਏ!*

ਧੱਕੇਸ਼ਾਹੀ ਤੇ ਭੜਥੂ ਜੋ ਪਾਉਣ ਵਾਲ਼ੇ, ਸੋਚਣ ਕਦੇ ਨਾ ਗੱਲ ਵਿਚਾਰ ਵਾਲ਼ੀ।
ਛੋਟੇ ਬੜੇ ਦੀ ਪਰਖ ਨਾ ਮੂਲ ਕਰਦੇ, ਭਾਸ਼ਾ ਵਰਤਦੇ ਮਾੜੀ ਤਕਰਾਰ ਵਾਲ਼ੀ।
ਪੈਰ ਪੁੱਟਦੇ 'ਖਿਜ਼ਾਂ' ਦੇ ਵੱਲ ਹੁੰਦੇ, ਉਂਜ ਰੱਖਦੇ ਆਸ 'ਬਹਾਰ' ਵਾਲ਼ੀ।
ਬੁੱਧੀ ਵਰਤ ਕੇ 'ਗੋਟੀ' ਨੂੰ ਜਾਣੀਏਂ ਜੀ, 'ਸੁੱਟੀ' ਹੋਵੇ ਜੋ ਦੁਸ਼ਮਣ ਮੱਕਾਰ ਵਾਲ਼ੀ।
ਚਾਹੀਏ ਬਦਲਨੇ ਚਾਲ ਤੇ ਢਾਲ ਦੋਵੇਂ, ਦਿਸੇ ਮੰਜ਼ਿਲ ਜੇ ਬੁਰੇ ਆਸਾਰ ਵਾਲ਼ੀ।
ਸਮਾਂ ਰਹਿੰਦਿਆਂ ਸਿਆਣਪਾਂ ਕੀਤੀਆਂ ਨਾ, ਹਾਲਤ ਹੋਵੇਗੀ ਅੰਤ ਲਾਚਾਰ ਵਾਲ਼ੀ!

# ਜ਼ੀਰਾ ਅਤੇ ਲਤੀਫਪੁਰਾ 'ਚ 'ਆਪ' ਸਰਕਾਰ ਬੇਪਰਦ

ਜ਼ੀਰਾ ਨੇੜਲੀ ਮਾਲਬਰੋਜ ਸ਼ਰਾਬ ਫੈਕਟਰੀ ਅੱਗਿਓਂ ਧਰਨਾ ਚੁਕਵਾਉਣ ਲਈ ਕੀਤਾ ਜਾ ਰਿਹਾ ਪੁਲਿਸ ਜਬਰ ਅਤੇ ਲਤੀਫਪੁਰਾ ਦੇ ਘਰਾਂ ਨੂੰ ਜ਼ਬਰਦਸਤੀ ਢਾਹੁਣ ਦੀਆਂ ਘਟਨਾਵਾਂ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿਚ ਚਰਚਾ ਵਿਚ ਹਨ। ਇਹਨਾਂ ਘਟਨਾਵਾਂ ਵਿਚ ਇੱਕ ਗੱਲ ਸਾਂਝੀ ਹੈ: ਦੋਵਾਂ ਹੀ ਥਾਵਾਂ 'ਤੇ ਸੂਬਾ ਸਰਕਾਰ ਦੇ ਇਸ਼ਾਰੇ ਤਹਿਤ ਆਮ ਲੋਕਾਂ 'ਤੇ ਪੁਲਿਸ ਵੱਲੋਂ ਖੁੱਲ੍ਹੇਆਮ ਬਲ ਪ੍ਰਯੋਗ ਕੀਤਾ। ਹਕੀਕਤ ਇਹ ਹੈ ਕਿ ਇਹਨਾਂ ਘਟਨਾਵਾਂ ਨਾਲ 'ਆਪ' ਸਰਕਾਰ ਦਾ ਅਖੌਤੀ 'ਬਦਲਾਅ' ਮਹਿਜ਼ ਇੱਕ ਸਾਲ ਵਿਚ ਬੇਪਰਦ ਹੋ ਗਿਆ ਹੈ।

ਜ਼ੀਰਾ ਲਾਗਲੇ ਪਿੰਡ ਰਟੋਲ ਰੋਹੀ ਵਿਖੇ ਸਥਿਤ ਮਾਲਬਰੋਜ ਸ਼ਰਾਬ ਫੈਕਟਰੀ ਉੱਘੇ ਸਨਅਤਕਾਰ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਸਾਬਕਾ ਵਿਧਾਇਕ ਦੀਪ ਮਲਹੋਤਰਾ ਦੀ ਹੈ। ਦੀਪ ਮਲਹੋਤਰਾ ਭਾਰਤ ਦੇ ਚੋਟੀ ਦੇ ਸ਼ਰਾਬ ਕਾਰੋਬਾਰੀਆਂ ਵਿਚ ਸ਼ੁਮਾਰ ਹੈ। ਸ਼ਰਾਬ ਸਨਅਤ ਨਾਲ ਜੁੜੇ ਦੇਸ਼ ਵਿਚ ਇਸ ਦੇ ਕਈ ਅਦਾਰੇ ਹਨ। ਜ਼ੀਰਾ ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਫੈਕਟਰੀ ਦਾ ਕੈਮੀਕਲ ਵਾਲਾ ਦੂਸ਼ਿਤ ਪਾਣੀ ਬੋਰ ਕਰ ਕੇ ਧਰਤੀ 'ਚ ਸੁੱਟਿਆ ਜਾ ਰਿਹਾ ਹੈ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਇਲਾਕੇ ਦੇ ਲੋਕਾਂ ਨੇ ਅਨੇਕਾਂ ਵਾਰ ਇਸ ਗੱਲ ਦੇ ਸਬੂਤ ਵੀ ਪ੍ਰਸ਼ਾਸਨ/ਸਰਕਾਰ ਨੂੰ ਸੌਂਪੇ ਹਨ ਕਿ ਕਿਵੇਂ ਧਰਤੀ 'ਚੋਂ ਅਲਕੋਹਲ ਦੀ ਗੰਧ ਵਾਲਾ ਗੰਧਲਾ ਪਾਣੀ (ਲਾਹਣ) ਨਿੱਕਲ ਰਿਹਾ ਹੈ। ਇਲਾਕੇ ਦੇ ਇੱਕ ਧਾਰਮਿਕ ਸਥਾਨ ਵਿਚ ਕੀਤੇ ਜਾ ਰਹੇ ਬੋਰ ਦੌਰਾਨ ਲੱਗਭੱਗ 600 ਫੁੱਟ ਡੂੰਘਾਈ ਤੋਂ ਬਹੁਤ ਜ਼ਿਆਦਾ ਗੰਧਲਾ ਪਾਣੀ ਨਿੱਕਲਣ ਨਾਲ ਇਲਾਕੇ ਵਿਚ ਹਾਹਾਕਾਰ ਮੱਚ ਗਈ ਸੀ। ਜ਼ਿਲ੍ਹਾ ਫਿਰੋਜ਼ਪੁਰਾ ਦੇ ਜ਼ੀਰਾ ਨੇੜਲੇ ਦਰਜਨਾਂ ਪਿੰਡਾਂ ਵਿਚ ਕੈਮੀਕਲ ਵਾਲਾ ਦੂਸ਼ਿਤ ਪਾਣੀ ਪੀਣ ਨਾਲ ਲੋਕ ਅਤੇ ਪਾਲਤੂ ਪਸ਼ੂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਲੋਕ ਰਾਇ ਸਪਸ਼ਟ ਹੈ ਕਿ ਇਲਾਕੇ ਨੂੰ ਅਜਿਹੀ ਸ਼ਰਾਬ ਫੈਕਟਰੀ ਨਹੀਂ ਚਾਹੀਦੀ ਜੋ ਮੌਤਾਂ ਵੰਡੇ ਪਰ ਸਰਕਾਰ ਇਸ ਲੋਕ ਰਾਇ ਨੂੰ ਪੁਲਿਸ ਜਬਰ ਰਾਹੀਂ ਕੁਚਲਣ ਦੇ ਰਾਹ ਪੈ ਗਈ ਹੈ। ਮਾਲਬਰੋਜ ਸ਼ਰਾਬ ਫੈਕਟਰੀ ਬਾਹਰ ਕਿਸਾਨਾਂ ਵੱਲੋਂ ਪਿਛਲੇ 5 ਮਹੀਨੇ ਤੋਂ ਦਿੱਤੇ ਜਾ ਰਹੇ ਧਰਨੇ (ਪੱਕੇ ਮੋਰਚੇ) ਨੂੰ ਚੁਕਵਾਉਣ ਲਈ ਪੰਜਾਬ ਸਰਕਾਰ ਨੇ ਹਰ ਹਰਬਾ ਵਰਤਿਆ ਹੈ। ਪਹਿਲਾਂ ਸਥਾਨਕ ਪ੍ਰਸ਼ਾਸਨ ਵੱਲੋਂ ਧਰਨਾ ਦੇ ਰਹੇ ਇਲਾਕਾ ਵਾਸੀਆਂ ਦੀ ਆਗੂ ਟੀਮ ਨਾਲ ਮੀਟਿੰਗ ਕੀਤੀ, ਫਿਰ 16 ਦਸੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਗੂ ਟੀਮ ਨਾਲ ਚੰਡੀਗੜ੍ਹ ਮੀਟਿੰਗ ਕੀਤੀ ਅਤੇ 17 ਦਸੰਬਰ ਨੂੰ 'ਲਾਲੀਪਾਪ' ਦੇਣ ਲਈ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਖੁਦ ਫੈਕਟਰੀ ਅੱਗੇ ਚੱਲ ਰਹੇ ਧਰਨੇ ਵਿਚ ਪਹੁੰਚੇ ਲੇਕਿਨ ਸਭ ਤੋਂ ਅਹਿਮ ਗੱਲ ਇਹ ਹੋਈ ਕਿ ਲੋਕ ਕਚਹਿਰੀ ਵਿਚ ਖੇਤੀਬਾੜੀ ਮੰਤਰੀ ਲਾਜਵਾਬ ਨਜ਼ਰ ਆਇਆ। ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਕਾਰ ਸ਼ਰਾਬ ਦੀ ਫੈਕਟਰੀ ਤੇ ਪ੍ਰਦੂਸ਼ਣ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾ ਰਹੀ ਹੈ ਜੋ ਇੱਕ ਮਹੀਨੇ ਵਿਚ ਆਪਣੀ ਰਿਪੋਰਟ ਦੇਵੇਗੀ। ਮੰਤਰੀ ਨੇ ਕਿਹਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਾਅਦਾ ਕਰ ਰਹੇ ਹਨ ਕਿ ਜੇਕਰ ਰਿਪੋਰਟ ਫੈਕਟਰੀ ਖਿਲਾਫ ਆਈ ਤਾਂ ਬੰਦ ਕੀਤੀ ਜਾਵੇਗੀ। ਇੱਕ ਆਗੂ ਨੇ ਮੰਤਰੀ ਦੇ ਮੂੰਹ 'ਤੇ ਸਵਾਲ ਕੀਤਾ ਕਿ ਤੁਹਾਡੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਖੜ੍ਹ ਕੇ ਕਿਹਾ ਸੀ ਕਿ ਡੇਢ ਮਹੀਨੇ ਵਿਚ ਬੇਅਦਬੀ ਮਾਮਲੇ ਦਾ ਇਨਸਾਫ ਦਿੱਤਾ ਜਾਵੇਗਾ ਤੇ ਹੁਣ ਦੋ ਮਹੀਨੇ ਲੰਘ ਗਏ, ਕਿੱਥੇ ਹੈ ਇਨਸਾਫ?

ਜਦ ਮੰਤਰੀ ਦਾ ਦਾਅ ਨਾ ਚੱਲਿਆ ਤਾਂ ਐਸ.ਐਸ.ਪੀ. ਫ਼ਿਰੋਜ਼ਪੁਰ ਦੀ ਅਗਵਾਈ ਹੇਠ 44 ਐੱਸ.ਪੀ./ਡੀ.ਐੱਸ.ਪੀ. ਅਤੇ 44 ਹੀ ਤਹਿਸੀਲਦਾਰ/ਨਾਇਬ ਤਹਿਸੀਲਦਾਰ ਤਾਇਨਾਤ ਕਰ ਕੇ ਕਰੀਬ ਦੋ ਹਜ਼ਾਰ ਪੁਲਿਸ ਮੁਲਾਜ਼ਮਾਂ ਨੇ ਵੱਡਾ ਐਕਸ਼ਨ ਕਰ ਕੇ ਟੈਂਟ ਪੁੱਟਣ ਅਤੇ ਵੱਡੀ ਗਿਣਤੀ ਵਿਚ ਧਰਨਾਕਾਰੀ ਕਿਸਾਨਾਂ ਨੂੰ ਹਿਰਾਸਤ ਵਿਚ ਲੈਣ ਦੀ ਕਾਰਵਾਈ ਕੀਤੀ। ਇਸ ਮੌਕੇ ਪੁਲਿਸ ਨੇ ਕੁਝ ਧਰਨਾਕਾਰੀ ਔਰਤਾਂ ਨੂੰ ਵੀ ਹਿਰਾਸਤ ਵਿਚ ਲਿਆ ਅਤੇ ਦਰਜਨਾਂ ਆਗੂਆਂ ਸਮੇਤ ਸੈਂਕੜੇ ਅਣਪਛਾਤੇ ਲੋਕਾਂ ਖਿਲਾਫ ਪੁਲਿਸ ਕੇਸ ਦਰਜ ਕਰ ਲਿਆ। ਪੁਲਿਸ ਵੱਲੋਂ ਕਿਸਾਨ ਆਗੂਆਂ ਦੇ ਘਰਾਂ ਵਿਚ ਛਾਪੇ ਮਾਰ ਕੇ ਇਲਾਕੇ ਵਿਚ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਪੰਜ ਮਹੀਨੇ ਤੋਂ ਜ਼ਿਲ੍ਹਾ ਪੱਧਰ 'ਤੇ ਚੱਲ ਰਿਹਾ ਸੰਘਰਸ਼ ਪੁਲਿਸ ਜਬਰ ਨਾਲ ਸੂਬਾ ਪੱਧਰੀ ਸੰਘਰਸ਼ ਬਣ ਗਿਆ ਹੈ ਤੇ ਕੌਮਾਂਤਰੀ ਪੱਧਰ 'ਤੇ ਇਸ ਸੰਘਰਸ਼ ਨੂੰ ਹਮਾਇਤ ਮਿਲ ਰਹੀ ਹੈ। ਸੰਯੁਕਤ ਕਿਸਾਨ ਮੋਰਚਾ ਵੱਲੋਂ ਇਸ ਸੰਘਰਸ਼ ਦੀ ਹਮਾਇਤ ਵਿਚ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ ਹੈ। ਪੰਜਾਬ ਭਰ ਤੋਂ ਕਿਸਾਨ ਕਾਫਲਿਆਂ ਦਾ ਮੁਹਾਨ ਜ਼ੀਰਾ ਵੱਲ ਨੂੰ ਹੋ ਚੁੱਕਾ ਹੈ। ਪੁਲਿਸ ਵੱਲੋਂ ਸੜਕਾਂ ਰੋਕਣ 'ਤੇ ਕਿਸਾਨ ਕਾਫਲੇ ਖੇਤਾਂ ਵਿਚੋਂ ਦੀ ਪਹੁੰਚ ਰਹੇ ਹਨ। ਹੁਣ ਹਾਲਤ ਇਹ ਹੈ ਕਿ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਸੂਬਾ ਜਨਰਲ ਸਕੱਤਰ ਬਲਦੇਵ ਜ਼ੀਰਾ ਸਮੇਤ ਉਸ ਦੀ ਪਤਨੀ ਖਿਲਾਫ ਵੀ ਪੁਲਿਸ ਕੇਸ ਦਰਜ ਕਰ ਲਿਆ ਹੈ।

'ਆਪ' ਸਰਕਾਰ ਦੀ ਸ੍ਰਸ੍ਰਕੇਰੀ ਅਫਸਰਸ਼ਾਹੀ ਬਸਤੀਵਾਦੀ ਅੰਗਰੇਜ਼ ਹਕੂਮਤ ਵਾਂਗ ਕਿਸਾਨ ਆਗੂਆਂ ਨੂੰ ਜ਼ਮੀਨਾਂ ਕੁਰਕ ਕਰਨ ਦੀਆਂ ਧਮਕੀਆਂ ਦੇ ਰਹੀ ਹੈ ਕਿ ਅਦਾਲਤ ਵੱਲੋਂ ਸੂਬਾ ਸਰਕਾਰ ਲਾਇਆ ਜੁਰਮਾਨਾ ਤੁਹਾਡੀ ਜਾਇਦਾਦ ਕੁਰਕ ਕਰ ਕੇ ਪੂਰਾ ਕਰਾਂਗੇ। ਦਹਿਸ਼ਤ ਫੈਲਾਉਣ ਲਈ ਕਈ ਥਾਂ ਮਾਲ ਵਿਭਾਗ ਦੇ ਅਧਿਕਾਰੀ ਕੁਝ ਆਗੂਆਂ ਦੇ ਖੇਤਾਂ ਦਾ ਗੇੜਾ ਵੀ ਕੱਢ ਆਏ ਹਨ। ਸੰਘਰਸ਼ ਦੇ ਹਮਾਇਤੀ ਪੇਂਡੂ ਮੋਹਤਬਰਾਂ ਦੇ ਅਸਲਾ ਲਾਈਸੈਂਸ ਕੈਂਸਲ ਕਰ ਦਿੱਤੇ ਗਏ ਹਨ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ 5 ਕਰੋੜ ਦੇ ਸ਼ੁਰੂਆਤੀ ਜੁਰਮਾਨੇ ਮਗਰੋਂ ਜੋ 20 ਕਰੋੜ ਦਾ ਜੁਰਮਾਨਾ ਲਗਾਇਆ ਹੈ। ਇਸ ਜੁਰਮਾਨੇ ਦਾ ਮੁੱਖ ਕਾਰਨ ਲੋਕਾਂ ਦਾ ਧਰਨਾ ਨਹੀਂ ਬਲਕਿ ਸਰਕਾਰ ਖੁਦ ਹੈ ਕਿਉਂਕਿ ਪੰਜਾਬ ਸਰਕਾਰ ਵੱਲੋਂ ਹਾਈਕੋਰਟ ਵਿਚ ਕੇਸ ਦੀ ਲੋਕਾਂ ਦੇ ਪੱਖ ਵਿਚ ਖੜ੍ਹ ਕੇ ਸਹੀ ਢੰਗ ਨਾਲ ਪੈਰਵਾਈ ਨਾ ਕਰਨਾ ਹੈ।

ਸਰਕਾਰ ਅਤੇ ਇਸ ਦੀ ਅਫਸਰਸ਼ਾਹੀ ਦਾ ਭਾਵੇਂ ਕਹਿਣਾ ਹੈ ਕਿ ਇਹ ਕਾਰਵਾਈ ਅਦਾਲਤੀ ਹੁਕਮਾਂ ਤਹਿਤ ਕੀਤੀ ਹੈ ਪਰ ਸਰਕਾਰ ਦੀ ਨੀਅਤ ਸਪਸ਼ਟ ਹੈ ਕਿ ਉਹ ਆਪਣੇ ਪੂਰੇ ਲਾਮ-ਲਸ਼ਕਰ ਨਾਲ ਫੈਕਟਰੀ ਮਾਲਕ ਦੇ ਪੱਖ ਵਿਚ ਖੜ੍ਹ ਗਈ ਹੈ। ਸਰਕਾਰ ਤੇ ਅਫਸਰਸ਼ਾਹੀ ਨੂੰ ਧਰਤੀ ਹੇਠਾਂ ਦੂਸ਼ਿਤ ਹੋਇਆ ਪਾਣੀ ਤੇ ਇਸ ਪਾਣੀ ਕਾਰਨ ਕਾਲਾ ਪੀਲੀਆ, ਸਾਹ ਦੀ ਬਿਮਾਰੀ, ਚਮੜੀ ਰੋਗ ਅਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਫੈਲਾਅ ਨਹੀਂ ਦਿਸਿਆ ਸਗੋਂ ਪੰਜਾਬ ਸਰਕਾਰ ਦੀ ਮਾਨੀਟਰਿੰਗ ਰਿਪੋਰਟ ਵਿਚ ਇਸ ਫੈਕਟਰੀ ਨੂੰ ਕਲੀਨ ਚਿੱਟ ਦਿੱਤੀ ਹੈ।

ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ 'ਆਪ' ਸਰਕਾਰ ਇਸ ਅਕਾਲੀ ਆਗੂ ਦੀ ਸ਼ਰਾਬ ਫੈਕਟਰੀ 'ਤੇ ਇੰਨੀ ਮਿਹਰਬਾਨ ਕਿਉਂ ਹੈ? ਦਰਅਸਲ, 'ਆਪ' ਦੀ ਦਿੱਲੀ ਸਰਕਾਰ ਨਵੀਂ ਸ਼ਰਾਬ ਨੀਤੀ ਲਿਆਈ ਸੀ ਜਿਸ ਤਹਿਤ ਦਿੱਲੀ ਨੂੰ 32 ਜ਼ੋਨਾਂ ਵਿਚ ਵੰਡ ਕੇ 849 ਲਾਈਸੈਂਸ ਅਲਾਟ ਕੀਤੇ ਗਏ ਸਨ ਤੇ ਹਰ ਜ਼ੋਨ ਵਿਚ ਔਸਤਨ 26-27 ਦੁਕਾਨਾਂ ਖੋਲ੍ਹੀਆਂ ਗਈਆਂ ਸਨ। ਪਹਿਲਾਂ ਦਿੱਲੀ ਵਿਚ ਸ਼ਰਾਬ ਦੇ ਜ਼ਿਆਦਾਤਰ ਠੇਕੇ ਸਰਕਾਰੀ ਹੱਥਾਂ ਵਿਚ ਸਨ ਤੇ ਨਵੀਂ ਸ਼ਰਾਬ ਨੀਤੀ ਤਹਿਤ ਜ਼ਿਆਦਾਤਰ ਠੇਕੇ ਨਿੱਜੀ ਹੱਥਾਂ ਵਿਚ ਦਿੱਤੇ ਗਏ ਸਨ। ਦਿੱਲੀ ਸਰਕਾਰ ਦੀ ਨਵੀਂ ਸ਼ਰਾਬ ਨੀਤੀ 'ਚ ਇਸੇ ਦੀਪ ਮਲਹੋਤਰਾ ਨੇ ਹੱਥ ਅਜ਼ਮਾਇਆ ਸੀ ਤੇ ਇਸੇ ਲਿੰਕ ਕਾਰਨ ਕੇਂਦਰੀ ਏਜੰਸੀ ਈ.ਡੀ. ਨੇ ਦਿੱਲੀ ਸਰਕਾਰ ਦੇ ਮੰਤਰੀਆਂ/ਅਫਸਰਾਂ ਨਾਲ ਜੋੜ ਕੇ ਦੀਪ ਮਲਹੋਤਰਾ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਸਨ।

ਪੰਜਾਬ ਦੀ ਧਰਤੀ, ਇੱਥੋਂ ਦਾ ਵਾਤਾਵਰਨ ਫਸਲਾਂ ਲਈ ਦੁਨੀਆ ਭਰ ਵਿਚੋਂ ਸਭ ਤੋਂ ਵੱਧ ਸਾਜ਼ਗਾਰ ਹੈ ਤਾਂ ਇਸ ਉਪਜਾਊ ਧਰਤੀ ਨੂੰ ਸਿਰਫ ਦੋ ਹੀ ਕੰਮਾਂ ਲਈ ਵਰਤਿਆਂ ਜਾਣਾ ਚਾਹੀਦਾ ਹੈ: ਖੇਤੀਬਾੜੀ ਤੇ ਖੇਤੀਬਾੜੀ ਆਧਾਰਿਤ ਸਨਅਤਾਂ। ਸ਼ਰਾਬ ਫੈਕਟਰੀ ਪੰਜਾਬ ਦੀ ਧਰਤੀ 'ਤੇ ਲਾਉਣ ਦੀ ਥਾਂ ਕੋਈ ਖੇਤੀ ਅਧਾਰਿਤ ਸਨਅਤ ਲਾਈ ਜਾਂਦੀ ਤਾਂ ਚੰਗਾ ਸੀ। ਅਜਿਹੀਆਂ ਫੈਕਟਰੀਆਂ/ਕਾਰਖਾਨੇ ਗੈਰ-ਉਪਜਾਊ ਤੇ ਗੈਰ-ਰਿਹਾਇਸ਼ੀ ਖੇਤਰ ਵਿਚ ਲਗਾਉਣੇ ਚਾਹੀਦੇ ਹਨ।

ਪੰਜਾਬ ਵਿਚ ਦੂਸ਼ਿਤ ਪਾਣੀ ਖਾਸਕਰ ਮਾਲਵਾ ਖੇਤਰ ਵਿਚ ਗੰਭੀਰ ਮਸਲਾ ਹੈ। ਇਸ ਮਸਲੇ 'ਤੇ ਸਾਡੀਆਂ ਪਿਛਲੀਆਂ ਸਰਕਾਰਾਂ ਨੇ ਵੀ ਗੰਭੀਰਤਾ ਨਹੀਂ ਦਿਖਾਈ ਤੇ ਹੁਣ ਨਵੀਂ ਸਰਕਾਰ ਦੀ ਪਹੁੰਚ ਵੀ ਪਿਛਲੀਆਂ ਤੋਂ ਵੱਖ ਨਹੀਂ ਹੈ। ਲੱਗਭੱਗ ਡੇਢ ਦਹਾਕਾ ਪਹਿਲਾਂ ਵਿਸ਼ਵ ਸਿਹਤ ਸੰਗਠਨ ਵੱਲੋਂ ਪੰਜਾਬ ਦੇ ਦੂਸ਼ਿਤ ਪਾਣੀ ਤੇ ਪੰਜਾਬ ਦੇ ਪਾਣੀ ਵਿਚ ਯੂਰੇਨੀਅਮ ਦੀ ਵੱਧ ਰਹੀ ਮਿਕਦਾਰ ਬਾਰੇ ਦਿੱਤੇ ਹਵਾਲਿਆਂ ਨਾਲ ਕੁਝ ਲੋਕ ਪੱਖੀ ਡਾਕਟਰਾਂ/ਸੰਸਥਾਵਾਂ ਨੇ ਚਰਚਾ ਛੇੜੀ ਸੀ ਕਿ ਕਿਵੇਂ ਮਾਲਵੇ ਦੇ ਵੱਡੇ ਹਿੱਸੇ ਵਿਚ ਧਰਤੀ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ ਹੈ।

ਮਸਲੇ ਦੀ ਅਸਲ ਜੜ੍ਹ ਅਖੌਤੀ ਵਿਕਾਸ ਮਾਡਲ ਵਿਚ ਪਈ ਹੈ। ਕਾਰਪੋਰੇਟ ਪੱਖੀ ਵਿਕਾਸ ਮਾਡਲ ਕੁਦਰਤ ਦੀ ਅਨਮੋਲ ਦਾਤ ਜਲ, ਜੰਗਲ, ਜ਼ਮੀਨ ਨਾਲ ਖਿਲਵਾੜ ਕਰ ਕੇ ਅੱਗੇ ਵਧਦਾ ਹੈ। ਲੇਸੈਂਟ ਮਿਸ਼ਨ ਅਨੁਸਾਰ ਦੁਨੀਆ ਭਰ ਵਿਚ ਹਰ ਛੇਵੀਂ ਮੌਤ ਦਾ ਕਾਰਨ ਪ੍ਰਦੂਸ਼ਣ ਹੈ। ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਵਿਚ ਦੂਸ਼ਿਤ ਪਾਣੀ ਨਾਲ ਲੱਗਣ ਵਾਲੀਆਂ ਬਿਮਾਰੀਆਂ ਦੇ ਅੰਕੜੇ ਹੋਰ ਵੀ ਗੰਭੀਰ ਹਨ।

ਜਲੰਧਰ ਦੇ ਲਤੀਫਪੁਰਾ 'ਚ ਕੜਕਦੀ ਠੰਢ ਦੌਰਾਨ ਪੁਲਿਸ ਜਬਰ ਨਾਲ ਬੇਘਰ ਕੀਤੇ ਲੋਕਾਂ ਦਾ ਮਾਮਲਾ ਵੀ ਸਰਕਾਰੀ ਦਹਿਸ਼ਤਗਰਦੀ ਨੂੰ ਉਜਾਗਰ ਕਰਦਾ ਹੈ। ਲਤੀਫਪੁਰਾ ਦੇ ਉਜਾੜੇ ਦਾ ਸ਼ਿਕਾਰ ਬਣੇ ਲੋਕਾਂ 'ਚੋਂ ਜ਼ਿਆਦਾਤਰ ਪਰਿਵਾਰ 1947 'ਚ ਪਾਕਿਸਤਾਨ ਤੋਂ ਉਝਾੜੇ ਦਾ ਸੰਤਾਪ ਝੱਲ ਕੇ ਇੱਥੇ ਪਹੁੰਚੇ ਸਨ ਤੇ ਇੱਥੇ ਬੇਆਬਾਦ ਪਈ ਛੱਪੜ ਵਾਲੀ ਜਗ੍ਹਾ ਨੂੰ ਆਬਾਦ ਕਰ ਕੇ ਬੈਠੇ ਸਨ। ਜਦ ਲਤੀਫਪੁਰਾ ਦੇ ਆਸ-ਪਾਸ ਦਾ ਇਲਾਕਾ ਬਹੁਤ ਜ਼ਿਆਦਾ ਮਹਿੰਗਾ ਹੋ ਗਿਆ ਤਾਂ ਸਰਕਾਰ ਤੇ ਭੂ-ਮਾਫੀਆ ਨੇ ਇਸ ਜਗ੍ਹਾ 'ਤੇ ਆਪਣੀ ਅੱਖ ਰੱਖ ਲਈ। ਪਿਛਲੇ ਕਈ ਸਾਲਾਂ ਤੋਂ ਮਾਮਲਾ ਅਦਾਲਤ ਵਿਚ ਚੱਲ ਰਿਹਾ ਸੀ। ਬਣਦਾ ਤਾਂ ਇਹ ਸੀ ਕਿ ਸੂਬਾ ਸਰਕਾਰ ਜਲੰਧਰ ਇੰਪਰੂਵਮੈਂਟ ਟਰੱਸਟ ਰਾਹੀਂ ਸਾਰੇ ਪਰਿਵਾਰਾਂ ਨੂੰ ਮਾਲਕੀ ਹੱਕ ਦਿੰਦੀ ਪਰ 'ਆਪ' ਸਰਕਾਰ ਤੇ ਇਸ ਦੀ ਅਗਵਾਈ ਵਾਲੇ ਇੰਪਰੂਵਮੈਂਟ ਟਰੱਸਟ ਜਲੰਧਰ ਵੱਲੋਂ ਮੱਘਰ-ਪੋਹ ਦੇ ਸਭ ਤੋਂ ਠੰਢੇ ਮਹੀਨੇ ਵਿਚ ਬਜ਼ੁਰਗਾਂ, ਔਰਤਾਂ, ਬੱਚਿਆਂ ਨੂੰ ਬੇਘਰ ਕਰ ਦਿੱਤਾ ਗਿਆ। ਸਦਕੇ ਜਾਈਏ ਉਹਨਾਂ ਪੰਜਾਬੀਆਂ ਅਤੇ ਦਾਨੀ ਸੱਜਣਾ ਦੇ ਜਿਨ੍ਹਾਂ ਨੇ ਬੇਘਰ ਕੀਤੇ ਲੋਕਾਂ ਦੀ ਬਾਂਹ ਫੜੀ ਅਤੇ ਸੂਬਾ ਸਰਕਾਰ ਖਿਲਾਫ ਸੰਘਰਸ਼ ਦਾ ਬਿਗਲ ਵਜਾਇਆ। ਚਾਰੇ ਪਾਸੇ ਬਦਨਾਮੀ ਹੋਣ ਤੋਂ ਬਾਅਦ ਹੁਣ ਪੰਜਾਬ ਸਰਕਾਰ ਅਤੇ ਇੰਪਰੈਵਮੈਂਟ ਟਰੱਸਟ ਜਲੰਧਰ ਵੱਲੋਂ ਜੋ ਕੁਝ ਗਰੀਬ ਪਰਿਵਾਰਾਂ ਨੂੰ ਦੋ ਕਮਰਿਆਂ ਵਾਲਾ ਫਲੈਟ ਦੇਣ ਦੀ ਗੱਲ ਕੀਤੀ ਜਾ ਰਹੀ ਹੈ। ਗਾਲਾਂ ਕੱਢਣ ਵਾਲੇ ਇੱਕ ਪੁਲਿਸ ਅਫਸਰ ਦੀ ਵੀਡੀਓ ਜ਼ਾਹਿਰ ਕਰਦੀ ਹੈ ਕਿ ਕਿਵੇਂ ਸਰਕਾਰ ਨੇ ਲੋਕਾਂ ਨੂੰ ਉਜਾੜਨ ਲਈ ਅਫਸਰਸ਼ਾਹੀ ਨੂੰ ਉਤਸ਼ਾਹਿਤ ਕੀਤਾ ਹੋਵੇਗਾ।

# ਇੰਡੋਨੇਸ਼ੀਆ ਦੇ ਹਾਕਮ ਅਤੇ ਮਾਰਕਸਵਾਦ ਦਾ 'ਪ੍ਰੇਤ'

ਭਾਰਤ ਵਿਚ ਮੌਜੂਦਾ ਹਕੂਮਤ ਹੇਠ ਮਨਪਸੰਦ ਵਿਚਾਰਧਾਰਾ ਨੂੰ ਮੰਨਣ ਦੀ ਆਜ਼ਾਦੀ ਅਤੇ ਵਿਚਾਰ ਪ੍ਰਗਟਾਵੇ ਦੇ ਹੱਕ ਦਾ ਘਾਣ ਉੱਘੜਵੀਂ ਹਕੀਕਤ ਹੈ। ਵਿਚਾਰਾਂ ਦੇ ਆਧਾਰ 'ਤੇ ਗ੍ਰਿਫਤਾਰ ਕੀਤੇ ਨਕਸਲੀ ਕਾਰਕੁਨਾਂ ਅਤੇ ਹਕੂਮਤ ਵੱਲੋਂ ਨਕਸਲੀ/ਮਾਓਵਾਦੀ ਕਰਾਰ ਦਿੱਤੇ ਆਮ ਲੋਕਾਂ ਨਾਲ ਜੇਲ੍ਹਾਂ ਭਰੀਆਂ ਪਈਆਂ ਹਨ। ਇਕੱਲੇ ਭਾਰਤ ਵਿਚ ਹੀ ਖੱਬੇਪੱਖੀ ਵਿਚਾਰਾਂ ਦਾ ਧਾਰਨੀ ਹੋਣਾ ਜੁਰਮ ਨਹੀਂ ਹੈ। ਇਰਾਨ ਦੀ ਹਕੂਮਤ ਐਨੀ ਅਸਹਿਣਸ਼ੀਲ ਹੋ ਚੁੱਕੀ ਹੈ ਕਿ ਸਰਕਾਰੀ ਫ਼ਤਵਿਆਂ ਦੀ ਮਾਮੂਲੀ ਆਲੋਚਨਾ ਵੀ ਜੁਰਮ ਬਣਾ ਦਿੱਤੀ ਗਈ ਹੈ। ਹਕੂਮਤ ਦੇ ਇਸ਼ਾਰੇ 'ਤੇ ਸੁਰੱਖਿਆ ਦਸਤਿਆਂ ਨੇ ਤਾਰਾਨੇਹ ਅਲੀਦੂਸਤੀ ਨੂੰ ਇਸ ਕਰ ਕੇ ਗ੍ਰਿਫਤਾਰ ਕਰ ਲਿਆ ਕਿ ਉਸ ਨੇ ਇਰਾਨੀ ਹਕੂਮਤ ਵੱਲੋਂ ਔਰਤਾਂ ਦੇ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਹੱਕਾਂ ਲਈ ਜੂਝ ਰਹੇ ਅੰਦੋਲਨਕਾਰੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਆਲੋਚਨਾ ਕੀਤੀ ਸੀ। ਤਾਰਾਨੇਹ ਇਰਾਨ ਦੀਆਂ ਸਭ ਤੋਂ ਮਸ਼ਹੂਰ ਫਿਲਮੀ ਹਸਤੀਆਂ ਵਿਚੋਂ ਹੈ। ਇੰਡੋਨੇਸ਼ੀਆ ਦੀ ਸਰਕਾਰ ਨੇ ਤਾਂ ਇਸ ਤੋਂ ਵੀ ਚਾਰ ਕਦਮ ਅੱਗੇ ਜਾ ਕੇ ਮਾਰਕਸਵਾਦ ਨੂੰ ਹੀ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਹੈ। ਇੰਡੋਨੇਸ਼ੀਆ ਦੀ ਮੌਜੂਦਾ ਸਰਕਾਰ ਨੇ ਬਾਕਾਇਦਾ ਕਾਨੂੰਨ ਬਣਾ ਕੇ ਮਾਰਕਸਵਾਦ ਨੂੰ ਸਜ਼ਾਯੋਗ ਜੁਰਮ ਦੀ ਸ਼੍ਰੇਣੀ ਵਿਚ ਰੱਖ ਕੇ ਵਿਆਪਕ ਪੈਮਾਨੇ 'ਤੇ ਗ੍ਰਿਫ਼ਤਾਰੀਆਂ ਅਤੇ ਜੇਲ੍ਹਬੰਦੀਆਂ ਦਾ ਰਾਹ ਪੱਧਰਾ ਕਰ ਲਿਆ ਹੈ। ਇਸ ਕਾਨੂੰਨ ਤਹਿਤ ਹੁਣ ਕਿਸੇ ਵੀ ਐਸੀ ਆਵਾਜ਼ ਨੂੰ ਮਾਰਕਸਵਾਦੀ ਕਰਾਰ ਦੇ ਕੇ ਜੇਲ੍ਹ ਵਿਚ ਡੱਕਿਆ ਜਾ ਸਕਦਾ ਹੈ ਜੋ ਹਕੂਮਤ ਨੂੰ ਚੁਭਦੀ ਹੋਵੇ।

ਦਰਅਸਲ, ਪੂਰੀ ਦੁਨੀਆ ਵਿਚ ਹੀ ਪਿਛਾਖੜੀ ਤਾਕਤਾਂ ਇਤਿਹਾਸਕ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਹੱਕਾਂ ਨੂੰ ਖੋਹਣ ਲਈ ਸਰਗਰਮ ਹਨ। ਅਮਰੀਕਾ ਅੰਦਰ ਮੈਕਾਰਥੀਵਾਦੀ ਦੌਰ ਦੀਆਂ ਯਾਦਾਂ ਦੁਨੀਆ ਦੇ ਚੇਤਿਆਂ ਵਿਚ ਅੱਜ ਵੀ ਸੱਜਰੀਆਂ ਹਨ ਜਦੋਂ ਦੁਨੀਆ ਭਰ ਵਿਚ ਕਮਿਊਨਿਜ਼ਮ ਦੇ ਵਧ ਰਹੇ ਪ੍ਰਭਾਵ ਤੋਂ ਬੁਖਲਾਏ ਆਲਮੀ ਸਾਮਰਾਜਵਾਦ ਦੇ ਸਰਗਨੇ ਅਮਰੀਕਨ ਸਟੇਟ ਨੇ ਤਬਦੀਲੀਪਸੰਦ ਆਲੋਚਕ ਖ਼ਿਆਲਾਂ ਨੂੰ ਕੁਚਲਣ ਲਈ ਵਿਆਪਕ ਪੈਮਾਨੇ 'ਤੇ ਰਾਜਕੀ ਦਹਿਸ਼ਤਵਾਦ ਦਾ ਝੱਖੜ ਝੁਲਾਇਆ ਸੀ। ਉਸ ਦਹਿਸ਼ਤਵਾਦੀ ਦੌਰ ਵਿਚ ਅਮਰੀਕਾ ਦੇ ਬਹੁਤ ਸਾਰੇ ਸਥਾਪਤੀ ਵਿਰੋਧੀ ਅਤੇ ਰੋਸ਼ਨ ਖ਼ਿਆਲ ਲੋਕ ਜਲਾਵਤਨ ਹੋਣ ਲਈ ਮਜਬੂਰ ਹੋ ਗਏ ਸਨ।

ਇੰਡੋਨੇਸ਼ੀਆ ਦੀ ਪਾਰਲੀਮੈਂਟ ਨੇ 6 ਦਸੰਬਰ 2022 ਨੂੰ ਪੀਨਲ ਕੋਡ (ਦੰਡ ਵਿਧਾਨ) 'ਚ ਅਜਿਹੀਆਂ ਸੋਧਾਂ ਕੀਤੀਆਂ ਹਨ ਜੋ ਨਾਗਰਿਕਾਂ ਦੇ ਹੱਕਾਂ ਉੱਪਰ ਸਿੱਧਾ ਹਮਲਾ ਹਨ। ਇਹ ਹੋਰ ਵੀ ਖ਼ਤਰਨਾਕ ਹੈ ਕਿ ਇਹ ਸੋਧਾਂ ਬਿਨਾਂ ਵਿਰੋਧ ਸਰਵਸੰਮਤੀ ਨਾਲ ਪਾਸ ਹੋ ਗਈਆਂ। ਨਵਾਂ ਕੋਡ ਵਿਆਹ ਤੋਂ ਬਾਹਰੇ ਲਿੰਗਕ ਸਬੰਧਾਂ ਨੂੰ ਜੁਰਮ ਕਰਾਰ ਦਿੰਦਾ ਹੈ, ਇਹ ਗਰਭ-ਨਿਰੋਧਕ ਉਪਾਵਾਂ ਦੇ ਪ੍ਰਚਾਰ ਉੱਪਰ ਪਾਬੰਦੀ ਲਗਾਉਂਦਾ ਹੈ। ਇਹ ਸੋਧਾਂ ਔਰਤਾਂ ਉੱਪਰ ਮਰਦ-ਪ੍ਰਧਾਨ ਦਾਬੇ ਨੂੰ ਹੋਰ ਤਾਕਤਵਰ ਬਣਾਉਣ ਅਤੇ ਔਰਤ ਦੇ ਸੀਮਤ ਹੱਕਾਂ ਨੂੰ ਖ਼ਤਮ ਕਰ ਕੇ ਉਸ ਦੀ ਜ਼ਿੰਦਗੀ ਨੂੰ ਹੋਰ ਜ਼ਿਆਦਾ ਕੰਟਰੋਲ ਕਰਨ ਲਈ ਪਾਸ ਕੀਤੀਆਂ ਗਈਆਂ ਸਨ। ਇਕ ਹੋਰ ਸੋਧ ਰਾਸ਼ਟਰਪਤੀ ਤੇ ਸਰਕਾਰੀ ਸੰਸਥਾਵਾਂ ਦੀ ਸ਼ਾਨ ਵਿਰੁੱਧ ਟਿੱਪਣੀ, ਯਾਨੀ ਆਲੋਚਨਾ ਦੀ ਮਨਾਹੀ ਕਰਦੀ ਹੈ ਅਤੇ ਇਕ ਹੋਰ ਸੋਧ ਮੁਲਕ ਦੇ ਈਸ਼ਵਰ ਨਿੰਦਾ ਕਾਨੂੰਨ ਨੂੰ ਹੋਰ ਵਿਆਪਕ ਬਣਾਉਂਦੀ ਹੈ ਜਿਸ ਵਿਚ ਪਹਿਲਾਂ ਹੀ ਛੇ ਮਾਨਤਾ ਪ੍ਰਾਪਤ ਧਰਮਾਂ ਦੇ ਮੁੱਖ ਸਿਧਾਂਤਾਂ ਤੋਂ ਭਟਕਣ ਲਈ ਪੰਜ ਸਾਲ ਦੀ ਸਜ਼ਾ ਦੀ ਵਿਵਸਥਾ ਹੈ। ਸਭ ਤੋਂ ਜ਼ਿਆਦਾ ਵਿਵਾਦਪੂਰਨ ਮਾਰਕਸਵਾਦੀ ਵਿਚਾਰ ਰੱਖਣ ਨੂੰ ਜੁਰਮ ਬਣਾ ਦੇਣ ਦੀ ਸੋਧ ਹੈ ਜਿਸ ਤਹਿਤ ਮਾਰਕਸਵਾਦੀ ਵਿਚਾਰਾਂ ਵਾਲੀਆਂ ਜਥੇਬੰਦੀਆਂ ਨਾਲ ਸਬੰਧ ਰੱਖਣ ਵਾਲੇ ਨੂੰ ਦਸ ਸਾਲ ਦੀ ਕੈਦ ਅਤੇ ਕਮਿਊਨਿਸਟ ਵਿਚਾਰਾਂ ਦਾ ਪ੍ਰਚਾਰ ਕਰਨ ਵਾਲੇ ਨੂੰ ਚਾਰ ਸਾਲ ਦੀ ਕੈਦ ਦੀ ਵਿਵਸਥਾ ਹੈ। ਇਸ ਸੋਧ ਦਾ ਬੌਧਿਕ ਹਲਕਿਆਂ ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।

ਇੰਡੋਨੇਸ਼ੀਆਈ ਹੁਕਮਰਾਨਾਂ ਦਾ ਕਮਿਊਨਿਸਟ ਦੇ ਕਤਲੇਆਮ ਦਾ ਬੇਹੱਦ ਘਿਨਾਉਣਾ ਇਤਿਹਾਸ ਰਿਹਾ ਹੈ। ਆਜ਼ਾਦੀ ਹਾਸਲ ਕਰਨ ਤੋਂ ਬਾਅਦ 1955 ਦੀਆਂ ਆਮ ਚੋਣਾਂ ਵਿਚ ਕਮਿਊਨਿਸਟ ਪਾਰਟੀ ਜਿਸ ਨੂੰ ਪੀ.ਕੇ.ਆਈ. ਕਿਹਾ ਜਾਂਦਾ ਸੀ, ਨੂੰ ਵੱਡੀ ਜਿੱਤ ਹਾਸਲ ਹੋਈ ਸੀ। ਚੋਣਾਂ ਰਾਹੀਂ 'ਸ਼ਾਂਤਮਈ ਤਬਦੀਲੀ' ਲਿਆਉਣ ਲਈ ਵਚਨਬੱਧ ਕਮਿਊਨਿਸਟ ਪਾਰਟੀ ਦਾ ਸਭ ਤੋਂ ਤਾਕਤਵਰ ਰਾਜਸੀ ਹੁਕਮਰਾਨ ਧਿਰ ਬਣ ਕੇ ਉੱਭਰਨਾ ਸਾਮਰਾਜਵਾਦੀਆਂ, ਸੱਜੇਪੱਖੀ ਸਥਾਨਕ ਹੁਕਮਰਾਨ ਤਾਕਤਾਂ ਅਤੇ ਸੱਜੇਪੱਖੀ ਫ਼ੌਜੀ ਜੁੰਡਲੀ ਨੂੰ ਗਵਾਰਾ ਨਹੀਂ ਸੀ। ਉਹ ਤਬਦੀਲੀਪਸੰਦ ਕਮਿਊਨਿਸਟਾਂ ਨੂੰ ਸਰਮਾਏਦਾਰੀ ਪ੍ਰਬੰਧ ਦਾ ਸਭ ਤੋਂ ਖ਼ਤਰਨਾਕ ਦੁਸ਼ਮਣ ਸਮਝਦੇ ਸਨ ਅਤੇ ਇਸੇ ਕਾਰਨ ਕਮਿਊਨਿਜ਼ਮ ਦੇ ਖ਼ਤਰੇ ਨੂੰ ਦੂਰ ਕਰਨ ਵਾਸਤੇ ਕਮਿਊਨਿਸਟ ਧਿਰ ਨੂੰ ਖ਼ਤਮ ਕਰਨ ਲਈ ਡੂੰਘੀ ਸਾਜ਼ਿਸ਼ ਘੜੀ ਗਈ ਅਤੇ ਕਮਿਊਨਿਸਟਾਂ ਦੇ ਬਹਾਨੇ ਆਮ ਖੱਬੇਪੱਖੀ ਖ਼ਿਆਲਾਂ ਵਾਲਿਆਂ ਨੂੰ ਵੀ ਕੁਚਲ ਦਿੱਤਾ ਗਿਆ। ਜਨਰਲ ਸੁਹਾਰਤੋ ਦੀ ਅਗਵਾਈ ਵਾਲੀ ਫ਼ੌਜੀ ਜੁੰਡਲੀ ਨੇ ਪੱਛਮੀ ਸਾਮਰਾਜਵਾਦੀਆਂ ਨਾਲ ਮਿਲ ਕੇ ਅਤੇ ਧਾਰਮਿਕ ਕੱਟੜਪੰਥੀ ਅਤੇ ਰਾਸ਼ਟਰਵਾਦੀ ਗਰੁੱਪਾਂ ਨੂੰ ਲਾਮਬੰਦ ਕਰ ਕੇ 1965-66 ਵਿਚ ਲੱਖਾਂ ਕਮਿਊਨਿਸਟਾਂ ਦਾ ਕਤਲੇਆਮ ਕੀਤਾ।

ਜ਼ਿਆਦਾਤਰ ਰਿਪੋਰਟਾਂ ਅਨੁਸਾਰ ਮਾਰੇ ਗਏ ਕਮਿਊਨਿਸਟਾਂ ਅਤੇ ਕਮਿਊਨਿਸਟ ਹਮਾਇਤੀਆਂ ਦੀ ਗਿਣਤੀ 5 ਤੋਂ 8 ਲੱਖ ਦਰਮਿਆਨ ਮੰਨੀ ਜਾਂਦੀ ਹੈ। ਇੰਡੋਨੇਸ਼ੀਆ ਦੇ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਪਿੱਛੇ ਜਿਹੇ ਅੰਦਾਜ਼ਾ ਪੇਸ਼ ਕੀਤਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਪੰਜ ਲੱਖ ਤੋਂ 30 ਲੱਖ ਦਰਮਿਆਨ ਸੀ। ਸੀ.ਆਈ.ਏ. ਨੇ ਵੀ ਆਪਣੀ ਖ਼ੁਫ਼ੀਆ ਰਿਪੋਰਟ ਵਿਚ ਇਸ ਨੂੰ "20ਵੀਂ ਸਦੀ ਦੇ ਸਭ ਤੋਂ ਭੈੜੇ ਕਤਲੇਆਮਾਂ ਵਿਚੋਂ ਇਕ" ਮੰਨਿਆ ਸੀ। ਬੇਕਿਰਕ ਰਾਜਕੀ ਦਹਿਸ਼ਤਵਾਦ ਕਾਰਨ ਅਜੇ ਤੱਕ ਸਿਰਫ਼ ਸੁਮਾਤਰਾ ਅਤੇ ਜਾਵਾ ਵਿਚ ਹੀ 122 ਗੁਪਤ ਕਬਰਸਤਾਨਾਂ ਦਾ ਪਤਾ ਲੱਗਿਆ ਹੈ। ਬਾਲੀ ਅਤੇ ਹੋਰ ਟਾਪੂਆਂ 'ਚ ਐਸੇ ਕਬਰਸਤਾਨਾਂ ਦੀ




ਅਜੇ ਤੱਕ ਨਿਸ਼ਾਨਦੇਹੀ ਨਹੀਂ ਹੋਈ ਜਿੱਥੇ ਲਾਸ਼ਾਂ ਨੂੰ ਬਹੁਤ ਵੱਡੀ ਤਾਦਾਦ 'ਚ ਦਫ਼ਨਾ ਕੇ ਸਬੂਤ ਖ਼ਤਮ ਕੀਤੇ ਗਏ। ਦਹਿ ਲੱਖਾਂ ਹੋਰ ਲੋਕ ਕਈ ਕਈ ਸਾਲ ਜੇਲ੍ਹਾਂ ਅਤੇ ਤਸੀਹਾ ਕੇਂਦਰਾਂ 'ਚ ਸਾੜੇ ਗਏ। ਖੱਬੇਪੱਖੀ ਸੋਚ ਵਾਲੇ ਲੋਕਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਵੀ ਆਪਣੇ ਵਡੇਰਿਆਂ ਦੇ ਵਿਚਾਰਾਂ ਦਾ ਮੁੱਲ ਚੁਕਾਉਣਾ ਪਿਆ।

ਇਸ ਸਾਜ਼ਿਸ਼ ਦੀਆਂ ਅਸਲ ਸੂਤਰਧਾਰ ਸਾਮਰਾਜਵਾਦੀ ਹਕੂਮਤਾਂ ਸਨ। ਬਰਤਾਨੀਆ, ਅਮਰੀਕਾ ਤੇ ਆਸਟਰੇਲੀਆ ਦੀਆਂ ਹਕੂਮਤਾਂ ਨੇ ਭੜਕਾਊ ਪ੍ਰਚਾਰ ਰਾਹੀਂ ਇੰਡੋਨੇਸ਼ੀਆ ਦੀ ਕਮਿਊਨਿਸਟ ਪਾਰਟੀ ਸਮੇਤ ਸਾਰੇ ਹੀ ਕਮਿਊਨਿਸਟਾਂ ਦਾ ਸਫ਼ਾਇਆ ਕਰਨ ਦੇ ਸ਼ਰੇਆਮ ਸੱਦੇ ਦੇ ਕੇ, ਅਫ਼ਵਾਹਾਂ ਫੈਲਾ ਕੇ ਅਤੇ ਕਤਲੇਆਮ ਲਈ ਜ਼ਰੂਰੀ ਸਾਜ਼ੋ-ਸਮਾਨ ਮੁਹੱਈਆ ਕਰਵਾ ਕੇ ਫ਼ੌਜ, ਪਿਛਾਖੜੀ ਗਰੋਹਾਂ ਅਤੇ ਚੌਕਸੀ ਦਸਤਿਆਂ ਕੋਲੋਂ ਕਮਿਊਨਿਸਟਾਂ ਦੀ ਨਸਲਕੁਸ਼ੀ ਕਰਵਾਈ। ਪਿੱਛੇ ਜਿਹੇ ਜਨਤਕ ਹੋਏ ਅਮਰੀਕਨ ਦੂਤਾਵਾਸ ਦੇ ਗੁਪਤ ਦਸਤਾਵੇਜ਼ ਅਮਰੀਕਨ ਹਕੂਮਤ ਦੀ ਕਤਲੇਆਮ ਵਿਚ ਹਿੱਸੇਦਾਰੀ ਅਤੇ ਮਦਦ ਦਾ ਮੂੰਹ ਬੋਲਦਾ ਸਬੂਤ ਹਨ। ਇਸ ਤੋਂ ਬਾਅਦ ਸੁਹਾਰਤੋ ਨੇ ਪੱਛਮੀ ਸਾਮਰਾਜਵਾਦੀਆਂ ਦੇ ਥਾਪੜੇ ਨਾਲ ਇੰਡੋਨੇਸ਼ੀਆ ਉੱਪਰ 32 ਸਾਲ (1967 ਤੋਂ 1998) ਰਾਜ ਕੀਤਾ ਅਤੇ ਆਲਮੀ ਸਰਮਾਏਦਾਰੀ ਵੱਲੋਂ ਸੁਹਾਰਤੋ ਦੇ ਰਾਜ ਨੂੰ ਜਮਹੂਰੀਅਤ ਦਾ ਨਾਮ ਦਿੱਤਾ ਗਿਆ ਜੋ ਦੁਨੀਆ ਦੇ ਸਭ ਤੋਂ ਬਦਨਾਮ ਭ੍ਰਿਸ਼ਟ ਹੁਕਮਰਾਨਾਂ ਵਿਚੋਂ ਇਕ ਸੀ।

ਸੁਹਾਰਤੋ ਦੇ ਰਾਜ ਵਿਚ ਯੂਨੀਵਰਸਿਟੀਆਂ ਦੇ ਬੌਧਿਕ ਮਾਹੌਲ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾ ਕੇ ਬੌਧਿਕ ਚੁਣੌਤੀ ਨੂੰ ਦਬਾਇਆ ਗਿਆ ਅਤੇ ਦਹਿਸ਼ਤਵਾਦ ਰਾਹੀਂ ਵਿਕਾਸ ਅਤੇ ਜਮਹੂਰੀਅਤ ਦਾ ਦਰਬਾਰੀ ਬਿਰਤਾਂਤ ਥੋਪਿਆ ਗਿਆ। ਆਲੋਚਨਾ ਅਤੇ ਅਸਹਿਮਤੀ ਦੀ ਪੂਰੀ ਤਰ੍ਹਾਂ ਮਨਾਹੀ ਕਰ ਦਿੱਤੀ ਗਈ। ਖੱਬੇਪੱਖੀ ਅਤੇ ਸੱਜੇਪੱਖੀ ਬੁੱਧੀਜੀਵੀਆਂ ਦਰਮਿਆਨ ਜਨਤਕ ਬਹਿਸ-ਮੁਬਾਹਿਸੇ ਦੀ ਉਸਾਰੂ ਪਿਰਤ ਨੂੰ ਕੁਚਲ ਕੇ ਪੱਛਮੀ ਸਾਮਰਾਜਵਾਦ ਦੀ ਏਜੰਟ ਫ਼ੌਜੀ ਹਕੂਮਤ ਦੇ ਗੁਣ-ਗਾਣ ਦਾ ਬੋਲਬਾਲਾ ਕੀਤਾ ਗਿਆ। ਸੁਹਾਰਤੋ ਦੇ ਫਾਸਿਸਟ ਰਾਜ ਵਿਚ ਕਮਿਊਨਿਸਟ ਵਿਚਾਰਾਂ ਨੂੰ ਬੇਕਿਰਕੀ ਨਾਲ ਦਬਾਉਣ ਲਈ 1966 'ਚ ਕਮਿਊਨਿਸਟ ਪਾਰਟੀ ਗ਼ੈਰ-ਕਾਨੂੰਨੀ ਕਰਾਰ ਦੇ ਕੇ ਕੁਚਲ ਦਿੱਤੀ ਗਈ। ਕਮਿਊਨਿਸਟ ਵਿਰੋਧੀ ਸਖ਼ਤੀ ਇਸ ਹੱਦ ਤੱਕ ਕਰੂਰ ਸੀ ਕਿ ਕਿਸੇ ਨੂੰ ਵੀ ਕਤਲੇਆਮ ਬਾਰੇ ਕੋਈ ਗੱਲਬਾਤ ਕਰਨ, ਚਰਚਾ ਕਰਨ ਲਈ ਛੋਟੀਆਂ-ਛੋਟੀਆਂ ਗਰੁੱਪ ਮੀਟਿੰਗਾਂ ਕਰਨ ਦੀ ਵੀ ਇਜਾਜ਼ਤ ਨਹੀਂ ਸੀ। ਕਤਲੇਆਮ ਤੋਂ ਪੀੜਤ ਪਰਿਵਾਰਾਂ ਉੱਪਰ ਸਖ਼ਤ ਨਜ਼ਰ ਰੱਖੀ ਜਾਂਦੀ ਸੀ ਤਾਂ ਜੋ ਕਤਲੇਆਮ ਦੀ ਵਿਆਪਕਤਾ ਅਤੇ ਕਰੂਰਤਾ ਦੇ ਤੱਥ ਸਾਹਮਣੇ ਨਾ ਆ ਸਕਣ। ਕਮਿਊਨਿਸਟ ਪਿਛੋਕੜ ਵਾਲੇ ਪਰਿਵਾਰਾਂ ਦੇ ਵਿਸ਼ੇਸ਼ ਸ਼ਨਾਖ਼ਤੀ ਕਾਰਡ ਬਣਾਏ ਗਏ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਿਵਲ ਸਰਵਿਸ ਤੇ ਫ਼ੌਜ ਵਿਚ ਨੌਕਰੀ ਕਰਨ ਦੀ ਇਜਾਜ਼ਤ ਨਹੀਂ ਸੀ। ਫ਼ੌਜ ਦੀ ਚੀਫ਼ ਕਮਾਨ ਨੇ ਇਹ ਸ਼ਰਤ ਮਈ 2022 'ਚ ਹੀ ਹਟਾਈ ਹੈ।

ਵਿਚਾਰਧਾਰਾ ਆਧਾਰਿਤ ਐਨੀ ਵਿਆਪਕ ਨਸਲਕੁਸ਼ੀ ਅਤੇ ਇੰਡੋਨੇਸ਼ੀਆ ਉੱਪਰ ਆਲਮੀ ਕਾਰਪੋਰੇਟ ਸਰਮਾਏ ਦੇ ਦਲਾਲ ਘੋਰ ਸੱਜੇਪੱਖੀ ਤਾਨਾਸ਼ਾਹ ਗੁੱਟ ਦੀ ਮਜ਼ਬੂਤ ਜਕੜ ਦੇ ਬਾਵਜੂਦ ਇੰਡੋਨੇਸ਼ੀਆ ਦੀ ਹੁਕਮਰਾਨ ਜਮਾਤ ਮਾਰਕਸਵਾਦ ਤੋਂ ਬੇਹੱਦ ਭੈਭੀਤ ਹੈ। ਸਵਾਲ ਇਹ ਹੈ ਕਿ ਐਨੇ ਘਿਨਾਉਣੇ ਕਤਲੇਆਮ ਤੋਂ ਸਾਢੇ ਪੰਜ ਦਹਾਕੇ ਬਾਅਦ ਅਤੇ ਫਾਸ਼ੀਵਾਦ ਸਟੇਟ ਦੀ ਪੀਡੀ ਪਕੜ ਦੇ ਬਾਵਜੂਦ ਉੱਥੇ ਦੇ ਹੁਕਮਰਾਨਾਂ ਨੂੰ ਮਾਰਕਸਵਾਦ ਐਨਾ ਭੈਭੀਤ ਕਿਉਂ ਕਰਦਾ ਹੈ? ਔਰਤਾਂ ਲਈ ਸੰਗੀਤ, ਕਲਾ ਅਤੇ ਸੰਵਾਦ ਦੇ ਸਮਾਗਮਾਂ ਨੂੰ ਵੀ ਪੁਲਿਸ ਅਤੇ 'ਇਸਲਾਮਿਕ' ਕੱਟੜਪੰਥੀ ਗਰੁੱਪ ਮਿਲ ਕੇ ਖਦੇੜਨ ਤੱਕ ਕਿਉਂ ਜਾਂਦੇ ਹਨ?

ਮਾਰਕਸਵਾਦ ਨੇ ਦੁਨੀਆ ਭਰ ਵਿਚ ਲੋਕ ਮੁਕਤੀ ਦੀਆਂ ਲਹਿਰਾਂ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇੰਡੋਨੇਸ਼ੀਆ ਦੇ ਬਸਤੀਵਾਦ ਵਿਰੋਧੀ ਆਜ਼ਾਦੀ ਲਈ ਸੰਘਰਸ਼ ਉੱਪਰ ਵੀ ਮਾਰਕਸਵਾਦ ਦਾ ਬਹੁਤ ਮਹੱਤਵਪੂਰਨ ਪ੍ਰਭਾਵ ਸੀ। ਮਾਰਕਸਵਾਦ ਨੇ ਕੌਮੀ ਮੁਕਤੀ ਦੀਆਂ ਲਹਿਰਾਂ ਨੂੰ ਤੰਗਨਜ਼ਰ ਰਾਸ਼ਟਰਵਾਦ 'ਚੋਂ ਕੱਢ ਕੇ ਸੱਚੀ ਆਜ਼ਾਦੀ, ਬਰਾਬਰੀ ਅਤੇ ਆਲਮੀ ਭਾਈਚਾਰੇ ਦੇ ਸਮਾਜਵਾਦੀ ਉਦੇਸ਼ ਨਾਲ ਜੋੜਿਆ। ਸਮਾਜਵਾਦੀ ਕੈਂਪ ਦੇ ਵਧ ਰਹੇ ਪ੍ਰਭਾਵ ਨੇ ਮੁੱਖ ਸਰਮਾਏਦਾਰ ਮੁਲਕਾਂ ਨੂੰ ਵੀ ਬੇਲਗਾਮ ਪ੍ਰਾਈਵੇਟ ਸਰਮਾਏ ਤੋਂ ਕਿਰਤ ਦੀ ਸੁਰੱਖਿਆ ਲਈ ਮਜ਼ਦੂਰ ਪੱਖੀ ਕਾਨੂੰਨ ਬਣਾਉਣ ਅਤੇ 'ਪਬਲਿਕ ਸੈਕਟਰ' ਰਾਹੀਂ ਆਮ ਲੋਕਾਈ ਨੂੰ ਗਿਣਨਯੋਗ ਸਹੂਲਤਾਂ ਦੇਣ ਲਈ ਮਜਬੂਰ ਕਰ ਦਿੱਤਾ। ਹੁਣ ਜਦੋਂ ਦੁਨੀਆ ਭਰ ਵਿਚ ਸਮਾਜਵਾਦੀ ਕੈਂਪ ਦੇ ਖ਼ਾਤਮ ਹੋ ਜਾਣ ਤੋਂ ਬਾਅਦ ਕਮਿਊਨਿਸਟ ਵਿਚਾਰਧਾਰਾ ਦਾ ਪਹਿਲਾਂ ਵਾਲਾ ਪ੍ਰਭਾਵ ਨਹੀਂ ਰਿਹਾ, ਇਸ ਦੇ ਬਾਵਜੂਦ ਜੇ ਇੰਡੋਨੇਸ਼ੀਆ ਦੀ ਹੁਕਮਰਾਨ ਜਮਾਤ ਮਾਰਕਸਵਾਦ ਦੀ ਵਿਚਾਰਾਂ ਦੇ ਰੂਪ 'ਚ ਮੌਜੂਦਗੀ ਤੋਂ ਐਨਾ ਭੈਅ ਖਾਂਦੀ ਹੈ ਤਾਂ ਇਸ ਦੇ ਦੋ ਵੱਡੇ ਕਾਰਨ ਹਨ। ਪਹਿਲਾ, ਸੁਹਾਰਤੋ ਦੀ ਅਗਵਾਈ ਹੇਠ ਫ਼ੌਜੀ ਜੁੰਡਲੀ ਵੱਲੋਂ ਇੰਡੋਨੇਸ਼ੀਆ ਉੱਪਰ ਥੋਪੇ ਖ਼ੂੰਖਾਰ ਕਾਰਪੋਰੇਟ ਧਾੜਵੀ ਰਾਜ ਤੋਂ ਉੱਥੋਂ ਦੇ ਲੋਕ ਤੰਗ ਆ ਚੁੱਕੇ ਹਨ ਜਿਸ ਨੂੰ ਆਲਮੀ ਸਾਮਰਾਜਵਾਦੀ ਸਰਮਾਏਦਾਰੀ ਨੇ ਜਮਹੂਰੀਅਤ ਦੇ ਰੂਪ 'ਚ ਵਡਿਆਇਆ ਸੀ। ਇੰਡੋਨੇਸ਼ੀਆ ਦੀ ਨਵੀਂ ਨੌਜਵਾਨ ਪੀੜ੍ਹੀ ਦਹਿਸ਼ਤਵਾਦੀ ਅਤੀਤ ਦੇ ਕਾਲੇ ਸਾਏ ਹੇਠੋਂ ਬਾਹਰ ਨਿਕਲ ਕੇ ਚੰਗੇ ਭਵਿੱਖ ਦੀ ਤਲਾਸ਼ ਵਿਚ ਅੱਗੇ ਵਧਣਾ ਚਾਹੁੰਦੀ ਹੈ। ਸੁਹਾਰਤੋ ਪੱਖੀ ਗਰੁੱਪ ਕਮਿਊਨਿਸਟ ਵਿਰੋਧੀ ਬੈਨਰ ਚੁੱਕ ਕੇ 1965 ਦੀ ਨਸਲਕੁਸ਼ੀ ਨਾਲ ਸਬੰਧਤ ਵਿਸ਼ਿਆਂ ਉੱਪਰ ਚਰਚਾ ਕਰਨ ਵਾਲੇ ਮੰਚਾਂ ਉੱਪਰ ਸਟੇਟ ਦੀ ਮਦਦ ਨਾਲ ਹਮਲੇ ਇਸ ਲਈ ਕਰਦੇ ਹਨ ਤਾਂ ਜੋ ਸੁਹਾਰਤੋ ਦੇ 'ਨਵੇਂ ਪ੍ਰਬੰਧ' ਦੇ ਝੂਠੇ ਬਿਰਤਾਂਤ ਉੱਪਰ ਕੋਈ ਸਵਾਲ ਨਾ ਉੱਠੇ।

ਦੂਜਾ, ਮਾਰਕਸਵਾਦੀ ਵਿਚਾਰਧਾਰਾ ਮਨੁੱਖ ਨੂੰ ਲੁੱਟ-ਖਸੁੱਟ, ਦਾਬੇ ਅਤੇ ਨਾ-ਬਰਾਬਰੀ ਅਤੇ ਸਰਮਾਏਦਾਰੀ ਪ੍ਰਬੰਧ ਦੀਆਂ ਪੈਦਾ ਕੀਤੀਆਂ ਘਿਨਾਉਣੀਆਂ ਅਸਾਧ ਬੁਰਾਈਆਂ ਵਿਰੁੱਧ ਚੇਤਨਾ ਦੇ ਕੇ ਸਮੂਹਿਕ ਸੰਘਰਸ਼ ਰਾਹੀਂ ਭੈੜੇ ਹਾਲਾਤ ਨੂੰ ਬਦਲਣ ਲਈ ਪ੍ਰੇਰਦੀ ਹੈ। ਮਾਰਕਸਵਾਦ ਸਿਰਫ਼ ਸਰਮਾਏਦਾਰਾ ਪ੍ਰਬੰਧ ਦੀ ਲੁੱਟਖਸੁੱਟ ਦੀ ਵਿਗਿਆਨਕ ਨਜ਼ਰੀਏ ਨਾਲ ਵਿਆਖਿਆ ਹੀ ਨਹੀਂ ਕਰਦਾ, ਇਹ ਉਸ ਦਾ ਵਿਸ਼ਲੇਸ਼ਣ ਕਰ ਕੇ ਮਨੁੱਖਤਾ ਦੇ ਭਵਿੱਖ ਲਈ ਬਦਲਵਾਂ ਟਿਕਾਊ ਹੱਲ ਵੀ ਪੇਸ਼ ਕਰਦਾ ਹੈ। ਬੌਧਿਕ ਸੰਵਾਦ ਵਿਚ ਮਾਰਕਸਵਾਦੀ ਵਿਚਾਰਾਂ ਦੀ ਮੌਜੂਦਗੀ ਇੰਡੋਨੇਸ਼ੀਆ ਦੀ ਨਵੀਂ ਪੀੜ੍ਹੀ ਨੂੰ ਕਿਸੇ ਨਾ ਕਿਸੇ ਰੂਪ 'ਚ ਪ੍ਰਭਾਵਿਤ ਕਰ ਸਕਦੀ ਹੈ ਅਤੇ ਭ੍ਰਿਸ਼ਟ ਲੋਟੂ ਰਾਜ ਤੋਂ ਮੁਕਤ ਹੋਣ ਦੀ ਚੇਤਨਾ ਪੈਦਾ ਕਰ ਸਕਦੀ ਹੈ। ਇਹੀ ਡਰ ਹੁਕਮਰਾਨਾਂ ਨੂੰ ਐਸੀਆਂ ਬੇਕਿਰਕ ਕਾਨੂੰਨੀ ਪੇਸ਼ਬੰਦੀਆਂ ਕਰਨ ਲਈ ਉਕਸਾ ਰਿਹਾ ਹੈ।

# 2023: ਆਰ.ਐੱਸ.ਐੱਸ ਮੁਕਤ ਭਾਰਤ ਲਈ ਲਾਮਬੰਦੀ ਦਾ ਹੋਕਾ

2022 ਦੇ ਸਭ ਤੋਂ ਭੈੜੇ ਘਟਨਾਕ੍ਰਮਾਂ ਵਿਚੋਂ ਇਕ ਭਾਰਤ ਦੇ ਗੁਜਰਾਤ ਸੂਬੇ ਵਿਚ ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਚੋਣ ਜਿੱਤ ਹੈ। 8 ਦਸੰਬਰ ਦੀਆਂ ਵਿਧਾਨ ਸਭਾ ਚੋਣਾਂ ਨੇ ਭਾਜਪਾ ਦੇ ਹੱਕ ਵਿਚ ਸਪਸ਼ਟ ਫ਼ਤਵਾ ਦਿੱਤਾ ਹੈ ਜਿਸ ਨੇ 182 ਵਿਚੋਂ 156 ਸੀਟਾਂ

**ਗੁਰਪ੍ਰੀਤ ਸਿੰਘ ਕੈਨੇਡਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਜਿੱਤ ਕੇ ਲਗਾਤਾਰ ਸੱਤਵੀਂ ਵਾਰ ਸਰਕਾਰ ਬਣਾ ਲਈ ਹੈ। ਕਿਸੇ ਨੂੰ ਚੰਗਾ ਲੱਗੇ ਜਾਂ ਨਾ, ਇਹ ਫ਼ਤਵਾ ਗੁਜਰਾਤ ਦੇ ਧਰੁਵੀਕਰਨ ਵਾਲੇ ਸਮਾਜ ਵੱਲੋਂ ਕੱਟੜਤਾ ਅਤੇ ਨਫ਼ਰਤ ਦੀ ਹਮਾਇਤ ਵਿਚ ਸੀ। ਜੇ ਚੋਣ ਨਤੀਜੇ ਕੋਈ ਸੰਕੇਤ ਦਿੰਦੇ ਹਨ ਤਾਂ ਇਹ ਕਿ ਹਿੰਦੂ ਸਰਵਉੱਚਤਾ ਖ਼ਿਲਾਫ਼ ਲੜਾਈ ਅਜੇ ਮੁੱਕੀ ਨਹੀਂ ਅਤੇ ਇਸ ਨੂੰ 2024 'ਚ ਹੋਣ ਵਾਲੀਆਂ ਆਮ ਚੋਣਾਂ ਤੱਕ ਪੂਰੇ ਭਾਰਤ 'ਚ ਜਾਰੀ ਰੱਖਣ ਦੀ ਜ਼ਰੂਰਤ ਹੈ। ਜੇ ਗੁਜਰਾਤ 'ਚ ਭਾਜਪਾ ਹਾਰ ਜਾਂਦੀ ਤਾਂ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਸਖ਼ਤ ਸੰਦੇਸ਼ ਹੋਣਾ ਸੀ ਅਤੇ ਇਸ ਨੇ ਦੇਸ਼-ਵਿਆਪੀ ਚੋਣ ਲਈ ਸੁਰ ਤੈਅ ਕਰ ਦੇਣੀ ਸੀ। ਹਾਲੀਆ ਚੋਣ ਨਤੀਜੇ ਨੇ ਧਰਮ ਨਿਰਪੱਖਤਾਵਾਦੀਆਂ ਨੂੰ ਨਿਰਾਸ਼ ਕੀਤਾ ਹੈ।

2014 'ਚ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਮੋਦੀ ਬਤੌਰ ਮੁੱਖ ਮੰਤਰੀ ਗੁਜਰਾਤ ਦਾ ਕਰਤਾ-ਧਰਤਾ ਰਿਹਾ ਹੈ। ਉਹਦੀ ਨਿਗਰਾਨੀ ਹੇਠ 2002 'ਚ ਮੁਸਲਮਾਨਾਂ ਦੀ ਨਸਲਕੁਸ਼ੀ ਹੋਈ। ਪੂਰੇ ਗੁਜਰਾਤ ਵਿਚ ਮਚਾਈ ਹਿੰਸਾ 'ਚ ਹਜ਼ਾਰਾਂ ਨਿਰਦੋਸ਼ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਕਰ ਕੇ ਜਦੋਂ ਤੱਕ ਮੋਦੀ 'ਰਾਸ਼ਟਰੀ ਨੇਤਾ' ਨਹੀਂ ਬਣ ਗਿਆ, ਉਦੋਂ ਤੱਕ ਅਮਰੀਕਾ ਨੇ ਉਸ ਨੂੰ ਵੀਜ਼ਾ ਨਹੀਂ ਦਿੱਤਾ।

ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਹਿੰਦੂ ਸ਼ਰਧਾਲੂਆਂ ਨੂੰ ਲਿਜਾ ਰਹੀ ਰੇਲ ਗੱਡੀ ਦੇ 50 ਤੋਂ ਵੱਧ ਮੁਸਾਫ਼ਰਾਂ ਦੀਆਂ ਮੌਤਾਂ ਦਾ ਬਦਲਾ ਲੈਣ ਲਈ ਕੀਤਾ ਗਿਆ। ਰੇਲਗੱਡੀ ਨੂੰ ਰਹੱਸਮਈ ਹਾਲਾਤ 'ਚ ਅੱਗ ਲੱਗ ਗਈ ਸੀ ਅਤੇ ਮੋਦੀ ਨੇ ਤੁਰੰਤ ਇਸ ਦਾ ਦੋਸ਼ ਮੁਸਲਮਾਨਾਂ ਅਤੇ ਪਾਕਿਸਤਾਨ 'ਤੇ ਮੜ੍ਹ ਦਿੱਤਾ ਸੀ। ਇਸ ਤੋਂ ਬਾਅਦ ਕਰਵਾਈਆਂ ਚੋਣਾਂ ਵਿਚ ਉਹ ਭਾਰੀ ਬਹੁਮਤ ਨਾਲ ਦੁਬਾਰਾ ਚੁਣਿਆ ਗਿਆ। ਉਸ ਤੋਂ ਬਾਅਦ ਭਾਜਪਾ ਕਦੇ ਵੀ ਨਹੀਂ ਹਾਰੀ, ਕਿਉਂਕਿ ਮੋਦੀ ਉੱਚ ਅਹੁਦੇ 'ਤੇ ਪਹੁੰਚਣ ਲਈ ਆਪਣੀ ਚੜ੍ਹਤ ਨੂੰ ਯਕੀਨੀ ਬਣਾਉਣ ਲਈ ਕਾਫ਼ੀ ਹਿੰਦੂ ਸੱਜੇਪੱਖੀ ਹਮਾਇਤ ਪ੍ਰਾਪਤ ਕਰ ਲਈ ਸੀ।

ਹਾਲੀਆ ਚੋਣਾਂ ਦੌਰਾਨ ਵੀ ਭਾਜਪਾ ਨੇ ਮੁਸਲਮਾਨਾਂ ਵਿਰੋਧੀ ਤੁਅੱਸਬ ਭੜਕਾ ਕੇ ਅਤੇ ਡਰ ਫੈਲਾ ਕੇ ਲਾਹਾ ਲੈਣ ਲਈ 2002 ਦੇ ਪ੍ਰੇਤ ਬੁਲਾਉਣ ਦਾ ਕੋਈ ਮੌਕਾ ਨਹੀਂ ਗੁਆਇਆ। ਚੋਣਾਂ ਤੋਂ ਪਹਿਲਾਂ ਮੁਸਲਿਮ ਔਰਤ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਅਤੇ ਉਨ੍ਹਾਂ ਦਾ 'ਬਹਾਦਰੀ' ਨਾਲ ਗੁਣ-ਗਾਣ ਕੀਤਾ ਗਿਆ। ਮੁਸਲਮਾਨਾਂ ਦੇ ਕਤਲੇਆਮ 'ਚ ਬਾਨੋ ਦੇ ਪਰਿਵਾਰ ਦੇ ਕਈ ਮੈਂਬਰ ਮਾਰ ਦਿੱਤੇ ਗਏ ਸਨ ਅਤੇ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ ਸਨ। ਉਸ ਨੇ ਹੌਸਲਾ ਕੀਤਾ ਅਤੇ ਉਸ ਦੀ ਗਵਾਹੀ ਨਾਲ ਦੋਸ਼ੀਆਂ ਵਿਰੁੱਧ ਮੁਕੱਦਮਾ ਚੱਲਿਆ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਪਰ ਹੁਣ ਉਨ੍ਹਾਂ ਦੀ ਸਜ਼ਾ ਮੁਆਫ਼ ਕਰ ਦਿੱਤੀ ਗਈ। ਫਿਰ ਗੁਜਰਾਤ ਦੇ ਮੁਸਲਮਾਨਾਂ ਲਈ ਨਿਆਂ ਲਈ ਮੁਹਿੰਮ ਚਲਾਉਣ ਵਾਲੀ ਕਾਰਕੁਨ ਤੀਸਤਾ ਸੀਤਲਵਾੜ ਨੂੰ ਝੂਠੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੇਲ੍ਹ ਵਿਚ ਡੱਕ ਦਿੱਤਾ ਗਿਆ।

ਜਿਵੇਂ ਇਹੀ ਕਾਫ਼ੀ ਨਹੀਂ ਸੀ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੋਟਰਾਂ ਨੂੰ ਕਿਹਾ ਕਿ ਭਾਜਪਾ ਨੇ 2002 ਦੀ ਹਿੰਸਾ 'ਚ ਸ਼ਾਮਲ ਲੋਕਾਂ (ਉਸ ਦੀ ਮੁਰਾਦ ਮੁਸਲਮਾਨਾਂ ਤੋਂ ਸੀ) ਨੂੰ ਸਬਕ ਸਿਖਾ ਕੇ ਪੱਕਾ ਅਮਨ-ਅਮਾਨ ਸਥਾਪਤ ਕਰ ਦਿੱਤਾ ਹੈ। ਇਸ ਸਭ ਦੇ ਬਾਵਜੂਦ ਜਿਨ੍ਹਾਂ ਵੋਟਰਾਂ ਨੇ ਭਾਜਪਾ ਨੂੰ ਚੁਣਿਆ, ਉਨ੍ਹਾਂ ਨੇ ਸਪਸ਼ਟ ਤੌਰ 'ਤੇ ਸੰਦੇਸ਼ ਦੇ ਦਿੱਤਾ ਕਿ ਉਹ ਕਿਹੋ ਜਿਹਾ ਸਮਾਜ ਚਾਹੁੰਦੇ ਹਨ। ਇਸ ਦੌਰਾਨ, ਕਾਰਪੋਰੇਟ ਜਗਤ ਵਿਕਾਸ ਦੇ ਅਖੌਤੀ ਗੁਜਰਾਤ ਮਾਡਲ ਤੋਂ ਮੋਹਿਆ ਹੋਇਆ ਸੀ ਜੋ ਹਕੀਕਤ ਘੱਟ ਅਤੇ ਪ੍ਰਚਾਰ ਵਧੇਰੇ ਹੈ ਕਿਉਂਕਿ ਵਿਰੋਧੀ ਧਿਰ ਕਾਂਗਰਸ ਪਾਰਟੀ ਜੋ ਪਹਿਲਾਂ ਸੱਤਾ 'ਚ ਰਹਿ ਚੁੱਕੀ ਹੈ, ਕਈ ਮੁੱਦਿਆਂ 'ਤੇ ਆਪਣੀ ਭਰੋਸੇਯੋਗਤਾ ਗੁਆ ਚੁੱਕੀ ਸੀ, ਇਸ ਲਈ ਮੋਦੀ ਹਿੰਦੂ ਬਹੁਗਿਣਤੀ ਅਤੇ ਕੁਲੀਨ ਵਰਗ ਲਈ ਪੋਸਟਰ ਬੁਆਏ ਬਣ ਗਿਆ ਜਿਸ ਨਾਲ ਉਸ ਲਈ ਮੁਲਕ ਦਾ ਭਵਿੱਖੀ ਆਗੂ ਬਣਨ ਦਾ ਰਾਹ ਪੱਧਰਾ ਹੋ ਗਿਆ।

ਵੱਡਾ ਮੁੱਦਾ ਇਹ ਹੈ ਕਿ ਮੋਦੀ ਆਰ.ਐੱਸ.ਐੱਸ. ਦਾ ਬੰਦਾ ਹੈ ਜਦੋਂ ਕਿ ਉਸ ਦੀ ਪਾਰਟੀ ਭਾਜਪਾ ਸੰਘ ਦਾ ਰਾਜਨੀਤਕ ਵਿੰਗ ਹੈ। ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਨੇ 1925 'ਚ ਹਿੰਦੂ ਧਰਮਤੰਤਰੀ ਰਾਜ ਦੀ ਸਥਾਪਨਾ ਕਰਨ ਦੇ ਉਦੇਸ਼ ਆਪਣੀ ਯਾਤਰਾ ਸ਼ੁਰੂ ਕੀਤੀ ਸੀ। ਇਹ ਸ਼ੁਰੂ 'ਚ ਹਾਸ਼ੀਏ 'ਤੇ ਰਹੀ ਪਰ ਹੌਲੀ-ਹੌਲੀ ਇਹ 'ਡੀਪ ਸਟੇਟ' ਬਣਦੀ ਗਈ ਜਿਸ ਦਾ ਸੱਤਾ ਦੇ ਢਾਂਚੇ ਅਤੇ ਪੜ੍ਹੇ-ਲਿਖੇ ਹਿੱਸੇ ਉੱਪਰ ਪੂਰਾ ਕੰਟਰੋਲ ਹੈ। ਉਨ੍ਹਾਂ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਰੋਜ਼ਾਨਾ ਇਕੱਠਾਂ ਰਾਹੀਂ ਜਨਤਾ ਦੀ ਸੋਚ ਨੂੰ ਬਦਲਿਆ ਹੈ ਜਾਂ ਨੌਜਵਾਨਾਂ ਦੇ ਮਨਾਂ 'ਚ ਜ਼ਹਿਰ ਘੋਲਿਆ ਹੈ। ਸੋਸ਼ਲ ਇੰਜਨੀਅਰਿੰਗ ਦੁਆਰਾ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਲਈ ਕਾਫ਼ੀ ਚਲਾਕ ਆਰ.ਐੱਸ.ਐੱਸ. ਦੇ ਖ਼ਤਰੇ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਮੋਦੀ ਅਤੇ ਉਸ ਦੇ ਜੋਟੀਦਾਰ ਕਿਸੇ ਵੀ ਹੋਰ ਸਿਆਸੀ ਕਰੀਅਰ ਵਾਲੇ ਸਿਆਸਤਦਾਨਾਂ ਵਾਂਗ ਨਹੀਂ ਹਨ। ਉਹ ਭਾਰਤ ਨੂੰ ਮੁੜ ਪਰਿਭਾਸ਼ਿਤ ਕਰਨ ਲਈ ਦ੍ਰਿੜ ਹਨ।

ਜਿਉਂ ਜਿਉਂ ਅਸੀਂ 2025 ਵੱਲ ਜਾ ਰਹੇ ਹਾਂ, ਆਰ.ਐੱਸ.ਐੱਸ. ਮੋਦੀ ਦੀ ਅਗਵਾਈ ਹੇਠ ਇਕ ਸਦੀ ਬਾਅਦ ਭਾਰਤ ਨੂੰ ਅਧਿਕਾਰਤ ਹਿੰਦੂ ਰਾਜ ਬਣਦੇ ਦੇਖ ਕੇ ਬਹੁਤ ਖ਼ੁਸ਼ ਹੋਵੇਗਾ। ਗੁਜਰਾਤ ਮਾਡਲ ਦਰ ਅਸਲ ਹਿੰਦੂ ਭਾਰਤ ਲਈ ਆਰ.ਐੱਸ.ਐੱਸ. ਦੀ ਸੋਚ ਦੀ ਤਸਵੀਰ ਹੀ ਹੈ, ਇਹ ਟੀਚਾ ਲੱਗਭਗ ਪ੍ਰਾਪਤ ਕਰ ਲਿਆ ਗਿਆ ਹੈ। ਮੋਦੀ ਦੇ ਅਧੀਨ ਪੂਰੇ ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ, ਖ਼ਾਸ ਤੌਰ 'ਤੇ ਮੁਸਲਮਾਨਾਂ ਅਤੇ ਇਸਾਈਆਂ 'ਤੇ ਹਮਲੇ ਵਧੇ ਹਨ। ਜੋ ਸਥਿਤੀ ਪਹਿਲਾਂ ਗੁਜਰਾਤ 'ਚ ਸੀ, ਉਹ ਹੁਣ ਪੂਰੇ ਭਾਰਤ ਵਿਚ ਬਣਾਈ ਗਈ ਹੈ।

ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ- ਇਕੱਲੇ ਗੁਜਰਾਤ ਦਾ ਧਰੁਵੀਕਰਨ ਨਹੀਂ ਹੋਇਆ। ਪੂਰਾ ਭਾਰਤ ਗੁਜਰਾਤ ਦੇ ਰਾਹ 'ਤੇ ਹੈ ਅਤੇ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। 2023 ਨੂੰ ਵੰਨ-ਸਵੰਨਤਾ ਤੇ ਬਹੁਲਵਾਦ ਖ਼ਾਤਰ ਆਰ.ਐੱਸ.ਐੱਸ. ਮੁਕਤ ਭਾਰਤ ਲਈ ਸੰਘਰਸ਼ਾਂ ਨੂੰ ਸਮਰਪਿਤ ਕਰਨ ਦੀ ਲੋੜ ਹੈ ਤਾਂ ਜੁ 2024 'ਚ ਮੋਦੀ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਇਸ ਲਈ ਧਰਮ-ਨਿਰਪੱਖ ਸਮੂਹਾਂ ਤੇ ਘੱਟ ਗਿਣਤੀਆਂ ਨੂੰ ਇਕ ਝੰਡੇ ਹੇਠ ਇਕਜੁੱਟ ਹੋਣ ਦੀ ਲੋੜ ਹੈ। ਇਹ ਨਵੇਂ ਸਾਲ ਦਾ ਸੰਕਲਪ ਹੋਣਾ ਚਾਹੀਦਾ ਹੈ।

# ਖੇਤੀਬਾੜੀ ਸਵਾਲ/ਸੰਕਟ ਅਤੇ ਸਹਿਕਾਰਤਾ

***ਲੰਬੇ ਸਮੇਂ ਤੋਂ ਪੰਜਾਬ ਦੇ ਬੁੱਧੀਜੀਵੀ ਖੇਤੀਬਾੜੀ ਸੰਕਟ ਦੇ ਹੱਲ ਲਈ ਸੁਝਾਅ ਦਿੰਦੇ ਆ ਰਹੇ ਹਨ। ਇਨ੍ਹਾਂ ਬੁੱਧੀਜੀਵੀਆਂ ਦੁਆਰਾ ਖੇਤੀ ਖੇਤਰ ਦੇ ਸੰਕਟ ਨੂੰ ਹੱਲ ਕਰਨ ਲਈ ਦਿੱਤੇ ਜਾ ਰਹੇ ਸੁਝਾਅ ਚਾਰ ਮੁੱਖ ਗੱਲਾਂ ਦੁਆਲੇ ਕੇਂਦਰਿਤ ਹਨ: ਘੱਟੋ-ਘੱਟ ਸਮਰਥਨ ਮੁੱਲ ਵਿਚ ਵਾਧਾ ਕਰਨਾ, ਸਸਤੀਆਂ ਵਿਆਜ ਦਰਾਂ 'ਤੇ ਸੰਸਥਾਗਤ ਸਾਖ ਯਕੀਨੀ ਬਣਾਉਣਾ, ਖੇਤੀ ਖੇਤਰ ਨੂੰ ਮਿਲਦੀਆਂ ਸਬਸਿਡੀਆਂ ਦੀ ਨਿਰੰਤਰਤਾ ਅਤੇ ਉਨ੍ਹਾਂ ਵਿਚ ਵਾਧਾ ਕਰਨਾ ਅਤੇ ਸਹਿਕਾਰੀ ਖੇਤੀ ਨੂੰ ਪ੍ਰਫੁੱਲਿਤ ਕਰਨਾ। ਖੇਤੀ ਸੰਕਟ ਦਾ ਅੰਤਿਮ ਹੱਲ, ਸਹਿਕਾਰੀ ਖੇਤੀ, ਗੰਭੀਰ ਵਿਚਾਰ ਚਰਚਾ ਦੀ ਮੰਗ ਕਰਦਾ ਹੈ। ਪੰਜਾਬ ਯੂਨੀਵਰਸਿਟੀ ਦੇ ਨੌਜਵਾਨ ਅਰਥਸ਼ਾਸਤਰੀ ਪਰਮਜੀਤ ਸਿੰਘ ਅਤੇ ਪਰਗਟ ਸਿੰਘ ਨੇ ਇਸ ਲੇਖ ਰਾਹੀਂ ਸਹਿਕਾਰੀ ਖੇਤੀ ਦੀ ਪ੍ਰਚੱਲਿਤ ਧਾਰਨਾ ਦਾ ਮੁਲਾਂਕਣ ਕਰਦੇ ਹੋਏ ਸਹਿਕਾਰੀ ਖੇਤੀ ਦੀ ਅਗਾਂਹਵਧੂ ਧਾਰਨਾ ਦਾ ਸਿਧਾਂਤਕ ਖਾਕਾ ਪੇਸ਼ ਕਰਨਾ ਦਾ ਯਤਨ ਕੀਤਾ ਹੈ। ਪੰਜਾਬ ਟਾਈਮਜ਼ ਇਸ ਲੇਖ ਦੇ ਵਿਸ਼ੇ 'ਤੇ ਖੁੱਲ੍ਹੀ ਬਹਿਸ ਦਾ ਸੱਦਾ ਦਿੰਦਾ ਹੈ ਅਤੇ ਇਸ ਵਿਸ਼ੇ ਉਤੇ ਆਉਣ ਵਾਲੇ ਹਰ ਕਿਸਮ ਦੇ ਪ੍ਰਤੀਕਰਮ ਦਾ ਸਵਾਗਤ ਕੀਤਾ ਜਾਵੇਗਾ। -ਸੰਪਾਦਕ***



**ਪਰਮਜੀਤ ਸਿੰਘ**
**ਫੋਨ: +16474683380**



**ਪਰਗਟ ਸਿੰਘ**
**ਫੋਨ: 94178-62967**

ਪਿਛਲੇ ਤਿੰਨ ਦਹਾਕਿਆ ਤੋਂ ਬਹੁਤ ਸਾਰੇ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਪੰਜਾਬ ਦਾ ਖੇਤੀਬਾੜੀ ਖੇਤਰ ਗੰਭੀਰ ਆਰਥਿਕ ਸੰਕਟ ਵਿਚ ਫਸਿਆ ਹੋਇਆ ਹੈ। ਖੇਤੀਬਾੜੀ ਖੇਤਰ ਦਾ ਇਹ ਸੰਕਟ ਸਿਰਫ ਪੰਜਾਬ ਤੱਕ ਹੀ ਸੀਮਿਤ ਨਹੀਂ ਹੈ ਬਲਕਿ ਭਾਰਤ ਦੇ ਸਾਰੇ ਸੂਬਿਆਂ ਅਤੇ ਵਿਕਾਸਸ਼ੀਲ ਮੁਲਕਾਂ ਜਿਨ੍ਹਾਂ ਦੀ ਵਧੇਰੇ ਵਸੋਂ ਪੇਂਡੂ ਹੈ ਅਤੇ ਖੇਤੀ ਖੇਤਰ 'ਤੇ ਨਿਰਭਰ ਹੈ, ਵਿਚ ਫੈਲਿਆ ਹੋਇਆ ਹੈ। ਅਸੀਂ ਇਹ ਜਾਣਦੇ ਹਾਂ ਕਿ ਖੇਤੀ ਖੇਤਰ ਦੇ ਇਸ ਸੰਕਟ ਦਾ ਕਾਰਨ ਖੇਤੀ ਉਤਪਾਦਨ ਦੀ ਲਾਗਤ ਵਿਚ ਹੋਣ ਵਾਲਾ ਲਗਾਤਾਰ ਵਾਧਾ ਹੈ, ਜੋ ਨਵ-ਉਦਾਰਵਾਦੀ ਪੂੰਜੀਵਾਦੀ ਦੌਰ ਵਿਚ ਖੇਤੀ ਉਤਪਾਦਨ ਤੋਂ ਹੋਣ ਵਾਲੀ ਆਮਦਨ ਤੋਂ ਵਧ ਗਿਆ ਹੈ। ਲੰਬੇ ਸਮੇਂ ਤੋਂ ਪੰਜਾਬ ਦੇ ਬੁੱਧੀਜੀਵੀ ਇਸ ਸੰਕਟ ਦੇ ਹੱਲ ਲਈ ਸੁਝਾਅ ਦਿੰਦੇ ਆ ਰਹੇ ਹਨ। ਜੇਕਰ ਅਸੀਂ ਇਨ੍ਹਾਂ ਬੁੱਧੀਜੀਵੀਆਂ ਦੁਆਰਾ ਖੇਤੀ ਖੇਤਰ ਦੇ ਸਵਾਲ/ਸੰਕਟ ਨੂੰ ਹੱਲ ਕਰਨ ਲਈ ਦਿੱਤੇ ਜਾ ਰਹੇ ਸੁਝਾਵਾਂ ਦਾ ਅਧਿਐਨ ਕਰੀਏ ਤਾਂ ਇਨ੍ਹਾਂ ਦੇ ਸੁਝਾਅ ਚਾਰ ਮੁੱਖ ਗੱਲਾਂ ਦੁਆਲੇ ਕੇਂਦਰਿਤ ਹਨ: ਘੱਟੋ-ਘੱਟ ਸਮਰਥਨ ਮੁੱਲ ਵਿਚ ਵਾਧਾ ਕਰਨਾ, ਸਸਤੀਆਂ ਵਿਆਜ ਦਰਾਂ 'ਤੇ ਸੰਸਥਾਗਤ (institutional) ਸਾਖ ਯਕੀਨੀ ਬਣਾਉਣਾ, ਖੇਤੀ ਖੇਤਰ ਨੂੰ ਮਿਲਦੀਆਂ ਸਬਸਿਡੀਆਂ ਦੀ ਨਿਰੰਤਰਤਾ ਅਤੇ ਉਨ੍ਹਾਂ ਵਿਚ ਵਾਧਾ ਕਰਨਾ ਅਤੇ ਸਹਿਕਾਰੀ ਖੇਤੀ ਨੂੰ ਪ੍ਰਫੁੱਲਿਤ ਕਰਨਾ। ਜੇਕਰ ਅਸੀਂ ਉਪਰੋਕਤ ਸੁਝਾਵਾਂ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕਰੀਏ ਤਾਂ ਪਹਿਲੇ ਤਿੰਨ ਸੁਝਾਵਾਂ ਦਾ ਜ਼ਿਆਦਾਤਰ ਲਾਭ ਅਮੀਰ ਕਿਸਾਨੀ ਨੂੰ ਜਾਂਦਾ ਹੈ ਜੋ ਉਨ੍ਹਾਂ ਦੀ ਪਿੰਡਾਂ ਦੀ ਆਰਥਿਕ, ਰਾਜਨੀਤਕ ਅਤੇ ਸਮਾਜਿਕ ਵਿਵਸਥਾ 'ਤੇ ਪਕੜ ਨੂੰ ਬਣਾ ਕੇ ਰੱਖਣ ਅਤੇ ਹੋਰ ਮਜ਼ਬੂਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਖੇਤੀ ਸਵਾਲ/ਸੰਕਟ ਦਾ ਅੰਤਿਮ ਹੱਲ, 'ਸਹਿਕਾਰੀ ਖੇਤੀ', ਗੰਭੀਰ ਵਿਚਾਰ ਚਰਚਾ ਦੀ ਮੰਗ ਕਰਦਾ ਹੈ। ਇਸ ਲੇਖ ਦਾ ਵਿਸ਼ਾ ਸਹਿਕਾਰੀ ਖੇਤੀ ਦੀ ਪ੍ਰਚੱਲਿਤ ਧਾਰਨਾ ਦਾ ਮੁਲਾਂਕਣ ਕਰਦੇ ਹੋਏ ਸਹਿਕਾਰੀ ਖੇਤੀ ਦੀ ਅਗਾਂਹਵਧੂ ਧਾਰਨਾ ਦਾ ਸਿਧਾਂਤਕ ਖਾਕਾ ਪੇਸ਼ ਕਰਨਾ ਹੈ। ਸਾਡੇ ਲਈ ਮੁੱਖ ਸਵਾਲ ਇਹ ਹੈ ਕਿ ਕੀ ਸਹਿਕਾਰੀ ਖੇਤੀ ਪੂੰਜੀਵਾਦੀ ਖੇਤੀ ਮਾਡਲ ਨੂੰ ਚੁਣੌਤੀ ਦਿੰਦੇ ਹੋਏ ਖੇਤੀ ਸਵਾਲ/ਸੰਕਟ ਦਾ ਸਥਾਹੀ ਹੱਲ ਕਰ ਸਕਦੀ ਹੈ?

ਜੇਕਰ ਅਸੀਂ ਉਪਰੋਕਤ ਸਵਾਲ ਦਾ ਜਵਾਬ ਹਾਂ ਰੂਪੀ ਮੰਨੀਏ ਤਾਂ ਸਹਿਕਾਰੀ ਖੇਤੀ ਦੇ ਸਿਧਾਂਤ ਨੂੰ ਸਹੀ ਸਾਬਤ ਕਰਨ ਲਈ ਤਿੰਨ ਸਵਾਲਾਂ ਦੇ ਸਨਮੁੱਖ ਹੋਣਾ ਲਾਜ਼ਮੀ ਹੈ। ਪਹਿਲਾ, ਪੰਜਾਬ ਦੇ ਖੇਤੀਬਾੜੀ ਖੇਤਰ ਵਿਚ ਉਨ੍ਹਾਂ ਜਮਾਤਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਜੋ ਖੇਤੀ ਸਵਾਲ/ਸੰਕਟ ਦਾ ਅਸਲ ਸ਼ਿਕਾਰ ਹੋ ਰਹੀਆਂ ਹਨ। ਸਹਿਕਾਰੀ ਖੇਤੀ ਦਾ ਸਿਧਾਂਤ ਸਭ ਤੋਂ ਪਹਿਲਾਂ ਉਨ੍ਹਾਂ ਜਮਾਤਾਂ ਦੀ ਗੁਰਬਤ ਨੂੰ ਸੰਬੋਧਿਤ ਹੋਣਾ ਚਾਹੀਦਾ ਹੈ। ਦੂਜਾ, ਸਹਿਕਾਰੀ ਖੇਤੀ ਦੀ ਪ੍ਰਚੱਲਿਤ ਧਾਰਨਾ ਦੀ ਸਿਧਾਂਤਕ ਪੜਚੋਲ ਕੀਤੀ ਜਾਣੀ ਲਾਜ਼ਮੀ ਹੈ। ਭਾਵ ਇਹ ਸਮਝਣਾ ਲਾਜ਼ਮੀ ਹੈ ਕਿ ਕੀ ਸਹਿਕਾਰੀ ਖੇਤੀ ਦੀ ਪ੍ਰਚੱਲਿਤ ਧਾਰਨਾ ਪੂੰਜੀਵਾਦੀ ਖੇਤੀ ਮਾਡਲ ਨਾਲੋਂ ਵਧੇਰੇ ਲਾਹੇਵੰਦ ਹੈ। ਕੀ ਇਹ ਧਾਰਨਾ ਪੂੰਜੀਵਾਦੀ ਖੇਤੀ ਮਾਡਲ ਦਾ ਵਿਰੋਧਾਭਾਸ ਹੈ ਜਾਂ ਸਹਿਕਾਰਤਾ ਰਾਹੀਂ ਛੋਟੀ ਕਿਸਾਨੀ ਨੂੰ ਪੂੰਜੀਵਾਦੀ ਪ੍ਰਬੰਧ ਵਿਚ ਜਿਉਂ ਦਾ ਤਿਉਂ ਬਣਾਈ ਰੱਖਣ ਦੀ ਧਾਰਨਾ ਹੈ। ਤੀਜਾ, ਸਹਿਕਾਰੀ ਖੇਤੀ ਦੇ ਵਿਕਲਪਿਕ ਸਿਧਾਂਤ ਦਾ ਖਾਕਾ ਕਿਹੋ ਜਿਹਾ ਹੋਵੇ? ਕੀ ਪੂੰਜੀਵਾਦੀ ਪ੍ਰਬੰਧ ਅੰਦਰ ਬਣੇ ਹੋਏ ਖੇਤੀ ਸਵਾਲ/ਸੰਕਟ ਦੇ ਕਾਰਨਾਂ ਦੀ ਪੜਚੋਲ ਕੀਤੇ ਬਿਨਾਂ ਸਹਿਕਾਰਤਾ ਦੇ ਵਿਕਾਸਪੱਖੀ ਮਾਡਲ, ਜੋ ਖੇਤੀ ਸਵਾਲ/ਸੰਕਟ ਦਾ ਹੱਲ ਕਰਨ ਦੀ ਸਮਰੱਥਾ ਰੱਖਦਾ ਹੋਵੇ, ਸੰਭਵ ਹੈ? ਅਸੀਂ ਇਹ ਮੰਨਦੇ ਹਾਂ ਕਿ ਸਹਿਕਾਰਤਾ ਦੇ ਵਿਕਲਪਕ ਸਿਧਾਂਤ ਦੀ ਖੇਤੀ ਸਵਾਲ/ਸੰਕਟ ਨੂੰ ਹੱਲ ਕਰਨ ਦੀ ਸਾਰਥਿਕਤਾ ਉਸਦੇ ਪੂੰਜੀਵਾਦੀ ਖੇਤੀ ਮਾਡਲ ਦੇ ਵਿਰੋਧਾਭਾਸ਼ੀ ਅਤੇ ਪੂੰਜੀਵਾਦੀ ਖੇਤੀ ਮਾਡਲ ਦੇ ਮੁਕਾਬਲਤਨ ਵੱਧ ਕੁਸ਼ਲ ਹੋਣ ਦੀ ਸਮਰੱਥਾ ਦੇ ਆਧਾਰ 'ਤੇ ਤੈਅ ਕੀਤੀ ਜਾਣੀ ਚਾਹੀਦੀ ਹੈ।

### ਖੇਤੀਬਾੜੀ ਜਮਾਤੀ ਪ੍ਰਬੰਧ ਅਤੇ ਪੂੰਜੀਵਾਦੀ ਕੰਟਰੋਲ

ਸਹਿਕਾਰੀ ਖੇਤੀ ਦਾ ਉਦੇਸ਼ ਖੇਤੀ ਸਵਾਲ/ਸੰਕਟ ਨੂੰ ਬਣਾ ਕੇ ਰੱਖਣ ਦੀ ਬਜਾਏ ਉਸ ਦਾ ਅਗਾਂਹਵਧੂ ਅਤੇ ਸਥਾਈ ਹੱਲ ਕਰਨਾ ਹੋਣਾ ਚਾਹੀਦਾ ਹੈ। ਇਸ ਲਈ ਸਹਿਕਾਰਤਾ ਦੇ ਸਿਧਾਂਤ ਨੂੰ ਪੇਸ਼ ਕਰਨ ਤੋਂ ਪਹਿਲਾਂ ਖੇਤੀ ਖੇਤਰ ਵਿਚ ਲੱਗੀਆਂ ਉਨ੍ਹਾਂ ਜਮਾਤਾਂ ਦੀ ਨਿਸ਼ਾਨਦੇਹੀ ਕਰਨੀ ਲਾਜ਼ਮੀ ਹੈ ਜਿਨ੍ਹਾਂ ਦਾ ਸੰਕਟ ਹੀ ਅਸਲ ਵਿਚ ਖੇਤੀ ਖ਼ੇਤਰ ਦਾ ਸੰਕਟ ਹੈ। ਇਸ ਸੰਦਰਭ ਵਿਚ ਅਸੀਂ ਮਾਰਕਸਵਾਦੀ ਵਿਸ਼ਲੇਸ਼ਣ ਨੂੰ ਸਭ ਤੋਂ ਅਸਰਦਾਰ ਨਜ਼ਰੀਆ ਮੰਨਦੇ ਹਾਂ। ਜੇ ਅਸੀਂ ਮਾਰਕਸਵਾਦੀ ਜਮਾਤੀ ਵਿਸ਼ਲੇਸ਼ਣ ਦੇ ਨਜ਼ਰੀਏ ਤੋਂ ਪੰਜਾਬ ਦੇ ਖੇਤੀ ਖੇਤਰ ਵਿਚ ਲੱਗੀ ਵਸੋਂ ਦੀ ਅੰਕੜਿਆਂ ਦੇ ਆਧਾਰ 'ਤੇ ਨਿਸ਼ਾਨਦੇਹੀ ਕਰੀਏ ਤਾਂ ਪੰਜਾਬ ਦੇ ਪਿੰਡਾਂ ਦੀ ਵਸੋਂ ਦੀ ਕੁੱਲ ਵਸੋਂ ਦੀ ਪ੍ਰਤੀਸ਼ਤਤਾ ਵਿਚ ਲਗਾਤਾਰ ਕਟੌਤੀ ਹੋ ਰਹੀ ਹੈ। ਪੰਜਾਬ ਦੀ ਪੇਂਡੂ ਵਸੋਂ ਦੇ ਘਟਣ ਦੀ ਦਰ ਭਾਰਤ ਦੀ ਪੇਂਡੂ ਵਸੋਂ ਦੇ ਘਟਣ ਦੀ ਦਰ ਤੋਂ ਜ਼ਿਆਦਾ ਤੇਜ਼ ਹੈ। ਸੰਨ 2021 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਪੇਂਡੂ ਵਸੋਂ ਪੰਜਾਬ ਦੀ ਕੁੱਲ ਵਸੋਂ ਦਾ ਲੱਗਭਗ 60 ਫ਼ੀਸਦੀ ਰਹਿ ਜਾਣ ਦਾ ਅਨੁਮਾਨ ਹੈ। ਇਸ ਤੋਂ ਵੀ ਅਹਿਮ ਜੇਕਰ ਅਸੀਂ ਖੇਤੀ ਖੇਤਰ ਵਿਚ ਲੱਗੇ ਕਾਮਿਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਵਸੋਂ 2011 ਦੀ ਜਨਗਣਨਾ ਅਨੁਸਾਰ 39 ਪ੍ਰਤੀਸ਼ਤ ਸੀ ਜੋ 2015 ਵਿਚ ਘਟ ਕੇ ਸਿਰਫ 35 ਫ਼ੀਸਦੀ ਰਹਿ ਗਈ ਹੈ। ਸੰਨ 2019-20 ਦੇ ਨੈਸ਼ਨਲ ਸੈਂਪਲ ਸਰਵੇਅ ਅਨੁਸਾਰ ਖੇਤੀ ਖੇਤਰ ਵਿਚ ਲੱਗੇ ਕਾਮਿਆਂ ਦੀ ਵਸੋਂ ਪੰਜਾਬ ਵਿਚ ਕੁੱਲ ਕਾਮਿਆਂ ਦੀ ਵਸੋਂ ਦਾ ਸਿਰਫ 25 ਪ੍ਰਤੀਸ਼ਤ ਹੀ ਰਹਿ ਗਿਆ ਹੈ। ਖੇਤੀਬਾੜੀ ਖੇਤਰ ਦਾ ਪੰਜਾਬ ਦੇ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ ਸਿਰਫ 25 ਪ੍ਰਤੀਸ਼ਤ ਹੀ ਰਹਿ ਗਿਆ ਹੈ। ਸੋ ਸਭ ਤੋਂ ਪਹਿਲਾਂ ਤਾਂ ਪੰਜਾਬ ਦੇ ਬੁੱਧੀਜੀਵੀਆਂ ਦੁਆਰਾ ਲਗਾਤਾਰ ਪਰਪੱਕ ਕੀਤੀ ਜਾਂਦੀ ਧਾਰਨਾ, ਪੰਜਾਬ=ਪਿੰਡ=ਖੇਤੀ=ਕਿਸਾਨ, ਦਾ ਖੰਡਨ ਕਰਨਾ ਲਾਜ਼ਮੀ ਹੈ ਭਾਵ ਖੇਤੀ ਖੇਤਰ ਦੇ ਸੰਕਟ ਨੂੰ ਸਾਰੇ ਪੰਜਾਬ ਦਾ ਅਤੇ ਸਮੁੱਚੀ ਆਰਥਿਕਤਾ ਦਾ ਸੰਕਟ ਕਹਿਣਾ ਕਿਸੇ ਵੀ ਪੱਖੋਂ ਤਰਕਸ਼ੀਲ ਨਹੀਂ। ਦੂਜਾ, ਕੀ ਪੰਜਾਬ ਦੇ ਖੇਤੀ ਸੰਕਟ ਨੂੰ ਸਮੁੱਚੀ ਕਿਸਾਨੀ ਦਾ ਸੰਕਟ ਮੰਨਣਾ ਜਾਇਜ਼ ਹੈ? ਜੇਕਰ ਅਸੀਂ ਇਸ ਸਵਾਲ ਦਾ ਅੰਕੜਿਆਂ ਦੇ ਆਧਾਰ 'ਤੇ ਨਿਰੀਖਣ ਕਰੀਏ ਤਾਂ 2011 ਦੀ ਜਨਗਣਨਾ ਅਨੁਸਾਰ ਖੇਤੀ ਖੇਤਰ ਵਿਚ ਲੱਗੀ ਵਸੋਂ ਵਿਚੋਂ 19.55 ਪ੍ਰਤੀਸ਼ਤ ਕਾਸ਼ਤਕਾਰ ਹਨ ਅਤੇ 16.04 ਪ੍ਰਤੀਸ਼ਤ ਖੇਤ ਮਜ਼ਦੂਰ ਸਨ। ਇਨ੍ਹਾਂ ਅੰਕੜਿਆਂ ਦੁਆਰਾ ਦਿਖਾਈ ਦਿੰਦੀ ਜਮਾਤੀ ਬਣਤਰ ਇਹ ਦਰਸਾਉਂਦੀ ਹੈ ਕਿ ਖੇਤੀ ਸਵਾਲ/ਸੰਕਟ ਦੀ ਸਭ ਤੋਂ ਵੱਧ ਸ਼ਿਕਾਰ ਜਮਾਤ ਮਜ਼ਦੂਰਾਂ ਦੀ ਹੋਣੀ ਚਾਹੀਦੀ ਹੈ ਜਿਨ੍ਹਾਂ ਕੋਲ ਨਾ ਤਾਂ ਕੋਈ ਜ਼ਮੀਨ ਹੈ ਅਤੇ ਨਾ ਹੀ ਉਤਪਾਦਨ ਅਤੇ ਕਮਾਈ ਦੇ ਕੋਈ ਹੋਰ ਸਾਧਨ। ਇਸ ਤੋਂ ਵੀ ਅੱਗੇ ਜੇਕਰ ਅਸੀ ਕਾਸ਼ਤਕਾਰਾਂ ਦੀ ਜਮਾਤੀ ਬਣਤਰ ਨੂੰ ਦੇਖੀਏ ਤਾਂ ਪੰਜਾਬ ਵਿਚ 33 ਪ੍ਰਤੀਸ਼ਤ ਸੀਮਾਂਤਕ ਅਤੇ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਵਾਹੀ ਹੇਠ ਰਕਬੇ ਦਾ ਸਿਰਫ 10 ਪ੍ਰਤੀਸ਼ਤ ਹਿੱਸਾ ਹੈ। ਸੋ ਛੋਟੀ ਕਿਸਾਨੀ ਖੇਤੀ ਖੇਤਰ ਵਿਚ ਲੱਗੀ ਹੋਈ ਦੂਜੀ ਅਹਿਮ ਜਮਾਤ ਹੈ, ਜੋ ਖੇਤੀ ਸਵਾਲ/ਸੰਕਟ ਦਾ ਸ਼ਿਕਾਰ ਹੈ। ਪੰਜਾਬ ਵਿਚ 10 ਏਕੜ ਤੋਂ ਵੱਧ ਵਾਲੇ ਕਾਸ਼ਤਕਾਰ ਕੁੱਲ ਕਾਸ਼ਤਕਾਰਾਂ ਦਾ 33 ਪ੍ਰਤੀਸ਼ਤ ਹਨ ਅਤੇ ਇਨ੍ਹਾਂ ਕੋਲ ਵਾਹੀ ਯੋਗ ਰਕਬੇ ਦਾ 65 ਪ੍ਰਤੀਸ਼ਤ ਹਿੱਸਾ ਹੈ। ਇਹ ਕਾਸ਼ਤਕਾਰ ਆਧੁਨਿਕ ਸਾਧਨਾਂ ਨਾਲ ਖੇਤੀ ਕਰਦੇ ਹਨ। ਇਸ ਜਮਾਤ ਨੂੰ ਖੇਤੀ ਸਵਾਲ/ਸੰਕਟ ਦਾ ਸ਼ਿਕਾਰ ਮੰਨਣਾ ਬਹਿਸ ਦਾ ਵਿਸ਼ਾ ਹੋਣਾ ਚਾਹੀਦਾ ਹੈ।

ਉਪਰੋਕਤ ਜਮਾਤੀ ਬਣਤਰ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੈ ਕਿ ਸਹਿਕਾਰਤਾ ਦੇ ਸਿਧਾਂਤ ਰਾਹੀਂ ਖੇਤੀ ਸਵਾਲ/ਸੰਕਟ ਦੇ ਹੱਲ ਦਾ ਪਹਿਲਾ ਉਦੇਸ਼ ਖੇਤ ਮਜ਼ਦੂਰ ਅਤੇ ਛੋਟੀ ਕਿਸਾਨੀ ਦੇ ਸਵਾਲ/ਸੰਕਟ ਦੇ ਸਥਾਈ ਹੱਲ ਲਈ ਨਕਸ਼ਾ ਉਲੀਕਣਾ ਹੈ। ਇਸ ਲਈ ਸਹਿਕਾਰਤਾ ਦਾ ਸਿਧਾਂਤ ਥੋੜ੍ਹੇ ਸਮੇਂ ਵਿਚ ਖੇਤ ਮਜ਼ਦੂਰ, ਛੋਟੀ ਕਿਸਾਨੀ ਅਤੇ ਜੇਕਰ ਅਸੀਂ ਮੱਧਵਰਗੀ ਕਿਸਾਨੀ (ਦਸ ਏਕੜ ਤੋਂ ਘੱਟ) ਨੂੰ ਵੀ ਸ਼ਾਮਿਲ ਕਰ ਲਈਏ, ਦੀ ਗੁਰਬਤ ਦੂਰ ਕਰਨਾ ਹੋਣਾ ਚਾਹੀਦਾ ਹੈ। ਇਸ ਸੰਦਰਭ ਵਿਚ ਸਭ ਤੋਂ ਪਹਿਲਾਂ ਇਹ ਮਹੱਤਵਪੂਰਨ ਹੈ ਕਿ ਪਿੰਡਾਂ ਦੀ ਸਾਂਝੀ ਜ਼ਮੀਨ ਬਹੁਤ ਘੱਟ ਠੇਕੇ ਜਾਂ ਬਿਨਾਂ ਕਿਸੇ ਠੇਕੇ ਤੋਂ ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਅਤੇ ਸੀਮਾਂਤਕ ਕਿਸਾਨਾਂ ਨੂੰ ਮੁਹੱਈਆ ਕਰਵਾਈ ਜਾਵੇ। ਸਹਿਕਾਰਤਾ ਦੇ ਸਿਧਾਂਤ ਦੀ ਇਹ ਪਹਿਲੀ ਸ਼ਰਤ ਜਾਂ ਮਾਨਤਾ ਹੋਣੀ ਚਾਹੀਦੀ ਹੈ। ਪੰਜਾਬ ਦੇ ਕੁੱਝ ਬੁੱਧੀਜੀਵੀ ਇਸਦੀ ਪੈਰਵੀ ਤਾਂ ਕਰਦੇ ਹਨ ਪਰ ਉਹ ਖੇਤ ਮਜ਼ਦੂਰਾਂ ਅਤੇ ਛੋਟੀ ਕਿਸਾਨੀ ਨੂੰ ਜ਼ਮੀਨ ਨਾਲ ਸਭਿਆਚਾਰਕ ਸਾਂਝ ਦੇ ਵਾਸਤੇ ਪਾ ਕੇ ਭੌਂ-ਹੇਰਵੇ ਵਸ ਭਾਵੁਕ ਕਰ ਕੇ ਜ਼ਮੀਨ ਪ੍ਰਾਪਤੀ ਤੱਕ ਸੀਮਿਤ ਕਰ ਦਿੰਦੇ ਹਨ। ਇਨ੍ਹਾਂ ਬੁੱਧੀਜੀਵੀਆਂ ਨੂੰ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਦੀ ਚੇਤਨਾ ਨੂੰ ਖੇਤੀ ਤੱਕ ਸੀਮਿਤ ਕਰਨ ਦੀ ਬਜਾਇ ਸਹਿਕਾਰਤਾ ਦੀ ਵਿਕਲਪਕ ਧਾਰਨਾ ਜੋ ਪੂੰਜੀਵਾਦੀ ਖੇਤੀ ਦਾ ਵਿਰੋਧਾਭਾਸ ਹੋ ਸਕਦੀ ਹੈ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਸੰਦਰਭ ਵਿਚ ਜਿਸ ਤਰ੍ਹਾਂ ਦੀ ਸਹਿਕਾਰਤਾ ਦੀ ਸਾਨੂੰ ਪੈਰਵੀ ਕਰਨੀ ਚਾਹੀਦੀ ਹੈ ਉਸ ਲਈ ਖੇਤੀ ਖੇਤਰ ਅੰਦਰ ਪੂੰਜੀਵਾਦੀ ਮੱਕੜਜਾਲ ਨੂੰ ਸਮਝਣਾ ਲਾਜ਼ਮੀ ਹੈ।

ਜੇਕਰ ਅਸੀਂ ਖੇਤੀ ਖੇਤਰ ਵਿਚ ਪੂੰਜੀਵਾਦ ਦੀ ਆਮਦ, ਵਿਕਾਸ ਅਤੇ ਕੰਟਰੋਲ ਨੂੰ ਸਮਝਣਾ ਦਾ ਯਤਨ ਕਰੀਏ ਤਾਂ ਉਹ ਮਾਰਕਸ ਅਤੇ ਕਾਟਸਕੀ (Kautsky) ਦੀ ਸਮਝ ਦੇ ਅਨੁਸਾਰ ਸੌਖਾ ਕਰਕੇ ਨਹੀਂ ਸਮਝਿਆ ਜਾਣਾ ਚਾਹੀਦਾ। ਹਾਂਲਾਕਿ ਅਸੀਂ ਖੇਤੀ ਵਿਚ ਪੂੰਜੀਵਾਦੀ ਵਿਕਾਸ ਦੀ ਕਾਟਸਕੀ ਦੀ ਸਮਝ ਨੂੰ ਬਹੁਤ ਹੀ ਉੱਤਮ ਮੰਨਦੇ ਹਾਂ। ਮਾਰਕਸ ਅਤੇ ਕਾਟਸਕੀ ਅਨੁਸਾਰ ਖੇਤੀ ਖੇਤਰ ਵਿਚ ਪੂੰਜੀਵਾਦੀ ਵਿਕਾਸ ਉਸੇ ਸਿਧਾਂਤ 'ਤੇ ਹੁੰਦਾ ਹੈ ਜਿਸ ਸਿਧਾਂਤ 'ਤੇ ਪੂੰਜੀਵਾਦ ਉਦਯੋਗਾਂ ਵਿਚ ਵਿਕਾਸ ਕਰਦਾ ਹੈ। ਪਰ ਵਿਕਾਸਸ਼ੀਲ ਮੁਲਕਾਂ ਜਿਨ੍ਹਾਂ ਵਿਚ ਛੋਟੀ ਕਿਸਾਨੀ ਅਜੇ ਤੱਕ ਖੇਤੀ ਵਿਚ ਬਣੇ ਰਹਿਣ ਦੀ ਜੱਦੋ-ਜਹਿਦ ਕਰ ਰਹੀ ਹੈ, ਵਿਚ ਖੇਤੀ ਖੇਤਰ ਵਿਚ ਪੂੰਜੀਵਾਦੀ ਵਿਕਾਸ ਨੂੰ ਇੱਕ ਹੋਰ ਨਜ਼ਰੀਏ ਤੋਂ ਵੀ ਸਮਝਿਆ ਜਾ ਸਕਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਖੇਤੀ ਦੇ ਸਵਾਲ ਦੇ ਹੁਣ ਤੱਕ ਬਣੇ ਰਹਿਣ ਦੇ ਕਾਰਨ ਬਾਹਰੀ ਵਰਤਾਰੇ (ਸਾਮਰਾਜਵਾਦੀ ਹਸਤਕਸ਼ੇਪ) ਅਤੇ ਅੰਦਰੂਨੀ (ਉਦਯੋਗੀਕਰਨ ਦਾ ਘੱਟ ਅਤੇ ਅਸਾਵਾਂ ਵਿਕਾਸ ਅਤੇ ਖੇਤੀ ਖੇਤਰ ਜਾਂ ਪਿੰਡਾਂ ਵਿਚ ਧਨਾਢ ਕਿਸਾਨੀ ਦੀ ਆਰਥਿਕ ਅਤੇ ਰਾਜਨੀਤਕ ਕਮਾਂਡ) ਦੋਵੇਂ ਤਰ੍ਹਾਂ ਦੇ ਕਾਰਨ ਹਨ। ਪਰ ਸਾਡਾ ਮਕਸਦ ਬਾਹਰੀ ਅਤੇ ਅੰਦਰੂਨੀ ਤਾਕਤਾਂ ਦੇ ਖੇਤੀ ਦੇ ਸਵਾਲ ਨੂੰ ਬਣਾਏ ਰੱਖਣ ਦੇ ਮਨੋਰਥ ਦੀ ਪੜਤਾਲ ਕਰਨਾ ਨਹੀਂ ਹੈ। ਸਾਡਾ ਉਦੇਸ਼ ਖੇਤੀ ਵਿਚ ਪੂੰਜੀਵਾਦ ਦੇ ਵਿਕਾਸ ਨੂੰ ਸਮਝਣਾ ਹੈ ਤਾਂ ਜੋ ਉਸ ਨੂੰ ਚੁਣੌਤੀ ਦੇਣ ਵਾਲੇ ਸਹਿਕਾਰਤਾ ਦਾ ਵਿਕਲਪਿਕ ਸਿਧਾਂਤ ਦਾ ਨਕਸ਼ ਉਲੀਕਿਆ ਜਾ ਸਕੇ।

ਜੇਕਰ ਅਸੀਂ ਇਤਿਹਾਸਕ ਪਦਾਰਥਵਾਦ (historical materialism) ਦੇ ਪਰਿਪੇਖ ਤੋਂ ਦੇਖੀਏ ਤਾਂ ਖੇਤੀ ਖੇਤਰ ਵਿਚ ਪੂੰਜੀਵਾਦ ਦੀ ਆਮਦ ਵਪਾਰਕ ਪੂੰਜੀ ਦੇ ਰੂਪ ਵਿਚ ਹੁੰਦੀ ਹੈ। ਇਹ ਵਪਾਰਕ ਪੂੰਜੀਪਤੀ ਪਰਿਵਾਰਕ ਖੇਤੀ ਨੂੰ ਸਾਖ ਅਤੇ ਮੰਡੀਕਰਨ ਦੀ ਸਹੂਲਤ ਪ੍ਰਦਾਨ ਕਰਦੇ ਹਨ। ਇਨ੍ਹਾਂ ਸਹੂਲਤਾਂ ਦੇ ਆਧਾਰ 'ਤੇ ਉਹ ਪਰਿਵਾਰਕ ਖੇਤੀ ਜੋ ਪਰਿਵਾਰਕ ਲੋੜਾਂ ਪੂਰੀਆਂ ਕਰਨ ਤੱਕ ਸੀਮਿਤ ਹੁੰਦੀ ਹੈ, ਨੂੰ ਵਸਤੂ ਉਤਪਾਦਨ (commodity production) ਵਿਚ ਬਦਲ ਦਿੰਦੇ ਹਨ। ਇਸ ਪ੍ਰਕਿਰਿਆ ਦੁਆਰਾ ਉਹ ਪਰਿਵਾਰਕ ਖੇਤੀ ਦੀ ਆਮਦਨ ਦੇ ਇੱਕ ਹਿੱਸੇ ਨੂੰ ਵਿਆਜ ਅਤੇ ਕਮਿਸ਼ਨ ਆਦਿ ਦੇ ਰੂਪ ਵਿਚ ਹੜੱਪਣਾ ਸ਼ੁਰੂ ਕਰ ਦਿੰਦੇ ਹਨ। ਇਸ ਤੋਂ ਬਾਅਦ ਪੇਂਡੂ ਖੇਤਰਾਂ ਵਿਚ ਪੂੰਜੀਵਾਦ ਅਗਲੇ ਪੜਾਅ ਵਿਚ ਦਾਖਲ ਹੁੰਦਾ ਹੈ। ਜਿਸ ਅਧੀਨ ਉਹ ਕਿਸਾਨ ਪਰਿਵਾਰਾਂ ਦੀ ਉਤਪਾਦਨ ਪ੍ਰਕਿਰਿਆ (production process) ਦੀਆਂ ਹੋਰ ਇਕਾਈਆਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਭਾਵ ਪੂੰਜੀਵਾਦ ਦਾ ਖੇਤੀ ਖੇਤਰ ਵਿਚ ਵਿਕਾਸ ਪਰਿਵਾਰਕ ਖੇਤੀ ਦੀ ਉਤਪਾਦਨ ਪ੍ਰਕਿਰਿਆ ਜੋ ਘੱਟ ਵਿਕਸਿਤ ਪਰ ਸਵੈ-ਨਿਰਭਰਤਾ ਦਾ ਨਮੂਨਾ ਹੁੰਦੀ ਹੈ, ਨੂੰ ਤੋੜ ਦਿੰਦਾ ਹੈ। ਮਸਲਨ ਉਹ ਕਿਸਾਨੀ ਪਰਿਵਾਰਾਂ ਨੂੰ ਉਤਪਾਦਨ ਕਰਨ ਲਈ ਜ਼ਰੂਰੀ ਚੀਜ਼ਾਂ ਜਿਵੇਂ ਕਿ ਬੀਜ, ਖਾਦਾਂ, ਖੇਤੀ ਯੰਤਰ ਅਤੇ ਮੰਡੀਕਰਨ ਦੀ ਪ੍ਰਕਿਰਿਆ ਆਦਿ ਨੂੰ ਆਪਣੇ ਅਧੀਨ ਕਰ ਲੈਂਦਾ ਹੈ। ਇਸ ਸੰਦਰਭ ਵਿਚ ਜਿਉਂ-ਜਿਉਂ ਕਿਸਾਨੀ ਪਰਿਵਾਰਾਂ ਦੀ ਅਤੇ ਸਮੁੱਚੀ ਅਰਥ ਵਿਵਸਥਾ ਦੀ ਪੂੰਜੀਵਾਦੀ ਪ੍ਰਬੰਧ ਉੱਤੇ ਨਿਰਭਰਤਾ ਵਧਦੀ ਹੈ ਤਿਉਂ-ਤਿਉਂ ਕਿਸਾਨੀ ਪਰਿਵਾਰਾਂ ਦੀ ਖੇਤੀ ਉਤਪਾਦਨ ਨਾਲ ਸੰਬੰਧਤ ਇਕਾਇਆਂ ਤੋਂ ਪਕੜ ਕਮਜ਼ੋਰ ਹੁੰਦੀ ਜਾਂਦੀ ਹੈ। ਇਸ ਸਾਰੀ ਪ੍ਰਕਿਰਿਆ ਵਿਚ ਪਰਿਵਾਰਕ ਖੇਤੀ ਇੱਕ ਸੁਤੰਤਰ ਸਵੈ-ਨਿਰਭਰ ਉਤਪਾਦਨ ਇਕਾਈ ਨਾ ਰਹਿ ਕੇ ਅਰਧ-ਪ੍ਰਲੋਤੇਰੀਏਤ (semi-proletariat) ਇਕਾਈ ਵਿਚ ਤਬਦੀਲ ਹੋ ਜਾਂਦੀ ਹੈ।

ਜੇਕਰ ਅਸੀਂ ਖੇਤੀ ਖੇਤਰ ਉੱਤੇ ਪੂੰਜੀਵਾਦ ਦੇ ਜ਼ਾਬਤੇ ਦੀ ਉਪਰੋਕਤ ਪ੍ਰਕਿਰਿਆ ਨੂੰ ਸਮਝੀਏ ਤਾਂ ਇਹ ਖੇਤੀ ਉਤਪਾਦਨ ਪ੍ਰਕਿਰਿਆ ਦੀ ਪੂੰਜੀਵਾਦੀ ਪ੍ਰਬੰਧ ਵਿਚ ਵਰਟੀਕਲ ਏਕੀਕਰਨ (vertical integration) ਦੁਆਰਾ ਹੁੰਦਾ ਹੈ। ਜਿਉਂ-ਜਿਉਂ ਪੂੰਜੀਵਾਦ ਵਰਟੀਕਲ ਏਕੀਕਰਨ ਦੀਆਂ ਤੰਦਾਂ ਦੁਆਰਾ ਖੇਤੀ ਉਤਪਾਦਨ ਪ੍ਰਕਿਰਿਆ ਦੀਆਂ ਇਕਾਈਆ ਨੂੰ ਆਪਣੇ ਅਧੀਨ ਲੈਂਦਾ ਜਾਂਦਾ ਹੈ ਤਿਉਂ-ਤਿਉਂ ਖੇਤੀ ਉਤਪਾਦਨ ਪ੍ਰਕਿਰਿਆ ਦੁਆਰਾ ਪੈਦਾ ਕੀਤੇ ਗਏ ਮੁੱਲ (value) ਦਾ ਜ਼ਿਆਦਾਤਰ ਹਿੱਸਾ ਪੂੰਜੀਪਤੀ ਜਮਾਤ ਦੇ ਹੱਥਾਂ, ਜੋ ਖੇਤੀ ਉਤਪਾਦਨ ਨਾਲ ਸੰਬੰਧਿਤ ਇਕਾਈਆਂ 'ਤੇ ਆਪਣੀ ਅਜਾਰੇਦਾਰੀ ਸਥਾਪਤ ਕਰ ਲੈਂਦਾ ਹੈ, ਵਿਚ ਇਕੱਤਰ ਹੁੰਦਾ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਛੋਟਾ ਕਿਸਾਨ ਪਰਿਵਾਰ ਜੋ ਪੂੰਜੀਵਾਦੀ ਪ੍ਰਬੰਧ ਅਧੀਨ ਖੇਤੀ ਉਤਪਾਦਨ ਵਿਚ ਲੱਗਿਆ ਹੋਇਆ ਹੈ, ਉਸਦੀ ਆਮਦਨ ਦਾ 80 ਤੋਂ 90 ਪ੍ਰਤੀਸ਼ਤ ਮੁੱਲ ਪੂੰਜੀਵਾਦੀ ਪ੍ਰਬੰਧ ਦੁਆਰਾ ਉਤਪਾਦਨ ਵੱਖ-ਵੱਖ ਪੜਾਵਾਂ (ਆਗਤਾਂ ਤੋਂ ਲੈ ਕੇ ਮੰਡੀਕਰਨ ਦੀ ਪ੍ਰਕਿਰਿਆ ਤੱਕ) ਉੱਤੇ ਹੜੱਪ ਲਿਆ ਜਾਂਦਾ ਹੈ।

ਦੂਜੇ ਪਾਸੇ ਪੂੰਜੀਵਾਦੀ ਪ੍ਰਬੰਧ ਦੀ ਖੂਬਸੂਰਤੀ ਇਹ ਹੈ ਕਿ ਜਿਉਂ-ਜਿਉਂ ਉਹ ਕਿਸਾਨੀ ਦੀ ਚੇਤਨਾ ਨੂੰ ਆਰਥਿਕਤਾ ਨਾਲ ਜੋੜਦਾ ਹੈ ਤਿਉਂ-ਤਿਉਂ ਕਿਸਾਨੀ ਦੀ ਖੇਤੀ ਉਤਪਾਦਨ ਪ੍ਰਕਿਰਿਆ ਵਿਚ ਤਕਨੀਕੀ ਵਿਕਾਸ ਕਰ ਕੇ ਵੱਧ ਉਤਪਾਦਨ ਕਰਨ ਦੀ ਚੇਟਕ ਵਧਦੀ ਜਾਂਦੀ ਹੈ। ਜੇ ਪੰਜਾਬ ਦੇ ਖੇਤੀ ਖੇਤਰ ਦੇ ਵਿਕਾਸ ਨੂੰ ਦੇਖਿਆ ਜਾਵੇ ਤਾਂ ਉਹ ਪਰਿਵਾਰਕ ਖੇਤੀ ਦੀ ਪੂੰਜੀਵਾਦੀ ਪ੍ਰਬੰਧ ਨਾਲ ਇੱਕ-ਮਿੱਕ ਹੋਣ ਦੀ ਦੇਣ ਹੈ। ਪਰ ਪੰਜਾਬ ਦੇ ਖੇਤੀ ਖੇਤਰ ਵਿਚ ਪੂੰਜੀਵਾਦੀ ਵਿਕਾਸ ਦੀ ਸਮੱਸਿਆ ਇਹ ਹੈ ਕਿ ਛੋਟੀ ਕਿਸਾਨੀ ਦੀ ਖੇਤੀਬਾੜੀ 'ਤੇ ਨਿਰਭਰਤਾ ਲਗਾਤਾਰ ਬਣੀ ਹੋਈ ਹੈ। ਇੱਕ ਪਾਸੇ ਤਾਂ ਜ਼ਮੀਨ ਅਤੇ ਉਤਪਾਦਨ ਦੇ ਵਧੇਰੇ ਕੁਸ਼ਲ ਸਾਧਨ ਧਨਾਢ ਕਿਸਾਨੀ ਕੋਲ ਇਕੱਤਰ ਹੁੰਦੇ ਜਾ ਰਹੇ ਹਨ, ਦੂਜੇ ਪਾਸੇ ਧਨਾਢ ਕਿਸਾਨੀ ਆਪਣੇ ਆਰਥਿਕ ਅਤੇ ਰਾਜਨੀਤਕ ਰਸੂਖ਼ ਰਾਹੀਂ ਸਰਕਾਰ ਤੋਂ ਘੱਟੋ-ਘੱਟ ਸਮਰਥਨ ਮੁੱਲ, ਸਬਸਿਡੀਆਂ ਅਤੇ ਹੋਰ ਰਿਆਇਤਾਂ ਲੈਣ ਲਈ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਨੂੰ ਸਮੇਂ-ਸਮੇਂ 'ਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤ ਰਹੀ ਹੈ। ਇਸਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰ, ਉਦਯੋਗੀਕਰਨ ਦੇ ਧੀਮੇ ਵਿਕਾਸ ਕਾਰਨ, ਖੇਤੀ ਖੇਤਰ ਅਤੇ ਪਿੰਡਾਂ ਵਿਚ ਗੁਰਬਤ ਦੀ ਦਲਦਲ ਵਿਚ ਫਸੇ ਪਏ ਹਨ। ਇਸ ਪੂੰਜੀਵਾਦੀ ਮੱਕੜਜਾਲ ਕਾਰਨ ਇਸ ਪ੍ਰਕਿਰਿਆ ਅਧੀਨ ਛੋਟੀ ਕਿਸਾਨੀ ਦੀ ਪੂੰਜੀਵਾਦੀ ਪ੍ਰਬੰਧ ਅਤੇ ਧਨਾਢ ਕਿਸਾਨੀ 'ਤੇ ਨਿਰਭਰਤਾ ਲਗਾਤਾਰ ਬਣੀ ਹੋਈ ਹੈ। ਦੂਜੇ ਸ਼ਬਦਾਂ ਵਿਚ ਪੰਜਾਬ ਦੇ ਖੇਤੀ ਖੇਤਰ ਦੇ ਵਿਕਾਸ ਦੀ ਪ੍ਰਕਿਰਿਆ ਛੋਟੀ ਕਿਸਾਨੀ ਅਤੇ ਕਿਰਤ ਸ਼ਕਤੀ ਦੇ ਆਰਥਿਕ ਅਤੇ ਮਾਨਸਿਕ ਸ਼ੋਸ਼ਣ 'ਤੇ ਖੜ੍ਹੀ ਹੋਈ ਹੈ। ਖੇਤੀ ਸਵਾਲ/ਸੰਕਟ ਦੇ ਹੱਲ ਤੋਂ ਸਾਡਾ ਭਾਵ ਇਨ੍ਹਾਂ ਜਮਾਤਾਂ ਨੂੰ ਗੁਰਬਤ ਤੋਂ ਮੁਕਤ ਕਰਵਾਉਣ ਦੇ ਸੰਘਰਸ਼ ਦੇ ਰਸਤੇ ਤੋਂ ਹੈ। ਸਾਡੇ ਲਈ ਅਸਲ ਸਵਾਲ ਇਹ ਹੈ ਕਿ ਕੀ ਸਹਿਕਾਰੀ ਖੇਤੀ ਦੀ ਪ੍ਰਚੱਲਿਤ ਧਾਰਨਾ ਵਿਚ ਖੇਤੀ ਸਵਾਲ/ਸੰਕਟ ਹੱਲ ਕਰਨ ਦੀ ਸਮਰੱਥਾ ਹੈ?

### ਸਹਿਕਾਰੀ ਖੇਤੀ ਦੀ ਪ੍ਰਚੱਲਿਤ ਧਾਰਨਾ

ਅਸੀਂ ਇਹ ਮੰਨਦੇ ਹਾਂ ਕਿ ਪੂੰਜੀਵਾਦੀ ਆਰਥਿਕ ਅਤੇ ਰਾਜਨੀਤਕ ਪ੍ਰਬੰਧ ਅਧੀਨ, ਛੋਟੀ ਕਿਸਾਨੀ ਆਧਾਰਤ ਖੇਤੀ ਉਤਪਾਦਨ, ਖੇਤੀ ਆਧਾਰਤ ਵੱਡੀਆਂ ਕੰਪਨੀਆਂ, ਵਪਾਰਕ ਅਤੇ ਵਿੱਤੀ (finance) ਪੂੰਜੀ ਦੇ ਮੱਕੜਜਾਲ ਵਿਚ ਆਪਣੇ ਆਪ ਨੂੰ ਸ਼ੋਸ਼ਣ ਤੋਂ ਬਚਾ ਕੇ ਨਹੀਂ ਰੱਖ ਸਕਦਾ। ਪੂੰਜੀਵਾਦੀ ਆਰਥਿਕ ਪ੍ਰਬੰਧ ਜਾਂ ਮੰਡੀ ਆਧਾਰਤ ਅਰਥ ਵਿਵਸਥਾ ਵਿਚ ਛੋਟੀ ਕਿਸਾਨੀ, ਜੋ ਵੱਡੇ ਪੱਧਰ ਦੇ ਸੰਗਠਿਤ ਅਤੇ ਪੂੰਜੀ ਸੰਪੰਨ ਉਤਪਾਦਨ ਸੰਬੰਧਾਂ ਵਾਲੇ ਪ੍ਰਬੰਧ ਵਿਚ ਬਣੇ ਰਹਿਣ ਲਈ ਜੱਦੋ-ਜਹਿਦ ਕਰਦੀ ਹੈ ਪੂੰਜਵਾਦੀ ਪ੍ਰਬੰਧ ਦੇ ਪੂੰਜੀ ਸੰਗ੍ਰਹਿ (capital Accumlation) ਦੇ ਤਰਕ ਤੋਂ ਮੁਕਤ ਨਹੀਂ ਹੋ ਸਕਦੀ। ਇਸ ਸੰਦਰਭ ਵਿਚ ਜੇ ਛੋਟੇ ਪੱਧਰ ਦੀ ਪਰਿਵਾਰਕ ਖੇਤੀ ਨੇ ਆਪਣੇ ਆਪ ਨੂੰ ਥੋੜ੍ਹੇ ਸਮੇਂ ਲਈ ਬਚਾਉਣਾ ਹੈ ਤਾਂ ਉਸ ਲਈ ਸਹਿਕਾਰਤਾ ਲਾਜ਼ਮੀ ਹੈ। ਪਰ ਅਸੀਂ ਇਹ ਸਮਝਦੇ ਹਾਂ ਕਿ ਜਿਹੜੀ ਸਹਿਕਾਰਤਾ ਰਾਹੀਂ ਪੰਜਾਬ ਦੇ ਬੁੱਧੀਜੀਵੀ ਛੋਟੀ ਕਿਸਾਨੀ ਨੂੰ ਬਚਾ ਕੇ ਰੱਖਣ ਦੇ ਦਾਅਵੇ ਕਰ ਰਹੇ ਹਨ ਉਹ ਖੇਤੀ ਸਵਾਲ/ਸੰਕਟ ਦਾ ਕੋਈ ਕਾਰਗਰ ਹੱਲ ਕਰਨ ਦੇ ਸਮਰੱਥ ਨਹੀਂ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਖੇਤੀ ਦੇ ਸਵਾਲ/ਸੰਕਟ ਨੂੰ ਹੱਲ ਕਰਨ ਲਈ ਸਹਿਕਾਰੀ ਖੇਤੀ ਨੂੰ ਪ੍ਰਚਾਰਨ ਵਾਲਾ ਪੰਜਾਬ ਦਾ ਬੁੱਧੀਜੀਵੀ ਵਰਗ ਸਹਿਕਾਰਤਾ ਦੀ ਵਿਵਸਥਾ, ਬਣਤਰ ਅਤੇ ਪੂੰਜੀਵਾਦੀ ਮੰਡੀ ਆਧਾਰਤ ਆਰਥਿਕ ਸੰਬੰਧਾਂ ਵਾਲੇ ਸਮਾਜ ਵਿਚ ਉਸਦੀ ਸਾਰਥਿਕਤਾ (compAatibility) ਬਾਰੇ

ਜ਼ਿਆਦਾ ਚਰਚਾ ਨਹੀਂ ਕਰਦਾ। ਉਹ ਸਹਿਕਾਰੀ ਖੇਤੀ ਨੂੰ ਪੂੰਜੀਵਾਦੀ ਆਰਥਿਕ ਪ੍ਰਬੰਧ ਅਤੇ ਸੰਬੰਧਾਂ ਨਾਲੋਂ ਵੱਖ (isolate) ਕਰ ਕੇ ਨਹੀਂ ਪੇਸ਼ ਕਰਦੇ। ਹਾਲਾਂਕਿ ਉਨ੍ਹਾਂ ਦੁਆਰਾ ਪ੍ਰਚਾਰੀ ਜਾਂਦੀ ਸਹਿਕਾਰੀ ਖੇਤੀ ਦੀ ਧਾਰਨਾ ਦਾ ਸਾਨੂੰ ਕੋਈ ਖਾਸ ਸਿਧਾਂਤਕ ਪਿਛੋਕੜ ਨਹੀਂ ਮਿਲਦਾ ਅਤੇ ਨਾ ਹੀ ਉਨ੍ਹਾਂ ਦੁਆਰਾ ਦਿੱਤੇ ਗਏ ਸਹਿਕਾਰਤਾ ਦੇ ਨਮੂਨੇ ਦੀਆਂ ਉਨ੍ਹਾਂ ਮੁਲਕਾਂ ਦੇ ਪੱਧਰ 'ਤੇ ਕਾਮਯਾਬੀ ਦੀਆਂ ਜ਼ਿਆਦਾ ਉਦਾਹਰਨਾਂ ਮਿਲਦੀਆਂ ਹਨ ਜਿੱਥੇ ਵਧੇਰੇ ਵਸੋਂ ਖੇਤੀ ਖੇਤਰ ਉੱਤੇ ਨਿਰਭਰ ਹੈ। ਉਨ੍ਹਾਂ ਦੁਆਰਾ ਪੰਜਾਬ ਦੇ ਕਿਸੇ ਪਿੰਡ ਜਾਂ ਦੇਸ਼ ਦੇ ਕਿਸੇ ਹਿੱਸੇ ਵਿਚ ਸਾਂਝੀ ਖੇਤੀ ਦੀ ਕਾਮਯਾਬੀ ਦਾ ਗੁਣਗਾਣ ਜ਼ਰੂਰ ਕੀਤਾ ਜਾਂਦਾ ਹੈ। ਉਨ੍ਹਾਂ ਦੀ ਸਹਿਕਾਰਤਾ ਦੀ ਧਾਰਨਾ ਦੀ ਨਿਸ਼ਾਨਦੇਹੀ, ਆਰਥਿਕ ਸਿਧਾਂਤ ਜਿਨ੍ਹਾਂ 'ਤੇ ਉਨ੍ਹਾਂ ਦੀ ਸਹਿਕਾਰੀ ਖੇਤੀ ਦੀ ਧਾਰਨਾ ਟਿਕੀ ਹੋਈ ਮਹਿਸੂਸ ਹੁੰਦੀ ਹੈ, ਦੇ ਆਧਾਰ 'ਤੇ ਹੀ ਕੀਤੀ ਜਾ ਸਕਦੀ ਹੈ।

ਪੰਜਾਬੀ ਬੁੱਧੀਜੀਵੀਆਂ ਦੁਆਰਾ ਸਹਿਕਾਰੀ ਖੇਤੀ ਦੇ ਪੱਖ ਵਿਚ ਦਿੱਤੇ ਜਾਣ ਵਾਲੇ ਤਰਕ ਦਾ ਆਧਾਰ ਖੇਤੀਬਾੜੀ ਦੇ ਧੰਦੇ ਨੂੰ ਲਾਭਕਾਰੀ ਬਣਾਉਣ ਲਈ ਆਰਥਿਕ ਤਰਕਸ਼ੀਲਤਾ (economic rationality), ਆਰਥਿਕ ਕੁਸ਼ਲਤਾ (economic efficiency) ਅਤੇ ਪੈਮਾਨੇ ਦੀਆਂ ਬੱਚਤਾਂ (economies of scale) ਪ੍ਰਮੁੱਖ ਅਤੇ ਲਾਜ਼ਮੀ ਪੂਰਵ-ਸ਼ਰਤਾਂ ਹਨ। ਪੂੰਜੀਵਾਦ ਪ੍ਰਬੰਧ ਵਿਚ ਵੀ ਇਨ੍ਹਾਂ ਪੂਰਵ-ਸ਼ਰਤਾਂ ਦੇ ਆਧਾਰ 'ਤੇ "ਵਿਅਕਤੀਗਤ ਉਤਪਾਦਨ" ਨੂੰ ਲਾਭਕਾਰੀ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ ਅਤੇ ਸਮਾਜਵਾਦੀ ਪ੍ਰਬੰਧ ਵਿਚ ਇਸ ਧਾਰਨਾ ਦੇ ਆਧਾਰ 'ਤੇ ਸਮੁੱਚੇ ਕਿੱਤੇ ਨੂੰ ਪੂਰੇ ਸਮਾਜ ਲਈ ਲਾਭਕਾਰੀ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਸਹਿਕਾਰੀ ਖੇਤੀ ਦੇ ਪ੍ਰਬੰਧ ਦਾ ਖੇਤੀ ਦੇ ਸਵਾਲ/ਸੰਕਟ ਨੂੰ ਹੱਲ ਕਰਨ ਵਾਲੀ ਧਾਰਨਾ ਦਾ ਆਧਾਰ ਵੀ ਇਹ ਪੂਰਵ-ਸ਼ਰਤਾਂ ਹੀ ਹੁੰਦੀਆਂ ਹਨ ਜਾਂ ਹੋਣੀਆਂ ਚਾਹੀਦੀਆ ਹਨ। ਪਰ ਅਸੀਂ ਇਹ ਮੰਨਦੇ ਹਾਂ ਕਿ ਪੂੰਜੀਵਾਦੀ ਆਰਥਿਕ ਪ੍ਰਬੰਧ ਅਧੀਨ ਸਹਿਕਾਰਤਾ ਦੀ ਸਾਰਥਿਕਤਾ ਨੂੰ ਸਹਿਕਾਰੀ ਖੇਤੀ ਦੁਆਰਾ ਮਿਲਣ ਵਾਲੇ ਸੰਭਾਵੀ ਲਾਭ ਤੱਕ ਸੀਮਿਤ ਕਰ ਕੇ ਦੇਖਣਾ ਖੇਤੀ ਸਵਾਲ/ਸੰਕਟ ਦਾ ਕੋਈ ਪ੍ਰਭਾਵਸ਼ਾਲੀ ਹੱਲ ਨਹੀਂ ਹੈ। ਪੰਜਾਬੀ ਬੁੱਧੀਜੀਵੀਆਂ ਦੁਆਰਾ ਪੇਸ਼ ਕੀਤੀ ਜਾਂਦੀ ਸਹਿਕਾਰੀ ਖੇਤੀ ਦੀ ਧਾਰਨਾ ਕਿਸੇ ਵੀ ਪੱਖੋਂ ਪੂੰਜੀਵਾਦੀ ਖੇਤੀ ਪ੍ਰਬੰਧ ਦਾ ਬਦਲ ਨਹੀਂ ਹੈ। ਬਲਕਿ ਇਨ੍ਹਾਂ ਦੀ ਸਹਿਕਾਰੀ ਖੇਤੀ ਦੀ ਧਾਰਨਾ ਨਵ-ਕਲਾਸੀਕਲ ਅਰਥਸ਼ਾਸ਼ਤਰ (neo-classical economics) ਦੇ ਸਿਧਾਂਤ ਦਾ ਇੱਕ ਹਿੱਸਾ ਹੈ। ਇੱਥੇ ਇਹ ਸਪੱਸ਼ਟ ਕਰਨਾ ਲਾਜ਼ਮੀ ਹੈ ਕਿ ਨਵ-ਕਲਾਸੀਕਲ ਅਰਥਸ਼ਾਸ਼ਤਰ ਪੂੰਜੀਵਾਦੀ ਆਰਥਿਕ ਪ੍ਰਬੰਧ ਦਾ ਵਿਰੋਧੀ ਨਹੀਂ ਸਗੋਂ ਸਮਰਥਕ ਹੈ। ਇਨ੍ਹਾਂ ਦੀ ਸਹਿਕਾਰਤਾ ਦੀ ਧਾਰਨਾ ਦੇ ਨਵ-ਕਲਾਸੀਕਲ ਹੋਣ ਦੇ ਤਿੰਨ ਪ੍ਰਮੁੱਖ ਪ੍ਰਮਾਣ ਹਨ।

ਪਹਿਲਾ, ਇਨ੍ਹਾਂ ਦੁਆਰਾ ਦਿੱਤੀ ਗਈ ਸਹਿਕਾਰੀ ਖੇਤੀ ਦੀ ਧਾਰਨਾ ਨੂੰ ਉਹ ਵੱਡੇ ਪੂੰਜੀਵਾਦੀ ਪ੍ਰਬੰਧ ਜਿਸ ਵਿਚ ਇਸ ਸਹਿਕਾਰੀ ਖੇਤੀ ਨੇ ਵਿਚਰਨਾ ਹੈ, ਤੋਂ ਵੱਖ (isolate) ਕਰ ਕੇ ਪੇਸ਼ ਕਰਦੇ ਹਨ। ਭਾਵ ਇਹ ਸਾਂਝੀ ਖੇਤੀ ਨੂੰ ਵਿਅਕਤੀਗਤ ਪੱਧਰ 'ਤੇ ਨਵ-ਕਲਾਸੀਕਲ ਮਾਨਤਾਵਾਂ ਨੂੰ ਆਧਾਰ ਬਣਾ ਕੇ ਇੱਕ ਨਮੂਨੇ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸਦਾ ਵੱਡੇ ਪੂੰਜੀਵਾਦੀ ਆਰਥਿਕ ਪ੍ਰਬੰਧ ਨਾਲ ਕਿਹੋ ਜਿਹਾ ਸਰੋਕਾਰ ਅਤੇ ਸਾਰਥਿਕਤਾ ਬਣਦੀ ਹੈ ਦਾ ਵਿਸ਼ਲੇਸ਼ਣ ਨਹੀਂ ਕਰਦੇ।

ਦੂਜਾ, ਸਹਿਕਾਰੀ ਖੇਤੀ ਦੀ ਇਸ ਧਾਰਨਾ ਦਾ ਸਾਰਾ ਦਾਰੋਮਦਾਰ ਛੋਟੀ ਕਿਸਾਨੀ ਦੀ ਲੈਣ-ਦੇਣ ਲਾਗਤ (transaction cost) ਘੱਟ ਕਰਨ ਤੱਕ ਸੀਮਿਤ ਹੈ। ਇਸ ਧਾਰਨਾ ਅਨੁਸਾਰ ਖੇਤੀਬਾੜੀ ਸੰਕਟ ਦੇ ਸ਼ਿਕਾਰ ਛੋਟੇ ਕਿਸਾਨ ਪਰਿਵਾਰਾਂ ਨੂੰ ਆਪਣੀਆ ਜੋਤਾਂ ਇਕੱਠੀਆਂ ਕਰ ਕੇ ਆਪਣਾ ਜੀਵਨ ਨਿਰਵਾਹ ਕਰਨਾ ਚਾਹੀਦਾ ਹੈ। ਅਜਿਹੀ ਸਹਿਕਾਰਤਾ ਨੂੰ ਹੌਰੀਜ਼ੌਂਟਲ ਏਕੀਕਰਨ ਦੀ ਸਹਿਕਾਰਤਾ ਕਿਹਾ ਜਾਂਦਾ ਹੈ। ਅਜਿਹੀ ਸਹਿਕਾਰਤਾ ਦੇ ਸਿਧਾਂਤ ਦਾ ਉਦੇਸ਼ ਛੋਟੀ ਕਿਸਾਨੀ ਨੂੰ ਪੂੰਜੀਵਾਦੀ ਪ੍ਰਬੰਧ ਦੇ ਤਰਕ ਅਤੇ ਪਰਤਾਂ ਤੋਂ ਜਾਣੂ ਕਰਵਾਏ ਬਿਨਾਂ ਉਨ੍ਹਾਂ ਨੂੰ ਇਸ ਪ੍ਰਬੰਧ ਅਧੀਨ, ਪਿੰਡਾਂ ਵਿਚ ਅਤੇ ਖੇਤੀ ਵਿਚ, ਬਣਾਈ ਰੱਖਣਾ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਸਹਿਕਾਰਤਾ ਦਾ ਇਹ ਸਿਧਾਂਤ ਨਵ-ਕਲਾਸੀਕਲ ਅਰਥਸ਼ਾਸ਼ਤਰ ਦਾ ਮੱਕੜਜਾਲ ਹੈ ਜੋ ਪੂੰਜੀਵਾਦ ਆਰਥਿਕ, ਰਾਜਨੀਤਕ ਅਤੇ ਸਮਾਜਿਕ ਪ੍ਰਬੰਧ, ਜਿਸਦਾ ਆਧਾਰ ਪੂੰਜੀ ਸੰਗ੍ਰਹਿ ਦੀ ਨਿਰੰਤਰਤਾ ਅਤੇ ਵਿਕਾਸ 'ਤੇ ਖੜ੍ਹਾ ਹੈ, ਨੂੰ ਅਣਗੌਲਿਆ ਕਰ ਕੇ ਛੋਟੀ ਕਿਸਾਨੀ ਨੂੰ ਖੇਤੀ ਵਿਚ ਬਣਾਈ ਰੱਖਣ ਦੀ ਜੱਦੋ-ਜਹਿਦ ਹੈ। ਅਜਿਹੀ ਸਹਿਕਾਰਤਾ ਨਾ ਤਾਂ ਛੋਟੀ ਕਿਸਾਨੀ ਅਤੇ ਧਨਾਢ ਕਿਸਾਨੀ ਵਿਚਲੀ ਆਰਥਿਕ ਅਸਮਾਨਤਾ ਦੇ ਪਾੜੇ ਨੂੰ ਘੱਟ ਕਰ ਸਕਦੀ ਹੈ, ਨਾ ਕਿਸਾਨੀ ਨੂੰ ਕਿਸੇ ਅਗਾਂਹਵਧੂ ਮਾਰਗ 'ਤੇ ਪਾ ਸਕਦੀ ਹੈ ਅਤੇ ਨਾ ਹੀ ਪੂੰਜੀਵਾਦੀ ਰਾਜਨੀਤਕ, ਆਰਥਿਕ ਅਤੇ ਸਮਾਜਿਕ ਸੰਬੰਧਾਂ ਲਈ ਕੋਈ ਚੁਣੌਤੀ ਪੇਸ਼ ਕਰ ਸਕਦੀ ਹੈ। ਸਹਿਕਾਰਤਾ ਦੀ ਇਹ ਧਾਰਨਾ ਤਾਂ ਛੋਟੀ ਕਿਸਾਨੀ ਨੂੰ ਪੂੰਜੀਵਾਦੀ ਆਰਥਿਕ ਪ੍ਰਬੰਧ ਵਿਚ ਹੀ ਉਨ੍ਹਾਂ ਦੀ ਉਤਪਾਦਨ ਲਾਗਤ ਦਾ ਥੋੜ੍ਹਾ-ਬਹੁਤ ਘੱਟ ਕਰ ਕੇ ਖੇਤੀਬਾੜੀ ਵਿਚ ਬਣਾਈ ਰੱਖਣ ਦੇ ਨਾਲ-ਨਾਲ ਖੇਤੀ ਸਵਾਲ/ ਸੰਕਟ ਨੂੰ ਜਿਉਂ ਦਾ ਤਿਉਂ ਬਣਾ ਕੇ ਰੱਖਣ ਦੀ ਹਾਮੀ ਹੈ।



ਤੀਜਾ, ਸਹਿਕਾਰੀ ਖੇਤੀ ਦੀ ਪ੍ਰਚੱਲਿਤ ਧਾਰਨਾ ਨੂੰ ਪਰਪੱਕ ਕਰਨ ਵਿਚ, ਨਵ-ਕਲਾਸੀਕਲ ਅਰਥਸ਼ਾਸਤਰ ਵਾਂਗ ਕਈ ਛੁਪੇ ਹੋਏ ਮਨੋਰਥ (hidden Agenda) ਵੀ ਦੇਖੇ ਜਾ ਸਕਦੇ ਹਨ। ਇਨ੍ਹਾਂ ਵਿਚ ਇੱਕ ਮਨੋਰਥ ਇਹ ਹੈ ਕਿ ਸਹਿਕਾਰੀ ਖੇਤੀ ਦੀ ਪ੍ਰਚੱਲਿਤ ਧਾਰਨਾ ਦੇਣ ਵਾਲੇ ਬੁੱਧੀਜੀਵੀ ਕਿਤੇ ਵੀ ਖੇਤੀ ਸਵਾਲ/ਸੰਕਟ ਨੂੰ ਹੱਲ ਕਰਨ ਲਈ ਉਦਯੋਗੀਕਰਨ ਅਤੇ ਸ਼ਹਿਰੀਕਰਨ ਦੀ ਮਹੱਤਤਾ 'ਤੇ ਜ਼ੋਰ ਨਹੀਂ ਦਿੰਦੇ। ਦੂਜੇ ਸ਼ਬਦਾਂ ਵਿਚ ਉਹ ਸਹਿਕਾਰੀ ਖੇਤੀ ਨੂੰ ਪੇਂਡੂ ਵਿਕਾਸ (rural transformation) ਦੇ ਪ੍ਰੋਜੈਕਟ ਨਾਲ ਨਹੀਂ ਜੋੜਦੇ। ਇਸ ਸੰਦਰਭ ਵਿਚ ਨਵ-ਕਲਾਸੀਕਲ ਅਰਥ ਸ਼ਾਸਤਰੀਆਂ ਵਾਂਗ ਉਹ ਖੇਤੀ ਸਵਾਲ/ਸੰਕਟ ਦੇ ਹੱਲ ਦੇ ਇਤਿਹਾਸਕ ਪਰਿਪੇਖ ਨੂੰ ਅਣਗੌਲਿਆ ਕਰ ਦਿੰਦੇ ਹਨ। ਇਸ ਵਰਤਾਰੇ ਦਾ ਛੁਪਿਆ ਹੋਇਆ ਮਨੋਰਥ ਇਹ ਬਣਦਾ ਹੈ ਕਿ ਇਨ੍ਹਾਂ ਦੀ ਸਹਿਕਾਰੀ ਖੇਤੀ ਦੀ ਧਾਰਨਾ ਧਨਾਢ ਕਿਸਾਨੀ ਦੀ ਪਿੰਡ ਦੇ ਰਾਜਨੀਤਕ ਅਤੇ ਆਰਥਿਕ ਪ੍ਰਬੰਧ 'ਤੇ ਪਕੜ ਨੂੰ ਬਣਾ ਕੇ ਰੱਖਦੀ ਹੈ। ਕਿਉਂਕਿ ਇਸ ਧਾਰਨਾ ਦਾ ਉਦੇਸ਼ ਖੇਤੀਬਾੜੀ ਵਿਚ ਛੋਟੀ ਕਿਸਾਨੀ ਦਾ ਸਾਹ ਚੱਲਦਾ ਰੱਖਣਾ, ਅਸਲ ਵਿਚ ਧਨਾਢ ਕਿਸਾਨੀ ਦੁਆਰਾ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਦਾ ਵਿਰੋਧ ਕਰਨ ਲਈ ਜਨਤਕ ਸਮਰਥਨ ਕਾਇਮ ਰੱਖਣਾ ਹੈ, ਜੋ ਉਨ੍ਹਾਂ ਦੀ ਲਾਭ ਦਰ ਨੂੰ ਘੱਟ ਕਰਨ ਦੇ ਖਦਸ਼ੇ ਪੈਦਾ ਕਰਦੀਆਂ ਹਨ। ਇੱਥੇ ਇਹ ਗ਼ੌਰਤਲਬ ਹੈ ਕਿ ਅਸੀਂ ਸਰਕਾਰ ਵਿਰੁੱਧ ਖੇਤੀਬਾੜੀ ਨੂੰ ਲਾਭਕਾਰੀ ਬਣਾਉਣ ਦੇ ਸੰਘਰਸ਼ ਦਾ ਵਿਰੋਧ ਨਹੀਂ ਕਰ ਰਹੇ ਬਲਕਿ ਇਸ ਗੱਲ 'ਤੇ ਚਾਨਣਾ ਪਾਉਣ ਦਾ ਯਤਨ ਕਰ ਰਹੇ ਹਾਂ ਕਿ ਵਿਰੋਧ ਕਰਨ ਤੋਂ ਬਾਅਦ ਜੋ ਵੀ ਹਾਸਲ ਹੋ ਰਿਹਾ ਹੈ, ਉਸਦਾ ਜ਼ਿਆਦਾਤਰ ਲਾਭ ਧਨਾਢ ਕਿਸਾਨੀ ਨੂੰ ਜਾਂਦਾ ਹੈ ਨਾ ਕਿ ਛੋਟੀ ਕਿਸਾਨੀ ਜਾਂ ਖੇਤ ਮਜ਼ਦੂਰਾਂ ਨੂੰ।

### ਸਹਿਕਾਰੀ ਖੇਤੀ ਦਾ ਵਿਕਲਪਿਕ ਸਿਧਾਂਤ

ਉਪਰੋਕਤ ਸੰਦਰਭ ਨੂੰ ਧਿਆਨ ਵਿਚ ਰੱਖਦੇ ਹੋਏ ਸਹਿਕਾਰੀ ਖੇਤੀ ਦੇ ਵਿਕਲਪਿਕ ਸਿਧਾਂਤ ਲਈ ਮੁੱਢਲੀ ਸ਼ਰਤ ਪੂੰਜੀਵਾਦੀ ਪ੍ਰਬੰਧ ਤੋਂ ਉੱਤਮ, ਅਗਾਂਹਵਧੂ ਅਤੇ ਵਾਤਾਵਰਨ ਪੱਖੀ ਹੁੰਦੇ ਹੋਏ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਨੂੰ ਗੁਰਬਤ ਦੀ ਜ਼ਿੰਦਗੀ ਤੋਂ ਮੁਕਤ ਕਰਨਾ ਹੋਣਾ ਚਾਹੀਦਾ ਹੈ। ਇਸ ਸੰਦਰਭ ਵਿਚ ਸਹਿਕਾਰੀ ਖੇਤੀ ਦੀ ਪ੍ਰਚਲਿਤ ਧਾਰਨਾ ਜਿਸ ਨੂੰ ਸਾਂਝੀ ਖੇਤੀ ਦੀ ਧਾਰਨਾ ਵੀ ਕਿਹਾ ਜਾ ਸਕਦਾ ਹੈ, ਖੇਤੀ ਸਵਾਲ/ ਸੰਕਟ ਦਾ ਸਥਾਈ ਹੱਲ ਨਹੀਂ ਹੋ ਸਕਦੀ। ਕਿਉਂਕਿ ਇਹ ਧਾਰਨਾ ਕਿਸਾਨੀ ਪਰਿਵਾਰਾਂ ਨੂੰ ਖੇਤੀ ਉਤਪਾਦਨ ਤੱਕ ਸੀਮਿਤ ਰੱਖਦੀ ਹੈ। ਇਸ ਤਰ੍ਹਾਂ ਦੀ ਸਹਿਕਾਰਤਾ ਛੋਟੀ ਕਿਸਾਨੀ ਨੂੰ ਪੂੰਜੀਵਾਦੀ ਸ਼ੋਸ਼ਣ ਤੋਂ ਬਚਾ ਨਹੀਂ ਸਕਦੀ। ਜੇਕਰ ਸਹਿਕਾਰੀ ਖੇਤੀ ਨੇ ਸਿਧਾਂਤਕ ਆਧਾਰ 'ਤੇ ਪੂੰਜੀਵਾਦੀ ਵਿਕਾਸ ਦੇ ਸਿਧਾਂਤ ਨੂੰ ਕੋਈ ਠੋਸ ਚੁਣੌਤੀ ਪੇਸ਼ ਕਰਨੀ ਹੈ ਤਾਂ ਸਹਿਕਾਰਤਾ ਦੀ ਧਾਰਨਾ ਦਾ ਆਧਾਰ ਵਰਟੀਕਲ ਸਾਂਝੀਵਾਲਤਾ (vertical cooperation) ਹੋਣਾ ਚਾਹੀਦਾ ਹੈ। ਕਿਉਂਕਿ ਸਹਿਕਾਰੀ ਖੇਤੀ ਦੀ ਮੌਜੂਦਾ ਧਾਰਨਾ ਅਨੁਸਾਰ ਜੇਕਰ ਕਿਸਾਨ ਸਾਂਝੀ ਖੇਤੀ ਕਰਨ ਵੀ ਲੱਗ ਜਾਣ ਤਾਂ ਵੀ ਉਹ ਉਤਪਾਦਨ ਤੋਂ ਲੈ ਕੇ ਮੰਡੀਕਰਨ ਤੱਕ ਪੂੰਜੀਵਾਦੀ ਆਰਥਿਕ ਪ੍ਰਬੰਧ 'ਤੇ ਹੀ ਨਿਰਭਰ ਰਹਿਣਗੇ। ਅਜਿਹਾ ਕਰਨ ਨਾਲ ਉਨ੍ਹਾਂ ਦੀ ਉਤਪਾਦਨ ਲਾਗਤ ਤਾਂ ਥੋੜ੍ਹੀ-ਬਹੁਤ ਘੱਟ ਹੋ ਸਕਦੀ ਹੈ ਪਰ ਉਤਪਾਦਕਤਾ ਅਤੇ ਆਮਦਨ ਪੂੰਜੀਵਾਦੀ ਉਤਪਾਦਨ ਦੇ ਬਾਬਤ ਬਹੁਤ ਜ਼ਿਆਦਾ ਨਹੀਂ ਵਧ ਸਕਦੀ। ਪੂੰਜੀਵਾਦ ਦੇ ਉਲਟ, ਸਹਿਕਾਰੀ ਖੇਤੀ ਦਾ ਅਜਿਹਾ ਮਾਡਲ ਖੇਤੀ ਦੇ ਸਵਾਲ/ਸੰਕਟ ਦਾ ਹੱਲ ਕਰਨ ਦਾ ਪ੍ਰਤੀਕ ਨਹੀਂ ਬਲਕਿ ਖੜੋਤ ਅਤੇ ਖੇਤੀ ਸਵਾਲ/ਸੰਕਟ ਨੂੰ ਬਣਾਈ ਰੱਖਣ ਦਾ ਪ੍ਰਤੀਕ ਹੈ।

ਪੂੰਜੀਵਾਦੀ ਪ੍ਰਬੰਧ ਅਧੀਨ ਸਹਿਕਾਰਤਾ ਦੀ ਧਾਰਨਾ ਦੀ ਸਾਰਥਿਕਤਾ ਤਾਂ ਹੀ ਹੋ ਸਕਦੀ ਹੈ ਜੇਕਰ ਉਹ ਪੂੰਜੀਵਾਦੀ ਪ੍ਰਬੰਧ ਨੂੰ ਚੁਣੌਤੀ ਦੇ ਕੇ ਉਸਦੇ ਸਮਾਂਨਾਂਤਰ ਆਰਥਿਕ, ਰਾਜਨੀਤਕ ਅਤੇ ਸਮਾਜਿਕ ਪ੍ਰਬੰਧ ਨੂੰ ਉਸਾਰਨ ਵੱਲ ਮਹੱਤਵਪੂਰਨ ਕਦਮ ਹੋਵੇ। ਇਸ ਲਈ ਸਹਿਕਾਰਤਾ ਦਾ ਸਿਧਾਂਤ ਅਜਿਹਾ ਹੋਣਾ ਚਾਹੀਦਾ ਹੈ ਜੋ ਪੂੰਜੀਵਾਦੀ ਪ੍ਰਬੰਧ ਦੀ ਛੋਟੀ ਕਿਸਾਨੀ 'ਤੇ ਵਰਟੀਕਲ ਕੰਟਰੋਲ ਦੀ ਜਕੜ ਨੂੰ ਘੱਟ ਕਰ ਸਕੇ। ਸਹਿਕਾਰਤਾ ਦੇ ਵਿਕਲਪਿਕ ਸਿਧਾਂਤ ਦਾ ਉਦੇਸ਼ ਚਾਰ ਪ੍ਰਮੁੱਖ ਪੂੰਜੀਵਾਦੀ ਮੰਡੀਆਂ (input, labour, credit aqy output) ਦੀ ਖੇਤੀਬਾੜੀ ਉਤਪਾਦਨ ਪ੍ਰਕਿਰਿਆ ਵਿਚ ਦਖਲਅੰਦਾਜ਼ੀ ਨੂੰ ਘੱਟ ਕਰਨਾ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਸਿਧਾਂਤ ਵਿਕਾਸਪੱਖੀ ਹੋਣਾ ਚਾਹੀਦਾ ਹੈ ਜਿਸਦਾ ਅੰਤਿਮ ਉਦੇਸ਼ ਖੇਤੀ ਸਵਾਲ/ਸੰਕਟ ਨੂੰ ਹੱਲ ਕਰਨਾ ਹੋਵੇ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਸਹਿਕਾਰਤਾ ਦਾ ਸਿਧਾਂਤ ਵਰਟੀਕਲ ਸਾਂਝੀਵਾਲਤਾ 'ਤੇ ਆਧਾਰਿਤ ਹੋਵੇ। ਮਸਲਨ ਸਹਿਕਾਰਤਾ ਦਾ ਵਿਕਲਪਿਕ ਸਿਧਾਂਤ ਕਿਸਾਨੀ ਪਰਿਵਾਰਾਂ ਦੇ ਮੈਂਬਰਾਂ ਨੂੰ ਪੇਂਡੂ ਹੇਰਵੇ ਦੀ ਰੂੜੀਵਾਦੀ ਮਿੱਥ (rural conservative myth) ਦੇ ਵਾਸਤੇ ਪਾ ਕੇ ਖੇਤੀ ਉਤਪਾਦਨ ਤੱਕ ਸੀਮਿਤ ਕਰਨ ਦੀ ਬਜਾਏ ਉਨ੍ਹਾਂ ਨੂੰ ਖੇਤੀ ਉਤਪਾਦਨ ਨਾਲ ਸੰਬੰਧਿਤ ਸਾਰੀਆਂ ਇਕਾਈਆਂ, ਜਿਸ ਵਿਚ ਉਤਪਾਦਨ ਲਈ ਆਗਤਾਂ ਤੋਂ ਲੈ ਕੇ ਮੰਡੀਕਰਨ ਦੀ ਪ੍ਰਕਿਰਿਆ ਤੱਕ ਦੀਆਂ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਗਤੀਵਿਧੀਆਂ ਆਉਂਦੀਆਂ ਹਨ, ਵਿਚ ਸ਼ਾਮਿਲ ਕਰਨ ਦੇ ਉਦੇਸ਼ ਨਾਲ ਸਹਿਕਾਰਤਾ ਦੀ ਲੜੀ ਤਿਆਰ ਕਰੇ। ਪੂੰਜੀਵਾਦੀ ਪ੍ਰਬੰਧ ਵਿਚ ਸਹਿਕਾਰਤਾ ਦੀ ਕਾਮਯਾਬੀ ਇਸ ਗੱਲ ਤੋਂ ਤੈਅ ਹੋਣੀ ਚਾਹੀਦੀ ਹੈ ਕਿ ਖੇਤੀਬਾੜੀ ਪਰਿਵਾਰਾਂ ਦੇ ਸਾਰੇ ਮੈਂਬਰ ਇੱਕ ਸਹਿਕਾਰਤਾ ਦੇ ਮੈਂਬਰ ਹੋਣ ਦੀ ਬਜਾਇ ਸਹਿਕਾਰਤਾ ਦੇ ਨੈੱਟਵਰਕ ਵਿਚ ਵੱਖ-ਵੱਖ ਪੱਧਰ ਦੀਆਂ ਸਹਿਕਾਰੀ ਸੰਸਥਾਵਾਂ ਦੇ ਮੈਂਬਰ ਹੋਣ। ਸਹਿਕਾਰਤਾ ਦੇ ਇਸ ਸਿਧਾਂਤ ਅਨੁਸਾਰ ਸਹਿਕਾਰਤਾ ਦੀਆਂ ਵੱਖ-ਵੱਖ ਇਕਾਈਆਂ ਆਪਸ ਵਿਚ ਵਰਟੀਕਲ ਆਦਾਨ-ਪ੍ਰਦਾਨ ਨਾਲ ਜੁੜੀਆਂ ਹੋਣੀਆਂ ਚਾਹੀਦੀਆਂ ਹਨ। ਅਜਿਹੀ ਸਹਿਕਾਰਤਾ ਦੇ ਸਿਧਾਂਤ ਲਈ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਕਿਸ ਤਰ੍ਹਾਂ ਸਹਿਕਾਰਤਾ ਰਾਹੀਂ ਪੂੰਜੀਵਾਦੀ ਵਰਟੀਕਲ ਕੰਟਰੋਲ (ਜਿਸਦਾ ਉਦੇਸ਼ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦਾ ਸ਼ੋਸ਼ਣ ਕਰਨਾ ਹੈ) ਨੂੰ ਸਹਿਕਾਰੀ ਵਰਟੀਕਲ ਸਾਂਝੀਵਾਲਤਾ ਨਾਲ ਬਦਲਿਆ (replace) ਜਾ ਸਕਦਾ ਹੈ।

ਸਹਿਕਾਰਤਾ ਦੇ ਇਸ ਸਿਧਾਂਤ ਦਾ ਉਦੇਸ਼ ਕਿਸਾਨੀ ਪਰਿਵਾਰਾਂ ਦੀ ਖੇਤੀ ਉਤਪਾਦਨ 'ਤੇ ਨਿਰਭਰਤਾ ਨੂੰ ਘਟਾਉਂਦੇ ਹੋਏ ਉਨ੍ਹਾਂ ਦੇ ਮੈਂਬਰਾਂ ਨੂੰ ਹੋਰ ਕਿੱਤਿਆਂ ਵਿਚ ਲਗਾਉਣਾ ਅਤੇ ਨਿਪੁੰਨ ਕਰਨਾ ਹੋਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਪਰਿਵਾਰਾਂ ਦੀ ਆਮਦਨ ਵਿਚ ਵਿਭਿੰਨਤਾ ਅਤੇ ਵਾਧਾ ਹੋ ਸਕੇ। ਸਹਿਕਾਰਤਾ ਦੇ ਇਸ ਸਿਧਾਂਤ ਰਾਹੀਂ ਖੇਤੀ ਸਵਾਲ/ਸੰਕਟ ਦਾ ਹੱਲ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਖੇਤੀ ਉਤਪਾਦਨ ਪ੍ਰਕਿਰਿਆ ਵਿਚ ਤਕਨੀਕੀ ਵਿਕਾਸ ਜਾਰੀ ਰਹੇ ਅਤੇ ਖੇਤੀ ਉਤਪਾਦਨ ਵਿਚ ਲੱਗੀ ਹੋਈ ਵਾਧੂ ਕਿਰਤ ਨੂੰ ਸਹਿਕਾਰਤਾ ਆਧਾਰਤ ਸਪਲਾਈ ਕੜੀਆਂ ਵਿਚ ਰੋਜ਼ਗਾਰ ਦਿੱਤਾ ਜਾਵੇ। ਸਹਿਕਾਰਤਾ ਦੇ ਇਸ ਮਾਡਲ ਦਾ ਉਦੇਸ਼ ਸਹਿਕਾਰਤਾ ਦੀ ਪ੍ਰਚੱਲਿਤ ਧਾਰਨਾ ਵਾਂਗ ਰਵਾਇਤੀ ਫਸਲਾਂ ਦਾ ਉਤਪਾਦਨ ਕਰ ਕੇ ਘੱਟੋ-ਘੱਟ ਸਮਰਥਨ ਮੁੱਲ 'ਤੇ ਵੇਚਣ ਤੱਕ ਸੀਮਿਤ ਨਹੀਂ ਹੋਣਾ ਚਾਹੀਦਾ ਬਲਕਿ ਬਾਜ਼ਾਰ ਦੀ ਮੰਗ ਅਨੁਸਾਰ ਨਵੀਆਂ ਫਸਲਾਂ ਦਾ ਉਤਪਾਦਨ ਅਤੇ ਪ੍ਰੋਸੈਸਿੰਗ ਕਰ ਕੇ ਉਸਦਾ ਮੁੱਲ ਵਾਧਾ (value Addition) ਕਰਨਾ ਹੋਣਾ ਚਾਹੀਦਾ ਹੈ। ਅਸਲ ਵਿਚ ਸਹਿਕਾਰਤਾ ਦਾ ਇਹ ਪ੍ਰੋਜੈਕਟ ਖੇਤੀ ਉਤਪਾਦਨ ਤੱਕ ਸੀਮਿਤ ਨਾ ਰਹਿ ਕੇ ਪੇਂਡੂ ਆਰਥਿਕ ਪਰਿਵਰਤਨ ਦਾ ਪ੍ਰੋਜੈਕਟ ਹੋਣਾ ਚਾਹੀਦਾ ਹੈ। ਖੇਤੀ ਖੇਤਰ ਦੇ ਵਿਕਾਸ ਦੇ ਨਾਲ-ਨਾਲ ਇਸ ਦਾ ਉਦੇਸ਼ ਪਿੰਡਾਂ ਵਿਚ ਸਿੱਖਿਆ ਦੇ ਪੱਧਰ ਨੂੰ ਸ਼ਹਿਰੀ ਸਿੱਖਿਆ ਦੇ ਬਾਬਤ ਮੁਕਾਬਲੇ ਯੋਗ ਬਣਾਉਣਾ, ਪੇਂਡੂ ਸਿਹਤ ਸਹੂਲਤਾਂ ਦੇ ਮਿਆਰ ਨੂੰ ਉੱਚਾ ਚੁੱਕਣਾ, ਉਚੇਰੀ ਸਿੱਖਿਆ ਸੰਸਥਾਵਾਂ ਦੀਆਂ ਇਕਾਈਆਂ ਦਾ ਪਿੰਡਾਂ ਵਿਚ ਵਿਕਾਸ ਕਰਨਾ, ਖੇਤੀ ਖੋਜ ਕੇਂਦਰਾਂ ਦਾ ਪੇਂਡੂ ਖੇਤਰਾਂ ਵਿਚ ਨਿਰਮਾਣ ਕਰਨਾ, ਆਦਿ ਹੋਣਾ ਚਾਹੀਦਾ ਹੈ। ਸਹਿਕਾਰੀ ਖੇਤੀ ਦੇ ਇਸ ਮਾਡਲ ਦਾ ਉਦੇਸ਼ ਆਰਥਿਕ ਗੁਰਬਤ ਦੀਆਂ ਸ਼ਿਕਾਰ ਜਮਾਤਾਂ ਨੂੰ ਪੇਂਡੂ ਹੇਰਵੇ ਦਾ ਵਾਸਤਾ ਪਾ ਕੇ ਉਨ੍ਹਾਂ ਵਿਚ ਸ਼ਹਿਰੀਕਰਨ ਅਤੇ ਉਦਯੋਗੀਕਰਨ ਵਿਰੋਧੀ ਝੂਠੀ ਚੇਤਨਾ (false consciousness) ਦਾ ਪ੍ਰਚਾਰ ਕਰਨਾ ਨਹੀਂ ਹੈ ਬਲਕਿ ਸਹਿਕਾਰਤਾ ਨੂੰ ਉਦਯੋਗੀਕਰਨ ਦੇ ਖੇਤਰ ਵਿਚ ਵੀ ਪ੍ਰਫੁੱਲਿਤ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਸਹਿਕਾਰਤਾ ਦੇ ਅਜਿਹੇ ਸਿਧਾਂਤ ਨੂੰ ਅਮਲੀ ਰੂਪ ਦੇਣ ਦਾ ਪਹਿਲਾ ਪੜਾਅ ਖੇਤੀ ਉਤਪਾਦਨ ਅਤੇ ਸੰਬੰਧਿਤ ਇਕਾਈਆਂ ਵਿਚ ਸਹਿਕਾਰਤਾ ਕਾਇਮ ਕਰਨਾ ਹੋਣਾ ਚਾਹੀਦਾ ਹੈ ਪਰ ਸਹਿਕਾਰਤਾ ਦੇ ਇਸ ਸਿਧਾਂਤ ਦਾ ਅਸਲ ਉਦੇਸ਼ ਖੇਤੀ ਖੇਤਰ ਵਿਚ ਲੱਗੀ ਹੋਈ ਵਾਧੂ ਵਸੋਂ ਨੂੰ ਸਹਿਕਾਰਤਾ ਦੀਆਂ ਇਕਾਈਆਂ ਰਾਹੀਂ ਸਹਿਕਾਰੀ ਉਦਯੋਗੀਕਰਨ ਜੋ ਪੂੰਜੀਵਾਦੀ ਉਦਯੋਗੀਕਰਨ ਦਾ ਵਿਕਲਪ (Antithesis) ਹੋਣ, ਤੱਕ ਲੈ ਕੇ ਜਾਣਾ ਹੋਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ ਸਹਿਕਾਰਤਾ ਦੇ ਵਿਕਲਪਿਕ ਸਿਧਾਂਤ ਨੂੰ ਖੇਤੀ ਉਤਪਾਦਨ ਦੀ ਪ੍ਰਕਿਰਿਆ ਵਿਚ ਸਹਿਕਾਰਤਾ ਨੂੰ ਅੰਤਿਮ ਉਦੇਸ਼ ਮੰਨਣ ਦੀ ਬਜਾਏ ਸ਼ੁਰੂਆਤ ਮੰਨਣਾ ਚਾਹੀਦਾ ਹੈ। ਇਸਦਾ ਅੰਤਿਮ ਉਦੇਸ਼ ਹਰ ਕਿਤੇ ਅਤੇ ਪੱਧਰ 'ਤੇ ਸਹਿਕਾਰਤਾ ਰਾਹੀਂ ਪੂੰਜੀਵਾਦੀ ਉਤਪਾਦਨ ਅਤੇ ਵੰਡ ਦੇ ਸਿਧਾਂਤ ਦੇ ਸਮਾਨਅੰਤਰ ਇੱਕ ਉਤਮ ਕਿਸਮ ਦਾ ਢਾਂਚਾ ਤਿਆਰ ਕਰਨਾ ਹੋਣਾ ਚਾਹੀਦਾ ਹੈ।

ਸਹਿਕਾਰਤਾ ਦੇ ਇਸ ਸਿਧਾਂਤ ਦੇ ਪੈਰੋਕਾਰਾਂ ਅਤੇ ਕਾਰਕੁਨਾਂ ਦੀ ਇਹ ਇਖਲਾਕੀ ਜ਼ਿੰਮੇਵਾਰੀ ਹੋਣੀ ਚਾਹੀਦਾ ਹੈ ਕਿ ਉਹ ਸਹਿਕਾਰਤਾ ਦੀ ਲੜੀ ਮਜ਼ਬੂਤ ਕਰਦੇ ਹੋਏ ਇਸ ਦੀ ਲਗਾਤਾਰਤਾ ਨੂੰ ਬਣਾ ਕੇ ਰੱਖਣ। ਭਾਵ ਕਿਸ ਤਰ੍ਹਾਂ ਛੋਟੀ ਕਿਸਾਨੀ ਅਤੇ ਬੇਜ਼ਮੀਨੇ ਕਿਸਾਨ ਪਰਿਵਾਰਾਂ ਦੇ ਮੈਂਬਰਾਂ ਨੂੰ ਖੇਤੀ ਵਿਚੋਂ ਕੱਢ ਕੇ ਪਹਿਲੇ ਪੱਧਰ 'ਤੇ ਖੇਤੀ ਉਤਪਾਦਨ ਦੀਆਂ ਸਪਲਾਈ ਕੜੀਆਂ ਅਤੇ ਅੰਤ 'ਤੇ ਮੰਡੀਕਰਨ ਅਤੇ ਉਦਯੋਗਿਕ ਸਹਿਕਾਰਤਾ ਤੱਕ ਪਹੁੰਚਾਇਆ ਜਾ ਸਕੇ। ਸਹਿਕਾਰਤਾ ਦਾ ਅਜਿਹਾ ਸਿਧਾਂਤ ਢੁਕਵੇਂ ਰਾਜਨੀਤਕ ਅਤੇ ਸਮਾਜਿਕ ਪ੍ਰਬੰਧ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਅਜਿਹੇ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਸਭ ਤੋਂ ਵੱਡੀ ਚੁਣੌਤੀ ਇਸਦਾ ਪੂੰਜੀਵਾਦੀ ਆਰਥਿਕ, ਰਾਜਨੀਤਕ ਅਤੇ ਸਮਾਜਿਕ ਪ੍ਰਬੰਧ ਵਿਚ ਟਿਕਣਾ ਅਤੇ ਵਿਕਸਿਤ ਹੋਣਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸਰਕਾਰ ਦੀ ਸਕਾਰਾਤਮਕ ਦਖਲਅੰਦਾਜ਼ੀ ਤੋਂ ਬਿਨਾਂ ਸੰਭਵ ਨਹੀਂ ਹੈ। ਪਰ ਨਵ-ਉਦਾਰਵਾਦ ਦੇ ਦੌਰ ਵਿਚ ਕੀ ਸਰਕਾਰ ਆਪ ਮੁਹਾਰੇ ਵਰਟੀਕਲ ਸਾਂਝੀਵਾਲਤਾ 'ਤੇ ਆਧਾਰਿਤ ਸਹਿਕਾਰਤਾ ਦੇ ਮਾਡਲ ਲਈ ਲੋੜੀਦੀ ਸ਼ੁਰੂਆਤੀ ਪੂੰਜੀ, ਤਕਨੀਕ ਅਤੇ ਸਾਖ ਮੁਹੱਈਆ ਕਰਵਾਏਗੀ?

ਇਸ ਸਵਾਲ ਦਾ ਜਵਾਬ ਇਹ ਹੈ ਕਿ ਅਜਿਹੀ ਸਹਿਕਾਰਤਾ ਨੂੰ ਅਮਲੀ ਰੂਪ ਦੇਣ ਲਈ ਛੋਟੀ ਕਿਸਾਨੀ, ਖੇਤ ਮਜ਼ਦੂਰ (ਜਾਂ ਬੇਜ਼ਮੀਨੇ ਕਿਸਾਨਾਂ), ਉਨ੍ਹਾਂ ਦੇ ਪ੍ਰਬੁੱਧ ਬੁੱਧੀਜੀਵੀਆਂ ਨੂੰ ਇੱਕਜੁੱਟ ਹੋ ਕੇ ਵਰਟੀਕਲ ਸਾਂਝੀਵਾਲਤਾ ਰਾਹੀਂ ਪੇਂਡੂ ਆਰਥਿਕ ਪਰਿਵਰਤਨ ਲਈ ਲੋਕ ਲਹਿਰ ਖੜ੍ਹੀ ਕਰਨੀ ਪਵੇਗੀ। ਅਜਿਹੀ ਲੋਕ ਲਹਿਰ ਹੀ ਸਰਕਾਰ 'ਤੇ ਦਬਾਅ ਪਾ ਕੇ ਸਹਿਕਾਰਤਾ ਨੂੰ ਹੱਲਾਸ਼ੇਰੀ ਦੇਣ ਵਾਲਾ ਲੋੜੀਂਦਾ ਉੱਪਰੀ ਢਾਂਚਾ ਤਿਆਰ ਕਰਵਾ ਸਕਦੀ ਹੈ। ਪਰ ਇਸ ਦੇ ਨਾਲ-ਨਾਲ ਕਿਸਾਨ ਜਥੇਬੰਦੀਆਂ ਦੀ ਵੀ ਇਹ ਇਕਲਾਖੀ ਜ਼ਿੰਮੇਵਾਰੀ ਬਣਦੀ ਹੈ ਕਿ ਪਿੰਡ ਪੱਧਰ 'ਤੇ ਅਜਿਹੀ ਸਹਿਕਾਰਤਾ ਪੈਦਾ ਕਰਨ ਦੀਆ ਸੰਭਾਵਨਾਵਾਂ ਦੀ ਪੜਤਾਲ ਕਰਨ। ਇਸ ਸੰਦਰਭ ਵਿਚ ਸਹਿਕਾਰਤਾ ਇੱਕ ਅੰਦੋਲਨ ਦੇ ਰੂਪ ਵਿਚ ਉਭਰਨੀ ਲਾਜ਼ਮੀ ਹੈ। ਇਸ ਅੰਦੋਲਨ ਦਾ ਅਸਲ ਉਦੇਸ਼ ਅਜਿਹਾ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਪ੍ਰਬੰਧ ਤਿਆਰ ਕਰਨਾ ਹੋਣਾ ਚਾਹੀਦਾ ਹੈ ਜੋ ਸਿਰਫ ਛੋਟੇ ਪੱਧਰ ਦੀ ਪਰਿਵਾਰਕ ਖੇਤੀ ਨੂੰ ਬਚਾ ਕੇ ਰੱਖਣ ਤੱਕ ਸੀਮਿਤ ਹੋਣ ਦੀ ਬਜਾਇ ਵੱਡੇ ਪੱਧਰ ਦੇ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਪਰਿਵਰਤਨ ਦਾ ਰਾਹ ਪੱਧਰਾ ਕਰੇ। ਇਸ ਲਈ ਇੱਕ ਚੁਣੌਤੀ ਭਰਿਆ ਅਤੇ ਪ੍ਰਮੁੱਖ ਕਾਰਜ ਸਹਿਕਾਰਤਾ ਦਾ ਸਭਿਆਚਾਰ (cooperative culture) ਪੈਦਾ ਕਰਨਾ ਹੈ ਜੋ ਪੂੰਜੀਵਾਦੀ ਸਭਿਆਚਾਰ (capitalist culture) ਨਾਲ ਨਿਰੰਤਰ ਸੰਘਰਸ਼ ਵਿਚ ਰਹੇ। ਸਹਿਕਾਰਤਾ ਦਾ ਸਭਿਆਚਾਰ ਤਾਂ ਹੀ ਕਾਮਯਾਬ ਹੋ ਸਕਦਾ ਹੈ ਜੇਕਰ ਉਸ ਦਾ ਆਧਾਰ ਸਿਰਫ ਆਰਥਿਕ ਨਾ ਹੋ ਕੇ ਸਾਂਝੀਵਾਲਤਾ ਅਤੇ ਪੂੰਜੀਵਾਦੀ ਖੇਤੀ ਮਾਡਲ ਦੁਆਰਾ ਪੈਦਾ ਕੀਤੀਆਂ ਗਈਆਂ ਵਿਰੋਧਤਾਈਆਂ (ਵਾਤਾਵਰਨ ਦੀ ਕੀਤੀ ਜਾ ਰਹੀ ਤਬਾਹੀ) ਨੂੰ ਠੱਲ੍ਹ ਪਾਉਣਾ ਹੋਵੇ। ਇਸ ਤਰ੍ਹਾਂ ਦੀ ਸਹਿਕਾਰਤਾ ਦਾ ਸਿਧਾਂਤ ਏਕਤਾ, ਵਫਾਦਾਰੀ ਅਤੇ ਜਮਾਤੀ ਸਾਂਝ ਦੀ ਮੰਗ ਕਰਦਾ ਹੈ ਜੋ ਪੂੰਜੀਵਾਦੀ ਪ੍ਰਬੰਧ ਅਤੇ ਅਜੋਕੇ ਉੱਤਰ-ਆਧੁਨਿਕਤਾਵਾਦੀ (post-modernist) ਬੁੱਧੀਜੀਵੀਆਂ ਦੁਆਰਾ ਪੈਦਾ ਕੀਤੀ ਜਾ ਰਹੀ ਵੱਖਵਾਦੀ ਚੇਤਨਾ, ਜਿਸ ਵਿਚ ਨਸਲ, ਜਾਤ, ਲਿੰਗ, ਖੇਤਰ, ਰੰਗ ਆਦਿ ਨੂੰ ਜਮਾਤੀ ਚੇਤਨਾ ਨਾਲੋਂ ਵੱਧ ਮਹੱਤਵ ਦੇ ਕੇ ਪੇਸ਼ ਕੀਤਾ ਜਾਂਦਾ ਹੈ, ਅਧੀਨ ਪੈਦਾ ਕਰਨਾ ਆਪਣੇ-ਆਪ ਵਿਚ ਇਕ ਵੱਡੀ ਚੁਣੌਤੀ ਹੈ।

ਇਸ ਸੰਦਰਭ ਵਿਚ ਪੰਜਾਬ ਦੇ ਉਨ੍ਹਾਂ ਬੁੱਧੀਜੀਵੀਆਂ, ਜੋ ਸਹਿਕਾਰੀ ਖੇਤੀ ਨੂੰ ਖੇਤੀ ਸਵਾਲ/ਸੰਕਟ ਦਾ ਸਭ ਤੋਂ ਉੱਤਮ ਹੱਲ ਦੱਸਦੇ ਹਨ, ਦੀ ਜ਼ਿੰਮੇਵਾਰੀ ਹੈ ਕਿ ਉਹ ਨਵ-ਕਲਾਸੀਕਲ ਅਰਥਸ਼ਾਸ਼ਤਰ ਅਤੇ ਉੱਤਰ-ਆਧੁਨਿਕਤਾਵਾਦੀ ਵਿਚਾਰਧਾਰਾ ਦਾ ਪੱਲਾ ਛੱਡ ਕੇ ਅਜਿਹੀ ਵਿਚਾਰਧਾਰਾ ਦਾ ਲੜ ਫੜਨ ਜਿਸ ਦਾ ਉਦੇਸ਼ ਖੇਤੀ ਖੇਤਰ ਵਿਚ ਗੁਰਬਤ ਦੀ ਜ਼ਿੰਦਗੀ ਕੱਟ ਕਰ ਰਹੀਆਂ ਜਮਾਤਾਂ ਨੂੰ ਪੂੰਜੀਵਾਦੀ ਪ੍ਰਬੰਧ ਤੋਂ ਨਿਜਾਤ ਦਿਵਾਉਣਾ ਹੋਵੇ। ਸਹਿਕਾਰੀ ਖੇਤੀ ਦੇ ਮਾਡਲ ਦੀ ਪੈਰਵੀ ਕਰਨ ਵਾਲੇ ਬੁੱਧੀਜੀਵੀਆਂ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਹਿਕਾਰਤਾ ਦਾ ਖਿਆਲੀ (Abstract) ਮਾਡਲ ਤਿਆਰ ਕਰਨ ਦੀ ਬਜਾਏ ਸਹਿਕਾਰਤਾ ਦੇ ਵੱਖ-ਵੱਖ ਮਾਡਲਾਂ ਦੀਆਂ ਕਾਰਗੁਜ਼ਾਰੀਆਂ, ਸਮੱਸਿਆਵਾਂ, ਨਾਕਾਮਯਾਬੀਆਂ ਅਤੇ ਸਫਲਤਾ ਦੀਆਂ ਅਸਲ ਉਦਾਹਰਨਾਂ ਤੋਂ ਸਬਕ ਜ਼ਰੂਰ ਲੈਣ।

### ਅੰਤਿਮ ਟਿੱਪਣੀਆਂ

ਅੰਤ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਸ ਲੇਖ ਦਾ ਉਦੇਸ਼ ਉਨ੍ਹਾਂ ਬੁੱਧੀਜੀਵੀਆਂ ਲਈ ਸਵਾਲ ਪੈਦਾ ਕਰਨਾ ਹੈ ਜੋ ਸਹਿਕਾਰੀ ਖੇਤੀ ਨੂੰ ਖੇਤੀ ਸਵਾਲ/ਸੰਕਟ ਦਾ ਹੱਲ ਮੰਨਦੇ ਹਨ। ਸਹਿਕਾਰੀ ਖੇਤੀ ਦੇ ਵਿਕਲਪਿਕ ਸਿਧਾਂਤ ਦੀ ਕਾਮਯਾਬੀ ਲਈ ਸ਼ਰਤਾਂ ਅਤੇ ਚੁਣੌਤੀਆਂ ਵੱਲ ਸੰਕੇਤ ਕਰਨ ਤੋਂ ਸਾਡਾ ਉਦੇਸ਼ ਇਨ੍ਹਾਂ ਬੁੱਧੀਜੀਵੀਆਂ ਨੂੰ ਸਹਿਕਾਰਤਾ ਦੀ ਗੁੰਝਲਦਾਰਤਾ ਤੋਂ ਜਾਣੂ ਕਰਵਾਉਣਾ ਹੈ। ਜੇਕਰ ਅਸੀਂ ਖੇਤੀ ਸਵਾਲ/ਸੰਕਟ ਨੂੰ ਇਤਿਹਾਸਕ ਪਰੀਪੇਖ ਤੋਂ ਦੇਖੀਏ ਤਾਂ ਇਸ ਦੇ ਸਫਲਤਾ ਪੂਰਵਕ ਹੱਲ ਦੇ ਦੋ ਪ੍ਰਮੁੱਖ ਸਿਧਾਂਤਕ ਆਧਾਰ ਹਨ। ਪਹਿਲਾ, ਖੇਤੀ ਸਵਾਲ/ਸੰਕਟ ਦਾ ਪੂੰਜੀਵਾਦੀ ਹੱਲ ਅਤੇ ਦੂਜਾ ਖੇਤੀ ਸਵਾਲ/ਸੰਕਟ ਦਾ ਸਮਾਜਵਾਦੀ ਹੱਲ। ਖੇਤੀ ਸਵਾਲ/ਸੰਕਟ ਦੇ ਹੱਲ ਲਈ ਇਨ੍ਹਾਂ ਦੋਵਾਂ ਵਿਚਾਰਧਾਰਾਵਾਂ ਵਿਚ ਦੋ ਗੱਲਾਂ ਸਾਂਝੀਆਂ ਹਨ। ਪਹਿਲੀ, ਇਹ ਦੋਵੇਂ ਵਿਚਾਰਧਾਰਾਵਾਂ ਖੇਤੀ ਸਵਾਲ/ਸੰਕਟ ਦੇ ਹੱਲ ਲਈ ਵੱਡੇ ਪੈਮਾਨੇ ਦੇ ਉਤਪਾਦਨ ਦੀ ਤਰਜ਼ਮਾਨੀ ਕਰਦੀਆਂ ਹਨ। ਦੂਜੀ, ਇਹ ਦੋਵੇਂ ਵਿਚਾਰਧਾਰਾਵਾਂ ਖੇਤੀ ਉਤਪਾਦਨ ਦੀ ਵੱਡੇ ਆਰਥਿਕ ਪ੍ਰਬੰਧ, ਜਿਸ ਵਿਚ ਉਦਯੋਗੀਕਰਨ

*(ਬਾਕੀ ਸਫਾ 21 'ਤੇ)*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 35 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner: 2018-2021

## *Call for Listing Special 2022*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 225 Lock Court, Stockto, CA, 95210
2. 5079 Brett Court, CA, 94538
3. 1379 Michael Dr, Tracy, CA, 95337
4. 3055 Bernard Ave, San Ramon, CA, 94583
5. 380 cardona Cir, Pleasanton CA 94583
6. 5788 Arlene way, Livermore CA 94550
7. 2569 Bennett ct, Tracy CA 95377
8. 3055 Bernard Ave, San Ramon, CA, 94583
9. 1693 Corpsman St, Manteca, CA, 95337
10. 5177 Roycroft Way, Fremont, CA, 94538
11. 2925 Mabury Rd, San Jose, CA, 95133
12. 105 Machado Ct, Tracy, CA, 95376
13. 3315 Mount Everest dr, San Jose ca 95127
14. 16765 oak view Cir, Morgan hill ca 95037
15. 1663 Dedini Ln, Ripon, CA, 95366
16. 2447 Remy Cantos Dr, Tracy, CA, 95376

## Purchase Loan and Refinance


**Call Sukhveer (Sukhi) Gill** Ph: 510-207-9067
DHMS, Loan Broker
CA BRE Lic.#01180969
NMLS# 352095

# 'ਕਰਮ ਸਿੰਘ ਮਾਨ ਦੀਆਂ ਕਹਾਣੀਆਂ ਦਾ ਕਥਾ-ਵਿਵੇਕ' ਪੁਸਤਕ ਲੋਕ ਅਰਪਣ

**ਫਰਿਜ਼ਨੋ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ, ਕਹਾਣੀਕਾਰ ਕਰਮ ਸਿੰਘ ਮਾਨ ਬਾਰੇ ਡਾ. ਜੋਗਿੰਦਰ ਸਿੰਘ ਨਿਰਾਲਾ ਅਤੇ ਭੋਲਾ ਸਿੰਘ ਸੰਘੇੜਾ ਦੁਆਰਾ ਸੰਪਾਦਿਤ ਲੇਖ-ਸੰਗ੍ਰਿਹ, 'ਕਰਮ ਸਿੰਘ ਮਾਨ ਦੀਆਂ ਕਹਾਣੀਆਂ ਦਾ ਕਥਾ-ਵਿਵੇਕ' ਹਾਲ ਹੀ ਵਿਚ ਲੋਕ ਅਰਪਣ ਕੀਤਾ ਗਿਆ। ਵੀਹ ਦੇ ਲਗਭਗ ਨਾਮੀ ਵਿਦਵਾਨਾਂ ਦੇ ਹਵਾਲੇ ਨਾਲ, ਸਾਹਿਤ ਨੂੰ ਨਿਰਖਣ ਪਰਖਣ ਅਤੇ ਸਮਝਣ ਦੀ ਸੂਝ ਦਿੰਦੀ ਇਹ ਪੁਸਤਕ ਯੂਨੀਸਟਾਰ ਬੁਕ ਪਬਲਿਸ਼ਰਜ਼ ਨੇ ਪ੍ਰਕਾਸ਼ਿਤ ਕੀਤੀ ਹੈ।

ਅਕਾਦਮੀ ਦੇ ਸਾਬਕਾ ਚੇਅਰਮੈਨ ਮਰਹੂਮ ਡਾ. ਗੁਰੂਮੇਲ ਸਿੱਧੂ ਨੂੰ ਸਮਰਪਿਤ ਇਸ ਸਮਾਗਮ ਵਿਚ ਕਹਾਣੀਕਾਰ ਮਾਨ ਤੋਂ ਇਲਾਵਾ ਕਈ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਡਾ. ਸਿੱਧੂ ਨੂੰ ਯਾਦ ਕਰਦਿਆਂ ਅਕਾਦਮੀ ਦੇ ਸਕੱਤਰ ਅਤੇ ਕਵੀ ਹਰਜਿੰਦਰ ਕੰਗ ਨੇ ਕਿਹਾ ਕਿ ਡਾ. ਸਿੱਧੂ ਹੋਰਨਾਂ ਲੇਖਕਾਂ ਦੇ ਨਾਲ ਨਾਲ ਕਰਮ ਸਿੰਘ ਮਾਨ ਦੀ ਲਿਖਣ ਪ੍ਰਕਿਰਿਆ ਦਾ ਵੀ ਹਿੱਸਾ ਰਹੇ ਹਨ। ਕੰਗ ਦਾ ਕਹਿਣਾ ਸੀ ਕਿ ਰਿਲੀਜ਼ ਕੀਤੀ ਜਾ ਰਹੀ ਕਿਤਾਬ ਵਿਚ ਮਾਨ ਦੀ ਕਲਾ, ਲੇਖਣੀ ਅਤੇ ਸ਼ਖਸੀਅਤ ਦਾ ਸਾਰ ਹੈ ਅਤੇ ਇਹ ਪੁਸਤਕ ਸਾਹਿਤ ਦੇ ਵਿਦਿਆਰਥੀਆਂ ਲਈ ਗਾਈਡ ਦਾ ਕੰਮ ਕਰੇਗੀ।

ਕਵੀ ਅਤੇ ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ ਨੇ ਮਾਨ ਦੀ ਸਮੁੱਚੀ ਕਹਾਣੀ-ਕਲਾ ਬਾਰੇ ਪਰਚਾ ਪੜ੍ਹਿਆ। ਉਸ ਨੇ ਮਾਨ ਦੇ ਪੰਜ ਕਹਾਣੀ ਸੰਗ੍ਰਿਹਾਂ ਦੇ ਸਾਰ ਨੂੰ ਸਾਂਝਾ ਕਰਦਿਆਂ ਕਿਹਾ ਕਿ ਮਾਨ ਕੋਲ ਮਨੁੱਖੀ ਜੀਵਨ ਦੇ ਵੰਨ-ਸੁਵੰਨੇ ਅਨੁਭਵਾਂ ਨੂੰ ਚਿਤਰਣ ਦੀ ਦਿੱਬ ਦ੍ਰਿਸ਼ਟੀ ਹੈ। ਆਪਣੇ ਪਰਚੇ 'ਆਵਾਸ ਪ੍ਰਵਾਸ ਦੇ ਜੀਵਨ ਦੀ ਤਰਾਸਦੀ ਦਾ ਸਫਲ ਚਿਤੇਰਾ' ਵਿਚ, ਮਿਨਹਾਸ ਨੇ ਤਰਕ ਦਿੱਤਾ ਕਿ ਸੰਸਾਰ ਮੰਡੀ ਨਾਲ ਨੱਥੀ ਹੋਣ ਮਗਰੋਂ ਪੰਜਾਬੀ ਭਾਈਚਾਰੇ ਦਾ ਸਾਮੰਤੀ ਆਧਾਰ ਤਿੜਕ ਗਿਆ ਹੈ ਅਤੇ ਨਵੇਂ ਨਾਲ ਤਾਲਮੇਲ ਨਹੀਂ ਬਣ ਰਿਹਾ। ਗਲੋਬਲੀ ਪ੍ਰਭਾਵ ਅਧੀਨ ਪੰਜਾਬੀ ਬੰਦੇ ਦੀਆਂ ਅਕਾਂਖਿਆਂਵਾਂ ਵਧਣ ਨਾਲ, ਆਵਾਸ ਦੀ ਘੁਟਨ, ਉਸ ਨੂੰ ਪਰਵਾਸ ਲਈ ਉਕਸਾ ਰਹੀ ਹੈ। ਇਹੀ ਕਸ਼ਮਕਸ਼ ਮਾਨ ਦੀਆਂ ਕਹਾਣੀਆਂ ਦਾ ਵਿਸ਼ਾ ਬਣਦੀ ਹੈ। ਆਪਣੇ ਦੋ ਤੋਂ ਵੱਧ ਦਹਾਕਿਆਂ ਦੇ ਸਾਥ ਦਾ ਜ਼ਿਕਰ ਕਰਦਿਆਂ, ਕਵੀ ਸੁੱਖੀ ਧਾਲੀਵਾਲ ਨੇ ਕਿਹਾ ਕਿ ਮਾਨ ਅਤੇ ਦੂਜੇ ਲੇਖਕਾਂ ਨੇ ਉਸ ਨੂੰ ਲਿਖਣ ਦੀ ਜਾਗ ਲਾਈ। ਉਸ ਨੇ ਕੁਝ ਕਹਾਣੀਆਂ ਬਾਰੇ ਪ੍ਰਸ਼ੰਸਕੀ ਟਿੱਪਣੀਆਂ ਵੀ ਕੀਤੀਆਂ।



ਨਾਵਲਕਾਰ ਸਾਧੂ ਸਿੰਘ ਸੰਘਾ ਨੇ ਕਿਹਾ ਕਿ ਉਸ ਦੇ ਦੋ ਨਾਵਲਾਂ ਦੀ ਲਿਖਾਈ, ਸੁਧਾਈ ਅਤੇ ਛਪਾਈ ਵਿਚ ਮਾਨ ਦਾ ਨੁਮਾਇਆ ਰੋਲ ਰਿਹਾ ਹੈ ਅਤੇ ਉਸ ਦੀਆਂ ਕਹਾਣੀਆਂ ਉਸ ਦਾ ਮਾਰਗ-ਦਰਸ਼ਨ ਕਰ ਰਹੀਆਂ ਹਨ। ਨਾਵਲਕਾਰ ਹਰਨਾਮ ਸਿੰਘ, ਕਵੀ ਦਲਜੀਤ ਰਿਆੜ, ਕਹਾਣੀਕਾਰ ਤ੍ਰਿਲੋਕ ਮਿਨਹਾਸ ਨੇ ਵੀ ਮਾਨ ਦੀਆਂ ਲਿਖਤਾਂ ਬਾਰੇ ਵਿਚਾਰ ਸਾਂਝੇ ਕੀਤੇ। ਦਹਾਕਾ ਪਹਿਲਾਂ ਵਰਜਿਤ ਰਹੇ ਵਿਸ਼ਿਆਂ ਨੂੰ ਛੂਹਣ ਦੀ ਜੁਰਅਤ ਕਰਨ ਵਾਲੇ ਕਰਮ ਸਿੰਘ ਦੀਆਂ ਕਹਾਣੀਆਂ ਤੋਂ 'ਪੰਜਾਬ ਟਾਈਮਜ਼' ਦੇ ਪਾਠਕ ਭਲੀਭਾਂਤ ਜਾਣੂੰ ਹਨ।

ਹੋਰਨਾਂ ਤੋਂ ਇਲਾਵਾ, ਮਾਨ ਦੀ ਲੇਖਣੀ ਅਤੇ ਸ਼ਖਸੀਅਤ ਬਾਰੇ ਵਿਚਾਰ ਚਰਚਾ ਵਿਚ, ਸਤਵੰਤ ਗਹਿਲ, ਸੁਰਿੰਦਰ ਮੰਢਾਲੀ, ਮਨਜੀਤ ਕੁਲਾਰ, ਜਸਵੀਰ ਮਾਨ, ਬਖਤਾਵਰ ਸਿੰਘ, ਸੁਖਪਾਲ ਮਾਨ ਨੇ ਵੀ ਭਾਗ ਲਿਆ। ਸਿੱਖਣ ਸਿਖਾਉਣ ਵਾਲੇ ਲੰਮਾ ਸਮਾਂ ਚੱਲੇ ਸਮਾਗਮ ਦੀ ਯਾਦਗਾਰੀ ਸਮਾਪਤੀ ਗਜ਼ਲਾਂ, ਗੀਤਾਂ ਅਤੇ ਕਵਿਤਾਵਾਂ ਦੇ ਪਾਠ ਨਾਲ ਹੋਈ।

*-ਵੇਰਵਾ ਤੇਬ ਤਸਵੀਰਾਂ: ਅਵਤਾਰ ਗੋਂਦਾਰਾ*





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City


No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)

Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਵਿਜੇਵਾੜਾ ਦੀਆਂ ਗੁਫਾਵਾਂ



**ਕਲਾ ਪਰਿਕਰਮਾ**

ਅਕਤੂਬਰ ਵਿਚ ਕਾਨਫਰੰਸ ਲਈ ਵਿਜੇਵਾੜਾ (ਆਂਧਰਾ ਪ੍ਰਦੇਸ਼) ਗਏ। ਪੰਜਾਬ ਦੇ ਬਹੁਤੇ ਡੈਲੀਗੇਟਾਂ ਦੀ ਵਾਪਸੀ 18 ਅਕਤੂਬਰ ਦੀ ਰਾਤ ਜਾਂ 19 ਦੀ ਸਵੇਰ ਨੂੰ ਸੀ। ਅਸੀਂ ਛੇ ਜਣਿਆਂ ਨੇ 19 ਅਕਤੂਬਰ ਨੂੰ ਵਾਪਸੀ ਕਰਨੀ ਸੀ। ਇਸ ਸਦਕਾ ਸਾਡੇ ਕੋਲ ਪੂਰੇ ਦਿਨ ਦੀ ਵਿਹਲ ਸੀ। ਵਿਜੇਵਾੜਾ ਕ੍ਰਿਸ਼ਨਾ ਨਦੀ ਦੇ ਕਿਨਾਰੇ ਵਸਿਆ ਖ਼ੂਬਸੂਰਤ ਸ਼ਹਿਰ ਹੈ। ਇਸ ਸ਼ਹਿਰ ਦੇ ਭੂਗੋਲਿਕ ਦ੍ਰਿਸ਼ਾਂ ਨੂੰ ਤੱਕਣ ਦੀ ਤਾਂਘ ਸੀ। ਇਸ ਤਾਂਘ ਨੂੰ

**ਗਿਆਨ ਸੈਦਪੁਰੀ**
ਫੋਨ: +91-98725-40447

ਪੂਰਾ ਕਰਨ ਲਈ ਗੱਡੀ ਕਿਰਾਏ 'ਤੇ ਲੈ ਲਈ। ਫੈਸਲਾ ਹੋਇਆ ਕਿ ਪਹਿਲਾਂ ਇੱਥੋਂ 17 ਕਿਲੋਮੀਟਰ ਦੂਰ ਕੌਂਡਾਪੱਲੀ ਕਿਲ੍ਹਾ ਦੇਖਿਆ ਜਾਵੇ। ਕਿਲ੍ਹੇ ਅੱਗੇ ਰੁਕੇ ਤਾਂ ਉਥੇ ਬੇਰੌਣਕੀ ਦਾ ਆਲਮ ਸੀ। ਉਂਜ ਕਿਲ੍ਹੇ ਦੇ ਆਲੇ-ਦੁਆਲੇ ਦੇ ਪਹਾੜੀ ਦ੍ਰਿਸ਼ ਤੇ ਹਰਿਆਵਲ ਇਸ ਦਾ ਅਸਰ ਘਟਾਉਣ ਵਿਚ ਕਾਮਯਾਬ ਰਹੇ। ਅਸੀਂ ਟਿਕਟਾਂ ਲੈ ਕੇ ਦਰਗਾਹੀ ਦਰਵਾਜ਼ੇ ਰਾਹੀਂ ਕਿਲ੍ਹੇ ਅੰਦਰ ਦਾਖ਼ਲ ਹੋ ਗਏ। ਕਿਲ੍ਹੇ ਦੇ ਹਾਲ ਵਿਚ ਇੱਥੇ ਰਾਜ ਕਰਦੇ ਰਹੇ ਜਾਂ ਇਸ ਦੇ ਮਾਲਕ ਰਹੇ ਵੱਖ ਵੱਖ ਰਾਜਿਆਂ-ਮਹਾਰਾਜਿਆਂ ਦੀਆਂ ਤਸਵੀਰਾਂ ਕੰਧਾਂ 'ਤੇ ਲੱਗੀਆਂ ਹਨ। ਤਸਵੀਰਾਂ ਹੇਠਾਂ ਉਨ੍ਹਾਂ ਦੇ ਰਾਜ ਕਾਲ ਦਾ ਜ਼ਿਕਰ ਹੈ।

ਅਗਲਾ ਪੜਾ ਕੌਂਡਾਪੱਲੀ ਪਿੰਡ ਸੀ। ਸੁਣਿਆ ਸੀ ਕਿ ਇੱਥੇ ਲੱਕੜੀ ਦੇ ਵਿਸ਼ੇਸ਼ ਖਿਡੌਣੇ ਬਣਦੇ ਹਨ ਜੋ ਪੂਰੇ ਭਾਰਤ ਵਿਚ ਮਸ਼ਹੂਰ ਹਨ। ਇੱਥੇ ਪਹੁੰਚ ਕੇ ਅਸੀਂ ਦੇਖਿਆ ਕਿ ਹਰ ਘਰ ਵਿਚ ਮਰਦ ਅਤੇ ਸੁਆਣੀਆਂ ਲੱਕੜੀ ਦੇ ਖਿਡੌਣੇ ਬਣਾਉਣ ਵਿਚ ਮਸਰੂਫ਼ ਹਨ। ਅਸੀਂ ਦੋ-ਦੋ ਜਣਿਆਂ ਦੀ ਟੋਲੀ ਬਣਾ ਕੇ ਪਿੰਡ ਦੇ ਬਾਜ਼ਾਰ ਵਿਚ 'ਖੋਜ' ਕਰਨ ਲੱਗੇ। ਇਸ ਪਿੰਡ ਦੀਆਂ ਲੱਕੜੀ ਦੇ ਖਿਡੌਣਿਆਂ ਵਾਲੀਆਂ ਦੁਕਾਨਾਂ ਦੇ ਮਾਲਕ ਆਮ ਤੌਰ 'ਤੇ ਹਿੰਦੂ ਭਾਈਚਾਰੇ ਨਾਲ ਸਬੰਧਿਤ ਹਨ ਅਤੇ ਉਨ੍ਹਾਂ ਦੇ ਘਰਾਂ ਜਾਂ ਦੁਕਾਨਾਂ 'ਤੇ ਕੰਮ ਕਰਨ ਵਾਲੇ ਜ਼ਿਆਦਾਤਰ ਕਾਰੀਗਰ ਮੁਸਲਮਾਨ ਹਨ। ਇਹ ਵਰਤਾਰਾ ਭਾਈਚਾਰਕ ਸੱਭਿਆਚਾਰ ਦੀ ਉਤਸ਼ਾਹਮਈ ਵਿਆਖਿਆ ਹੈ।

ਦੁਪਹਿਰ ਦਾ ਵੇਲਾ ਹੋ ਚੁੱਕਾ ਸੀ। ਡਰਾਈਵਰ ਨੇ ਕਿਹਾ ਕਿ ਪਹਿਲਾਂ ਗੋਦਾਵਾਰੀ ਤੇ ਕ੍ਰਿਸ਼ਨਾ ਨਦੀ ਦਾ ਨਜ਼ਾਰਾ ਦਿਖਾ ਕੇ ਪੰਜਾਬੀ ਢਾਬੇ 'ਤੇ ਰੋਟੀ ਖਵਾਏਗਾ। ਇਹ ਨਦੀ ਕਈ ਨਾਵਾਂ ਨਾਲ ਜਾਣੀ ਜਾਂਦੀ ਹੈ। ਆਂਧਰਾ 'ਚ ਇਸ ਨਦੀ ਨੂੰ ਕ੍ਰਿਸ਼ਨਾਵੈਨੀ ਵੀ ਕਹਿੰਦੇ ਹਨ ਤੇ ਸੱਤ ਸੂਬਿਆਂ 'ਚੋਂ ਲੰਘਣ ਵਾਲੀ ਇਸ ਨਦੀ ਨੂੰ ਤਾਮਿਲਨਾਡੂ ਵਿਚ ਕਾਵੇਰੀ ਕਿਹਾ ਜਾਂਦਾ ਹੈ। ਖ਼ੈਰ! ਅਸੀਂ ਕੁਝ ਮਿੰਟਾਂ ਵਿਚ ਹੀ ਕ੍ਰਿਸ਼ਨਾ ਨਦੀ 'ਤੇ ਬਣੇ ਫੇਰੀ ਘਾਟ 'ਤੇ ਪਹੁੰਚ ਗਏ। ਵਿਸ਼ਾਲ ਨਦੀ ਦਾ ਸਾਫ਼ ਪਾਣੀ ਦੇਖ ਕੇ ਪੰਜਾਬ ਦੇ ਸੁੱਕਦੇ ਜਾਂਦੇ ਦਰਿਆਵਾਂ ਦਾ ਹੇਰਵਾ ਇੱਥੇ ਚੜ੍ਹੇ ਚਾਅ ਨੂੰ ਮੱਠਾ ਪਾਉਣ ਲੱਗਿਆ। ਕੁਝ ਸਮਾਂ ਇੱਥੇ ਰੁਕ ਕੇ ਦੁਪਹਿਰ ਦੀ ਰੋਟੀ ਲਈ ਚੱਲ ਪਏ। ਵਿਜੇਵਾੜਾ ਤੋਂ ਦਸ ਕੁ ਕਿਲੋਮੀਟਰ ਦੂਰ ਪੰਜਾਬੀ ਸ਼ਰਮਾ ਢਾਬੇ 'ਤੇ ਰੁਕੇ। ਕਈ ਦਿਨਾਂ ਤੋਂ ਦੱਖਣੀ ਖਾਣੇ ਖਾਣ ਤੋਂ ਬਾਅਦ ਪੰਜਾਬੀ ਢਾਬੇ ਤੋਂ ਖਾਣਾ ਖਾ ਕੇ ਭੁੱਖਾਂ ਲੱਥ ਗਈਆਂ। ਢਾਬੇ ਦੇ ਦੂਜੇ ਪਾਸੇ ਵਿਸ਼ੇਸ਼ ਢੰਗ ਨਾਲ ਤਿਆਰ ਕੀਤੀ ਜਾਂਦੀ ਚਾਹ ਪੀ ਕੇ ਵਿਜੇਵਾੜਾ ਦੀਆਂ ਗੁਫ਼ਾਵਾਂ ਦੇਖਣ ਲਈ ਚਾਲੇ ਪਾ ਦਿੱਤੇ।


ਵਿਜੇਵਾੜਾ ਦੀਆਂ ਗੁਫ਼ਾਵਾਂ ਵੇਖਣ ਦਾ ਵੱਖਰਾ ਜਿਹਾ ਚਾਅ ਸੀ। ਸਕੂਲੀ ਪੜ੍ਹਾਈ ਤੋਂ ਲੈ ਕੇ ਕਾਲਜ ਤੱਕ ਅਜੰਤਾ ਐਲੋਰਾ ਦੀਆਂ ਗੁਫ਼ਾਵਾਂ ਬਾਰੇ ਪੜ੍ਹਦੇ ਸੁਣਦੇ ਆਏ ਹਾਂ, ਪਰ ਇਹ ਗੁਫ਼ਾਵਾਂ ਵੇਖਣ ਦਾ ਕਦੇ ਮੌਕਾ ਹੀ ਨਹੀਂ ਬਣਿਆ। ਇਸ ਕਰਕੇ ਵਿਜੇਵਾੜਾ ਦੀਆਂ ਗੁਫ਼ਾਵਾਂ ਦੇਖਣ ਲਈ ਸਾਡੀ ਸਾਰੀ ਟੋਲੀ ਉਤਸ਼ਾਹ ਵਿਚ ਸੀ। ਰਾਹ ਵਿਚ ਆਉਂਦਿਆਂ ਗੁਫ਼ਾਵਾਂ ਬਾਰੇ ਲੇਖਕ ਜੱਸ ਮੰਡ ਵੱਲੋਂ ਇੱਕ ਕਿਤਾਬ ਵਿਚ ਗੁਫ਼ਾਵਾਂ ਬਾਰੇ ਦਿੱਤੀ ਜਾਣਕਾਰੀ ਨੇ ਜ਼ਿਹਨ ਮੱਲ ਲਿਆ।

'... ਪ੍ਰਾਚੀਨ ਸਮੇਂ ਤੋਂ ਭਾਰਤ ਵਿਚ ਗੁਫ਼ਾਵਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਪਹਿਲਾਂ ਪਹਿਲ ਸ਼ਰਨ ਅਤੇ ਭਗਤੀ-ਮੁਕਾਮ ਦੇ ਮਕਸਦ ਲਈ ਭਿਕਸ਼ੂ ਕੁਦਰਤੀ ਗੁਫ਼ਾਵਾਂ ਨੂੰ ਹੀ ਵਰਤਦੇ ਸਨ। ਫੇਰ ਉਨ੍ਹਾਂ ਨੇ ਕਟਾਈ ਕਰਕੇ ਉਨ੍ਹਾਂ ਗੁਫ਼ਾਵਾਂ ਨੂੰ ਚੌੜਾ ਕਰਨਾ ਅਤੇ ਸ਼ਿੰਗਾਰਨਾ ਸ਼ੁਰੂ ਕੀਤਾ। ਬਾਅਦ ਵਿਚ ਕੁਝ ਚੱਟਾਨਾਂ ਨੂੰ ਮੁੱਢੋਂ-ਸੁੱਢੋਂ ਘੜ ਕੇ ਗੁਫ਼ਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ। ਬਾਰਿਸ਼ ਤੋਂ ਬਚਾਅ ਅਤੇ ਪੂਜਾ ਸਥਾਨ ਦੇ ਮਕਸਦ ਤੋਂ ਇਲਾਵਾ ਹੌਲੀ ਹੌਲੀ ਇਨ੍ਹਾਂ ਗੁਫ਼ਾਵਾਂ ਨੂੰ ਭਿਕਸ਼ੂਆ ਵੱਲੋਂ ਧਰਮ ਪ੍ਰਚਾਰ ਅਤੇ ਧਾਰਮਿਕ ਵਿੱਦਿਆ ਦੇ ਕੇਂਦਰਾਂ ਵਜੋਂ ਵੀ ਵਰਤਿਆ ਜਾਣ ਲੱਗਾ। ਭਾਰਤ ਵਿਚ ਅਜਿਹੀਆਂ 1500 ਦੇ ਕਰੀਬ ਗੁਫ਼ਾਵਾਂ ਹਨ। ਇਨ੍ਹਾਂ ਵਿਚ ਸਭ ਤੋਂ ਪੁਰਾਣੀ ਗੁਫ਼ਾ ਬਿਹਾਰ ਵਿਚ ਸਥਿਤ ਤੀਜੀ ਸਦੀ ਈਸਾ ਪੂਰਵ ਦੀ 'ਬਰਾਬਰ' ਗੁਫ਼ਾ ਹੈ। ਬੋਧੀ ਭਿਕਸ਼ੂਆਂ ਨੇ ਵਪਾਰੀਆਂ ਨੂੰ ਆਪਣੇ ਵੱਲ ਖਿੱਚਣ ਲਈ ਜ਼ਿਆਦਾਤਰ ਗੁਫ਼ਾਵਾਂ ਰੇਸ਼ਮ ਤੇ ਮਸਾਲਿਆਂ ਵਾਲੇ ਵਪਾਰ ਰਾਹਾਂ ਉੱਤੇ ਬਣਾਈਆਂ। ਤਕਰੀਬਨ ਹਰ ਤੀਹ ਕਿਲੋਮੀਟਰ ਦੇ ਫ਼ਾਸਲੇ ਉੱਤੇ ਭਿਕਸ਼ੂਆਂ ਨੇ ਅਜਿਹੀਆਂ ਗੁਫ਼ਾਵਾਂ ਦਾ ਨਿਰਮਾਣ ਕੀਤਾ। ਸਮਝਿਆ ਜਾਂਦਾ ਹੈ ਕਿ ਪੁਰਾਣੇ ਵੇਲਿਆਂ ਵਿਚ ਪੈਦਲ ਯਾਤਰੂ ਇੱਕ ਦਿਨ ਵਿਚ ਏਨਾ ਕੁ ਪੈਂਡਾ ਤੈਅ ਕਰਕੇ ਰੈਣ ਬਸੇਰਾ ਲੋੜਦਾ ਸੀ।'

ਤੇ ਹੋਰ '...ਪੰਜਵੀਂ ਤੋਂ ਅੱਠਵੀਂ ਸਦੀ ਦੇ ਵਿਚਕਾਰ ਬਣੀਆਂ ਬੋਧੀ ਗੁਫ਼ਾਵਾਂ ਸਭ ਤੋਂ ਪੁਰਾਣੀਆਂ ਹਨ। ਹਿੰਦੂ ਗੁਫ਼ਾਵਾਂ ਛੇਵੀਂ ਤੋਂ ਨੌਵੀਂ ਸਦੀ ਵਿਚਕਾਰ ਬਣੀਆਂ ਅਤੇ ਜੈਨ ਗੁਫ਼ਾਵਾਂ ਨੌਵੀਂ ਤੋਂ ਗਿਆਰਵੀਂ ਸਦੀ ਵਿਚਕਾਰ। ਬਾਰ੍ਹਵੀਂ ਸਦੀ ਵਿਚ ਇਹ ਗੁਫ਼ਾਵਾਂ ਉੱਜੜ ਗਈਆਂ। ਛੇ ਸਦੀਆਂ ਉਪਰੰਤ ਜਦੋਂ ਇਹ ਗੁਫ਼ਾਵਾਂ ਮੁੜ ਲੱਭੀਆਂ ਗਈਆਂ ਤਾਂ ਇਨ੍ਹਾਂ ਵਿਚ ਝਾੜ-ਬੂਟ ਉੱਗੇ ਹੋਏ ਸਨ, ਕਈਆਂ ਵਿਚ ਜੰਗਲੀ ਜਾਨਵਰਾਂ ਦਾ ਵਾਸਾ ਸੀ ਤੇ ਕਈਆਂ ਨੂੰ ਪਿੰਡ ਦੇ ਲੋਕ ਆਪਣੇ ਪੱਤੀਆਂ ਦੇ ਢਾਰਿਆਂ ਵਾਂਗ ਵਰਤ ਰਹੇ ਸਨ।'

ਗੁਫ਼ਾਵਾਂ ਬਾਰੇ ਪੜ੍ਹੀ ਹੋਈ ਜਾਣਕਾਰੀ ਦੀ ਫ਼ਿਰਕੀ ਮਨ ਮਸਤਕ ਵਿਚ ਅਜੇ ਘੁੰਮ ਹੀ ਰਹੀ ਸੀ ਕਿ ਸਾਡੀ ਕਾਰ ਮਿਥੀ ਹੋਈ ਥਾਂ 'ਤੇ ਆਣ ਰੁਕੀ। ਇਹ ਥਾਂ ਬੜੀ ਰਮਣੀਕ ਹੈ। ਅਸੀਂ ਟਿਕਟ ਖਿੜਕੀ ਤੋਂ ਟਿਕਟਾਂ ਲੈ ਕੇ ਕਿਸੇ ਗਾਈਡ ਦੀ ਭਾਲ ਵਿਚ ਸਾਂ ਪਰ ਕੌਂਡਾਪੱਲੀ ਕਿਲ੍ਹਾ ਦੇਖਣ ਵਾਂਗ ਇੱਥੇ ਵੀ ਗਾਈਡ ਨਹੀਂ ਸੀ। ਗੁਫ਼ਾਵਾਂ ਵਾਲੇ ਪਾਸੇ ਜਾਣ ਤੋਂ ਪਹਿਲਾਂ ਖ਼ੂਬਸੂਰਤ ਘਾਹ ਦਾ ਮੈਦਾਨ ਹੈ। ਇੱਥੇ ਲੱਗੇ ਬੋਰਡ 'ਤੇ ਗੁਫ਼ਾਵਾਂ ਬਾਰੇ ਸੀਮਿਤ ਜਿਹੀ ਜਾਣਕਾਰੀ ਹੈ। ਇਹ ਗੁਫ਼ਾਵਾਂ ਸੱਤਵੀਂ ਸਦੀ ਵਿਚ ਲੱਭੀਆਂ ਸਨ। ਪਹਿਲਾਂ ਇਹ ਜੈਨ ਗੁਫ਼ਾਵਾਂ ਸਨ ਜੋ ਬਾਅਦ ਵਿਚ ਹਿੰਦੂ ਮੰਦਿਰ ਵਿਚ ਬਦਲ ਗਈਆਂ। ਚਾਰ ਮੰਜ਼ਲੀ ਗੁਫ਼ਾਵਾਂ ਦੇ ਅੰਦਰ ਜ਼ਮੀਨੀ ਮੰਜ਼ਲ 'ਤੇ ਭਗਵਾਨ ਸ਼ਿਵ ਦੀ ਵੱਡ-ਆਕਾਰੀ ਮੂਰਤੀ ਲੇਟਵੇਂ ਦਾਅ ਸੁਸ਼ੋਭਿਤ ਹੈ। ਮੂਰਤੀ ਨੂੰ ਨਿਹਾਰਦਿਆਂ ਹੋਰ ਗੁਫ਼ਾਵਾਂ ਅੰਦਰ ਦਾਖ਼ਲ ਹੋਣ 'ਤੇ ਦੇਖਿਆ, ਕਿਤੇ ਸ੍ਰੀ ਗਣੇਸ਼ ਦੀ ਤੇ ਕਿਤੇ ਹੋਰਨਾਂ ਰਿਸ਼ੀਆਂ ਮੁਨੀਆਂ ਦੀਆਂ ਮੂਰਤੀਆਂ ਸਥਾਪਤ ਹਨ। ਸਫ਼ਾਈ ਵੱਲੋਂ ਮੰਦਾ ਹਾਲ ਹੈ। ਸਾਡੀ ਟੋਲੀ ਨੇ ਤੀਸਰੀ ਮੰਜ਼ਲ 'ਤੇ ਜਾ ਕੇ ਤਸਵੀਰਾਂ ਖਿਚਵਾਈਆਂ। ਇਸ ਦੌਰਾਨ ਹਰ ਰੋਜ਼ ਵਾਂਗ ਬੱਦਲਵਾਈ ਹੋ ਗਈ ਤੇ ਸਮਾਂ ਰੇਲਵੇ ਸਟੇਸ਼ਨ ਪਹੁੰਚਣ ਵੱਲ ਇਸ਼ਾਰਾ ਕਰ ਰਿਹਾ ਸੀ। ਅਸੀਂ ਪਿਛਲੇ ਕਈ ਦਿਨਾਂ ਤੋਂ ਦੇਖਦੇ ਆ ਰਹੇ ਸਾਂ ਕਿ ਇਸ ਖੇਤਰ ਵਿਚ ਲਗਭਗ ਹਰ ਰੋਜ਼ ਕਿਣਮਿਣ ਹੋ ਜਾਂਦੀ। ਕ੍ਰਿਸ਼ਨਾ ਨਦੀ ਉੱਪਰ ਉਸਾਰੇ ਗਏ ਪੁਲ ਨੂੰ ਪ੍ਰਕਾਸ਼ਮ ਬੈਰਜ ਕਹਿੰਦੇ ਹਨ। ਇਹ ਵੀ ਇੱਕ ਕਿਸਮ ਦਾ ਅਜੂਬਾ ਹੀ ਹੈ ਜੋ 1223.5 ਮੀਟਰ ਲੰਬਾ ਹੈ। ਅਸੀਂ ਇਸੇ ਤੋਂ ਲੰਘ ਕੇ ਰੇਲਵੇ ਸਟੇਸ਼ਨ ਵੱਲ ਚਲੇ ਗਏ।







ਗੁਫਾ ਅੰਦਰਲੀਆਂ ਵੱਖ-ਵੱਖ ਝਲਕੀਆਂ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਦਸੰਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-566



**ਬੁੱਤਘਾੜੇ ਨੂੰ ਦੇਖੋ ਹੈ ਚਾਅ ਚੜ੍ਹਿਆ, ਜੰਗਲੋਂ ਲੱਕੜੀ ਦਾ ਹੈ ਮੋਸ਼ਾ ਖੜਿਆ।**
**ਕੋਰ ਕੋਰ ਵਿੱਚੋਂ ਉਸ ਨੇ ਮਾਂ ਬਣਾਈ, ਕੱਛੇ ਛੋਟਾ ਚੁੱਕੇ ਨਿੱਕੀ ਪਾਏ ਦੁਹਾਈ।**
**ਕਰੇ ਈਰਖਾ 'ਮਾਂ ਮਾਂ ਮੈਨੂੰ ਵੀ ਚੁੱਕ', ਨਾਲ਼ੇ ਹੰਝੂਆਂ ਦੇ ਡੋਲ੍ਹੇ ਭਰ ਭਰ ਬੁੱਕ।**

### ਕੈਪਸ਼ਨ ਮੁਕਾਬਲਾ-564



ਉੱਚੀ ਇਮਾਰਤ ਦੇ ਪੈਰਾਂ ਵਿਚ,
ਸੁਹਾਵਣੀ ਝੀਲ ਦੇ ਕੰਢੇ,
ਸੋਚੀਂ ਡੁੱਬਿਆ ਬੁੱਤ ਲਗਾ ਕੇ,
ਕੁਝ ਸਵਾਲ ਲੋਕਾਂ ਨੂੰ ਵੰਡੇ।
ਜਿੰਦ ਦੀ ਤਾਣੀ ਕਿੰਵ ਸੁਲਝੇ,
ਮੁੱਕੇ ਜੱਗ ਤੋਂ ਕਿੰਝ ਬਵਾਲ,
ਅਮਨ ਵਸੇ ਕਿੰਝ ਚਾਰੇ ਪਾਸੇ,
ਇਨਸਾਨ ਜੀਵੇ ਖੁਸ਼ਹਾਲ?
***-'ਨੂਰਪੁਰੀ'***

---

ਨਾਲ਼ ਤਰੱਕੀ ਉਲਝਣ ਵਧ ਗਈ
ਸਵਾਲਾਂ ਨੇ ਵੀ ਘੇਰਾ ਪਾਇਆ।
ਮਨੁੱਖੀ ਮਨ ਦੀ ਬੇਚੈਨੀ ਦਾ
ਬਣਾ ਕੇ ਚਿੰਨ੍ਹ ਚੁਰਾਹੇ ਲਾਇਆ।
ਕਲਾਕਾਰ ਦੇ ਸਦਕੇ ਜਾਈਏ
ਜਿਸ ਨੇ ਹੈ ਸ਼ਾਹਕਾਰ ਬਣਾਇਆ।
***-ਜਗਮੀਤ ਸਿੰਘ ਪੰਧੇਰ***
***ਫੋਨ : 98783-37222***

---

ਬੰਦਾ ਕਿਓਂ ਆਦਮਖੋਰ ਬਣ ਗਿਆ,
ਆਪਣਿਆਂ ਨਾਲ ਵੈਰ ਕਮਾਏ।
ਕਿਓਂ ਆਸ਼ਰਮਾਂ ਵਿਚ ਬੁਢਾਪਾ,
ਆਖਰੀ ਪਹਿਰੇ ਸੰਤਾਪ ਹੰਢਾਏ।
ਧਰਮਾਂ ਵਿਚ ਰਾਜਨੀਤੀ ਵੜ ਗਈ,
ਜਾਣ ਬੁੱਝ ਕੇ ਦੰਗੇ ਕਰਾਏ।
ਜ਼ਿੰਦਗੀ ਬਣੀ ਬੁਝਾਰਤ ਗੁੱਝੀ,
ਪਤਾ ਨ੍ਹੀਂ ਕਦੋਂ, ਕੀ ਹੋ ਜਾਏ?
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਉੱਤੇ ਨੀਲਾ ਅਸਮਾਨ,
ਥੱਲੇ ਪਾਣੀ ਨੀਲੇ ਰੰਗ ਦਾ
ਕੰਢੇ ਸ਼ੀਸ਼ੇ ਦਾ ਉਸਾਰ ਦਿੱਤਾ,
ਮਹਿਲ ਨਵੇਂ ਢੰਗ ਦਾ
ਸਭ ਨੂੰ ਇਸ਼ਾਰਾ ਕੀਤਾ,
ਪ੍ਰਸ਼ਨ-ਚਿੰਨ੍ਹ ਦੇ ਨਿਸ਼ਾਨ ਨੇ
ਅੱਗੇ ਖ਼ਤਰਾ ਹੈ ਵੱਧ,
ਆਉਂਦੇ ਸਮੁੰਦਰੀ ਤੂਫਾਨ ਨੇ
ਪਾਣੀ ਵਿਚ ਵੜਨਾ ਨਹੀਂ,
ਅੱਗੇ ਰੋਕਾਂ ਲਾ ਛੱਡੀਆਂ
ਨਾਲ ਗੱਡ ਦਿੱਤੇ ਖੰਬੇ,
ਤਾਰਾਂ ਕੰਡੇਦਾਰ ਬੱਧੀਆਂ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਜਿਊਂਦੀ ਜਾਨ ਪੁੱਛਦੀ ਸਵਾਲ ਖੁਦ ਨੂੰ
ਲੱਭਦਾ ਲੱਭਦਾ ਹੱਲ
ਦਿਮਾਗ ਵੀ ਘੌਂਚਲ ਜਾਂਦਾ
ਬੈਠ ਸੋਚ ਠੰਢੇ ਜਿਗਰੇ
ਕਲਪਨਾ ਨੂੰ ਕਲਾ 'ਚ ਸਿਰਜ
ਪਾਰਖੂ ਅੱਖ ਕਲਾਕਾਰ ਦੀ
ਇਕ ਬੁੱਤ ਦੀ ਸ਼ਕਲ ਬਣਾ ਆਪਣਾ ਅੰਦਰ
ਦਰਪਣ ਭਵਿੱਖ ਦਾ ਦਿਖਾ ਦਿੰਦਾ।
***-ਦਰਸ਼ਨ ਪਾਲ ਦੋਸਾਂਝ***

---

ਕਲਾਕਾਰ ਨੇ ਪ੍ਰਸ਼ਨਾਤਮਕ ਕ੍ਰਿਤੀ ਬਣਾਈ,
ਵੱਟ ਖਵਾ ਕੇ ਵਿਚ ਨਾਗ ਦੇਵਤਾ ਵੱਸਦਾ।
ਆਸਤਕ ਨਾਸਤਕ
ਮੇਰੇ ਲਈ ਸਭ ਬਰਾਬਰ,
ਜੋ ਲੋਕਾਈ ਨੂੰ ਦੁੱਖ ਦੇਂਦੇ
ਉਨ੍ਹਾਂ ਨੂੰ ਹਾਂ ਡੱਸਦਾ।
ਕਿਰਤ ਕਰਦੇ ਜੋ
ਨਾਮ ਜਪਦੇ ਤੇ ਵੰਡ ਛਕਦੇ,
ਹਰ ਵੇਲੇ ਜੋ ਅਜੂਨੀ
ਮਨ 'ਚ ਵਸਾਈ ਰੱਖਦਾ।
ਵਿਗੜੀ ਜੂਨ ਉਨ੍ਹਾਂ ਦੀ ਸੁਧਾਰ ਕੇ,
ਉਨ੍ਹਾਂ ਦੇ ਸਾਰੇ ਰੋਗ ਹਾਂ ਕੱਟਦਾ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

# ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਦੀਵਾਨ ਟੋਡਰ ਮੱਲ

ਦੀਵਾਨ ਟੋਡਰ ਮੱਲ ਇਤਿਹਾਸ ਦੀ ਉਹ ਮਹਾਨ ਸ਼ਖ਼ਸੀਅਤ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਫਰਜ਼ੰਦਾਂ ਦੇ ਸਸਕਾਰ ਲਈ ਜ਼ਮੀਨ ਖਰੀਦੀ। ਦੀਵਾਨ ਟੋਡਰ ਮੱਲ ਦੇ ਜਨਮ ਸਥਾਨ, ਖਾਨਦਾਨ, ਜੀਵਨ ਅਤੇ ਵਾਰਸਾਂ ਬਾਰੇ ਇਤਿਹਾਸ ਵਿਚਜ਼ਿਆਦਾ ਨਹੀਂ ਮਿਲਦਾ। ਕਈ ਵਿਦਵਾਨ ਦੀਵਾਨ ਟੋਡਰ ਮੱਲ ਸਰਹਿੰਦੀ ਨੂੰ ਅਕਬਰ ਦਾ ਵਿੱਤ ਮੰਤਰੀ ਦੀਵਾਨਟੋਡਰ ਮੱਲ ਹੋਣ ਬਾਰੇ ਭੁਲੇਖਾ ਖਾ ਜਾਂਦੇ ਹਨ। ਦੋਵਾਂ ਦੇ ਜੀਵਨ ਕਾਲ ਵਿਚ ਕਰੀਬ 125 ਸਾਲ ਦਾ ਫਰਕ ਹੈ।

ਦੀਵਾਨ ਟੋਡਰ ਮੱਲ ਗੁਰੂ ਘਰ ਦਾ ਸ਼ਰਧਾਲੂ

**ਬਲਰਾਜ ਸਿੰਘ ਸਿੱਧੂ ਐਸ.ਪੀ.**

ਸੀ। ਉਹ ਉਸ ਵੇਲੇ ਸਰਹਿੰਦ ਸੂਬੇ ਦਾ ਸਭ ਤੋਂ ਅਮੀਰ ਵਪਾਰੀ ਤੇ ਮੁਅੱਜ਼ਜ਼ ਦਰਬਾਰੀ ਸੀ। ਪਟਿਆਲਾ ਸਟੇਟ ਗਜ਼ਟੀਅਰ ਮੁਤਾਬਕ ਉਸ ਦਾ ਜੱਦੀ ਪਿੰਡ ਕਾਕੜਾ ਸੀ ਜੋ ਸਮਾਣਾ-ਪਟਿਆਲਾ ਸੜਕ 'ਤੇ ਹੈ ਅਤੇ ਹੁਣ ਥਾਣਾ ਸਦਰ ਸਮਾਣਾ ਅਧੀਨ ਆਉਂਦਾ ਹੈ। ਉਸ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਪੁਰਖੇ ਕਾਰੋਬਾਰ ਕਾਰਨ ਪਿੰਡ ਛੱਡ ਕੇ ਸਰਹਿੰਦ ਵੱਸ ਗਏ ਸਨ। ਉਸ ਦੀ ਅਮੀਰੀ, ਸਰਕਾਰੀ ਪ੍ਰਭਾਵ ਅਤੇ ਸ਼ਾਨੋ-ਸ਼ੌਕਤ ਇਸ ਗੱਲ ਤੋਂ ਸਾਹਮਣੇ ਆਉਂਦੀ ਹੈ ਕਿ ਉਸ ਦੀ ਰਿਹਾਇਸ਼ (ਜਹਾਜ਼ ਹਵੇਲੀ) ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਮਹਿਲ ਦੇ ਬਿਲਕੁਲ ਨਜ਼ਦੀਕ ਸੀ।

ਸੰਨ 13 ਦਸੰਬਰ 1704 ਈਸਵੀ ਨੂੰ ਵਜ਼ੀਰ ਖਾਨ ਦੇ ਹੁਕਮ ਨਾਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਇਤਿਹਾਸ ਅਨੁਸਾਰ ਇਸ ਕਾਂਡ ਵਿਚ ਦੀਵਾਨ ਸੁੱਚਾ ਨੰਦ ਦੇ ਮਾੜਾ ਅਤੇ ਨਵਾਬ ਮਾਲੇਰਕੋਟਲਾ ਸ਼ੇਰ ਮੁਹੰਮਦ ਖਾਨ ਨੇ ਬਹੁਤ ਸ਼ਲਾਘਾਯੋਗ ਕਿਰਦਾਰ ਨਿਭਾਇਆ। ਹੋ ਸਕਦਾ ਹੈ ਕਿ ਗੁਰੂ ਘਰ ਦੇ ਪ੍ਰੇਮੀ ਦੀਵਾਨ ਟੋਡਰ ਮੱਲ ਅਤੇ ਹੋਰ ਪਤਵੰਤਿਆਂ ਨੇ ਵੀ ਵਜ਼ੀਰ ਖਾਨ ਨੂੰ ਸਮਝਾਇਆ ਹੋਵੇ ਪਰ ਪੱਥਰ ਦਿਲ ਸੂਬੇਦਾਰ ਨੇ ਕਿਸੇ ਦੀ ਨਾ ਸੁਣੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਡਰਦੇ ਮਾਰੇ ਕਿਸੇ ਦੀ ਇਹ ਹਿੰਮਤ ਨਾ ਪਈ ਕਿ ਉਨ੍ਹਾਂ ਦਾ ਵਿਧੀ ਪੂਰਵਕ ਸਸਕਾਰ ਕਰ ਸਕੇ। ਲੱਗਦਾ ਹੈ ਕਿ ਸੂਬੇਦਾਰ ਦਾ ਦਿਲ ਗੁਰੂਘਰ ਪ੍ਰਤੀ ਨਫਰਤ ਨਾਲ ਐਨਾ ਭਰਿਆ ਹੋਇਆ ਸੀ ਕਿ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਵੀ ਉਸ ਦਾ ਮਨ ਸ਼ਾਂਤ ਨਾ ਹੋਇਆ। ਉਹ ਪਵਿੱਤਰ ਦੇਹਾਂ ਦਾ ਵੀ ਅਪਮਾਨ ਕਰਨਾ ਚਾਹੁੰਦਾ ਸੀ। ਉਸ





*ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਨੂੰ ਕੰਧ ਵਿਚ ਚਿਣੇ ਜਾਣ ਦੀ ਝਾਕੀ।*

ਦੀ ਇੱਛਾ ਸੀ ਕਿ ਸਿੱਖ ਰਹੁ ਰੀਤਾਂ ਮੁਤਾਬਕ ਉਨ੍ਹਾਂ ਦਾ ਸਸਕਾਰ ਨਾ ਹੋ ਸਕੇ। ਉਸ ਨੇ ਹੁਕਮ ਜਾਰੀ ਕਰ ਦਿੱਤਾ ਕਿ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਿਸੇ ਸ਼ਮਸ਼ਾਨਘਾਟ ਵਿਚ ਨਾ ਕੀਤਾ ਜਾਵੇ। ਇਹ ਵੀ ਹੋ ਸਕਦਾ ਹੈ ਕਿ ਜਦੋਂ ਦੀਵਾਨ ਟੋਡਰ ਮੱਲ ਨੇ ਤਰਲੇ-ਮਿੰਨਤਾਂ ਕਰ ਕੇ ਦੇਹਾਂ ਪ੍ਰਾਪਤ ਕੀਤੀਆਂ ਹੋਣ ਤਾਂ ਕਿਸੇ ਸੁੱਚਾ ਨੰਦ ਵਰਗੇ ਨੇ ਸੂਬੇਦਾਰ ਨੂੰ ਸਲਾਹ ਦਿੱਤੀ ਹੋਵੇ ਕਿ ਸੇਠ ਕੋਲ ਬਹੁਤ ਪੈਸਾ ਹੈ। ਜੇ ਉਸ ਨੇ ਸਸਕਾਰ ਕਰਨਾ ਹੈ ਤਾਂ ਉਸ ਨੂੰ ਜਗ੍ਹਾ ਖਰੀਦਣੀ ਚਾਹੀਦੀ ਹੈ।

ਸਰਕਾਰੀ ਕਹਿਰ ਦੇ ਡਰ ਕਾਰਨ ਸਰਹਿੰਦ ਦੇ ਕਿਸੇ ਜ਼ਿਮੀਦਾਰ ਦੀ ਜ਼ਮੀਨ ਦੇਣ ਦੀ ਹਿੰਮਤ ਨਾ ਪਈ। ਅਖੀਰ ਇੱਕ ਜ਼ਿਮੀਦਾਰ ਚੌਧਰੀ ਅੱਤਾ ਜ਼ਮੀਨ ਵੇਚਣ ਲਈ ਰਾਜ਼ੀ ਹੋ ਗਿਆ ਪਰ ਉਸ ਨੇ ਵੀ ਰੱਜ ਕੇ ਦੀਵਾਨ ਦੀ ਮਜਬੂਰੀ ਦਾ ਫਾਇਦਾ ਉਠਾਇਆ। ਉਸ ਨੇ ਸ਼ਰਤ ਰੱਖੀ ਕਿ ਜੇ ਜ਼ਮੀਨ ਚਾਹੀਦੀ ਹੈ ਤਾਂ ਉਸ ਦੀ ਕੀਮਤ ਸੋਨਾ ਵਿਛਾ ਕੇ ਦੇਣੀ ਪਵੇਗੀ। ਕਈ ਤਾਂ ਕਹਿੰਦੇ ਹਨ ਕਿ ਉਸ ਨੇ ਸੋਨੇ ਦੇ ਸਿੱਕੇ ਖੜ੍ਹੇ ਕਰ ਕੇ ਕੀਮਤ ਲਈ ਸੀ। ਉਸ ਵੇਲੇ ਸੋਨੇ ਦੀ ਅਸ਼ਰਫੀ ਦਾ ਸਾਈਜ਼ ਕਰੀਬ ਸਵਾ ਇੰਚ ਅਤੇ ਭਾਰ ਕਰੀਬ ਇੱਕ ਤੋਲਾ (10 ਗ੍ਰਾਮ) ਹੁੰਦਾ ਸੀ। ਸਾਹਿਬਜ਼ਾਦਿਆਂ ਦੇ ਸਸਕਾਰ ਕਰੀਬ 7800 ਅਸ਼ਰਫੀਆਂ (78 ਕਿਲੋ ਸੋਨਾ) ਵਿਛਾਈਆਂ ਗਈਆਂ ਹੋਣਗੀਆਂ। ਜੇ ਅਸ਼ਰਫੀਆਂ ਖੜ੍ਹੇ ਰੁਖ ਰੱਖੀਆਂ ਗਈਆਂ ਹੋਣਗੀਆਂ ਤਾਂ 78000 ਦੇ ਕਰੀਬ ਅਸ਼ਰਫੀਆਂ (780 ਕਿਲੋ ਸੋਨਾ) ਵਿਛਾਉਣੀਆਂ ਪਈਆਂ ਹੋਣਗੀਆਂ। ਇਸ ਕਾਰਨ ਦੀਵਾਨ ਦੀ ਸਾਰੀ ਪੂੰਜੀ ਜ਼ਮੀਨ ਖਰੀਦਣ ਵਿਚਲੱਗ ਗਈ ਤੇ ਘਰ-ਬਾਰ ਗਹਿਣੇ ਪੈ ਗਿਆ ਪਰ ਉਸ ਮਹਾਨ ਇਨਸਾਨ ਨੇ ਆਪਣੇ ਨੁਕਸਾਨ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਆਪਣੇ ਵਿਸ਼ਵਾਸ ਨੂੰ ਡੋਲਣ ਨਾ ਦਿੱਤਾ। ਉਸ ਨੇ ਆਪਣਾ ਸਭ ਕੁਝ ਦਾਅ 'ਤੇ ਲਗਾ ਕੇ ਵੀ ਗੁਰੂ ਜੀ ਅਤੇ ਸਿੱਖੀ ਦੀ ਸੇਵਾ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਮਈ 1710 ਈਸਵੀਵਿਚ ਸਰਹਿੰਦ ਫਤਿਹ ਕੀਤੀ ਤਾਂ ਉਨ੍ਹਾਂ ਨੂੰ ਵੀ ਦੀਵਾਨ ਟੋਡਰ ਮੱਲ ਦੀ ਇਸ ਕੁਰਬਾਨੀ ਬਾਰੇ ਪਤਾ ਸੀ। ਦੀਵਾਨ ਟੋਡਰ ਮੱਲ ਦੇ ਘਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ।

ਸੂਬਾ ਸਰਹਿੰਦ ਵਜ਼ੀਰ ਖਾਨ ਬਹੁਤ ਹੀ ਜ਼ਾਲਮ ਤੇ ਬੇਰਹਿਮ ਸੀ। ਉਸ ਨੇ ਬਾਬਾ ਮੋਤੀ ਰਾਮ ਮਹਿਰਾ ਦਾ ਸਾਰਾ ਪਰਿਵਾਰ ਸਿਰਫ ਇਸ ਲਈ ਵੇਲਣੇ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ ਸੀ ਕਿ ਉਸ ਨੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ



*ਦੀਵਾਨ ਟੋਡਰ ਮੱਲ ਵਲੋਂ ਅਸ਼ਰਫੀਆਂ ਦੇ ਬਰਾਬਰ ਜ਼ਮੀਨ ਖਰੀਦੇ ਜਾਣ ਦਾ ਚਿੱਤਰ।*

ਦੀ ਠੰਢੇ ਬੁਰਜ ਵਿਚ ਦੁੱਧ ਨਾਲ ਸੇਵਾ ਕੀਤੀ ਸੀ। ਇਸ ਲਈ ਉਹ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਕੋਈ ਉਸ ਦੀ ਹੁਕਮ ਅਦੂਲੀ ਕਰ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਸਸਕਾਰ ਕਰੇ। ਜਦੋਂ ਉਸ ਨੂੰ ਦੀਵਾਨ ਟੋਡਰ ਮੱਲ ਦੇ ਇਸ ਕਾਰਜ ਬਾਰੇ ਪਤਾ ਚੱਲਿਆ ਤਾਂ ਉਸ ਦਾ ਕਹਿਰ ਦੀਵਾਨ 'ਤੇ ਵੀ ਟੁੱਟ ਪਿਆ। ਉਸ ਨੇ ਦੀਵਾਨ ਟੋਡਰ ਮੱਲ ਨੂੰ ਬਿਲਕੁਲ ਬਰਬਾਦ ਕਰ ਦਿੱਤਾ। ਆਪਣੇ ਪਰਿਵਾਰ ਦੀ ਸੁਰੱਖਿਆ ਲਈ ਦੀਵਾਨ ਨੂੰ ਆਪਣਾ ਘਰ-ਬਾਰ ਅਤੇ ਕਾਰੋਬਾਰ ਛੱਡ ਕੇ ਇਤਿਹਾਸ ਦੇ ਹਨੇਰਿਆਂ ਵਿਚ ਗੁੰਮ ਹੋ ਜਾਣਾ ਪਿਆ। ਇਸ ਤੋਂ ਬਾਅਦ ਉਸ ਦੇ ਪਰਿਵਾਰ ਜਾਂ ਉਸ ਦੇ ਆਖਰੀ ਦਿਨਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਉਸ ਦੀ ਜਹਾਜ਼ ਹਵੇਲੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਸਿੱਖ ਮਿਸਲਾਂ ਦੇ ਸਰਹਿੰਦ 'ਤੇ ਹਮਲਿਆਂ ਦੌਰਾਨ ਪੂਰੀ ਇੱਜ਼ਤ ਬਖ਼ਸ਼ੀ ਗਈ। ਕਿਸੇ ਨੇ ਉਸ ਨੂੰ ਨੁਕਸਾਨ ਪਹੁੰਚਾਉਣ ਜਾਂ ਲੁੱਟਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਲਾਵਾਰਿਸ ਪਈ ਹਵੇਲੀ ਹੌਲੀ-ਹੌਲੀ ਵਕਤ ਦੇ ਥਪੇੜਿਆਂ ਅਤੇ ਨਾਜਾਇਜ਼ ਕਬਜ਼ਿਆਂ ਕਾਰਨ ਢਹਿਣ ਲੱਗ ਪਈ। ਹੁਣ ਚੰਗੇ ਉਪਰਾਲੇ ਹੇਠ ਪੰਜਾਬ ਸਰਕਾਰ ਦੀ ਮਦਦ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਹਾਜ਼ ਹਵੇਲੀ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਹੈ। ਮਾਹਿਰ ਕਾਰੀਗਰ ਇਸ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਅਤਿ ਆਧੁਨਿਕ ਤਕਨੀਕਾਂ ਦੀ ਮਦਦ ਨਾਲ ਮੁੜ ਉਸਾਰੀ ਕਰ ਰਹੇ ਹਨ। ਸਿੱਖ ਪੰਥ ਵਿਚ ਦੀਵਾਨ ਟੋਡਰ ਮੱਲ ਦਾ ਬਹੁਤ ਸਤਿਕਾਰ ਹੈ। ਉਸ ਦੀ ਯਾਦ ਵਿਚ ਗੁਰਦੁਆਰਾ ਫਤਹਿਗੜ੍ਹ ਸਾਹਿਬ (ਸਰਹਿੰਦ) ਵਿਖੇ ਦੀਵਾਨ ਟੋਡਰ ਮੱਲ ਦੀਵਾਨ ਹਾਲ ਬਣਿਆ ਹੋਇਆ ਹੈ। ਗੁਰਦੁਆਰਾ ਫਤਹਿਗੜ੍ਹ ਸਾਹਿਬ ਅਤੇ ਗੁਰਦੁਆਰਾ ਜੋਤੀ ਸਰੂਪ ਵਿਚਲੀ ਸੜਕ ਦਾ ਨਾਮ ਦੀਵਾਨ ਟੋਡਰ ਮੱਲ ਮਾਰਗ ਹੈ। ਜੀ.ਟੀ. ਰੋਡ ਤੋਂ ਸਰਹਿੰਦ ਨੂੰ ਆਉਣ ਵਾਲੀ ਸੜਕ 'ਤੇ ਸ਼ਾਨਦਾਰ 'ਦੀਵਾਨ ਟੋਡਰ ਮੱਲ ਸਵਾਗਤੀ ਦੁਆਰ' ਵੀ ਉਸਾਰਿਆ ਗਿਆ ਹੈ। ਇਹ ਜ਼ਰੂਰੀ ਹੈ ਕਿ ਇਤਿਹਾਸਕਾਰ ਦੀਵਾਨ ਟੋਡਰ ਮੱਲ ਵਰਗੀ ਮਹਾਨ ਸ਼ਖ਼ਸੀਅਤ ਦੇ ਵਾਰਸਾਂ ਬਾਰੇ ਖੋਜ ਕਰ ਕੇ ਉਨ੍ਹਾਂ ਨੂੰ ਦੁਨੀਆਂ ਸਾਹਮਣੇ ਲਿਆਉਣ।

---

## ਸ਼ਹੀਦੀ ਦਿਹਾੜੇ ਨੂੰ ਸਮਰਪਿਤ

### ਵੱਡੇ ਜੇਰੇ ਵਾਲੀ ਮਾਂ

ਜਦੋਂ ਚੁੱਕਦਾ ਹਾਂ
ਮੇਰੇ ਗੁਰਾ ਕਲਮ ਰੋਂਦੀ ਹੈ।
ਕੋਰੇ ਕਾਗਜ਼ 'ਤੇ ਹੰਝੂਆਂ ਦੇ
ਹਾਰ ਪਰੋਂਦੀ ਹੈ।

ਯਾਦ ਆਉਂਦੀ ਹੈ ਚਮਕੌਰ ਦੀ ਕੱਚੀ ਗੜ੍ਹੀ,
ਤਾਂ ਦਿਸਦੇ ਨੇ ਜੂਝਦੇ ਦੋ ਅੱਲ੍ਹੜ ਗਭਰੂਟ।

ਜਾਂ ਸੁਣੀਂਦੇ ਸਰਹਿੰਦ ਦੀਆਂ
ਕੰਧਾਂ 'ਚੋਂ ਜੈਕਾਰੇ,
ਹਿੰਦ ਦੀ ਚਾਦਰ ਦੇ
ਪੋਤਿਆਂ ਨੂੰ ਪੈਂਦੇ ਸਲੂਟ।

ਪ੍ਰਣਾਮ ਉਸ ਰੂਹ ਨੂੰ
ਜਿਨ੍ਹੇ ਪਤੀ ਤੋਰਿਆ ਦਿੱਲੀ,
ਜ਼ਾਲਮ ਮੁਗਲਾਂ ਦੀ,
ਪੋਤਿਆਂ ਨੇ ਉਡਾਈ ਖਿੱਲੀ।

ਆਖਰ ਉਹ ਵੀ ਇੱਕ ਮਾਂ ਸੀ
ਤੇ ਦਾਦੀ ਵੀ ਸੀ,
ਵਾਰ ਕੇ ਸਰਬੰਸ,
ਰੂਹ ਜਾ ਸ਼ਹੀਦਾਂ ਨੂੰ ਮਿਲੀ।

**"ਨੂਰਪੁਰੀ"**

---

### ਲਾਸਾਨੀ ਕੁਰਬਾਨੀ

ਯਾਦ ਕਰੋ ਮਾਸੂਮਾਂ ਦੀ ਉਸ,
ਲਾਸਾਨੀ ਕੁਰਬਾਨੀ ਨੂੰ।
ਕੌਮ ਦੀ ਖਾਤਰ ਵਾਰ ਗਏ ਜੋ,
ਬਹੁਮੁੱਲੀ ਜ਼ਿੰਦਗਾਨੀ ਨੂੰ।
ਨੌਂ ਵਰ੍ਹਿਆਂ ਦਾ ਜ਼ੋਰਾਵਰ ਸਿੰਘ,
ਫ਼ਤਹਿ ਸਿੰਘ ਸੱਤ ਸਾਲਾਂ ਦਾ।

ਕਿਵੇਂ ਭੁਲਾਈਏ ਅਸੀਂ ਦਿਲਾਂ 'ਚੋਂ,
ਧਰਮ ਸ਼ਹੀਦੀ ਲਾਲਾਂ ਦਾ।
ਮੁਗ਼ਲ ਬੀਜ ਦਾ ਬੂਟਾ ਪੁੱਟਿਆ,
ਤੋੜ ਕੇ ਜਿੰਦ ਦੀ ਗਾਨੀ ਨੂੰ॥
ਯਾਦ ਕਰੋ ਮਾਸੂਮਾਂ ਦੀ ਉਸ...।

ਗੰਗੂ ਬਾਹਮਣ ਪਾਪ ਕਮਾਇਆ,
ਲੋਭ ਲਾਲਚ ਦੇ ਵੱਸ ਪਿਆ।
ਕੀਤੀ ਸੇਵਾ ਗੁਰੂ-ਘਰ ਦੀ ਜੋ,
ਸਭ ਕੁਝ ਅੰਦਰੋਂ ਨੱਸ ਗਿਆ।
ਲੋਭੀ ਬੰਦਾ ਕਦੇ ਨਾ ਸੋਚੇ,
ਆਪਣੇ ਲਾਭ ਜਾਂ ਹਾਨੀ ਨੂੰ॥
ਯਾਦ ਕਰੋ ਮਾਸੂਮਾਂ ਦੀ ਉਸ...।

ਮਾਂ ਗੁਜਰੀ ਤੇ ਛੋਟੇ ਬੱਚੇ,
ਠੰਢੇ ਬੁਰਜ 'ਚ ਬੰਦ ਰਹੇ।
ਪੋਹ ਦੇ ਉਸ ਭਿਆਨਕ ਸਾਕੇ,
ਨੂੰ ਅੱਜ ਤੱਕ ਸਰਹਿੰਦ ਕਹੇ।
ਬੁੱਢੇ ਹੱਡਾਂ ਨਾਲ ਰੋਕੇ ਦਾਦੀ,
ਪੈਂਦੀ ਠੰਢ ਤੂਫਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...।

ਨੀਂਹਾਂ ਦੇ ਵਿਚ ਚਿਣੇ ਗਏ ਪਰ,
ਸਿੱਖੀ ਮਹਿਲ ਉਸਾਰ ਗਏ।
ਦਸਮ ਪਿਤਾ ਜੀ ਦੇਸ਼-ਧਰਮ ਤੋਂ,
ਆਪਣੇ ਬੇਟੇ ਵਾਰ ਗਏ।

ਲੱਖ-ਲੱਖ ਹੈ ਪ੍ਰਣਾਮ ਅਸਾਡਾ,
ਮਹਾਂਬਲੀ ਸੈਨਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...।
ਧੌਣ ਨਾ ਮੂਲ ਝੁਕਾਈ ਐਪਰ,
ਨੋਕ ਵਿਖਾਈ ਜੁੱਤੀ ਦੀ।
ਫਤਹਿ ਗਜਾਈ ਵਿਚ ਕਚਹਿਰੀ,
ਜਾਗੀ ਦੁਨੀਆ ਸੁੱਤੀ ਜੀ।
ਸੂਬੇ, ਕਾਜ਼ੀ ਵਰਗਿਆਂ ਦੀ ਇੰਜ,
ਤੋੜ ਦਿੱਤਾ ਅਭਿਮਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ...।

ਵਿਸ਼ਵ 'ਚ ਅੱਜ ਤੱਕ ਕਦੇ ਨਾ ਹੋਇਆ,
ਫੇਰ ਕਦੇ ਨਾ ਹੋਵੇਗਾ।
ਨਿੱਕੀਆਂ ਜਿੰਦਾਂ ਦਾ ਕੌਤਕ ਸੁਣ,
'ਰੂਹੀ' ਦਾ ਮਨ ਰੋਵੇਗਾ।

ਸਿੰਘੋ! ਵਿਰਸੇ ਨੂੰ ਸੰਭਾਲੋ,
ਨਾ ਰੋਲੋ ਬਲੀਦਾਨੀ ਨੂੰ।
ਯਾਦ ਕਰੋ ਮਾਸੂਮਾਂ ਦੀ ਉਸ,
ਲਾਸਾਨੀ ਕੁਰਬਾਨੀ ਨੂੰ।

**-ਪ੍ਰੋ. ਨਵ ਸੰਗੀਤ ਸਿੰਘ**

---

### ਪੋਹ ਦਾ ਮਹੀਨਾ

ਪੋਹ ਦਾ ਮਹੀਨਾ,
ਹਵਾ ਠੰਢੀ ਸੀਨਾ ਠਾਰਦੀ,
ਮਾਤਾ ਬੈਠੀ ਪੋਤਿਆਂ ਨੂੰ,
ਪਿਆਰ ਨਾਲ ਦੁਲਾਰਦੀ।

ਲੋਹੜਿਆਂ ਦੀ ਠੰਢ,
ਹੱਥ-ਪੈਰ ਸੀਨਾ ਠਾਰਦੀ,
ਵਿਛੋੜਿਆਂ ਦੀ ਘੜੀ ਦੱਸਾਂ,
ਗੁਰੂ ਪਰਿਵਾਰ ਦੀ।

ਖੇਰੂੰ-ਖੇਰੂੰ ਹੋਈ ਲੜੀ,
ਹੀਰਿਆਂ ਦੇ ਹਾਰ ਦੀ,
ਬਣੀ ਇਤਿਹਾਸ ਘੜੀ,
ਸਰਸਾ ਤੋਂ ਪਾਰ ਦੀ।

ਲੋਹੜਿਆਂ ਦਾ ਮੀਂਹ ਨਦੀ,
ਪਈ ਠਾਠਾਂ ਮਾਰਦੀ,
ਪੁੱਤਰਾਂ ਦੀ ਜੋੜੀ,
ਗੁੰਮੀ ਦਸਮ ਦਾਤਾਰ ਦੀ।

ਦਾਦੀ ਪੋਤਿਆਂ 'ਤੇ ਠੰਢ, ਕਹਿਰ ਗੁਜ਼ਾਰਦੀ,
ਗੰਗੂ ਘਰ ਪਹੁੰਚੀ ਮਾਤਾ,
ਦਸਮ ਦਾਤਾਰ ਦੀ।
ਮੋਹਰਾਂ, ਪੈਸੇ ਵੇਖ, ਡੋਲੀ,
ਨੀਅਤ ਗ਼ਦਾਰ ਦੀ,
ਮੁਗਲਾਂ ਹਵਾਲੇ ਕੀਤੀ,
ਜੋੜੀ ਦਸਮ ਦਾਤਾਰ ਦੀ।

ਵੇਖੋ ਕਰਤੂਤ ਕੈਸੀ, ਨਮਕ ਹਰਾਮ ਦੀ,
ਬੁਰਜ ਠੰਢੇ 'ਚ ਤਾੜੀ, ਜੋੜੀ ਦਾਤਾਰ ਦੀ।

ਸਿਦਕੋਂ ਡੁਲਾਵੇ ਲੱਗੀ,
ਕਚਹਿਰੀ ਸਰਕਾਰ ਦੀ,
ਇੱਕ-ਇੱਕ ਗੱਲ ਕਹੀ,
ਬੱਚਿਆਂ ਦੀ ਸੀਨਾ ਠਾਰਦੀ।
ਪੇਸ਼ ਨਾ ਕੋਈ ਚੱਲੀ,
ਜਦੋਂ ਸੂਬਾ ਸਰਕਾਰ ਦੀ,
ਕਹਿੰਦੇ! ਨੀਹਾਂ ਵਿਚ ਚਿਣੋ,
ਇਹ ਜੋੜੀ ਦਾਤਾਰ ਦੀ।

ਦੁੱਧ ਵਾਲੀ ਸੇਵਾ ਵੱਡੀ,
ਮਹਿਰਾ ਪਰਿਵਾਰ ਦੀ,
ਸ਼ਹਾਦਤਾਂ ਲਈ ਤੋਰੀ ਮਾਂ ਨੇ,
ਜੋੜੀ ਦਾਤਾਰ ਦੀ।

ਜਾਂਦੀ ਵਾਰੀ ਗਲ ਲਾਈ,
ਮਾਂ ਨੇ ਜੋੜੀ ਦਾਤਾਰ ਦੀ,
ਨੀਹਾਂ ਚ ਨਾ ਖੜ੍ਹ ਡੋਲੀ,
ਜੋੜੀ ਦਾਤਾਰ ਦੀ।

ਜੈਕਾਰਿਆਂ ਦੇ ਨਾਲ ਗੂੰਜੀ,
ਜਗ੍ਹਾ ਸੱਚ-ਖੰਡ ਦਰਬਾਰ ਦੀ,
ਸੱਚ ਖੰਡ ਪਹੁੰਚੀ ਰੂਹ,
ਜੋਰਾਵਰ ਤੇ ਫਤਿਹ ਸਿੰਘ ਸਰਦਾਰ ਦੀ।

ਬੰਦਗੀ 'ਚ ਬੈਠੀ ਮਾਂ ਵੀ,
ਸਵਰਗ ਸਿਧਾਰ ਗਈ,
ਅਰਥਾਂ 'ਚ ਜਗ੍ਹਾ ਵਿਕੀ,
ਬੱਚਿਆਂ ਦੇ ਸੰਸਕਾਰ ਦੀ।

ਸੇਵਾ ਵਿਚੋਂ ਸੇਵਾ ਵੱਡੀ,
ਟੋਡਰ ਪਰਿਵਾਰ ਦੀ।
'ਸੰਦੀਪ' ਗਾਵੇ ਗਾਥਾ ਅੱਜ,
ਦਸਮ ਪਰਿਵਾਰ ਦੀ।

ਪੋਹ ਦਾ ਮਹੀਨਾ,
ਠੰਢ ਸੀਨਿਆਂ ਨੂੰ ਠਾਰਦੀ,
ਮਾਤਾ ਬੈਠੀ ਪੋਤਿਆਂ ਨੂੰ,
ਪਿਆਰ ਨਾਲ ਦੁਲਾਰਦੀ।

**-ਸੰਦੀਪ ਸਿੰਘ 'ਬਖੋਪੀਰ'**
**ਫੋਨ: 98153-21017**

# ਸੂਬਿਆਂ ਦੀ ਤਰੱਕੀ ਲਈ ਕੇਂਦਰ ਰਾਜ ਸਬੰਧਾਂ ਦੀ ਨਜ਼ਰਸਾਨੀ ਜ਼ਰੂਰੀ

ਭਾਜਪਾ ਦੀ ਕੇਂਦਰੀ ਸਰਕਾਰ ਜੰਮੂ ਕਸ਼ਮੀਰ ਨੂੰ ਸੰਵਿਧਾਨ ਦੀ ਧਾਰਾ 370 ਅਧੀਨ ਮਿਲੀ ਖ਼ੁਦਮੁਖਤਿਆਰੀ ਨੂੰ ਖਤਮ ਕਰਨ ਵਿਚ ਸਫਲਤਾ ਹਾਸਲ ਕਰ ਕੇ ਹੌਲੀ ਹੌਲੀ ਦੂਜੇ ਸੂਬਿਆਂ ਖਾਸ ਕਰਕੇ ਪੰਜਾਬ ਦੇ ਰੱਟੇ ਵਾਲੇ ਮੁੱਦਿਆਂ ਵਿਚ ਦਖਲਅੰਦਾਜ਼ੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਨ੍ਹਾਂ ਮੁੱਦਿਆਂ ਵਿਚੋਂ ਪੰਜਾਬ ਯੂਨੀਵਰਸਿਟੀ ਉਪਰ ਸਿੱਧਾ ਕੰਟਰੋਲ ਕਰਨ, ਤਸਕਰੀ ਰੋਕਣ ਦੀ ਆੜ ਹੇਠਾਂ ਬੀਐਸਐਫ ਦੇ ਘੇਰੇ ਨੂੰ ਪੰਜਾਬ ਅੰਦਰ ਹੀ

**ਕਰਮ ਬਰਸਟ**

ਪੰਜਾਹ ਕਿਲੋਮੀਟਰ ਤਕ ਫੈਲਾਉਣ, ਚੰਡੀਗੜ੍ਹ ਦੇ ਮੁਲਾਜ਼ਮਾਂ ਉਪਰ ਪੰਜਾਬ ਦੇ ਨਿਯਮਾਂ ਦੀ ਬਜਾਏ ਕੇਂਦਰ ਸਰਕਾਰ ਦੇ ਨਿਯਮ ਲਾਗੂ ਕਰਨ, ਭਾਖੜਾ ਬਿਆਸ ਪ੍ਰਬੰਧਕ ਬੋਰਡ ਦੇ ਉਚ ਅਧਿਕਾਰੀਆਂ ਦੀ ਨਿਯੁਕਤੀ ਦੇ ਨਿਯਮ ਤਬਦੀਲ ਕਰਨ, ਚੰਡੀਗੜ੍ਹ ਪ੍ਰਸ਼ਾਸਨ ਵਿਚੋਂ ਪੰਜਾਬ ਦੇ ਮੁਲਾਜ਼ਮਾਂ ਦੀ ਗਿਣਤੀ ਘਟਾਉਣ, ਹਰਿਆਣੇ ਅੰਦਰ ਕਿਸੇ ਕੇਂਦਰੀ ਸਥਾਨ ਉਪਰ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਤਾਮੀਰ ਕਰਨ ਦੀ ਬਜਾਏ ਚੰਡੀਗੜ੍ਹ ਵਿਖੇ ਹੀ ਰੱਖਣ ਅਤੇ ਰਾਜੀਵ ਲੌਂਗੋਵਾਲ ਸਮਝੌਤੇ ਦੀਆਂ ਸਾਰੀਆਂ ਮੰਗਾਂ ਨੂੰ ਇਕਮੁਸ਼ਤ ਲਾਗੂ ਕਰਨ ਦੀ ਬਜਾਏ ਸਿਰਫ ਸਤਲੁਜ-ਯਮਨਾ ਲਿੰਕ ਨਹਿਰ ਨੂੰ ਪੂਰਾ ਕਰਨ ਲਈ ਦਬਾਅ ਪਾ ਕੇ ਰੱਖਣ ਦੀਆਂ ਕੋਸ਼ਿਸ਼ਾਂ ਅਤੇ ਨੀਤੀਆਂ ਨਾਲ ਪੰਜਾਬ ਦੀ ਜਨਤਕ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੋਇਆ ਹੈ। ਕੇਂਦਰ ਸਰਕਾਰ ਦੀਆਂ ਇਹ ਸਾਰੀਆਂ ਕੋਸ਼ਿਸ਼ਾਂ ਦੇਸ ਦੇ ਸੰਘੀ ਢਾਂਚੇ ਨੂੰ ਖੋਰਾ ਲਾਉਣ ਵਾਲੀਆਂ ਤਾਂ ਹਨ ਹੀ ਸਗੋਂ ਪੰਜਾਬ ਅੰਦਰ ਦਹਾਕਿਆਂ ਤੋਂ ਪਲ ਰਹੀ ਬੇਗਾਨਗੀ ਦੀ ਭਾਵਨਾ ਨੂੰ ਹੋਰ ਉਗਾਸਾ ਦੇਣ ਵਾਲੀਆਂ ਹਨ।

ਪੰਜਾਬ ਦੀ ਜਨਤਾ ਵਿਚ ਪਸਰੀ ਇਸ ਧਾਰਨਾ ਕਿ ਕੇਂਦਰ ਪੰਜਾਬ ਨਾਲ ਵਿਤਕਰਾ ਕਰ ਰਿਹਾ ਹੈ ਅਤੇ ਪੰਜਾਬ ਨੂੰ 'ਭਿਖਾਰੀ' ਬਣਾ ਕੇ ਰੱਖਿਆ ਜਾ ਰਿਹਾ ਹੈ, ਵਿਚ ਕਾਫੀ ਵਜ਼ਨ ਹੈ। ਪਰੰਤੂ ਗੱਲ ਇਕੱਲੇ ਪੰਜਾਬ ਦੀ ਨਹੀਂ ਹੈ, ਸਾਰੀਆਂ ਹੀ ਕੇਂਦਰੀ ਸਰਕਾਰਾਂ ਭਾਵੇਂ ਕਿਸੇ ਵੀ ਸਰਕਾਰ ਜਾਂ ਮੋਰਚੇ ਦੀਆਂ ਰਹੀਆਂ ਹੋਣ, ਸੂਬਿਆਂ ਨਾਲ ਵਿਤਕਰਾ ਕਰਦੀਆਂ ਰਹੀਆਂ ਹਨ। ਅਸਲ ਵਿਚ ਇਹ ਭਾਰਤ ਦੀ ਸੰਵਿਧਾਨਕ ਪ੍ਰਣਾਲੀ ਕਾਰਨ ਪਾਸਕੂ ਹਮੇਸ਼ਾ ਹੀ ਕੇਂਦਰ ਦੇ ਹੱਥ ਵਿਚ ਰਹਿੰਦਾ ਹੈ। ਭਾਰਤ ਦਾ ਸੰਵਿਧਾਨ ਅੰਗਰੇਜ਼ਾਂ ਵਲੋਂ ਪਾਸ ਕੀਤੇ 1935 ਦੇ ਐਕਟ ਦਾ ਹੀ ਸੋਧਿਆ ਹੋਇਆ ਰੂਪ ਹੈ। 1947 ਦੀ ਸੱਤਾ ਬਦਲੀ ਨਾਲ, ਦੇਸ਼ ਦੀ ਵੰਡ ਹੋਣ ਨਾਲ ਸ਼ਰਨਾਰਥੀਆਂ ਨੂੰ ਮੁੜ ਵਸਾਉਣ, ਰਜਵਾੜਾਸ਼ਾਹੀ ਰਿਆਸਤਾਂ ਨੂੰ ਕਾਬੂ ਹੇਠਾਂ ਰੱਖਣ, ਦੇਸ਼ ਦੀ ਸਰਮਾਏਦਾਰੀ ਦੇ ਵਿਕਾਸ ਲਈ ਆਧਾਰ ਢਾਂਚਾ ਖੜਾ ਕਰਨ ਆਦਿ ਦੇ ਬਹਾਨੇ ਹੇਠ ਮਜ਼ਬੂਤ ਕੇਂਦਰ ਦੀ ਵਕਾਲਤ ਕੀਤੀ ਗਈ। ਸਮਵਰਤੀ ਸੂਚੀ ਵਿਚ ਰੱਖੇ 66 ਵਿਸ਼ਿਆਂ ਸਮੇਤ ਕੇਂਦਰ ਨੇ ਆਪਣੇ ਕੋਲ ਸਭ ਤੋਂ ਅਹਿਮ 97 ਵਿਸ਼ੇ ਰੱਖ ਕੇ, ਸੂਬਿਆਂ ਨੂੰ ਸਿਰਫ਼ 47 ਵਿਸ਼ੇ ਸੌਂਪ ਕੇ, ਸਾਰੀ ਸੱਤਾ ਨੂੰ ਜੱਫਾ ਮਾਰ ਲਿਆ। ਇਸ ਹਾਲਤ ਵਿਚ ਸੂਬਿਆਂ ਨੂੰ ਲਾਜ਼ਮੀ ਹੀ, ਸਮੱਸਿਆਵਾਂ ਆਉਣੀਆਂ ਸਨ। ਸੰਨ 1967 ਤਕ ਕਿਉਂਕਿ ਕੇਂਦਰ ਅਤੇ ਸੂਬਿਆਂ ਵਿਚ ਕਾਂਗਰਸ ਪਾਰਟੀ ਹੀ ਰਾਜ ਕਰਦੀ ਸੀ, ਇਸ ਲਈ ਕਸ਼ਮੀਰ ਅਤੇ ਕੇਰਲ ਨੂੰ ਛੱਡ ਕੇ, ਕੋਈ ਵੱਡੀ ਸਮੱਸਿਆ ਨਹੀਂ ਆਈ।

1960ਵਿਆਂ ਦੇ ਦੂਸਰੇ ਅੱਧ ਵਿਚ ਖੇਤਰੀ ਪਾਰਟੀਆਂ ਦੇ ਰਾਜਨੀਤਕ ਉਭਾਰ ਨਾਲ, ਰਾਜਾਂ ਲਈ ਖ਼ੁਦਮੁਖਤਾਰੀ ਦੀ ਲਹਿਰ ਨੂੰ ਕਈ ਉਤਰਾਅ-ਚੜ੍ਹਾਅ ਦੇਖਣੇ ਪਏ ਹਨ। ਪੰਜਾਬ, ਜੰਮੂ ਕਸ਼ਮੀਰ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਉਨ੍ਹਾਂ ਸੂਬਿਆਂ ਵਿਚੋਂ ਮੋਹਰੀ ਰਹੇ ਹਨ, ਜਿਨ੍ਹਾਂ ਨੇ ਰਾਜਾਂ ਲਈ ਖ਼ੁਦਮੁਖਤਾਰੀ ਜਾਂ ਵਧੇਰੇ ਅਧਿਕਾਰਾਂ ਲਈ ਵੱਡੇ ਜਾਂ ਛੋਟੇ ਸੰਘਰਸ਼ ਕੀਤੇ ਹਨ। ਕਸ਼ਮੀਰ ਵਾਦੀ ਵਾਂਗ ਹੀ, ਤਾਮਿਲਨਾਡੂ ਵਿਚ ਤਾਂ ਇਕ ਸਮੇਂ ਤੱਕ ਦੇਸ਼ ਨਾਲੋਂ ਵੱਖਰੇ ਹੋਣ ਦੀ ਮੰਗ ਕਾਫੀ ਜ਼ੋਰਦਾਰ ਰਹੀ ਜੈ। ਭਾਵੇਂ ਅਕਾਲੀ ਦਲ ਇਸ ਮੰਗ ਨੂੰ ਉਠਾਉਣ ਵਾਲਿਆਂ ਵਿਚੋਂ ਮੋਹਰੀ ਰਿਹਾ ਹੈ, ਲੇਕਿਨ ਉਹ "ਵੱਖਰੇ ਸਿੱਖ ਰਾਜ" ਅਤੇ "ਹੋਮਲੈਂਡ" ਵਰਗੇ ਅਮੂਰਤ ਸੰਕਲਪਾਂ ਵਿਚ ਭਟਕਦਾ ਰਿਹਾ। ਇਸ ਮੰਗ ਨੂੰ ਠੋਸ ਰੂਪ ਦੇਣ ਦਾ ਸਿਹਰਾ ਡੀ. ਐਮ. ਕੇ. ਨੂੰ ਜਾਂਦਾ ਹੈ। ਇਸਨੇ ਸਤੰਬਰ 1969 ਵਿਚ, ਰਾਜਾਮੱਨਾਰ ਕਮੇਟੀ ਦਾ ਗਠਨ ਕੀਤਾ, ਜਿਸਨੇ ਕੇਂਦਰ ਰਾਜ ਸਬੰਧਾਂ ਨੂੰ ਮੁੜ ਢਾਲਣ ਲਈ ਤਿੱਖੀਆਂ ਸੋਧਾਂ ਦੀ ਸਿਫ਼ਾਰਸ਼ ਕੀਤੀ। ਇਹ ਸਿਫ਼ਾਰਸ਼ਾਂ ਰਾਜਾਂ ਨੂੰ ਵੱਡੀ ਮਾਤਰਾ ਵਿਚ ਪ੍ਰਬੰਧਕੀ ਅਤੇ ਵਿੱਤੀ ਆਜ਼ਾਦੀ ਦੀ ਜ਼ਾਮਨੀ ਦਿਵਾਉਣ ਵਾਲੀਆਂ ਸਨ।

ਬਾਕੀ ਸੂਬਿਆਂ ਵਾਂਗ, ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਉਠਾਈ, ਭਾਵੇਂ ਕਿ ਉਨ੍ਹਾਂ ਦਾ ਮੰਤਵ ਇਕ ਅਜਿਹਾ ਸੂਬਾ ਪ੍ਰਾਪਤ ਕਰਨ ਦਾ ਸੀ, ਜਿਸ ਵਿਚ ਸਿੱਖ ਅਬਾਦੀ ਦੀ ਬਹੁਗਿਣਤੀ ਹੋਵੇ, ਕਿਉਂਕਿ ਅਕਾਲੀ ਦਲ ਸਿੱਖਾਂ ਦੀ ਇਕੋ ਇਕ ਵਾਹਦ ਜਥੇਬੰਦੀ ਹੋਣ ਦਾ ਦਾਅਵਾ ਵੀ ਕਰਦਾ ਸੀ। ਪੰਜਾਬ ਦੀ ਸਮੱਸਿਆ ਕਾਫੀ ਪੇਚੀਦਾ ਬਣੀ ਹੋਈ ਸੀ। 1947 ਦੀ ਵੰਡ ਦੇ ਜ਼ਖ਼ਮ ਅਜੇ ਹਰੇ ਸਨ। ਭਾਸ਼ਾ ਦੇ ਆਧਾਰ 'ਤੇ ਪੰਜਾਬ ਦੀ ਅਗਲੇਰੀ ਵੰਡ ਨੂੰ ਕਿਸੇ "ਸਿੱਖ ਹੋਮਲੈਂਡ", "ਵਫਰ ਸਟੇਟ," "ਸਿੱਖਾਂ ਲਈ ਖ਼ੁਦਮੁਖਤਾਰ ਖਿੱਤੇ" ਅਤੇ "ਖਾਲਿਸਤਾਨ" ਦੀ ਨਵੀਂ ਮੰਗ ਵਜੋਂ ਲਿਆ ਗਿਆ। ਚੂੰਕਿ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੀ "ਦੋ ਕੌਮਾਂ ਦੇ ਬਦਨਾਮ ਸਿਧਾਂਤ" ਉਪਰ ਹੋਈ ਸੀ, ਇਸ ਲਈ ਕੇਂਦਰੀ ਹਾਕਮਾਂ ਨੂੰ ਖ਼ਤਰਾ ਸੀ ਕਿ ਪੰਜਾਬੀ ਸੂਬੇ ਦੀ ਮੰਗ ਕਿਸੇ ਪੜਾਅ 'ਤੇ ਜਾ ਕੇ ਵੱਖਰੇ 'ਸਿੱਖ ਰਾਜ' ਦੀ ਮੰਗ ਵਿਚ ਵੀ ਪਲਟ ਸਕਦੀ ਹੈ, ਅਤੇ ਅਜਿਹਾ ਹੋਇਆ ਵੀ।

ਖ਼ੈਰ ਅਕਾਲੀ ਆਗੂਆਂ ਦਾ ਮਨਸ਼ਾ ਕੁਝ ਵੀ ਰਿਹਾ ਹੋਵੇ, ਲੇਕਿਨ ਬੋਲੀ ਦੇ ਆਧਾਰ 'ਤੇ ਵੱਖਰਾ ਸੂਬਾ ਬਣਾਉਣ ਦੀ ਮੰਗ ਬਿਲਕੁਲ ਹੀ ਵਾਜ਼ਬ ਅਤੇ ਜਮਹੂਰੀ ਸੀ। ਪੈਪਸੂ ਦੇ ਪੰਜਾਬ ਵਿਚ ਰਲੇਵੇਂ ਨਾਲ ਪੰਜਾਬ ਦਾ ਕੱਦਕਾਠ ਵੀ ਵੱਡਾ ਹੋ ਗਿਆ ਸੀ। ਰਿਆਸਤਾਂ ਦੇ ਭੰਗ ਹੋਣ ਨਾਲ ਅਤੇ ਜ਼ਮੀਨ ਵੰਡ ਲਈ ਚੱਲੇ ਘੋਲਾਂ ਦੀ ਬਦੌਲਤ ਰਾਜਿਆਂ ਅਤੇ ਮੁਜਾਰਿਆਂ ਵਿਚਲੀ ਕੜੀ ਅਰਥਾਤ ਜਗੀਰੂ ਵਿਚੋਲਾ ਪ੍ਰਬੰਧ ਖਤਮ ਹੋ ਗਿਆ ਸੀ। ਭਾਰਤ ਦੀਆਂ ਕਈ ਪਾਕੇਟਾਂ ਖਾਸ ਕਰਕੇ ਪੰਜਾਬ ਦੇ ਜ਼ਰਈ ਖੇਤਰ ਅੰਦਰ ਨਵੀਆਂ, ਜ਼ਮੀਨ ਮਾਲਕ ਸ਼੍ਰੇਣੀਆਂ ਹੋਂਦ ਵਿਚ ਆ ਗਈਆਂ ਸਨ। ਉਨ੍ਹਾਂ ਨੂੰ ਆਪਣੇ ਵਧਾਰੇ ਅਤੇ ਪਸਾਰੇ ਲਈ ਅਜਿਹਾ ਸਿਆਸੀ ਮਾਹੌਲ ਚਾਹੀਦਾ ਸੀ, ਜਿਹੜਾ ਕੇਂਦਰ ਦੀ ਗ਼ਲ ਘੁੱਟਣ ਤੋਂ ਮੁਕਤ ਹੋਵੇ। ਰਾਜਨੀਤਕ ਤੌਰ 'ਤੇ, ਪੇਂਡੂ ਧਨਾਢਾਂ ਨੇ, ਮੋਹਰੀ ਸਿੱਖ ਸੰਸਥਾਵਾਂ ਉਪਰ ਕਬਜ਼ਾ ਜਮਾ ਲਿਆ। ਇਸ ਤਰ੍ਹਾਂ ਵੱਖ ਵੱਖ ਮੁਫਾਦਾਂ ਵਾਲੀਆਂ ਸਿੱਖ ਸ਼ਕਤੀਆਂ ਦੇ ਇਕ ਮੰਚ 'ਤੇ ਇਕੱਠੇ ਹੋ ਜਾਣ ਨਾਲ ਭਾਸ਼ਾਈ ਆਧਾਰ 'ਤੇ ਵੱਖਰੇ ਰਾਜ ਦੀ ਕਾਇਮੀ ਦੇ ਸੰਘਰਸ਼ ਨੂੰ ਬਲ ਮਿਲਣ ਨਾਲ 1966 ਵਿਚ ਪੰਜਾਬੀ ਸੂਬਾ ਬਣ ਸਕਿਆ। ਫਿਰ ਵੀ ਕੇਂਦਰੀ ਰਿਆਸਤ ਨੇ ਇਸਦੀ ਸ਼ਕਲ ਵਿਗਾੜ ਦਿੱਤੀ। ਅਹਿਮ ਮਸਲਿਆਂ ਦਾ ਹੱਲ ਹੀ ਨਹੀਂ ਕੀਤਾ ਗਿਆ। ਸਿੱਖਾਂ ਅੰਦਰ ਇਹ ਅਹਿਸਾਸ ਫੈਲਣਾ ਸੁਭਾਵਿਕ ਸੀ ਕਿ ਉਨ੍ਹਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਦੇਸ਼ ਦੇ ਬਾਕੀ ਸੂਬਿਆਂ ਵਾਂਗ ਹੀ ਪੰਜਾਬ ਵਿਚ ਵੀ ਪਹਿਲੀ ਵਾਰ ਕਾਂਗਰਸ ਪਾਰਟੀ ਦਾ ਬਿਸਤਰਾ ਗੋਲ ਹੋ ਗਿਆ। ਨਵੇਂ ਪੰਜਾਬ ਅੰਦਰ ਮਾਰਚ 1967 ਵਿਚ ਹੋਈ ਪਹਿਲੀ ਅਸੈਂਬਲੀ ਚੋਣ ਅਕਾਲੀ, ਜਨਸੰਘ ਅਤੇ ਸੀ.ਪੀ.ਆਈ. ਦੇ ਸਾਂਝੇ ਗੱਠਜੋੜ ਨੇ ਜਿੱਤ ਲਈ ਅਤੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿਚ ਪਹਿਲੀ ਅਕਾਲੀ ਸਰਕਾਰ ਹੋਂਦ ਵਿਚ ਆਈ ਪਰੰਤੂ ਕਰੀਬ ਨੌਂ ਮਹੀਨਿਆਂ ਬਾਅਦ ਹੀ, ਕਾਂਗਰਸ ਨੇ ਲਛਮਣ ਸਿੰਘ ਗਿੱਲ ਅਤੇ ਜਗਜੀਤ ਸਿੰਘ ਚੌਹਾਨ ਨੂੰ ਪਲੋਸਕੇ ਅਕਾਲੀ ਵਿਧਾਇਕ ਦਲ ਵਿਚ ਦੁਫ਼ੇੜ ਪੁਆ ਦਿੱਤੀ ਅਤੇ 25 ਨਵੰਬਰ 1967 ਨੂੰ ਕਾਂਗਰਸ ਦੀ ਹਮਾਇਤ ਨਾਲ ਲਛਮਣ ਸਿੰਘ ਗਿੱਲ ਦੀ ਸਰਕਾਰ ਬਣ ਗਈ, ਜਿਸਨੂੰ ਬਹੁਤੀ ਦੇਰ ਟਿਕਣ ਨਾ ਦਿੱਤਾ ਗਿਆ। ਪੰਜਾਬ ਅੰਦਰ ਫਰਵਰੀ 1969 ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ ਅਕਾਲੀ ਜਨਸੰਘ ਫੇਰ ਸੱਤਾ ਵਿਚ ਆ ਗਿਆ ਅਤੇ ਜਸਟਿਸ ਗੁਰਨਾਮ ਸਿੰਘ ਦੁਬਾਰਾ ਮੁੱਖ ਮੰਤਰੀ ਬਣ ਗਏ, ਲੇਕਿਨ ਤੇਰਾਂ ਮਹੀਨਿਆਂ ਬਾਅਦ ਹੀ, ਉਸਨੂੰ ਕੁਰਸੀ 'ਤੋਂ ਹੱਥ ਧੋਣੇ ਪਏ। ਇਸ ਵਜ਼ਾਰਤ ਦੇ ਭੰਗ ਹੋ ਜਾਣ ਪਿੱਛੋਂ, 27 ਮਾਰਚ 1970 ਨੂੰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਜਨਸੰਘ ਮੰਡਲੀ ਤਾਕਤ ਵਿਚ ਆ ਗਈ। ਪਰ ਇਹ ਕਾਂਗਰਸੀ ਚਾਲਾਂ ਮੂਹਰੇ ਮਸਾਂ ਇਕ ਸਾਲ ਹੀ ਕੱਟ ਸਕੀ ਅਤੇ 14 ਮਾਰਚ 1971 ਨੂੰ ਧਾਰਾ 356 ਹੇਠ ਇਸ ਨੂੰ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਫੇਰ ਮਾਰਚ 1972 ਵਿਚ ਹੋਈਆਂ ਛੇਵੀਂ ਵਿਧਾਨ ਸਭਾ ਦੀਆਂ ਚੋਣਾਂ ਵਿਚ, ਕਾਂਗਰਸ ਪਾਰਟੀ ਦੁਬਾਰਾ ਸੱਤਾ ਵਿਚ ਆ ਗਈ।

ਇਸ ਘਟਨਾਕ੍ਰਮ ਵਿਚੋਂ, ਅਕਾਲੀਆਂ ਨੂੰ ਤਿੱਖਾ ਅਹਿਸਾਸ ਹੋ ਗਿਆ ਸੀ ਕਿ ਉਹ ਸਰਬ ਸ਼ਕਤੀਮਾਨ ਕੇਂਦਰ ਦੀਆਂ ਕੁਟਲ ਚਾਲਾਂ ਮੂਹਰੇ, ਪੰਜਾਬ ਵਿਚ ਜਿੱਤ ਕੇ ਵੀ ਰਾਜ ਨਹੀਂ ਕਰ ਸਕਦੇ। ਰਾਜਾਂ ਨੂੰ ਵਧੇਰੇ ਅਧਿਕਾਰਾਂ ਦੀ ਜ਼ਾਮਨੀ ਹੋਣ ਨਾਲ ਹੀ ਖੇਤਰੀ ਪਾਰਟੀਆਂ ਸੱਤਾ ਵਿਚ ਰਹਿਣ ਦੀ ਆਸ ਰੱਖ ਸਕਦੀਆਂ ਸਨ। ਪੰਜਾਬ ਹੀ ਦੇਸ਼ ਦਾ ਇਕੋ ਇਕ ਅਜਿਹਾ ਅਭਾਗਾ ਸੂਬਾ ਹੈ, ਜਿਸ ਵਿਚ 1947 ਦੀ ਸੱਤਾਬਦਲੀ 'ਤੋਂ ਬਾਅਦ ਪੂਰੇ ਨੌਂ ਵਾਰੀ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਚੁੱਕਿਆ ਹੈ। ਅਕਾਲੀ ਦਲ ਨੇ ਅਕਤੂਬਰ 1973 ਵਿਚ ਆਨੰਦਪੁਰ ਸਾਹਿਬ ਦਾ ਮਤਾ ਲਿਆਂਦਾ। ਲੇਕਿਨ ਉਨ੍ਹਾਂ ਨੇ ਆਪਣੇ ਜਮਾਂਦਰੂ ਕਮਲਪੁਣੇ ਨਾਲ ਗਲਤੀ ਇਹ ਕੀਤੀ ਕਿ ਇਸਨੂੰ ਧਾਰਮਿਕ 'ਬਾਣਾ' ਪਹਿਨਾ ਦਿੱਤਾ। ਇਸ ਮਤੇ ਵਿਚ ਅਜਿਹੇ ਖ਼ੁਦਮੁਖ਼ਤਾਰ ਰਾਜ ਦੀ ਮੰਗ ਰੱਖ ਦਿੱਤੀ ਗਈ, ਜਿਸ ਵਿਚ 'ਖ਼ਾਲਸੇ ਜੀ ਕਾ ਬੋਲਬਾਲਾ ਹੋਵੇ।' ਨਾਲ ਹੀ ਇਹ ਮੰਗ ਵੀ ਕੱਢ ਮਾਰੀ ਕਿ "ਇਕ ਅਜਿਹਾ ਖਿੱਤਾ ਹੋਣਾ ਚਾਹੀਦਾ ਹੈ, ਜਿਸ ਵਿਚ ਸਿੱਖ ਆਪਣਾ ਸੰਵਿਧਾਨ ਖ਼ੁਦ ਘੜ ਸਕਣ।" ਇਸ ਖ਼ੁਦਮੁਖ਼ਤਾਰ ਰਾਜ ਕੋਲ ਵਿਦੇਸ਼ੀ ਮਾਮਲੇ, ਰੱਖਿਆ, ਕਰੰਸੀ ਅਤੇ ਦੂਰਸੰਚਾਰ ਛੱਡ ਕੇ ਬਾਕੀ ਸਾਰੇ ਅਧਿਕਾਰ ਹੋਣ। ਪਿੱਛੋਂ ਜਾ ਕੇ, ਅਕਤੂਬਰ 1978 ਵਿਚ ਲੁਧਿਆਣਾ ਵਿਖੇ ਹੋਈ ਅਕਾਲੀ ਕਨਵੈਨਸ਼ਨ ਵਿਚ ਇਸ ਮਤੇ ਵਿਚੋਂ ਖ਼ੁਦਮੁਖ਼ਤਾਰ ਰਾਜ ਅਤੇ ਵੱਖਰੇ ਸੰਵਿਧਾਨ ਵਾਲੀਆਂ ਸਤਰਾਂ ਕੱਢ ਦਿੱਤੀਆਂ ਗਈਆਂ, ਜਿਸ ਕਰਕੇ ਇਹ ਧਾਰਮਿਕ ਸ਼ਬਦਾਵਲੀ 'ਤੋਂ ਕਾਫ਼ੀ ਹੱਦ ਤੱਕ ਮੁਕਤ ਹੋ ਗਿਆ ਸੀ। ਧਾਰਾ 356 ਅਤੇ 365 ਨੂੰ ਸੰਵਿਧਾਨ ਵਿਚੋਂ ਖ਼ਾਰਜ ਕਰਨ ਦੀ ਮੰਗ ਬਿਲਕੁਲ ਹੀ ਜਾਇਜ਼ ਹੈ। ਆਨੰਦਪੁਰ ਸਾਹਿਬ ਦੇ ਮਤੇ ਦਾ ਸਿਆਸੀ ਤੱਤ ਸਾਰੇ ਸੂਬਿਆਂ ਖ਼ਾਸ ਕਰਕੇ ਪੰਜਾਬ ਨੂੰ ਵਧੇਰੇ ਅਧਿਕਾਰ ਦਿਵਾਉਣਾ ਹੀ ਸੀ। ਬਾਕੀ "ਸਿੱਖਾਂ ਦੇ ਬੋਲ ਬਾਲੇ" ਵਰਗੀਆਂ ਗੱਲਾਂ ਤਾਂ ਸਿੱਖ ਸੰਗਤ ਨੂੰ ਭਰਮਾਉਣ ਦੀ ਕਵਾਇਦ ਹੀ ਰਹੀਆਂ ਹਨ, ਜਿਨ੍ਹਾਂ ਬਾਰੇ ਅਕਾਲੀ ਦਲ ਦਾ ਕੋਈ ਵੀ ਧੜਾ ਕਦੇ ਵੀ ਸੰਜੀਦਾ ਨਹੀਂ ਰਿਹਾ।

ਧਰਮਯੁੱਧ ਮੋਰਚੇ ਦੇ ਹੁੰਗਾਰੇ ਵਜੋਂ ਇੰਦਰਾ ਗਾਂਧੀ ਵੱਲੋਂ ਮਾਰਚ 1983 ਵਿਚ ਕੇਂਦਰ ਰਾਜ ਸਬੰਧਾਂ ਦੀ ਨਜ਼ਰਸਾਨੀ ਲਈ ਬਣਾਏ ਸਰਕਾਰੀਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਕੋਈ ਠੋਸ ਸੁਝਾਅ ਨਹੀਂ ਦੇ ਸਕੀਆਂ। ਤੱਤ ਵਿਚ ਕਮਿਸ਼ਨ ਦੇ ਸੁਝਾਅ ਨਿਰੋਲ ਦਰਸ਼ਨੀ ਅਤੇ ਲੀਪਾਪੋਚੀ ਕਰਨ ਵਾਲੇ ਸਨ। ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਇਕੋ ਇਕ ਲਾਭ ਇਹ ਹੋਇਆ ਹੈ ਕਿ ਹੁਣ ਕੇਂਦਰੀ ਸਰਕਾਰ ਧਾਰਾ 356 ਦੀ ਬਹੁਤ ਹੀ ਸੰਕੋਚਵੀਂ ਵਰਤੋਂ ਕਰਨ ਲੱਗੀ ਹੈ। ਰਾਜਪਾਲਾਂ ਦੀ ਨਿਯੁਕਤੀ ਜਾਂ ਵਾਪਸ ਬੁਲਾਉਣਾ, ਕਿਸੇ ਸੂਬੇ ਵਿਚ ਕੇਂਦਰੀ ਬਲਾਂ ਦੀ ਤਾਇਨਾਤੀ, ਕੇਂਦਰੀ ਕਾਨੂੰਨਾਂ ਨੂੰ ਠੋਸਣਾ, ਟੈਕਸ ਪ੍ਰਣਾਲੀ, ਵਿੱਤੀ ਵਸੀਲਿਆਂ ਦੀ ਵੰਡ, ਕੇਂਦਰੀ ਪ੍ਰਾਜੈਕਟਾਂ ਦੀ ਅਲਾਟਮੈਂਟ, ਸੂਬਿਆਂ ਦੀਆਂ ਸਾਲਾਨਾ ਯੋਜਨਾਵਾਂ, ਕੇਂਦਰੀ ਸਕੀਮਾਂ ਲਈ ਗਰਾਂਟਾਂ ਜਾਰੀ ਕਰਨੀਆਂ, ਆਦਿ ਕਿੰਨੇ ਹੀ ਬੁਨਿਆਦੀ ਮਸਲੇ ਹਨ, ਜਿਹੜੇ ਨਜਿੱਠਣੇ ਬਣਦੇ ਹਨ। ਇਸ ਲਈ ਕੇਂਦਰ ਰਾਜ ਸਬੰਧਾਂ ਵਿਚ ਦੋਸਤਾਨਾ ਸੰਤੁਲਨ ਬਿਠਾਉਣ ਲਈ ਭਾਰਤ ਦਾ ਸੰਵਿਧਾਨ ਸੰਪੂਰਨ ਸਮੀਖਿਆ ਦੀ ਮੰਗ ਕਰਦਾ ਹੈ।

# ਚੰਡੀਗੜ੍ਹ ਦੀ ਰਚਨਾ ਸਿੰਘ ਦਾ ਕੈਨੇਡੀਅਨ ਅੰਬਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੇ ਗਵਾਂਢੀ ਪਿੰਡ ਲੰਗੇਰੀ ਦਾ ਦਰਸ਼ਨ ਸਿੰਘ ਕੈਨੇਡਾ ਦੀ ਪਰਾਈ ਧਰਤੀ ਵਿਚ ਅਜਿਹੀਆਂ ਮੱਲਾਂ ਮਾਰ ਕੇ ਆਇਆ ਸੀ ਕਿ ਕੈਨੇਡੀਅਨ ਸ਼ਬਦ ਉਹਦੀ ਮੂਲ ਪਹਿਚਾਣ ਬਣ ਗਿਆ। ਸਾਰਾ ਇਲਾਕਾ ਉਸਨੂੰ ਦਰਸ਼ਨ ਸਿੰਘ ਕੈਨੇਡੀਅਨ ਵਜੋਂ ਜਾਨਣ ਲੱਗਿਆ ਅਤੇ ਬਚਪਨ ਵਿਚ ਮੈਂ ਉਸਨੂੰ ਸਾਈਕਲ 'ਤੇ ਸਵਾਰ ਹੋ ਕੇ ਪਿੰਡ-ਪਿੰਡ ਤੇ ਘਰ-ਘਰ ਖੱਬੇ-ਪੱਖੀ ਵਿਚਾਰਾਂ ਦਾ ਸੁਨੇਹਾ ਦਿੰਦੇ ਤੱਕਿਆ ਸੀ। ਖਾਸ ਕਰਕੇ ਆਪਣੇ ਜੱਦੀ ਪਿੰਡ ਸੂਨੀ ਦੀ ਫੇਰੀ ਸਮੇਂ।

ਹੁਣ ਦਰਸ਼ਨ ਸਿੰਘ ਕੈਨੇਡੀਅਨ ਦੀਆਂ ਲੀਹਾਂ 'ਤੇ ਚਲਦਿਆਂ ਸਾਡੀ ਆਪਣੀ ਬੱਚੀ ਰਚਨਾ ਸਿੰਘ ਨੇ ਬ੍ਰਿਟਿਸ਼ ਕੋਲੰਬੀਆ ਦੇ ਐਜੂਕੇਸ਼ਨ ਤੇ ਚਾਈਲਡ ਕੇਅਰ (ਵਿੱਦਿਆ ਤੇ ਜ਼ੱਚਾ ਬੱਚਾ ਵਿਕਾਸ) ਮੰਤਰਾਲੇ ਦੀ ਕਮਾਂਡ ਸੰਭਾਲ ਲਈ ਹੈ। ਇਸ ਤੋਂ ਪਹਿਲਾਂ ਉਥੋਂ ਦੀ ਪਾਰਲੀਮਾਨੀ ਸਕੱਤਰ ਹੁੰਦਿਆਂ ਉਸ ਨੇ ਜਾਤੀਵਾਦ/ ਨਸਲਵਾਦ ਸਬੰਧਤ ਮਸਲਿਆਂ ਨਾਲ ਨਜਿੱਠਣ ਵਿਚ ਏਨੀ ਸਿਆਣਪ ਵਰਤੀ ਕਿ ਹੁਣ ਉਸਨੂੰ ਉਥੇ ਦੀ ਸਰਕਾਰ ਨੇ ਵਿਦਿਆ ਤੇ ਜ਼ੱਚਾ ਬੱਚਾ ਵਿਕਾਸ ਦਾ ਵੰਗਾਰੀ ਕਾਰਜ ਸੌਂਪ ਦਿੱਤਾ ਹੈ। ਉਹ ਜਾਣਦੀ ਹੈ ਕਿ ਏਥੇ ਵੀ ਉਸਨੂੰ ਹੋਰਨਾਂ ਗੱਲਾਂ ਸਮੇਤ ਜਾਤੀਵਾਦੀ ਮਸਲਿਆਂ ਨਾਲ ਨਜਿੱਠਣਾ ਪੈ ਸਕਦਾ ਹੈ। ਹੁਣ ਉਸਨੂੰ ਪਹਿਲਾਂ ਵਾਲਾ ਅਨੁਭਵ ਸੇਧ ਦੇਵੇਗਾ।

ਰਚਨਾ ਸਿੰਘ ਦੀ ਇਸ ਪ੍ਰਾਪਤੀ ਨੇ ਜਗਰਾਓਂ ਨੇੜਲੇ ਨਿੱਕੇ ਜਿਹੇ ਦਾਦਕਾ ਪਿੰਡ ਭੰਮੀਪੁਰਾ ਦਾ ਹੀ ਨਾਂ ਰੋਸ਼ਨ ਨਹੀਂ ਕੀਤਾ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਨੂੰ ਵੀ ਰੁਸ਼ਨਾਇਆ ਹੈ। ਚੇਤੇ ਰਹੇ ਕਿ ਉਹ ਪੰਜਾਬੀ ਸਾਹਿਤ ਦੇ ਅਗਾਂਹਵਧੂ ਮਹਾਰਥੀ ਸਰਗਵਾਸੀ ਤੇਰਾ ਸਿੰਘ ਚੰਨ ਦੀ ਦੋਹਤਰੀ ਤੇ ਪ੍ਰਸਿੱਧ ਸਾਹਿਤਕ ਰਸਾਲੇ 'ਸਿਰਜਣਾ' ਦੇ ਮਾਲਕ ਸੰਸਥਾਪਕ ਰਘਬੀਰ ਸਿੰਘ ਸਿਰਜਣਾ ਦੀ ਬੇਟੀ ਹੈ। ਉਸਦੀ ਮਾਂ ਸੁਲੇਖਾ ਚੰਡੀਗੜ੍ਹ ਤੇ ਆਸ-ਪਾਸ ਦੇ ਕਾਲਜਾਂ ਵਿਚ ਪੰਜਾਬੀ ਅਧਿਆਪਕਾ ਰਹਿ ਚੁੱਕੀ ਹੈ। ਰਚਨਾ ਦਾ ਮਾਮਾ ਦਿਲਦਾਰ ਵੀ ਆਪਣੀ ਅੰਤਰ-ਜਾਤੀ ਧਾਰਨਾ ਲਈ ਜਾਣਿਆ ਜਾਂਦਾ ਹੈ। ਉਸ ਨੇ ਦਿੱਲੀ ਨਿਵਾਸੀ ਮੁਸਲਿਮ ਪਰਿਵਾਰ ਦੀ ਧੀ ਸੁਲਤਾਨਾ ਨਾਲ ਵਿਆਹ ਕੀਤਾ ਹੈ। ਜਿਹੜੀ ਖ਼ੁਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਅਧਿਆਪਕਾ ਹੈ।

ਏਸ ਪਰਿਵਾਰ ਨਾਲ ਮੇਰੀ ਸਾਂਝ ਦਿੱਲੀ ਰਹਿੰਦਿਆਂ ਹੋਈ ਸੀ ਜਿਹੜੀ ਚੰਡੀਗੜ੍ਹ ਆਉਣ ਨਾਲ ਹੋਰ ਗੂੜ੍ਹੀ ਹੋ ਗਈ ਹੈ। ਜਦੋਂ ਚੰਡੀਗੜ੍ਹ ਆਉਣ ਉਪਰੰਤ ਮੈਨੂੰ ਦਿੱਲੀ ਦਾ ਵਿਗੋਚਾ ਖਾ ਰਿਹਾ ਸੀ ਤਾਂ ਮੈਨੂੰ ਢਾਰਸ ਦੇਣ ਵਾਲਾ ਵੀ ਇਹੀਓ ਪਰਿਵਾਰ ਸੀ। ਫੇਰ ਜਦੋਂ ਮੈਂ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਅਤੇ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਪੱਤਰਕਾਰਤਾ ਤੇ ਜਨਸੰਚਾਰ ਵਿਭਾਗ ਤੋਂ ਸੇਵਾਮੁਕਤ ਹੋਇਆ ਤਾਂ 'ਦੇਸ਼ ਸੇਵਕ' ਸਮਾਚਾਰ ਪੱਤਰ ਦੀ ਸੰਪਾਦਕੀ ਲਈ ਸਾਥੀ ਹਰਕ੍ਰਿਸ਼ਨ ਸਿੰਘ ਸੁਰਜੀਤ ਨੂੰ ਮੇਰਾ ਨਾਂ ਸੁਝਾਉਣ ਵਾਲਿਆਂ ਵਿਚ ਰਚਨਾ ਦਾ ਪਾਪਾ ਰਘਬੀਰ ਸਿੰਘ ਪ੍ਰਮੁੱਖ ਸੀ।



ਰਚਨਾ ਸਿੰਘ ਆਪਣੇ ਨਾਨਾ-ਨਾਨੀ ਨਾਲ।

ਐਨ ਕੁਦਰਤੀ ਹੈ ਕਿ ਰਚਨਾ ਸਿੰਘ ਨੂੰ ਖੱਬੇ-ਪੱਖੀ ਧਾਰਨਾ ਆਪਣੇ ਨਾਨਕਿਆਂ ਤੇ ਦਾਦਕਿਆਂ ਤੋਂ ਮਿਲੀ ਜਿਸਨੇ ਉਸਦੇ ਮਨ ਦੀ ਚਾਲਕ ਸ਼ਕਤੀ ਨੂੰ ਤੇਜ਼ ਕੀਤਾ ਹੈ। ਕੈਨੇਡਾ ਜਾਣ ਤੋਂ ਪਹਿਲਾਂ ਉਹ ਮੇਰੀ ਪਤਨੀ ਨਾਲ ਨਸ਼ਾ ਛੁਡਾਊ ਕੇਂਦਰ ਦੀ ਸਲਾਹਕਾਰ ਰਹੀ ਹੈ। ਉਸਨੇ ਡਰਾਈਵਿੰਗ ਕਿਸੇ ਸਕੂਲ ਤੋਂ ਨਹੀਂ ਸੀ ਸਿੱਖੀ, ਮੈਨੂੰ ਹੀ ਆਪਣਾ ਗੁਰੂ ਧਾਰਿਆ ਸੀ। ਮੈਂ ਉਸਦੇ ਮਨ ਦੀ ਚੇਤਨ ਤੇ ਚਾਲਕ ਭਾਵਨਾ ਤੋਂ ਉਦੋਂ ਦਾ ਹੀ ਜਾਣੂ ਹਾਂ। ਉਹ ਬੀ ਸੀ ਦੀ ਵਿਧਾਨ ਸਭਾ ਵਿਚ ਆਪਣਾ ਭਾਸ਼ਣ ਦੇਣ ਤੋਂ ਪਹਿਲਾਂ ਮੁੱਢਲੇ ਸ਼ਬਦ ਪੰਜਾਬੀ ਵਿਚ ਬੋਲਣ ਲਈ ਵੀ ਜਾਣੀ ਜਾਂਦੀ ਹੈ।

ਜਾਂਦੇ ਜਾਂਦੇ ਇਹ ਵੀ ਦੱਸ ਦਿਆਂ ਕਿ ਬੀ ਸੀ ਦੀਆਂ ਮਲਟੀ ਲੈਂਗੂਏਜ ਸਰਵਿਸਿਜ਼ (ਬਹੁ ਭਾਸ਼ੀ ਸੇਵਾਵਾਂ) ਦੀ ਡਾਇਰੈਕਟਰ ਵੀ ਮੇਰੇ ਮਿੱਤਰ ਅਜੀਤ ਲੰਗੇਰੀ ਦੀ ਬੇਟੀ ਮਾਸ਼ਾ ਸਿਮਰਤ ਕੌਰ ਹੈ, ਜਿਹੜੀ ਆਪਣੇ ਵਿਭਾਗ ਵਿਚ ਪੰਜਾਬੀ ਭਾਗ ਉਤੇ ਪਹਿਰਾ ਦੇ ਰਹੀ ਹੈ। ਰਚਨਾ ਤੇ ਮਾਸ਼ਾ ਮੇਰੀਆਂ ਭਤੀਜੀਆਂ ਸਮਾਨ ਹਨ। ਦੋਨਾਂ ਦਾ ਮੁੱਖ ਦਫ਼ਤਰ ਵਿਕਟੋਰੀਆ ਹੈ। ਇੱਕ ਦੂਜੀ ਨੂੰ ਸਹਿਯੋਗ ਵੀ ਦਿੰਦੀਆਂ ਰਹਿਣਗੀਆਂ ਤੇ ਆਪਣੇ ਮੁੱਢਲੇ ਮਹਾਰਥੀ ਦਰਸ਼ਨ ਸਿੰਘ ਕੈਨੇਡੀਅਨ ਨੂੰ ਸ਼ਰਧਾਂਜਲੀ ਮਾਤਰ ਵੀ। ਮੈਨੂੰ ਮਾਣ ਹੈ ਕਿ ਮਾਸ਼ਾ ਤੇ ਰਚਨਾ ਦੀ ਹਰ ਸਫਲਤਾ ਉੱਤੇ ਵਧਾਈਆਂ ਮੇਰੇ ਪੱਲੇ ਪੈਂਦੀਆਂ ਹਨ। ਉਨ੍ਹਾਂ ਦੇ ਮਾਪਿਆਂ ਸਮਾਨ।

ਮੇਰੇ ਹਿੱਸੇ ਦਾ ਸੰਤੋਖ ਸਿੰਘ ਧੀਰ

ਮੈਂ ਖ਼ੁਸ਼ ਹਾਂ ਕਿ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਆਪਣੇ ਤ੍ਰੈਮਾਸਕ ਰਸਾਲੇ 'ਆਲੋਚਨਾ' ਦਾ ਹਥਲਾ ਅੰਕ ਪੰਜਾਬੀ ਦੇ ਨਿਪੁੰਨ ਕਹਾਣੀਕਾਰੀ ਸੰਤੋਖ ਸਿੰਘ ਧੀਰ ਦੀ ਜਨਮ ਸ਼ਤਾਬਦੀ ਨੂੰ ਸਮਰਪਤਿ ਕਰੇਗਾ। ਧੀਰ ਦਾ ਜੱਦੀ ਪੁਸ਼ਤੀ ਪਿੰਡ ਡਡਹੇੜੀ ਮੇਰੇ ਨਾਨਕਾ ਪਿੰਡ ਦੇ ਬਹੁਤ ਨੇੜੇ ਹੈ। ਮੈਂ ਉਸਨੂੰ ਪਹਿਲੀ ਵਾਰ ਗੋਬਿੰਦਗੜ੍ਹ ਵਿਖੇ ਕਿਸੇ ਕਵੀ ਦਰਬਾਰ ਵਿਚ ਕਵਿਤਾ ਸੁਣਾਉਂਦਿਆਂ ਸਿੱਧੀ 'ਉਂਗਲ' ਦੀ ਵਰਤੋਂ ਕਰਦਿਆਂ ਤੱਕਿਆ ਸੀ। ਫੇਰ ਮੈਂ ਉਸਦੀ ਇੱਕ ਕਹਾਣੀ 'ਪ੍ਰੀਤਲੜੀ' ਰਸਾਲੇ ਵਿਚ ਪੜ੍ਹੀ ਜਿਹੜੀ ਕਿਸੇ ਬਾਰਡਰ 'ਤੇ ਲੜ ਰਹੇ ਫੌਜੀ ਦੀ ਪਤਨੀ ਵਲੋਂ ਆਪਣੇ ਪਤੀ ਨੂੰ ਲਿਖੀ ਚਿੱਠੀ ਵਜੋਂ ਸੀ। ਸੱਚ ਪੁੱਛਦੇ ਹੋ ਤਾਂ ਉਹ ਕਹਾਣੀ ਪੜ੍ਹ ਕੇ ਹੀ ਮੇਰੇ ਮਨ ਵਿਚ ਕਹਾਣੀਆਂ ਲਿਖਣ ਦਾ ਖਿਆਲ ਆਇਆ। ਇਹ ਸੋਚ ਕੇ ਕਿ ਜੇ ਮੇਰੇ ਨਾਨਕਿਆਂ ਦਾ ਘੱਟ ਪੜ੍ਹਿਆ ਵਿਅਕਤੀ ਕਹਾਣੀ ਲਿਖ ਸਕਦਾ ਹੈ ਤਾਂ ਮੈਂ ਵੀ ਉਸ ਤੋਂ ਘੱਟ ਨਹੀਂ।

ਧੀਰ ਦੀ ਪ੍ਰਾਪਤੀ ਨੇ ਮੇਰੀ ਉਹ ਵਾਲੀ ਧਾਰਨਾ ਉਤੇ ਪੋਚਾ ਫੇਰ ਦਿੱਤਾ ਹੈ। ਮੈਂ ਹੁਣ ਤੱਕ ਧੀਰ ਦੀ 'ਕੋਈ ਇੱਕ ਸਵਾਰ' ਤੇ 'ਸਵੇਰ ਹੋਣ ਤੱਕ' ਵਰਗੀ ਕਹਾਣੀ ਨਹੀਂ ਲਿਖ ਸਕਿਆ। ਪਰ ਮੈਨੂੰ ਇਹ ਗੱਲ ਕਹਿਣ ਦੀ ਕੋਈ ਝਿਜਕ ਨਹੀਂ ਕਿ ਮੈਨੂੰ ਕਥਾ ਕਹਾਣੀ ਦੇ ਮਾਰਗ ਦੀ ਸੂਹ ਧੀਰ ਦੇ ਕਥਾ ਜਗਤ ਤੋਂ ਮਿਲੀ ਹੈ। ਸੰਤੋਖ ਸਿੰਘ ਧੀਰ ਦੀ ਸ਼ਬਦ ਚੋਣ, ਵਾਕ ਬਣਤਰ ਤੇ ਦ੍ਰਿਸ਼ਟੀ ਦਾ ਕੋਈ ਜਵਾਬ ਨਹੀਂ ਸੀ। 'ਆਲੋਚਨਾ' ਦਾ ਉੱਦਮ ਉਨ੍ਹਾਂ ਨੂੰ ਮੁਬਾਰਕ!

**ਅੰਤਿਕਾ**

—ਇੱਕ ਲੋਕ ਬੋਲੀ—

ਹੱਦ ਮੈਂ ਚਲੇ ਸੋ ਔਲੀਆ, ਅਨਹਦ ਚਲੇ ਸੋ ਪੀਰ

**ਹੱਦ, ਅਨਹਦ ਦੋਨੋਂ ਚਲੇ, ਸੋ ਹੈ ਅਸਲ ਫਕੀਰ।**

# ਪੁਰਾਣੇ ਸਕੂਲ ਦੀ ਯਾਤਰਾ


## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਕੁਝ ਸਾਲ ਪਹਿਲਾਂ ਆਪਣੇ ਪੁਰਾਣੇ ਸਕੂਲ ਜਾਣ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਸਕੂਲ ਭਾਵੇਂ ਹੁਣ ਪਹਿਲਾਂ ਜਿਹਾ ਨਹੀਂ ਸੀ ਰਿਹਾ ਪਰ ਉਹ ਉਥੋਂ ਦੇ ਬੱਚਿਆਂ ਨੂੰ ਜਿਊਣ ਜੋਗੇ ਸੁਪਨੇ ਦੇਣ ਤੇ ਆਸਾਂ ਦੀ ਪੁਨਰ ਸੁਰਜੀਤੀ ਵਿਚ ਹਿੱਸਾ ਜ਼ਰੂਰ ਪਾ ਆਏ ਸਨ, ਜਿਸ ਤੋਂ ਉਹ ਸੰਤੁਸ਼ਟ ਹਨ।***

ਕੁਝ ਸਾਲਾਂ ਦੀ ਗੱਲ। ਪੰਜਾਬ ਆਇਆ ਹੋਇਆ ਸਾਂ। ਧਾਲੀਵਾਲ ਬੇਟ ਸਕੂਲ ਦੇ ਪ੍ਰਿੰਸੀਪਲ ਸ. ਗੁਰਭਜਨ ਸਿੰਘ ਲਾਸਾਨੀ ਦਾ ਫੋਨ ਆਇਆ ਕਿ ਤੁਸੀਂ ਸਾਡੇ ਸਕੂਲ ਦੇ ਪੁਰਾਣੇ ਵਿਦਿਆਰਥੀ ਹੋ। ਸਾਡੇ ਸਕੂਲ ਆਓ। ਸਾਡੇ ਲਈ ਮਾਣ ਵਾਲੀ ਗੱਲ ਹੋਵੇਗੀ ਕਿ ਸਾਡੇ ਸਕੂਲ ਵਿਚੋਂ ਦਸਵੀਂ ਕਰ ਕੇ ਤੁਸੀਂ ਅੱਜ-ਕੱਲ੍ਹ ਅਮਰੀਕਾ ਵਿਚ ਫਿਜ਼ਿਕਸ ਪੜ੍ਹਾ ਵੀ ਰਹੇ ਹੋ ਅਤੇ ਸਾਹਿਤ ਵਿਚ ਨਿਰੰਤਰ ਸਾਧਨਾ ਕਰ ਰਹੇ ਹੋ। ਚੰਗਾ ਲੱਗੇਗਾ ਇਸ ਸਕੂਲ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਤੁਹਾਡੇ ਨਾਲ ਮਿਲ ਕੇ। ਬਹੁਤ ਕੁਝ ਸਿੱਖਣਗੇ ਜਦ ਤੁਸੀਂ ਇਨ੍ਹਾਂ ਦੇ ਰੂਬਰੂ ਹੋਵੋਗੇ।

ਮਨ ਇਕਦਮ ਪੁਰਾਣੇ ਸਮੇਂ ਦੀਆਂ ਪਰਤਾਂ ਫਰੋਲਣ ਲੱਗਾ। ਪਿੰਡ ਦੇ ਸਕੂਲ ਤੋਂ ਅੱਠਵੀਂ ਪਾਸ ਕੀਤੀ ਤਾਂ ਸਾਡੇ ਵਾਸਤੇ ਦਸਵੀਂ ਕਰਨ ਲਈ ਪਿੰਡ ਦੇ ਨੇੜੇ ਦੋ ਹੀ ਸਕੂਲ ਸਨ; ਹਾਈ ਸਕੂਲ ਸੁੱਰਖਪੁਰ ਜਿੱਥੇ ਅਸੀਂ ਅੱਠਵੀਂ ਦਾ ਇਮਤਿਹਾਨ ਦਿੱਤਾ ਸੀ ਜਾਂ ਉਸ ਸਾਲ ਹੀ ਦਸਵੀਂ ਤੱਕ ਹੋਇਆ ਧਾਲੀਵਾਲ ਬੇਟ ਦਾ ਸਕੂਲ। ਮੇਰੇ ਸਮੇਤ ਜ਼ਿਆਦਾਤਰ ਜਮਾਤੀਆਂ ਨੇ ਧਾਲੀਵਾਲ ਬੇਟ ਸਕੂਲ ਨੂੰ ਚੁਣਿਆ। ਪਿੰਡ ਦੇ ਵਿਚਕਾਰ ਮੁਸਲਮਾਨਾਂ ਦੀ ਪੁਰਾਣੀ ਹਵੇਲੀ ਵਿਚ ਨਵਾਂ ਪੱਦਉਨਤ ਹੋਇਆ ਧਾਲੀਵਾਲ ਬੇਟ ਦਾ ਸਕੂਲ। ਨਿੱਕੀ ਨਿੱਕੀ ਇੱਟ ਦੀ ਬਣੀ ਕਿਲ੍ਹਾ-ਨੁਮਾ ਹਵੇਲੀ। ਇਸਦੇ ਵੱਖ-ਵੱਖ ਕਮਰੇ ਹੀ ਕਲਾਸ ਰੂਮ। ਕੁਝ ਦਿਨ ਤਾਂ ਤੁਰ ਕੇ ਤਿੰਨ ਮੀਲ ਦੂਰ ਸਕੂਲ ਗਏ ਪਰ ਫਿਰ ਬਾਪ ਨੇ ਇਕ ਪੁਰਾਣਾ ਸਾਈਕਲ ਲੈ ਦਿੱਤਾ ਅਤੇ ਸਕੂਲੇ ਜਾਣਾ ਆਸਾਨ ਹੋ ਗਿਆ।

ਆਲੇ-ਦੁਆਲੇ ਦੇ ਪਿੰਡਾਂ ਤੋਂ ਨੌਵੀਂ ਵਿਚ ਦਾਖਲ ਹੋਏ ਵਿਦਿਆਰਥੀਆਂ ਦਾ ਸੈਕਸ਼ਨ ਅਲੱਗ ਜਦਕਿ ਉਸ ਸਕੂਲ ਵਿਚ ਅੱਠਵੀਂ ਕਰਨ ਵਾਲਿਆਂ ਦਾ ਨੌਵੀਂ ਕਲਾਸ ਵਿਚ ਸੈਕਸ਼ਨ ਅਲੱਗ। ਕਿੰਨੀ ਪ੍ਰਤੀਬੱਧਤਾ ਸੀ ਅਧਿਆਪਕਾਂ ਦੀ ਆਪਣੇ ਕਿੱਤੇ ਪ੍ਰਤੀ ਕਿ ਹਰ ਅਧਿਆਪਕ ਹੀ ਆਪਣੇ ਵਿਦਿਆਰਥੀਆਂ ਨੂੰ ਨਿੱਜੀ ਤਵੱਜੋਂ ਦਿੰਦਾ ਸੀ। ਭਾਵੇਂ ਉਹ ਹਿਸਾਬ ਪੜ੍ਹਾਉਣ ਵਾਲੇ ਹੈੱਡਮਾਸਟਰ ਸ੍ਰੀ ਪ੍ਰਮੇਸ਼ਰੀ ਲਾਲ ਸੂਦ ਹੋਣ ਜਾਂ ਸਾਇੰਸ ਦੇ ਮਾਸਟਰ ਸ. ਜਸਵੰਤ ਸਿੰਘ ਤੇ ਸ. ਕਪੂਰ ਸਿੰਘ ਹੋਣ। ਅੰਗਰੇਜ਼ੀ ਤਾਂ ਸ. ਹਰਭਜਨ ਸਿੰਘ ਹੁੰਦਲ ਹੀ ਪੜ੍ਹਾਉਣ ਲੱਗ ਪਏ ਜਿਨ੍ਹਾਂ ਸਾਨੂੰ ਭੰਡਾਲ ਬੇਟ ਵਿਚ ਅੱਠਵੀਂ ਤੱਕ ਅੰਗਰੇਜ਼ੀ ਪੜ੍ਹਾਈ ਸੀ। ਮਨ ਵਿਚ ਪੰਜਾਬੀ ਸਾਹਿਤ ਪ੍ਰਤੀ ਮੋਹ ਵਿਚ ਸ਼ਾਇਦ ਅਚੇਤ ਰੂਪ ਵਿਚ ਉਘੇ ਸਾਹਿਤਕਾਰ ਸ. ਹਰਭਜਨ ਸਿੰਘ ਹੁੰਦਲ ਹੁਰਾਂ ਦਾ ਜ਼ਰੂਰ ਪ੍ਰਭਾਵ ਏ। ਬਚਪਨੀ ਮਨ ਵਿਚ ਕੁਝ ਅਦਿੱਖ ਪ੍ਰਭਾਵ ਅਜੇਹੇ ਹੁੰਦੇ ਨੇ ਜੋ ਤੁਹਾਡੀ ਜ਼ਿੰਦਗੀ ਨੂੰ ਕਈ ਤਰ੍ਹਾਂ ਦੇ ਰੰਗਾਂ ਰਾਹੀਂ ਰੰਗਦੇ, ਨਿਖਾਰਦੇ ਅਤੇ ਤੁਹਾਡੇ ਲਈ ਵੱਖਰੀ ਪਛਾਣ ਦਾ ਸਬੱਬ ਵੀ ਬਣਦੇ। ਸ਼ਾਇਦ ਪੰਜਾਬੀ ਅਦਬ ਨਾਲ ਜੁੜਨ ਦਾ ਕਾਰਨ ਇਹ ਵੀ ਹੋ ਸਕਦਾ।

ਸਭ ਤੋਂ ਖੂਬਸੂਰਤ ਹੁੰਦਾ ਸੀ ਕਲਾਸ ਵਿਚ ਪੜ੍ਹਦੇ ਵਿਦਿਆਰਥੀਆਂ ਦਾ ਪੜ੍ਹਾਈ ਵਿਚ ਆਪਸੀ ਮੁਕਾਬਲਾ। ਬਹੁਤ ਹੀ ਉਸਾਰੂ ਅਤੇ ਈਰਖਾ ਤੋਂ ਨਿਰਲੇਪ। ਇਕ ਦੂਜੇ ਤੋਂ ਅੱਗੇ ਲੰਘਣ ਦੀ ਲੋਚਾ। ਇਹੀ ਲੋਚਾ ਤੁਹਾਨੂੰ ਆਪਣੇ ਵਿਅਕਤੀਤਵ ਦਾ ਉਹ ਰੰਗ ਉਜਾਗਰ ਕਰਨ ਵਿਚ ਅਹਿਮ ਹੁੰਦੀ ਕਿ ਜੇ ਜੇ ਅੱਗੇ ਵਧਣਾ ਹੈ ਤਾਂ ਕਿਸੇ ਨੂੰ ਠਿੱਬੀ ਲਾ ਕੇ ਨਹੀਂ ਸਗੋਂ ਹੋਰ ਜ਼ਿਆਦਾ ਮਿਹਨਤ, ਲਗਨ ਸਿਰੜ ਅਤੇ ਪ੍ਰਤੀਬੱਧਤਾ ਵਿਚੋਂ ਹੀ ਤੁਸੀਂ ਕੁਝ ਹਾਸਲ ਕਰ ਸਕਦੇ ਹੋ। ਸਿਹਤਮੰਦ ਮੁਕਾਬਲੇਬਾਜ਼ੀ ਵਿਚੋਂ ਖੁਦ ਵੀ ਖੁਦ ਨੂੰ ਉਭਾਰਦੇ ਹੋ ਅਤੇ ਇਹ ਤੁਹਾਡੇ ਜਮਾਤੀਆਂ ਲਈ ਵੀ ਸਿਹਤਮੰਦ ਪ੍ਰਭਾਵ ਪੈਦਾ ਕਰ, ਆਪਸੀ ਮੁਹੱਬਤ ਅਤੇ ਨੇੜਤਾ ਦਾ ਸੁੰਦਰ ਸਬੱਬ ਵੀ ਬਣਦੀ।

ਦਰਅਸਲ ਇਸ ਸਕੂਲ ਦੇ ਚੌਗਿਰਦੇ ਵਿਚੋਂ ਬਹੁਤ ਕੁਝ ਮਨ ਦੀ ਜਰਖੇਜ਼ ਭੂਮੀ 'ਤੇ ਉਕਰਿਆ ਗਿਆ ਜਿਸਨੇ ਭਵਿੱਖ ਨੂੰ ਨਿਰਧਾਰਤ ਕੀਤਾ। ਜੀਵਨ ਭਰ ਨਿਭਣ ਵਾਲੀਆਂ ਦੋਸਤੀਆਂ ਨੂੰ ਜਨਮ ਵੀ ਦਿਤਾ। ਇਸ ਸਕੂਲ ਵਿਚ ਆਲੇ-ਦੁਆਲੇ ਦੇ ਕਈ ਪਿੰਡਾਂ ਦੇ ਬੱਚੇ ਪੜ੍ਹਦੇ ਸਨ। ਸਾਰੇ ਮਿਲ-ਜੁਲ ਕੇ ਰਹਿੰਦੇ ਅਤੇ ਇਸ ਮਿਲਵਰਤਨ ਵਿਚੋਂ ਹੀ ਅਸੀਂ ਉਹ ਕੁਝ ਪ੍ਰਾਪਤ ਕਰ ਸਕੇ ਜਿਸ ਤੋਂ ਵਿਰਵੀ ਅਜੋਕੀ ਪੀੜ੍ਹੀ ਸਿਰਫ਼ ਨਿੱਜਤਾ ਦਾ ਭਰਮ ਪਾਲਣ ਜੋਗੀ ਹੀ ਰਹਿ ਗਈ। ਇਸ ਸਕੂਲ ਦੀਆਂ ਬਹੁਤ ਸਾਰੀਆਂ ਯਾਦਾਂ ਅੱਜ ਵੀ ਯਾਦ-ਜੂਹ ਵਿਚ ਪੈਰ ਪਾਉਂਦੀਆਂ ਅਤੇ ਬੀਤੇ ਦਿਨਾਂ ਦੀ ਮਖ਼ਮੂਰੀ ਵਿਚ ਮੈਨੂੰ ਲਬਰੇਜ਼ ਕਰ ਜਾਂਦੀਆਂ। ਨਿੱਠ ਕੇ ਪੜ੍ਹਾਈ ਕਰਨ ਦਾ ਆਲਮ ਅਤੇ ਇਸ ਆਲਮ ਨੂੰ ਸਿਰੜ-ਸਾਧਨਾ ਬਣਾਉਣ ਦਾ ਕਰਮ-ਧਰਮ। ਸਕੂਲ ਵਿਚ ਕਦੇ ਮਾਸਟਰਾਂ ਕੋਲੋਂ ਪੜ੍ਹਾਈ ਵਿਚ ਖੁਨਾਮੀ ਕਾਰਨ ਕੁੱਟ ਤਾਂ ਨਹੀਂ ਸੀ ਖਾਧੀ। ਪਰ 'ਕੇਰਾਂ ਸਾਡੇ ਡਰਾਇੰਗ ਮਾਸਟਰ ਸ. ਪ੍ਰੀਤਮ ਸਿੰਘ ਨੇ ਡੰਡੇ ਨਾਲ ਕੁੱਟਦਿਆਂ ਸਾਡੇ ਹੱਥ ਨੀਲੇ ਕਰ ਦਿੱਤੇ ਸਨ। ਗੱਲ ਇੰਝ ਹੋਈ ਕਿ ਸਿਆਲ ਦੇ ਦਿਨਾਂ ਵਿਚ ਖੂਖਰੈਣ ਦਾ ਮੱਸਾ ਸਿੰਘ ਅਕਸਰ ਹੀ ਤੀਲਾਂ ਵਾਲੀ ਡੱਬੀ ਲੈ ਕੇ ਆਉਂਦਾ ਸੀ ਅਤੇ ਸਵੇਰ ਨੂੰ ਸਕੂਲ ਆਉਂਦਿਆਂ ਠੰਢ ਨਾਲ ਸੁੰਨ ਹੋਏ ਹੱਥਾਂ ਨੂੰ ਰਾਹ ਵਿਚ ਕਿਸੇ ਬੂਝੇ ਨੂੰ ਅੱਗ ਲੈ ਕੇ ਸੇਕ ਲੈਂਦਾ। ਉਸ ਦਿਨ ਪਤਾ ਨਹੀਂ ਉਸਨੂੰ ਕੀ ਸੁੱਝਿਆ ਕਿ ਉਸਨੇ ਡਰਾਇੰਗ ਦੀ ਕਲਾਸ ਵਿਚ ਫੁੱਲਦਾਨ ਵਿਚ ਸਜਾਏ ਹੋਏ ਫਲੂਸਾਂ ਨੂੰ ਅੱਗ ਲਗਾ ਦਿੱਤੀ। ਇਕਦਮ ਅੱਗ ਭੜਕ ਪਈ ਜਿਸਨੂੰ ਦੇਖ ਕੇ ਸਾਡੇ ਮਾਸਟਰ ਜੀ ਅੱਗ-ਬਗੂਲਾ ਹੋ ਕੇ ਗਏ। ਉਸਨੇ ਇਹ ਜਾਣਨ ਦੀ ਬਜਾਏ ਕਿ ਬੈਂਚ 'ਤੇ ਬੈਠਿਆਂ ਵਿਚੋਂ ਕਿਸ ਨੇ ਅੱਗ ਲਗਾਈ ਹੈ, ਸਾਰੇ ਮੁੰਡਿਆਂ ਦੀ ਚੰਗੀ ਡੰਡਾ ਪਰੇਡ ਕੀਤੀ। ਅਜੇਹੀਆਂ ਹਰਕਤਾਂ ਦਰਅਸਲ ਸ਼ਰਾਰਤੀ ਮਨ ਦੀ ਉਪਜ ਹੁੰਦੀਆਂ ਕਿਉਂਕਿ ਉਹ ਦੇਖਣਾ ਚਾਹੁੰਦੇ ਕਿ ਇਸ ਨਾਲ ਕੀ ਹੋਵੇਗਾ?

ਮੇਰਾ ਜਮਾਤੀ ਮੱਸਾ ਸਿੰਘ ਲਾਹੌਰੀਆ ਨਿੱਤ ਨਵੀਆਂ ਘਤਿੱਤਾਂ ਕਰਨ ਵਿਚ ਅੱਗੇ ਹੁੰਦਾ। ਇਕ ਵਾਰ ਛੁੱਟੀ ਤੋਂ ਬਾਅਦ ਅਸੀਂ ਸਾਈਕਲਾਂ 'ਤੇ ਘਰਾਂ ਨੂੰ ਜਾ ਰਹੇ ਸੀ ਤਾਂ ਸਾਨੂੰ ਚਾਰ-ਪੰਜਾਂ ਨੂੰ ਸੜਕ 'ਤੇ ਕੰਢੇ ਇਕ ਖੂਹ 'ਤੇ ਰੋਕ ਲਿਆ। ਝੋਲੇ ਵਿਚੋਂ ਦੇਸੀ ਸ਼ਰਾਬ ਦਾ ਅਧੀਆ ਕੱਢ ਕੇ ਕਹਿਣ ਲੱਗਾ ਕਿ ਆਓ ਆਪਾਂ ਸਾਰੇ ਆਪਾਂ ਪੀਂਦੇ ਹਾਂ। ਕੇਹਾ ਜੁਗਾੜੀ ਸੀ ਕਿ ਉਸਨੇ ਸਾਈਕਲ ਦੀ ਘੰਟੀ ਲਾਹ ਕੇ, ਛੇਕ ਹੇਠਾਂ ਉਂਘਲ ਦੇ ਕੇ ਅਤੇ ਟਿੰਡ ਵਿਚੋਂ ਚੂਲੀ ਨਾਲ ਪਾਣੀ ਪਾ ਕੇ ਸ਼ਰਾਬ ਪੀ ਲਈ। ਬਾਕੀਆਂ ਨੇ ਤਾਂ ਕੀ ਪੀਣੀ ਸੀ। ਉਸ ਦਿਨ ਪਤਾ ਲੱਗਾ ਕਿ ਉਹ ਪਹਿਲਾਂ ਵੀ ਸ਼ਾਇਦ ਝੋਲੇ ਵਿਚ ਸ਼ਰਾਬ ਲਿਆਉਂਦਾ ਰਿਹਾ ਹੋਵੇ। ਪਰ ਉਸਦੀ ਇਸ ਹਰਕਤ ਵਿਚੋਂ ਇਹ ਸਪੱਸ਼ਟ ਹੋ ਗਿਆ ਕਿ ਕਈ ਵਾਰ ਘਰ ਦਾ ਮਾਹੌਲ ਹੀ ਤੁਹਾਨੂੰ ਅਜੇਹੇ ਰਾਹੀਂ ਤੋਰਦਾ ਹੈ ਜਿਹੜਾ ਥੋੜ੍ਹਚਿਰੀ ਖੁਸ਼ੀ ਤਾਂ ਦੇ ਸਕਦਾ ਪਰ ਚਿਰ ਸਦੀਵੀ ਪ੍ਰਾਪਤੀ ਲਈ ਅਜੇਹਾ ਕੁਝ ਕਰਨਾ ਵੱਡੀ ਰੁਕਾਵਟ ਪੈਦਾ ਕਰਦਾ ਹੈ। ਅਜੇਹਾ ਹੀ ਹੋਇਆ ਕਿ ਉਹ ਮਸਾਂ 12ਵੀਂ ਤੱਕ ਹੀ ਪੜ੍ਹ ਸਕਿਆ ਅਤੇ ਫਿਰ ਵਾਹੀ ਕਰਨ ਲੱਗ ਪਿਆ। ਪੁਰਾਣੀਆਂ ਯਾਦਾਂ ਵਿਚ ਪਤਾ ਨਹੀਂ ਕਿੰਨਾ ਚਿਰ ਲੰਘ ਗਿਆ। ਜਦ ਸੁਰਤੀ ਪਰਤੀ ਤਾਂ ਆਪਣੇ ਪੁਰਾਣੇ ਸਕੂਲ ਨੂੰ ਮੁੜ ਮਿਲਣ ਦਾ ਚਾਅ ਮਨ ਵਿਚ ਨਹੀਂ ਸੀ ਮਿਊਂਦਾ। ਪੁਰਾਣੀਆਂ ਥਾਵਾਂ, ਕਮਰਿਆਂ ਅਤੇ ਗਰਾਵਾਂ ਨੂੰ ਮਿਲਣਾ ਜਿਨ੍ਹਾਂ ਨੇ ਤੁਹਾਨੂੰ ਜੀਵਨ ਭਰ ਨਿਭਣ ਵਾਲੀਆਂ ਦੋਸਤੀਆਂ ਦਿੱਤੀਆਂ ਹੋਣ, ਸੁਪਨੇ ਦਿੱਤੇ ਹੋਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੀ ਜੁਅਰਤ ਅਤੇ ਜੇਰਾ ਦਿੱਤਾ ਹੋਵੇ। ਕੁਝ ਅਜੇਹੀਆਂ ਸਾਂਝਾਂ ਦਿੱਤੀਆਂ ਹੋਣ ਜਿਨ੍ਹਾਂ ਨੇ ਤੁਹਾਡੀ ਔਖੀ ਘੜੀ ਵਿਚ ਤੁਹਾਡਾ ਸਾਥ ਨਿਭਾਉਣਾ ਹੋਵੇ। ਕੁਝ ਅਜੇਹੇ ਗੁਰੂਆਂ ਕੋਲੋਂ ਕੁਝ ਅਜੇਹੇ ਸਿੱਖਣ ਅਤੇ ਗ੍ਰਹਿਣ ਕਰਨ ਦਾ ਮੌਕਾ ਦਿੱਤਾ ਹੋਵੇ ਜੋ ਤੁਹਾਨੂੰ ਕਿਸੇ ਵੀ ਕਿਤਾਬ ਵਿਚੋਂ ਨਹੀਂ ਮਿਲਣਾ। ਸਭ ਤੋਂ ਅਹਿਮ ਸੀ ਸਕੂਲ ਨੂੰ ਮਿਲਣਾ ਜਿਸਨੇ ਤੁਹਾਨੂੰ ਇਕ ਅਜੇਹੀ ਪਛਾਣ ਦੇ ਰਾਹ ਤੋਰਿਆ ਹੋਵੇ ਜਿਸ ਲਈ ਤੁਹਾਡੇ ਅੰਤਰੀਵ ਵਿਚ ਤਾਂਘ ਪਨਪਦੀ ਹੋਵੇ।

ਸਕੂਲ ਵਿਚ ਦਾਖਲ ਹੋਏ ਤਾਂ ਮੇਰੇ ਚੇਤਿਆਂ ਵਿਚ ਵੱਸਿਆ, ਇਹ ਪਿੰਡ ਵਿਚਲਾ ਸਕੂਲ ਨਹੀਂ ਸੀ। ਸਗੋਂ ਪਿੰਡ ਦੇ ਬਾਹਰ ਵਾਰ ਸੜਕ 'ਤੇ ਬਣਿਆ ਆਧੁਨਿਕ ਸਕੂਲ ਸੀ ਜਿਸਨੂੰ ਫੁੱਲਾਂ ਅਤੇ ਛਾਂ ਵਾਲੇ ਦਰੱਖਤਾਂ ਨਾਲ ਸ਼ਿੰਗਾਰਿਆ ਗਿਆ ਸੀ। ਵੈਸੇ ਵੀ 50 ਕੁ ਸਾਲ ਬਾਅਦ ਆਸ ਰੱਖਣੀ ਵੀ ਨਹੀਂ ਚਾਹੀਦੀ ਕਿ ਉਸੇ ਰੂਪ ਵਿਚ ਸਕੂਲ ਹੋਵੇਗਾ। ਬਹੁਤ ਕੁਝ ਬਦਲ ਜਾਂਦਾ ਹੈ ਸਮੇਂ ਨਾਲ। ਨਾ ਬਦਲਣ ਦੀ ਜ਼ਿੱਦ ਸਿਰਫ਼ ਜ਼ਰਜ਼ਰੇਪਣ ਦਾ ਨਾਮ ਹੀ ਹੁੰਦੀ ਹੈ। ਬਹੁਤ ਵਧੀਆ ਲੱਗਾ ਆਪਣੇ ਪੁਰਾਣੇ ਸਕੂਲ ਦੇ ਵਿਦਿਆਰਥੀਆਂ ਦੇ ਰੂਬਰੂ ਹੋ। ਉਨ੍ਹਾਂ ਨੂੰ ਮਿਲ ਕੇ ਅਤੇ ਉਨ੍ਹਾਂ ਦੇ ਦੀਦਿਆਂ ਵਿਚੋਂ ਆਪਣੇ ਸਕੂਲ ਦੇ ਉਨ੍ਹਾਂ ਦਿਨਾਂ ਨੂੰ ਚੇਤੇ ਕਰ ਕੇ। ਜਦ ਉਨ੍ਹਾਂ ਦੇ ਚਿਹਰਿਆਂ ਵੱਲ ਦੇਖਿਆ ਤਾਂ ਉਨ੍ਹਾਂ ਦੇ ਮੁਖੜਿਆਂ 'ਤੇ ਉਦਾਸੀ ਅਤੇ ਫਿਕਰ ਦੀ ਮਾਹੀਨ ਜਹੀ ਪਰਤ ਨਜ਼ਰ ਆਈ। ਅੱਜ-ਕੱਲ੍ਹ ਸਕੂਲ ਵਿਚ ਪੜ੍ਹਦੇ ਬੱਚਿਆਂ ਨੂੰ ਆਪਣਾ ਭਵਿੱਖ ਧੁੰਧਲਾ ਨਜ਼ਰ ਆਉਣ ਕਾਰਨ, ਉਨ੍ਹਾਂ ਦੇ ਦੀਦਿਆਂ ਵਿਚ ਉਚੇਰੀਆਂ ਵਿਦਿਅਕ ਪ੍ਰਾਪਤੀਆਂ ਅਤੇ ਵੱਡੇ ਰੁਤਬੇ ਪਾਉਣ ਦਾ ਜਨੂੰਨ ਨਹੀਂ। ਉਨ੍ਹਾਂ ਦੇ ਸੁਪਨੇ ਆਈਲੈਟਸ ਤੀਕ ਹੀ ਸੁੰਘੜ ਗਏ ਨੇ ਜਿਸ ਲਈ ਸਮੇਂ ਦੇ ਹਾਕਮ ਜ਼ਿੰਮੇਵਾਰ ਨੇ। ਜਦ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ ਗਵਾਚ ਜਾਣ, ਨੌਕਰੀਆਂ ਦੀ ਬੋਲੀ ਲੱਗਦੀ ਹੋਵੇ ਜਾਂ ਉਹ ਰਾਜਸੀ ਲੋਕਾਂ ਦੇ ਚਹੇਤਿਆਂ ਲਈ ਰਾਖਵੀਆਂ ਹੋਣ ਤਾਂ ਅਜੇਹੀ ਫਿਕਰਮੰਦੀ ਦਾ ਬੱਚਿਆਂ ਦੀ ਬੇਫਿਕਰੀ ਵਿਚ ਘੁਲ ਜਾਣਾ ਬਹੁਤ ਸਹਿਜ ਹੁੰਦਾ ਹੈ। ਜਦ ਅਸੀਂ ਸਕੂਲ ਵਿਚ ਪੜ੍ਹਦੇ ਸੀ ਤਾਂ ਅਧਿਆਪਕ ਸਾਨੂੰ ਸੁਪਨੇ ਦਿੰਦੇ ਸੀ ਅਤੇ ਇਨ੍ਹਾਂ ਨੂੰ ਪੂਰਿਆਂ ਕਰਨ ਦੀਆਂ ਜੁਗਤਾਂ ਦੱਸਦੇ ਅਤੇ ਸੁਪਨਿਆਂ ਦੇ ਹਾਸਲ ਕਰਨ 'ਤੇ ਸ਼ਾਬਾਸ਼ ਦਿਆ ਕਰਦੇ ਸਨ।

ਜ਼ਿਆਦਾਤਰ ਬੱਚਿਆਂ ਨੂੰ ਮਿਲ ਕੇ ਇਉਂ ਜਾਪਿਆ ਜਿਵੇਂ ਉਹ ਸੋਚਦੇ ਹੋਣ ਕਿ ਜੇਕਰ ਸੀਮਤ ਸਹੂਲਤਾਂ ਵਾਲੇ ਅਤੇ ਟਾਟ 'ਤੇ ਬੈਠ ਕੇ ਪੜ੍ਹਨ ਵਾਲਾ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾ ਸਕਦਾ ਹੈ ਤਾਂ ਅਸੀਂ ਵੀ ਬਹੁਤ ਕੁਝ ਕਰ ਸਕਦੇ ਹਾਂ। ਅਸੀਂ ਵੀ ਆਪਣੀ ਮਿਹਨਤ, ਲਗਨ ਅਤੇ ਸਿਰੜ ਨਾਲ ਸੰਜੋਏ ਸੁਪਨਿਆਂ ਨੂੰ ਪੂਰਾ ਕਰ ਸਕਦੇ ਹਾਂ। ਦਰਅਸਲ ਮੇਰੇ ਜਾਣ ਦਾ ਮਕਸਦ ਹੀ ਇਹੀ ਸੀ ਕਿ ਜੇਕਰ ਮੈਂ ਕੁਝ ਕੁ ਵਿਦਿਆਰਥੀਆਂ ਨੂੰ ਜਿਊਣ ਜੋਗੇ ਸੁਪਨੇ ਦੇਣ ਅਤੇ ਉਨ੍ਹਾਂ ਦੀਆ ਆਸਾਂ ਦੀ ਪੁਨਰ-ਸੁਰਜੀਤੀ ਵਿਚ ਆਪਣਾ ਨਿਗੂਣਾ ਹਿੱਸਾ ਪਾ ਸਕਾਂ ਤਾਂ ਮੇਰੇ ਲਈ ਇਹੀ ਸੱਭ ਤੋਂ ਵੱਡੀ ਸੰਤੁਸ਼ਟੀ ਹੋਵੇਗੀ।

ਪ੍ਰਿੰਸੀਪਲ ਗੁਰਭਜਨ ਸਿੰਘ ਲਾਸਾਨੀ, ਪ੍ਰੋ. ਜਸਬੀਰ ਸਿੰਘ ਧਾਲੀਵਾਲ, ਪ੍ਰੋ. ਕੁਲਵੰਤ ਸਿੰਘ ਔਜਲਾ, ਹਰਵਿੰਦਰ ਭੰਡਾਲ ਅਤੇ ਸਕੂਲ ਦੇ ਸਮੁੱਚੇ ਸਟਾਫ਼ ਦੀ ਹਾਜ਼ਰੀ ਵਿਚ ਸਕੂਲ ਦੇ ਵਿਹੜੇ ਇਹ ਮਿਲਣੀ ਇਸ ਕਰਕੇ ਹੀ ਯਾਦਗਾਰੀ ਰਹੀ ਕਿ ਮੈਂ ਅਮਰੀਕਾ ਵਿਚ ਪੜ੍ਹਾਉਣ ਬਾਰੇ ਆਪਣੇ ਅਹਿਸਾਸ ਵਿਦਿਆਰਥੀਆਂ ਨਾਲ ਸਾਂਝੇ ਕਰ ਸਕਿਆ। ਸ਼ਾਇਦ ਇਸ ਸਕੂਲ ਦਾ ਕਰਜ਼ ਮੋੜ ਸਕਾਂ ਜਿਸਨੇ ਪੰਜਾਬੀ ਸ਼ਬਦਾਕਾਰੀ ਦੀ ਸੌਗਾਤ ਅਤੇ ਪਿੰਡਾਂ ਦੀ ਅਮੀਰ ਵਿਰਾਸਤ ਨੂੰ ਮੇਰੇ ਅਚੇਤ ਮਨ ਵਿਚ ਧਰਿਆ। ਇਹ ਵਿਰਸਾ, ਖੇਤਾਂ ਦੀ ਬੋਲੀ ਅਤੇ ਪੇਂਡੂ ਮੁਹਾਵਰਾ ਅਕਸਰ ਹੀ ਮੇਰੀਆਂ ਲਿਖਤਾਂ ਵਿਚ ਹਾਜ਼ਰ ਨਾਜ਼ਰ ਰਹਿੰਦਾ ਹੈ। ਪੰਜਾਬੀ ਸਾਹਿਤ ਦੀ ਪਹਿਲੀ ਚਿਣਗ ਵੀ ਸਾਡੇ ਪੰਜਾਬੀ ਦੇ ਟੀਚਰ ਸ. ਚੰਨਣ ਸਿੰਘ ਭੰਡਾਲ ਹੁਰਾਂ ਨੇ ਪੰਜਾਬੀ ਪੜ੍ਹਾਉਂਦਿਆਂ ਲਾਈ ਸੀ। ਪੰਜਾਬੀ ਅਦਬ ਨਾਲ ਜੁੜਿਆ ਇਹ ਮੋਹ ਦਾ ਰਿਸ਼ਤਾ ਹੀ ਹੌਲੀ ਹੌਲੀ ਮੈਨੂੰ ਜਿੱਥੇ ਖੁਦ ਨਾਲ ਜੋੜਦਾ ਹੈ, ਉਥੇ ਹੀ ਸਮਾਜਿਕ ਸਰੋਕਾਰਾਂ ਅਤੇ ਵਿਅਕਤੀਤਵ ਵਿਲੱਖਣਤਾਵਾਂ ਨੂੰ ਉਸਾਰੂ ਰੂਪ ਵਿਚ ਪ੍ਰਗਟ ਕਰਨ ਅਤੇ ਸਮਾਜ ਅਤੇ ਪਰਿਵਾਰ ਨੂੰ ਕੁਝ ਸੇਧ ਦੇਣ ਦੀ ਕੋਸ਼ਿਸ਼ ਕਰ ਸਕਿਆ।

ਇਸ ਸਕੂਲ ਨਾਲ ਜੁੜੀ ਇਕ ਘਟਨਾ ਕਦੇ ਕਦਾਈਂ ਮੈਨੂੰ ਕੁਝ ਅਸ਼ਾਂਤ ਕਰ ਜਾਂਦੀ ਹੈ। ਕਈ ਸਾਲਾਂ ਦੀ ਗੱਲ ਹੈ ਕਿ ਪ੍ਰੋ. ਅਨੂਪ ਸਿੰਘ ਮੁਲਾਤਾਨੀ, ਪ੍ਰੋ. ਕੁਲਵੰਤ ਸਿੰਘ ਔਜਲਾ ਅਤੇ ਮੈਂ ਫਲਾਇੰਗ ਸਕੁਐਡ ਬਣ ਕੇ ਬਾਰ੍ਹਵੀਂ ਦੇ ਇਮਤਿਹਾਨਾਂ ਵਿਚ ਇਸ ਸਕੂਲ ਦੀ ਚੈਕਿੰਗ ਕਰਨ ਆਏ। ਇਸ ਦੌਰਾਨ ਕੁਝ ਵਿਦਿਆਰਥੀਆਂ 'ਤੇ ਨਕਲ ਦੇ ਕੇਸ ਬਣ ਗਏ। ਅਜੇ ਮੈਂ ਕਪੂਰਥਲੇ ਘਰ ਵੀ ਨਹੀਂ ਸੀ ਪਹੁੰਚਿਆ ਕਿ ਮੇਰੇ ਪਿੰਡ ਦਾ ਜਮਾਤੀ ਘਰ ਆਣ ਬੈਠਾ। ਇਹ ਸ਼ਿਕਵਾ ਕਰਨ ਲਈ ਕਿ ਤੂੰ ਮੇਰੇ ਭਤੀਜੇ 'ਤੇ ਹੀ ਨਕਲ ਦਾ ਕੇਸ ਬਣਾ ਦਿੱਤਾ ਹੈ। ਵੈਸੇ ਤਾਂ ਇਹ ਗਿਲਾ ਹੀ ਗਲਤ ਸੀ। ਪਰ ਮੈਂ ਉਸਨੂੰ ਦੱਸਿਆ ਕਿ ਕੀ ਉਸਨੂੰ ਪਤਾ ਸੀ ਕਿ ਮੈਂ ਉਸਦੇ ਪਿੰਡ ਦਾ ਹਾਂ ਜਾਂ ਕਦੇ ਤੁਸੀਂ ਦੱਸਿਆ ਸੀ ਕਿ ਆਪਣੇ ਪਿੰਡ ਦਾ ਮੇਰਾ ਜਮਾਤੀ ਪ੍ਰੋਫੈਸਰ ਵੀ ਹੈ। ਮੈਂ ਤਾਂ ਜਾਣਦਾ ਨਹੀਂ ਸੀ ਤੇਰੇ ਭਤੀਜੇ ਨੂੰ। ਜੇਕਰ ਉਹ ਹੀ ਦੱਸ ਦਿੰਦਾ ਤਾਂ ਸ਼ਾਇਦ ਉਸ ਵੇਲੇ ਕੁਝ ਹੋ ਸਕਦਾ ਸੀ। ਹੁਣ ਤਾਂ ਕੁਝ ਵੀ ਨਹੀਂ ਹੋ ਸਕਦਾ। ਮੈਂ ਸੋਚਣ ਲੱਗਾ ਕਿ ਜਦ ਅਸੀਂ ਪੜ੍ਹਦੇ ਸੀ ਤਾਂ ਸਾਨੂੰ ਸਾਡੇ ਵਡੇਰਿਆਂ ਵਲੋਂ ਇਹ ਦੱਸਿਆ ਜਾਂਦਾ ਸੀ ਕਿ ਪਿੰਡ ਦਾ ਫਲਾਣਾ ਮੁੰਡਾ ਪੜ੍ਹ ਕੇ ਵੱਡਾ ਅਫਸਰ ਬਣ ਗਿਆ ਹੈ। ਸਾਡੇ ਮਨਾਂ ਵਿਚ ਉਸ ਵਰਗਾ ਬਣਨ ਦਾ ਉਤਸ਼ਾਹ ਪੈਦਾ ਹੁੰਦਾ ਸੀ। ਇਹ ਕੁਤਾਹੀ ਮਾਪਿਆਂ ਵਲੋਂ ਹੀ ਹੋ ਰਹੀ ਹੈ ਅਤੇ ਇਸਦਾ ਹਰਜ਼ਾਨਾ ਵੀ ਕਿਸੇ ਰੂਪ ਵਿਚ ਮਾਪਿਆਂ ਨੂੰ ਭਰਨਾ ਪੈਂਦਾ ਹੈ।

ਮਖ਼ਮੂਰੀ ਦੇ ਆਲਮ ਵਿਚ ਪਤਾ ਹੀ ਨਾ ਲੱਗਾ ਕਦੋਂ 2-3 ਘੰਟੇ ਸਕੂਲ ਦੇ ਚੌਗਿਰਦੇ ਵਿਚ ਬੀਤ ਗਏ। ਖਾਸ ਕਰਕੇ ਉਨ੍ਹਾਂ ਪਲਾਂ 'ਚ ਜਦ ਤੁਸੀਂ ਸਕੂਲ ਦੇ ਦਿਨਾਂ ਨੂੰ ਜਿਊਂਦੇ ਹੋ। ਤੁਹਾਨੂੰ ਉਹ ਟਾਟ, ਜਮਾਤੀ, ਟੀਚਰ, ਕਮਰੇ ਅਤੇ ਥਾਵਾਂ ਵੀ ਯਾਦ ਆਉਂਦੀਆ ਜਿੱਥੇ ਤੁਸੀਂ ਆਪਣੀਆਂ ਪੈੜਾਂ ਦੇ ਨਿਸ਼ਾਨ ਛੱਡ ਆਏ ਹੁੰਦੇ ਹੋ। ਇਹ ਪੈੜਾਂ ਭਾਵੇਂ ਤੁਹਾਨੂੰ ਨਜ਼ਰ ਨਹੀਂ ਆਉਂਦੀਆਂ ਪਰ ਤੁਹਾਨੂੰ ਯਾਦ ਰਹਿੰਦਾ ਹੈ ਉਹ ਬੋਹੜ ਜਿਸਦੀ ਛਾਂ ਹੇਠ ਅੱਧੀ ਛੁੱਟੀ ਵੇਲੇ ਅਚਾਰ ਨਾਲ ਪਰੌਂਠੇ ਖਾਈਦੇ ਸੀ। ਪੀਜ਼ੇ ਬਰਗਰਾਂ 'ਚੋਂ ਕਦੋਂ ਉਹ ਸਵਾਦ ਆਵੇਗਾ ਜਿਹੜਾ ਅੱਧੀ ਛੁੱਟੀ ਵੇਲੇ ਪੋਣੇ 'ਚੋਂ ਰੋਟੀ ਕੱਢ ਕੇ ਖਾਣ ਨਾਲ ਆਉਂਦਾ ਸੀ ਅਤੇ ਅਚਾਰ ਦੀ ਮਹਿਕ ਸਾਰਾ ਦਿਨ ਹੱਥਾਂ ਵਿਚ ਰਹਿੰਦੀ ਸੀ। ਸਕੂਲ ਦੇ ਸਾਥੀਆਂ ਦੀਆਂ ਬੇਲਾਗ ਗੱਲਾਂ, ਉਨ੍ਹਾਂ ਦੀਆਂ ਟਕੋਰਾਂ ਅਤੇ ਦਿਲਲੱਗੀਆਂ ਦਾ ਚੇਤਾ ਵਕਤ ਨੂੰ ਹੋਰ ਹੀ ਰੰਗ ਵਿਚ ਰੰਗ ਦਿੰਦਾ ਜਿਹੜੇ ਰੰਗ ਸਾਡੇ ਜੀਵਨ ਵਿਚੋਂ ਫਿੱਕੇ ਪੈ ਚੁੱਕੇ ਹਨ।

ਰੂਹਰੰਗਤਾ ਨਾਲ ਸਰਸ਼ਾਰ ਅਤੇ ਮਾਨਸਿਕ ਰੂਪ ਵਿਚ ਸਕੂਨ, ਸਹਿਜ ਅਤੇ ਸੰਤੁਸ਼ਟੀ ਨਾਲ ਭਰੇ ਅਸੀਂ ਵਾਪਸ ਘਰਾਂ ਨੂੰ ਪਰਤ ਰਹੇ ਸੀ ਤਾਂ ਸਾਰੇ ਰਾਹ ਸਕੂਲ ਦੀਆਂ ਗੱਲਾਂ ਵਿਚ ਗਵਾਚੇ ਰਹੇ। ਇਉਂ ਜਾਪਦਾ ਸੀ ਕਿ ਅਸੀਂ ਸਕੂਲ ਪੜ੍ਹਦੇ ਜੁਆਕ ਹੋਈਏ ਅਤੇ ਛੁੱਟੀ ਤੋਂ ਬਾਅਦ ਘਰਾਂ ਨੂੰ ਪਰਤ ਰਹੇ ਹੋਈਏ। ਸਭ ਤੋਂ ਅਜ਼ੀਮ ਸੀ ਮੇਰੇ ਪੁਰਾਣੇ ਸਕੂਲ ਦੀ ਅਕੀਦਤ ਜਿਸਨੇ ਮੈਨੂੰ ਅਜੋਕੇ ਰੂਪ ਵਿਚ ਤਰਾਸ਼ਣ ਵਿਚ ਅਹਿਮ ਭੂਮਿਕਾ ਨਿਭਾਈ। ਸ਼ੁਕਰਗੁਜ਼ਾਰ ਹਾਂ ਪੁਰਾਣੀ ਹਵੇਲੀ ਵਿਚਲੇ ਉਸ ਸਕੂਲ ਦਾ, ਆਪਣੇ ਅਧਿਆਪਕਾਂ ਅਤੇ ਚੌਗਿਰਦੇ ਦਾ ਜਿਸ ਨੇ ਸਾਡੇ ਵਰਗੇ ਅਣਗੌਲਿਆਂ ਨੂੰ ਗਵਾਚਣ ਤੋਂ ਬਚਾਇਆ। ਨਵੇਂ ਰਾਹਾਂ ਵਿਚ ਆਪਣੀ ਪਛਾਣ ਸਿਰਜਣ ਦੇ ਕਾਬਲ ਬਣਾਇਆ। ਆਪਣੇ ਸਕੂਲ ਦੀ ਇਹ ਗੇੜੀ ਅਕਸਰ ਹੀ ਚੇਤਿਆਂ ਵਿਚ ਦਸਤਕ ਦੇ, ਮੈਨੂੰ ਹਸਾਸੇ ਪਲਾਂ ਨਾਲ ਭਰ ਜਾਂਦੀ ਹੈ।

## ਖੇਤੀਬਾੜੀ ਸਵਾਲ/ਸੰਕਟ ਅਤੇ ਸਹਿਕਾਰਤਾ

*(ਸਫਾ 15 ਦਾ ਬਾਕੀ)*

ਅਤੇ ਸ਼ਹਿਰੀਕਰਨ ਮੁੱਖ ਭੂਮਿਕਾ ਨਿਭਾਉਂਦੇ ਹਨ, ਨਾਲ ਵਰਟੀਕਲ ਏਕੀਕਰਨ ਦੀ ਤਰਜ਼ਮਾਨੀ ਕਰਦੀਆਂ ਹਨ। ਇਨ੍ਹਾਂ ਦੋਵਾਂ ਸਿਧਾਂਤਾਂ ਰਾਹੀਂ ਖੇਤੀ ਦੇ ਸਵਾਲ/ਸੰਕਟ ਦੇ ਸਫਲਤਾਪੂਰਵਕ ਹੱਲ ਦਾ ਖਾਸਾ ਇਹ ਹੈ ਕਿ ਉਤਪਾਦਨ ਪ੍ਰਕਿਰਿਆ ਦੇ ਉਪਰੋਕਤ ਦੋਵਾਂ ਪੱਧਰਾਂ 'ਤੇ ਜੋ ਉਤਪਾਦਨ ਸੰਬੰਧ ਬਣਦੇ ਹਨ ਉਨ੍ਹਾਂ ਦਾ ਆਧਾਰ ਇੱਕੋ ਹੀ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਜੇ ਕਿਸੇ ਸਮਾਜ ਦੇ ਆਰਥਿਕ ਪ੍ਰਬੰਧ ਦਾ ਆਧਾਰ ਪੂੰਜੀਵਾਦੀ ਸੰਬੰਧ ਹਨ ਤਾਂ ਖੇਤੀ ਉਤਪਾਦਨ ਦੇ ਸੰਬੰਧ ਵੀ ਪੂੰਜੀਵਾਦੀ ਹੋਣੇ ਚਾਹੀਦੇ ਹਨ। ਅਜਿਹਾ ਹੋਣ ਨਾਲ ਹੀ ਖੇਤੀ ਉਤਪਾਦਨ ਦਾ ਵੱਡੇ ਪੂੰਜੀਵਾਦੀ ਪ੍ਰਬੰਧ ਨਾਲ ਵਰਟੀਕਲ ਏਕੀਕਰਨ ਹੋ ਸਕਦਾ ਹੈ, ਜੋ ਖੇਤੀ ਸਵਾਲ/ਸੰਕਟ ਦੇ ਪੂੰਜੀਵਾਦੀ ਹੱਲ ਦਾ ਆਧਾਰ ਬਣਦਾ ਹੈ। ਸਹਿਕਾਰੀ ਖੇਤੀ ਦੀ ਜਿਸ ਧਾਰਨਾ ਦਾ ਪ੍ਰਚਾਰ ਪੰਜਾਬ ਦੇ ਬੁੱਧੀਜੀਵੀ ਕਰਦੇ ਹਨ ਉਹ ਕਿਸੇ ਨਾ ਕਿਸੇ ਰੂਪ ਵਿਚ ਖੇਤੀ ਸਵਾਲ/ਸੰਕਟ ਦੇ ਹੱਲ ਦੀ ਪਹਿਲੀ ਸ਼ਰਤ ਤਾਂ ਪੂਰਾ ਕਰਦੀ ਹੈ। ਪਰ ਉਹ ਸਹਿਕਾਰਤਾ ਆਧਾਰਤ ਖੇਤੀ ਉਤਪਾਦਨ ਵਿਚ ਜਿਨ੍ਹਾਂ ਉਤਪਾਦਨ ਸੰਬੰਧਾਂ ਦੀ ਤਰਜ਼ਮਾਨੀ ਕਰਦੇ ਜਾਪਦੇ ਹਨ ਉਹਦੇ ਵੱਡੇ ਆਰਥਿਕ ਪ੍ਰਬੰਧ ਦੇ ਉਤਪਾਦਨ ਸੰਬੰਧਾਂ ਨਾਲ ਇਕਸਾਰਤਾ ਨਹੀਂ ਬਣਦੀ। ਇਸ ਲਈ ਇਨ੍ਹਾਂ ਦੁਆਰਾ ਦਿੱਤੀ ਜਾ ਰਹੀ ਸਹਿਕਾਰੀ ਖੇਤੀ ਦੀ ਧਾਰਨਾ ਖੇਤੀ ਸਵਾਲ/ਸੰਕਟ ਦਾ ਕੋਈ ਅਗਾਂਹਵਧੂ ਹੱਲ ਨਹੀਂ ਹੋ ਸਕਦੀ। ਦੂਜੇ ਸ਼ਬਦਾਂ ਵਿਚ ਇਹ ਧਾਰਨਾ ਖੇਤੀ ਸਵਾਲ/ਸੰਕਟ ਦਾ ਹੱਲ ਕਰਨ ਨਾਲੋਂ ਖੇਤੀ ਸਵਾਲ/ਸੰਕਟ ਨੂੰ ਬਣਾ ਕੇ ਰੱਖਣ ਵਾਲੀ ਹੈ।

ਇਸ ਸੰਦਰਭ ਵਿਚ ਸਹਿਕਾਰਤਾ ਦੇ ਵਿਕਲਪਿਕ ਸਿਧਾਂਤ ਰਾਹੀਂ ਖੇਤੀ ਸਵਾਲ/ਸੰਕਟ ਨੂੰ ਹੱਲ ਕਰਨ ਲਈ ਸਭ ਤੋਂ ਮਹੱਤਵਪੂਰਨ ਚੁਣੌਤੀ ਇਹ ਹੈ ਕਿ ਸਹਿਕਾਰਤਾ ਦਾ ਇਹ ਸਿਧਾਂਤ ਉਪਰੋਕਤ ਦੋਵਾਂ ਸ਼ਰਤਾਂ ਨੂੰ ਪੂਰਾ ਕਰੇ। ਸਾਡੇ ਦੁਆਰਾ ਸਹਿਕਾਰਤਾ ਦੇ ਵਿਕਲਪਿਕ ਸਿਧਾਂਤ ਲਈ ਲੋੜੀਂਦੇ ਹਲਾਤਾਂ ਵੱਲ ਕੀਤੇ ਗਏ ਸੰਕੇਤ ਸਹਿਕਾਰਤਾ ਦੇ ਸਿਧਾਂਤ ਨਿਰਮਾਣ ਵਿਚ ਤਾਂ ਸਹਾਈ ਹੋ ਸਕਦੇ ਹਨ ਪਰ ਪੂੰਜੀਵਾਦੀ ਪ੍ਰਬੰਧ ਵਿਚ ਅਜਿਹੇ ਸਿਧਾਂਤ ਨੂੰ ਅਮਲੀ ਰੂਪ ਦੇਣਾ, ਜਿਵੇਂ ਕਿ ਵਿਕਾਸ ਦੇ ਅਰਥਸ਼ਾਸਤਰ ਵਿਚ ਵਿਕਾਸ ਦੀ ਸਥਿਰਤਾ ਨੂੰ ਬਣਾ ਕੇ ਰੱਖਣ ਵਾਂਗ, ਤਲਵਾਰ ਦੀ ਧਾਰ (knife-edge problem) 'ਤੇ ਚੱਲਣ ਦੀ ਸਮੱਸਿਆ ਵਾਂਗ ਹੈ। ਸਾਡਾ ਸਹਿਕਾਰਤਾ ਦੇ ਵੱਖ-ਵੱਖ ਮਾਡਲਾਂ, ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਸਮੱਸਿਆਵਾਂ ਦਾ ਵਿਚਾਰਧਾਰਕ (ideological) ਅਧਿਐਨ ਸਾਨੂੰ ਨਿਰਾਸ਼ਾਵਾਦੀ ਨਤੀਜੇ 'ਤੇ ਹੀ ਪਹੁੰਚਾਉਂਦਾ ਹੈ। ਸਾਡੇ ਅਧਿਐਨ ਅਨੁਸਾਰ ਪੂੰਜੀਵਾਦੀ ਪ੍ਰਬੰਧ ਅਧੀਨ ਸਹਿਕਾਰੀ ਖੇਤੀ, ਖੇਤੀ ਸਵਾਲ/ਸੰਕਟ ਦਾ ਕੋਈ ਕਾਰਾਗਾਰ ਹੱਲ ਨਹੀਂ ਹੈ। ਦੁਨੀਆਂ ਦੇ ਉਨ੍ਹਾਂ ਮੁਲਕਾਂ, (ਉਦਾਹਰਨ ਦੇ ਤੌਰ 'ਤੇ ਚੀਨ) ਜਿੱਥੇ ਪਿਛਲੇ ਕੁੱਝ ਦਹਾਕਿਆਂ ਤੋਂ ਸਰਕਾਰ, ਬੁੱਧੀਜੀਵੀ ਅਤੇ ਉਨ੍ਹਾਂ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਦੇ ਖੋਜਾਰਥੀ ਪੂਰੀ ਸ਼ਿੱਦਤ ਨਾਲ ਸਹਿਕਾਰਤਾ ਨੂੰ ਪ੍ਰਫੁੱਲਿਤ ਕਰਨ ਵਿਚ ਲੱਗੇ ਹੋਏ ਹਨ, ਖੇਤੀ ਸਵਾਲ/ਸੰਕਟ ਦਾ ਕੋਈ ਠੋਸ ਹੱਲ ਲੱਭਣ ਵਿਚ ਸਫਲ ਨਹੀਂ ਹੋ ਪਾ ਰਹੇ ਹਨ।

ਇਸ ਸੰਦਰਭ ਵਿਚ ਜੇ ਅਸੀਂ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ, ਬੁੱਧੀਜੀਵੀਆਂ ਅਤੇ ਬਹੁਤੀਆਂ ਕਿਸਾਨ ਜਥੇਬੰਦੀਆਂ ਦੀ ਸਹਿਕਾਰਤਾ ਦਾ ਮਾਡਲ ਤਿਆਰ ਕਰਨ ਦੀ ਸ਼ਿੱਦਤ ਦੀ ਗੱਲ ਕਰੀਏ ਤਾਂ ਉਹ ਚੀਨ ਵਰਗੇ ਮੁਲਕ ਦੇ ਮੁਕਾਬਲੇ ਤਾਂ ਨਿਗੁਣੀਆਂ ਜਿਹੀਆਂ ਹੀ ਜਾਪਦੀਆਂ ਹਨ। ਪਰ ਅਸੀਂ ਇਹ ਆਸ ਕਰਦੇ ਹਾਂ ਕਿ ਪੰਜਾਬ ਦਾ ਬੁੱਧੀਜੀਵੀ ਵਰਗ ਅਤੇ ਲੋਕ ਪੱਖੀ ਕਿਸਾਨੀ ਅਤੇ ਖੇਤ ਮਜ਼ਦੂਰ ਜਥੇਬੰਦੀਆਂ, ਜੋ ਖੇਤੀ ਸੰਕਟ/ਸਵਾਲ ਨੂੰ ਬਣਾ ਕੇ ਰੱਖਣ ਦੀ ਬਜਾਇ ਹੱਲ ਕਰਨ ਵਿਚ ਜ਼ਿਆਦਾ ਦਿਲਚਸਪੀ ਰੱਖਦੀਆਂ ਹਨ, ਦੁਨੀਆਂ ਦੇ ਉਨ੍ਹਾਂ ਮੁਲਕਾਂ ਅਤੇ ਖਿੱਤਿਆਂ ਦੇ ਸਹਿਕਾਰਤਾ ਦੇ ਮਾਡਲਾਂ ਅਤੇ ਕੋਸ਼ਿਸ਼ਾਂ ਦਾ ਨਿੱਠ ਕੇ ਅਧਿਐਨ ਕਰਦੇ ਹੋਏ ਵਿਚਾਰਧਾਰਕ ਆਧਾਰ 'ਤੇ ਪੰਜਾਬ ਲਈ ਕੋਈ ਅਜਿਹਾ ਮਾਡਲ ਉਲੀਕਣਗੇ ਜੋ ਪੰਜਾਬ ਦੇ ਖੇਤੀ ਸਵਾਲ/ਸੰਕਟ ਨੂੰ ਹੱਲ ਕਰਨ ਦੇ ਨਾਲ-ਨਾਲ ਨਵੇਂ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਪ੍ਰਬੰਧ ਲਈ ਰਸਤਾ ਪੱਧਰਾ ਕਰੇਗਾ।

# ਕੰਡਿਆਲੀਆਂ ਪਗਡੰਡੀਆਂ ਦੀ ਮੁਸਾਫ਼ਿਰ ਬਚਿੰਤ ਕੌਰ

**ਕਲਮਾਂ ਵਾਲੀਆਂ**

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਛੇਵੇਂ ਪੂਰ ਵਿਚ ਉੱਘੀ ਲੇਖਿਕਾ ਬਚਿੰਤ ਕੌਰ ਬਾਰੇ ਗੱਲਾਂ ਹਨ।***

ਬਚਿੰਤ ਕੌਰ ਪੰਜਾਬੀ ਸਾਹਿਤ ਦੀ ਫ਼ਲੇਰੀ ਹੈ। ਕਿਸੇ ਨੂੰ ਉਹ ਕੁਝ ਬਣ ਕੇ ਦਿਖਾਈ ਦਿੰਦੀ ਰਹੀ ਹੈ, ਕਿਸੇ ਨੂੰ ਕੁਝ ਹੋਰ!

ਸਤਿਕਾਰਜੋਗ ਸੰਤ ਸਿੰਘ ਸੇਖੋਂ ਲੇਖਿਕਾਵਾਂ ਦੇ ਪੂਰੇ ਪਾਰਖੀ ਅਤੇ ਪ੍ਰਸੰਸਕ ਸਨ। ਬਚਿੰਤ ਕੌਰ ਨੂੰ ਕਿਤੇ ਉਨ੍ਹਾਂ ਨੇ ਦਿੱਲੀ ਡਾ. ਹਰਚਰਨ ਸਿੰਘ ਦੇ ਗਿਆਨੀ ਕਾਲਜ ਵਿਚ ਪੜ੍ਹਦੀ ਨੂੰ ਉਸ ਸਮੇਂ ਦੇਖਿਆ ਸੀ ਜਦੋਂ ਉਹ ਹਰਚਰਨ ਸਿੰਘ ਦੇ ਮਿੱਤਰ ਹੋਣ ਦੇ ਨਾਤੇ ਵਿਦਿਆਰਥੀਆਂ ਨੂੰ ਭਾਸ਼ਨ ਦੇਣ ਆਏ ਸਨ। ਉਸ ਸਮੇਂ ਉਨ੍ਹਾਂ ਦੇ ਮਾਣ ਵਿਚ ਪੇਸ਼ ਕੀਤੇ ਗਏ ਇਕ ਛੋਟੇ ਜਿਹੇ ਸਭਿਆਚਾਰਕ ਪ੍ਰੋਗਰਾਮ ਵਿਚ ਬਚਿੰਤ ਕੌਰ ਨੇ ਚਰਖਾ ਡਾਹ ਕੇ "ਨੀ ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ" ਗੀਤ ਵੀ ਪੇਸ਼ ਕੀਤਾ ਸੀ। ਸ਼ਾਇਦ ਇਸੇ ਸਦਕਾ ਹੀ ਇਹ ਉਨ੍ਹਾਂ ਦੇ ਚੇਤੇ ਵਿਚ ਖੁੱਭ ਗਈ। ਕੁਝ ਸਾਲ ਮਗਰੋਂ ਕਿਧਰੇ ਇਹ ਮਿਲੀ ਤਾਂ ਉਨ੍ਹਾਂ ਨੇ ਪੁੱਛਿਆ, ਤੂੰ ਕੀ ਕਰਦੀ ਹੈਂ ਹੁਣ? ਇਹਨੇ



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਦੱਸਿਆ, ਐਫ.ਏ.। ਫੇਰ ਕਿਸੇ ਅਜਿਹੀ ਹੀ ਮਿਲਣੀ ਸਮੇਂ ਇਹਨੇ ਆਪਣਾ ਬੀ.ਏ. ਵਿਚ ਪੜ੍ਹਦੀ ਹੋਣਾ ਦੱਸਿਆ।

1974 ਵਿਚ ਸੇਖੋਂ ਜੀ ਬਚਿੰਤ ਕੌਰ ਨੂੰ ਦਿੱਲੀ ਯੂਨੀਵਰਸਿਟੀ ਵਿਚ ਆਏ ਹੋਏ ਮਿਲ ਪਏ। ਓਦੋਂ ਇਹ ਪੰਜਾਬੀ ਦੀ ਐਮ.ਏ. ਕਰ ਰਹੀ ਸੀ। 1983-84 ਦੀ ਗੱਲ ਹੈ। ਮੈਂ ਨਵਯੁਗ ਵਿਚ ਭਾਪਾ ਜੀ ਕੋਲ ਬੈਠਾ ਸੀ। ਕੁਝ ਸਮੇਂ ਮਗਰੋਂ ਬਚਿੰਤ ਕੌਰ ਆ ਗਈ। ਸਬੱਬ ਅਜਿਹਾ ਬਣਿਆ ਕਿ ਸੇਖੋਂ ਜੀ ਵੀ ਆ ਪਹੁੰਚੇ। ਸਾਡੇ ਹੱਥ ਛੋਟੀ-ਛੋਟੀ ਨਿਬੇੜ ਕੇ ਉਨ੍ਹਾਂ ਨੇ ਬਚਿੰਤ ਕੌਰ ਦਾ ਹੱਥ ਛੱਡੇ ਬਿਨਾਂ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਿਆ, ਕੀ ਕਰਦੀ ਹੈਂ ਅੱਜ-ਕੱਲ੍ਹ? ਇਹਦੇ ਮੂੰਹੋਂ ਐਮ.ਫਿਲ. ਸੁਣ ਕੇ ਉਹ ਬੋਲੇ, "ਸਾਰੀ ਉਮਰ ਪੜ੍ਹਦੀ ਹੀ ਰਹੇਂਗੀ ਕਿ ਕਿਸੇ ਭਾਗਾਂ ਵਾਲੇ ਦਾ ਘਰ ਵੀ ਵਸਾਏਂਗੀ?" ਅਸੀਂ ਸਾਰੇ ਹੱਸ-ਹੱਸ ਲੋਟ-ਪੋਟ ਹੋ ਗਏ ਅਤੇ ਬਚਿੰਤ ਕੌਰ ਨੇ ਡੌਰ-ਭੌਰ ਹੋਏ ਸੇਖੋਂ ਜੀ ਨੂੰ ਦੱਸਿਆ, "ਮੇਰੇ ਤਾਂ ਇਕ-ਇਕ ਦੋਹਤਾ-ਦੋਹਤੀ ਵੀ ਨੇ ਤੇ ਇਕ ਪੋਤੀ ਵੀ ਹੈ। ਮੇਰੀ ਸਭ ਤੋਂ ਛੋਟੀ ਲੜਕੀ ਦੀ ਵੀ ਸ਼ਾਦੀ ਹੋ ਗਈ!"

1952 ਵਿਚ ਬਚਿੰਤ ਕੌਰ ਨੂੰ ਉਹਦਾ ਪਤੀ ਮਾਂ ਦੀ ਬੀਮਾਰੀ ਦਾ ਝੂਠਾ ਬਹਾਨਾ ਲਾ ਕੇ ਮੁਕਲਾਵੇ ਤੋਂ ਬਿਨਾਂ ਹੀ ਬਾਰਾਂ ਸਾਲ ਦੀ ਉਮਰ ਵਿਚ ਦਿੱਲੀ ਲੈ ਆਇਆ ਸੀ। ਅਗਲੀ ਸਵੇਰ ਹੋਣ ਤੋਂ ਪਹਿਲਾਂ ਉਹਦੀ ਉਮਰ ਛੜੱਪਾ ਮਾਰ ਕੇ ਬੱਤੀ ਸਾਲ ਉੱਤੇ ਪੁੱਜ ਗਈ ਸੀ। ਬਾਲਪਨ ਅਤੇ ਚੜ੍ਹਦੀ ਜਵਾਨੀ ਕਿਤੇ ਲਾਂਭੇ ਹੀ ਰਹਿ ਗਏ ਸਨ। ਪਰ ਇਹ ਕਸਰ ਲੰਮੇ ਸਮੇਂ ਤੱਕ ਜਵਾਨੀ ਨੇ ਬੁਢਾਪੇ ਵੱਲ ਵਧਣ ਤੋਂ ਇਨਕਾਰ ਕਰ ਕੇ ਪੂਰੀ ਕਰ ਦਿੱਤੀ। ਉਸ ਪਿਛੋਂ ਕਈ ਦਹਾਕੇ ਇਹਦੀ ਉਮਰ ਬੱਤੀ ਸਾਲ ਉਤੇ ਹੀ ਅਟਕੀ ਰਹੀ। ਭਾਰਤੀ ਮਿਥਿਹਾਸ ਵਿਚ ਅਮਰ-ਰਸ ਪੀਣ ਸਦਕਾ ਸਦਾ-ਮੁਟਿਆਰ ਰਹਿੰਦੀਆਂ ਸੁੰਦਰੀਆਂ ਦਾ ਜ਼ਿਕਰ ਆਉਂਦਾ ਹੈ। ਬਚਿੰਤ ਕੌਰ ਦੀ ਧੀ ਇਹਦੀ ਜੌੜੀ ਭੈਣ ਲੱਗਣ ਲੱਗ ਪਈ।

ਇਸੇ ਕਰਕੇ 1981 ਵਿਚ, ਜਦੋਂ ਕਾਗ਼ਜ਼ਾਂ ਉੱਤੇ ਇਹਦੀ ਉਮਰ ਚਾਲੀਆਂ ਤੋਂ ਟੱਪ ਚੁੱਕੀ ਸੀ, ਇਹਨੇ ਆਪਣੇ ਇੰਸਟੀਚਿਊਟ ਦੇ ਭਾਰਤ-ਭਰ ਵਿਚ ਸਥਿਤ 43 ਦਫ਼ਤਰਾਂ ਦੀਆਂ ਕਰਨਾਲ ਵਿਖੇ ਹੋਈਆਂ ਸਾਂਝੀਆਂ ਖੇਡਾਂ ਵਿਚ ਜਵਾਨ ਵੇਗ ਅਤੇ ਟਪੂੰ-ਟਪੂੰ ਕਰਦੀ ਚੁਸਤੀ ਤੇ ਲਚਕ ਨਾਲ ਸਭ ਤੋਂ ਵੱਧ ਮੈਡਲ ਜਿੱਤੇ। ਬੈਡਮਿੰਟਨ ਤੇ ਟੇਬਲ ਟੈਨਿਸ ਦੇ ਗੋਲਡ ਮੈਡਲ। ਕੈਰਮ ਸਿੰਗਲ ਵਿਚ ਪਹਿਲਾ ਇਨਾਮ ਤੇ ਕੈਰਮ ਡਬਲਜ਼ ਵਿਚ ਵੀ ਪਹਿਲਾ ਇਨਾਮ। ਸੌ ਗਜ਼ ਦੀ ਦੌੜ ਵਿਚ ਸਿਲਵਰ ਮੈਡਲ। ਜੇ ਉਹ ਹੁਣ ਵੀ ਵਾਲ ਰੰਗ ਲਵੇ, ਪੰਜਾਹ ਤੋਂ ਵੱਡੀ ਨਾ ਲੱਗੇ!

ਇਕ ਸਮਕਾਲੀ ਕਹਾਣੀਕਾਰ ਹੋਣ ਦੇ ਨਾਤੇ ਮੈਂ ਬਚਿੰਤ ਕੌਰ ਨੂੰ ਕਾਫੀ ਸਮੇਂ ਤੋਂ ਜਾਣਦਾ ਸੀ। ਮੇਰੇ ਮਨ ਵਿਚ ਇਸ ਬਾਰੇ ਤਸਵੀਰ ਕੁਝ ਇਉਂ ਸੀ; ਹੇਠਲੇ ਦਰਮਿਆਨੇ ਤਬਕੇ ਦੀ ਇਕ ਔਰਤ ਜੋ ਕਿਸੇ ਕਾਲਜ ਵਿਚੋਂ ਪੜ੍ਹਾਈ ਮੁਕਾਉਣ ਮਗਰੋਂ ਕਿਸੇ ਦਫ਼ਤਰ ਵਿਚ ਕਲਰਕ ਲੱਗ ਗਈ; ਕਿਸੇ ਹੋਰ ਦਫ਼ਤਰ ਵਿਚ ਕੰਮ ਕਰਨ ਵਾਲੇ ਕਿਸੇ ਬੰਦੇ ਨਾਲ ਅਗੇਤਾ-ਪਿਛੇਤਾ ਵਿਆਹ ਹੋ ਗਿਆ ਅਤੇ ਕੁਝ ਬੱਚੇ ਜੰਮ ਪਏ; ਤਨਖ਼ਾਹ ਵਿਚੋਂ ਜੋੜੇ ਪੈਸਿਆਂ ਨਾਲ ਮੁੱਢਲੀ ਰਕਮ ਤਾਰ ਕੇ ਡੀ.ਡੀ.ਏ. ਦਾ ਫ਼ਲੈਟ ਕਿਸ਼ਤਾਂ ਉੱਤੇ ਲੈ ਲਿਆ; ਉੱਥੇ ਰਹਿੰਦਿਆਂ ਉਹ ਕੰਮ ਵਾਲੀ ਮਾਈ ਤੋਂ ਝਾੜੂ-ਪੋਚਾ ਕਰਵਾਉਂਦੀ ਹੈ ਅਤੇ ਰੋਟੀ-ਟੁੱਕ ਤੇ ਧੋਣ-ਧਪੋਣ ਤੋਂ ਮਿਲੇ ਵਿਹਲੇ ਸਮੇਂ ਵਿਚ ਕਹਾਣੀਆਂ ਲਿਖਦੀ ਹੈ।

ਜਾਣਕਾਰੀ ਹੌਲੀ-ਹੌਲੀ ਦੋਸਤੀ ਵਿਚ ਵਟ ਗਈ, ਪਰ ਉਹਦਾ ਇਹ ਬਿੰਬ ਕਈ ਸਾਲਾਂ ਤੱਕ ਜਿਉਂ-ਦਾ-ਤਿਉਂ ਬਣਿਆ ਰਿਹਾ। ਇਕ ਦਿਨ ਉਹ ਕਿਸੇ ਕੰਮ ਮੈਨੂੰ ਮਿਲਣ ਮੇਰੇ ਦਫ਼ਤਰ ਆਈ। ਪਤਾ ਨਹੀਂ ਕਿਵੇਂ ਉਹਦੇ ਜੀਵਨ ਬਾਰੇ ਗੱਲ ਚੱਲ ਪਈ। ਜਿਨ੍ਹਾਂ ਕੰਡਿਆਲੀਆਂ ਪਗਡੰਡੀਆਂ ਉੱਤੇ ਉਹ ਤੁਰੀ ਸੀ ਅਤੇ ਜਿਸ ਨਿਡੱਕਤਾ ਨਾਲ ਉਹ ਸਾਰਾ ਹਾਲ ਸੁਣਾ ਰਹੀ ਸੀ, ਮੈਂ ਤਾਂ ਦੰਗ ਹੀ ਰਹਿ ਗਿਆ। ਉਸ ਦਿਨ ਮੇਰੇ ਦਫ਼ਤਰ ਵਿਚ ਬੈਠਿਆਂ ਅਤੇ ਫੇਰ ਦਫ਼ਤਰੋਂ ਬਾਹਰ ਕਨਾਟ ਪਲੇਸ ਦੇ ਘਾਹ ਉੱਤੇ ਬੈਠਿਆਂ ਇਨ੍ਹਾਂ ਗੱਲਾਂ ਵਿਚ ਕਈ ਘੰਟੇ ਬੀਤੇ ਗਏ। ਆਖ਼ਰ ਉਹ ਘੜੀ ਵੱਲ ਦੇਖ ਕੇ ਤ੍ਰਭਕੀ ਅਤੇ ਬੋਲੀ, "ਹੁਣ ਮੈਂ ਚਲਦੀ ਹਾਂ। ਛੱਡੋ, ਇਹ ਤਾਂ ਰਾਮ-ਕਹਾਣੀ ਮੁੱਕਣੀ ਹੀ ਨਹੀਂ!"

ਤੇ ਨਿਸਚੇ ਹੀ ਜਿਹੜੀ ਬਚਿੰਤ ਕੌਰ ਮੇਰੇ ਕੋਲੋਂ ਉੱਠ ਕੇ ਗਈ, ਉਹ ਉਹੋ ਬਚਿੰਤ ਕੌਰ ਨਹੀਂ ਸੀ, ਜੋ ਕੁਝ ਸਮਾਂ ਪਹਿਲਾਂ ਮੇਰੇ ਕੋਲ ਆ ਕੇ ਬੈਠੀ ਸੀ। ਸਾਲਾਂ ਤੋਂ ਬਣਿਆ ਹੋਇਆ ਉਹਦਾ ਬਿੰਬ ਚੂਰ-ਚੂਰ ਹੋ ਗਿਆ ਸੀ ਅਤੇ ਉਹਦੀ ਥਾਂ ਇਕ ਨਵੀਂ-ਨਰੋਈ ਸ਼ਖ਼ਸੀਅਤ ਉੱਭਰ ਆਈ ਸੀ।

ਪਟਿਆਲੇ ਨੇੜਲੇ ਇਕ ਪਿੰਡ ਵਿਚ ਇਹ ਤੀਜੀ ਕੁੜੀ ਜੰਮੀ ਤਾਂ ਘਰੇ ਸੋਗ ਪੈ ਗਿਆ। ਦਾਦੀ ਮਾਰ ਤਾਂ ਨਾ ਸਕੀ, ਪਰ ਇਹਦੇ ਮਰਨ ਦੀ ਇੱਛਾ ਕਰਦੀ ਰਹੀ। ਨਾਂ ਬਚਿੰਤ ਹੀ ਇਸ ਇੱਛਾ ਦਾ ਫਲ ਸੀ ਕਿਉਂਕਿ ਇਕ ਸਾਲ ਵੱਡੀ ਭੈਣ, ਜਿਸ ਦਾ ਨਾਂ ਬਚਿੰਤ ਸੀ, ਅਚਾਨਕ ਮਰ ਗਈ ਸੀ। ਦਾਦੀ ਸੋਚਦੀ ਸੀ, ਸ਼ਾਇਦ ਇਹ ਨਾਂ ਹੀ ਕਾਰਨਾਮਾ ਕਰ ਦਿਖਾਵੇ! ਪਰ ਨਿਆਦਰੀ ਬਚਿੰਤ ਦਾ ਆਦਰ ਕਦਮ-ਕਦਮ ਕਰ ਕੇ ਵਧਣ ਲੱਗਿਆ ਜਦੋਂ ਉਸ ਪਿਛੋਂ ਇਕ-ਇਕ ਕਰ ਕੇ ਤਿੰਨ ਭਰਾ ਜੰਮੇ। ਭਾਵ ਤੱਕੜੀ ਦੇ ਪੱਲੜੇ ਵਿਚ ਭਾਗ-ਹੀਣ ਕੁੜੀ ਦੀ ਹੋਂਦ ਤਦ ਹੀ ਮਹਿਸੂਸ ਹੋ ਸਕੀ ਜਦੋਂ ਨਾਲ ਇਕ, ਦੋ, ਤਿੰਨ ਭਰਾਵਾਂ ਦਾ ਭਾਰ ਜੁੜਿਆ।

- ਘਰ-ਦਿਆਂ ਨੇ ਤੇਰਾ ਵਿਆਹ ਐਨੀ ਛੋਟੀ ਉਮਰ ਵਿਚ ਕਿਉਂ ਕਰ ਦਿੱਤਾ ਸੀ?

= ਅਸਲ ਵਿਚ ਸਾਡੇ ਇਕ ਰਿਸ਼ਤੇਦਾਰ ਦਾ ਮੇਰੇ ਪਰਿਵਾਰ ਨਾਲ ਕੁਝ ਝਗੜਾ ਸੀ। ਉਹ ਵਾਰ-ਵਾਰ ਡਰਾਵਾ ਦੇਵੇ, ਬਦਲਾ ਲੈਣ ਖ਼ਾਤਰ ਬਚਿੰਤ ਨੂੰ ਚੁੱਕ ਕੇ ਲੈ ਜਾਊਂ। ਮਾਪਿਆਂ ਨੂੰ ਮੇਰੇ ਬਚਾਉ ਦਾ ਢੰਗ ਵਿਆਹ ਹੀ ਦਿੱਸਿਆ। ਗੁੱਡੀਆਂ-ਪਟੋਲਿਆਂ ਦੀ ਉਮਰ ਸੀ ਮੇਰੀ, ਜਦੋਂ ਛੇਵੀਂ ਵਿਚ ਪੜ੍ਹਦੀ ਦੇ ਮੇਰੇ ਹੱਥ ਪੀਲੇ ਕਰ ਦਿੱਤੇ ਗਏ।

- ਕਿਵੇਂ ਲੱਗਿਆ ਸੀ ਵਿਆਹ ਤੈਨੂੰ?

= ਮੈਨੂੰ ਕੀ ਪਤਾ ਸੀ, ਵਿਆਹ ਕੀ ਹੁੰਦਾ ਐ! ਪੇਕੀਂ ਤੌਰ-ਤੁਰਾਈ ਸਮੇਂ ਨਾਇਣ ਕਹੇ, ਰੋ, ਪਰ ਮੈਨੂੰ ਰੋਣ ਨਾ ਆਵੇ। ਸਹੁਰੀਂ ਮੂੰਹ-ਦਿਖਾਈ ਸਮੇਂ ਸਭ ਜ਼ਨਾਨੀਆਂ ਕਹਿਣ, ਸੰਗ, ਮੈਨੂੰ ਸੰਗ ਨਾ ਆਵੇ! ਜਦੋਂ ਮੇਰਾ ਪਤੀ ਮੁਕਲਾਵਿਉਂ ਪਹਿਲਾਂ ਹੀ ਮੇਰਾ ਹਰਨ ਕਰ ਕੇ ਦਿੱਲੀ ਲੈ ਆਇਆ, ਮੈਂ ਬਿਹਾਰਨਾਂ ਜਾਂ ਯੂਪੀ ਵਾਲੀਆਂ ਵਾਂਗ ਘੁੰਡ ਕਢਿਆ ਹੋਇਆ ਸੀ, ਪੰਜੇਬਾਂ ਪਾਈਆਂ ਹੋਈਆਂ ਸਨ, ਸ਼ਨੀਲ ਦਾ ਸੂਟ; ਸੁਰਖੀ, ਬਿੰਦੀ, ਪਾਊਡਰ ਕੁਚੱਜੇ ਢੰਗ ਨਾਲ ਥੱਪੇ ਹੋਏ! ਸਹੁਰੀਂ ਪਹੁੰਚ ਕੇ ਮੈਂ ਜੇਠ ਦੇ ਛੋਟੇ ਜਿਹੇ ਮੁੰਡੇ ਨਾਲ ਸਾਈਕਲ ਚਲਾ-ਚਲਾ ਕੇ ਖੇਡਦੀ ਰਹੀ। ਐਨਾਂ ਕੁ ਚੱਜ ਸੀ ਮੈਨੂੰ ਨਿਆਣੀ ਨੂੰ!

ਭੈੜੇ ਦੋਸਤਾਂ ਦੀ ਸੰਗਤ ਵਿਚ ਫਸਿਆ ਹੋਇਆ ਪਤੀ ਪੂਰੀ ਤਰ੍ਹਾਂ ਗੈਰ-ਜ਼ਿੰਮੇਵਾਰ। ਜੇਠ-ਜਿਠਾਣੀ ਛੇਤੀ ਹੀ ਇੰਗਲੈਂਡ ਚਲੇ ਗਏ। ਸਹੁਰਾ ਅਚਾਨਕ ਪੂਰਾ ਹੋ ਗਿਆ। ਸੱਸ ਅਧਰੰਗ ਦੀ ਮਾਰ ਵਿਚ ਆ ਗਈ। ਉਪਰੋਂ-ਥਲੀ ਤਿੰਨ ਬੱਚੇ ਹੋ ਗਏ। ਰੋਟੀ ਦਾ ਵਸੀਲਾ ਨਿਰੰਤਰ ਘਟਦਾ ਹੀ ਘਟਦਾ ਗਿਆ। ਸਹੁਰੇ ਦੀ ਇੱਛਾ ਸੀ ਕਿ ਜੇ ਇਹ ਕੁਝ ਪੜ੍ਹ ਜਾਵੇ, ਬੱਚੇ ਤਾਂ ਪਾਲ ਲਵੇ। ਡਿੱਪੂ ਦਾ ਦੁੱਧ ਵੰਡਣ ਦਾ ਪੰਜਾਹ ਰੁਪਏ ਮਾਸਕ ਦਾ ਕੰਮ ਕੇਵਲ ਵਿਦਿਆਰਥੀਆਂ ਨੂੰ ਹੀ ਮਿਲਦਾ ਸੀ। ਸੋ ਬਚਿੰਤ ਦਾ ਦਾਖ਼ਲਾ ਉਸੇ ਸਕੂਲ ਵਿਚ ਅੱਠਵੀਂ ਵਿਚ ਕਰਵਾ ਦਿੱਤਾ ਗਿਆ ਜਿੱਥੇ ਇਹਦੀ ਬੇਟੀ ਨਰਸਰੀ ਵਿਚ ਪੜ੍ਹਦੀ ਸੀ। ਓਦੋਂ ਦੁਕਾਨਾਂ ਉੱਤੇ ਸੇਲਜ਼ਗਰਲ ਨਹੀਂ ਸਨ ਹੁੰਦੀਆਂ। ਬਰਾਈਟਵੇਜ਼ ਦੀ ਕਰੋਲਬਾਗ਼ ਵਾਲੀ ਦੁਕਾਨ ਉੱਤੇ ਇਹ ਪਹਿਲੀ ਸੇਲਜ਼ਗਰਲ ਬਣੀ। ਇਕ ਹੋਰ ਫ਼ਰਮ ਦਾ ਕਈ ਕਿਲੋ ਭਾਰੀ ਥੈਲਾ ਚੁੱਕ ਕੇ ਦਿੱਲੀ-ਨੇੜਲੇ ਪਿੰਡਾਂ ਵਿਚ ਪੈਨ, ਸਿਆਹੀ, ਸੁਰਖੀ, ਬਿੰਦੀ, ਪਾਊਡਰ, ਲਿਪਸਟਿਕ, ਆਦਿ ਵੇਚਣ ਲਈ ਦਰ-ਦਰ ਭਟਕੀ।

- ਇਸ ਨਾਲ ਘਰ ਦਾ ਗੁਜ਼ਾਰਾ ਹੋ ਜਾਂਦਾ ਸੀ?

= ਗੁਜ਼ਾਰਾ ਕਿੱਥੇ! ਘਰ ਦੀ ਹਾਲਤ ਤਾਂ ਨਿਘਰਦੀ ਹੀ ਗਈ। ਖ਼ਾਸ ਕਰਕੇ ਸਹੁਰਾ ਸਾਹਿਬ ਦੇ ਗੁਜ਼ਰ ਜਾਣ ਪਿਛੋਂ, ਜੋ ਮੇਰੇ ਇਕੋ-ਇਕ ਹਮਦਰਦ ਸਨ। ਨੌਕਰੀ ਵਾਲੀ ਕਰੋਲਬਾਗ਼ ਦੀ ਦੁਕਾਨ ਤੋਂ ਮੇਰੇ ਘਰ ਤੱਕ ਚੁਆਨੀ ਕਿਰਾਇਆ ਲਗਦਾ ਸੀ, ਉਹ ਬਚਾਉਣ ਲਈ ਮੈਂ ਕਈ ਮੀਲ ਰੋਜ਼ ਪੈਦਲ ਤੁਰਦੀ ਸੀ। ਅੰਤ ਨੂੰ ਤਾਂ ਕੁਆਰਟਰ ਦਾ ਪੰਦਰਾਂ ਰੁਪਏ ਮਾਸਕ ਕਿਰਾਇਆ ਦੇਣਾ ਵੀ ਅਸੰਭਵ ਹੋ ਗਿਆ। ਝੁੱਗੀਆਂ ਕੋਲ ਵਿਹਲੀ ਪਈ ਇਕ ਥਾਂ ਉੱਤੇ ਮੈਂ ਝੁੱਗੀ ਪਾਉਣ ਲੱਗੀ ਤਾਂ ਇਕ ਆਦਮੀ ਕਹਿੰਦਾ, ਇਹ ਮੇਰੀ ਕੂੜਾ ਸਿੱਟਣ ਵਾਲੀ ਥਾਂ ਹੈ। ਉਹਨੂੰ ਡੇਢ ਸੋ ਰੁਪਿਆ 'ਪਗੜੀ' ਤਾਰ ਕੇ ਉੱਥੇ ਕੰਧੋਂ ਬਿਨਾਂ ਸਿਰਕੀਆਂ ਦੀ ਝੁੱਗੀ ਪਾ ਲਈ। ਫੇਰ ਮੈਂ ਸਵੇਰੇ-ਸਵੇਰੇ ਜੰਗਲ-ਪਾਣੀ ਗਈ ਇਧਰ-ਉਧਰ ਪਏ ਇੱਕਾ-ਦੁੱਕਾ ਪੱਥਰ-ਰੋੜੇ ਚੁੱਕ ਲਿਆਉਂਦੀ ਅਤੇ ਕੰਧ ਉੱਤੇ ਲਾ ਦਿੰਦੀ। ਇਉਂ ਮੈਂ ਤਿੰਨ ਮਹੀਨਿਆਂ ਵਿਚ ਕੰਧ ਉਸਾਰ ਲਈ। ਅਸੀਂ ਝੁੱਗੀਆਂ ਵਾਲੇ ਪਾਣੀ ਬਹੁਤ ਦੂਰੋਂ ਢੋਂਦੇ। ਜਦੋਂ ਮੀਂਹ ਪੈਂਦਾ, ਝੁੱਗੀ ਅੱਗੇ ਟੋਇਆ ਪੁੱਟ ਕੇ ਇਕੱਠਾ ਹੋਇਆ ਪਾਣੀ ਮੈਂ ਪੀਪਿਆਂ ਵਿਚ ਭਰ ਲੈਂਦੀ।

- ਇਨ੍ਹਾਂ ਕਹਿਰੀ ਸਮਿਆਂ ਵਿਚ ਤੂੰ ਮਾਪਿਆਂ ਨੂੰ ਵਾਜ ਕਿਉਂ ਨਾ ਮਾਰੀ ਜਾਂ ਉਨ੍ਹਾਂ ਨੇ ਆਪ ਆ ਕੇ ਕਦੀ ਤੇਰੀ ਬਾਂਹ ਕਿਉਂ ਨਾ ਫੜੀ?

= ਪੇਕੇ ਵੀ ਕਿਹੜਾ ਮਾਇਕ ਪੱਖੋਂ ਕੋਈ ਸੌਖੇ ਸਨ। ਪਿਉ ਨੌਕਰੀ ਵਿਚ ਦੂਰ-ਦੂਰ ਭਟਕਦਾ ਸੀ। ਭਰਾ ਛੋਟੇ ਸਨ। ਜੇ ਮਾਂ ਨੂੰ ਦਸਦੀ, ਉਹ ਬਿਚਾਰੀ ਦੁਖੀ ਹੀ ਹੁੰਦੀ, ਹੋਰ ਕੀ ਕਰ ਲੈਂਦੀ।

- ਝੁੱਗੀ ਵਿਚ ਤਾਂ ਤੂੰ, ਤੇਰਾ ਪਤੀ, ਬੱਚੇ ਅਤੇ ਬੀਮਾਰ ਸੱਸ ਹੀ ਸੀ। ਇਨ੍ਹਾਂ ਦਿਨਾਂ ਵਿਚ ਪਤੀ ਦਾ ਰਵਈਆ ਕੀ ਸੀ?

= ਉਹਦੇ ਰਵਈਏ ਵਿਚ ਕੋਈ ਫ਼ਰਕ ਨਾ ਆਇਆ। ਉਹ ਇਸ ਸਭ ਕੁਛ ਤੋਂ ਬਾਹਰ ਖਲੋਤਾ ਸੀ। ਜਦੋਂ ਦਿਲ ਕਰਦਾ, ਸਭ ਨਜ਼ਲਾ ਮੇਰੇ ਉੱਤੇ ਝਾੜ ਦਿੰਦਾ ਸੀ।





ਬਚਿੰਤ ਕੌਰ ਦੇ ਦੋ ਵੱਖ-ਵੱਖ ਅੰਦਾਜ਼

ਰੋਜ਼ੀ ਦਾ ਭਾਲ ਵਿਚ ਭਟਕਦੀ ਬਚਿੰਤ ਇਕ ਦਿਨ ਪਰਤੀ ਤਾਂ ਝੁੱਗੀ ਢਾਹ ਕੇ ਢੇਰੀ ਕੀਤੀ ਪਈ ਸੀ। ਰੇਤੇ-ਮਿੱਟੀ ਦੇ ਵਿਚਕਾਰ ਅਧਰੰਗ ਦੀ ਮਾਰੀ ਸੱਸ ਦੀ ਮੰਜੀ ਪਈ ਸੀ ਅਤੇ ਮਲਬੇ ਦੀਆਂ ਢੇਰੀਆਂ ਉੱਤੇ ਬੱਚੇ ਭੈਭੀਤ ਬੈਠੇ ਸਨ। ਬਾਕੀ ਸਭ ਝੁੱਗੀਆਂ ਸਹੀ-ਸਲਾਮਤ ਸਨ ਕਿਉਂਕਿ ਉਨ੍ਹਾਂ ਵਿਚ ਹਾਜ਼ਰ ਲੋਕਾਂ ਨੇ ਕਾਰਪੋਰੇਸ਼ਨ ਵਾਲਿਆਂ ਦੇ ਮੂੰਹ ਵਿਚ ਹੱਡ ਪਾ ਦਿੱਤਾ ਸੀ। ਪਤੀ ਅੱਧੀ ਰਾਤ ਆ ਕੇ ਬੋਲਿਆ, "ਸਾਰਾ ਦਿਨ ਹਰਲ-ਹਰਲ ਕਰਦੀ ਫਿਰਦੀ ਐਂ, ਘਰ ਹੁੰਦੀ ਤਾਂ ਕਾਸ ਨੂੰ ਤੋੜ ਕੇ ਜਾਂਦੇ ਉਹ ਝੌਂਪੜੀ।" ਤੇ ਉਹਨੇ ਗੁੱਤੋਂ ਫੜ ਕੇ ਝੁੱਗੀ ਢਹੀ ਦਾ ਆਪਣਾ ਸਾਰਾ ਗੁੱਸਾ ਬਚਿੰਤ ਉੱਤੇ ਲਾਹ ਦਿੱਤਾ ਅਤੇ ਸਾਈਕਲ ਚੁੱਕ ਕੇ, ਜਿਧਰੋਂ ਆਇਆ ਸੀ, ਉਧਰੇ ਹੀ ਪਰਤ ਗਿਆ। ਇਸ ਪਿਛੋਂ ਉਹਦੇ ਦਰਸ਼ਨ ਉਦੋਂ ਹੀ ਹੋਏ ਜਦੋਂ ਬਚਿੰਤ ਨੇ ਕਿਵੇਂ-ਨਾ-ਕਿਵੇਂ ਝੁੱਗੀ ਦੁਬਾਰਾ ਖੜ੍ਹੀ ਕਰ ਲਈ।

ਪਤੀ ਦਾ ਇਹ ਰਵਈਆ ਪਤਨੀ ਦੇ ਕਿਸੇ ਵਾਸਤਵਿਕ ਜਾਂ ਕਲਪਿਤ ਦੋਸ਼ ਕਰਕੇ ਨਹੀਂ ਸੀ ਸਗੋਂ ਔਰਤ ਨੂੰ ਪਤੀ-ਪ੍ਰਮੇਸ਼ਰ ਦਾ ਅਧਿਕਾਰ ਜਤਾਉਂਦੇ ਰਹਿਣ ਲਈ ਸੀ। ਤੇ ਹੇਠਲੇ ਤਬਕੇ ਦੀ, ਸਾਧਨ-ਹੀਣ, ਵਸੀਲਿਉਂ-ਵਿਰਵੀ, ਨਿਆਸਰੀ ਇਸਤਰੀ ਦੀ ਮਜਬੂਰੀ ਦੇਖੋ। ਉਹ ਉਪਰਲੇ ਤਬਕੇ ਦੀ ਕਿਸੇ ਇਸਤਰੀ ਵਾਂਗ ਪਤੀ ਨੂੰ ਠੋਹਕਰ ਮਾਰ ਕੇ ਆਪਣੀ ਕੋਠੀ ਜਾਂ ਫ਼ਲੈਟ ਵਿਚ ਤਾਂ ਰਹਿ ਨਹੀਂ ਸੀ ਸਕਦੀ। ਰੋਟੀ ਲਈ ਸੜਕਾਂ ਉੱਤੇ ਤੇ ਦਫ਼ਤਰਾਂ ਵਿਚ ਭਟਕਦੀ ਅਤੇ ਝੁੱਗੀ ਵਿਚ ਰਹਿੰਦੀ ਬਚਿੰਤ ਲਈ ਇਹ ਪਤੀ, ਜਿਹੋ ਜਿਹਾ ਵੀ ਸੀ, ਬਾਹਰਲੇ ਬਘਿਆੜਾਂ ਤੋਂ ਇਕ ਓਟ ਤਾਂ ਸੀ।

- ਪਰ ਆਖ਼ਰ ਤੇਰਾ ਪਤੀ ਇਉਂ ਕਰਦਾ ਕਿਉਂ ਸੀ?

= ਇਕ ਤਾਂ ਉਹਦੇ ਵਿਚ ਵੱਡੇ ਭਰਾ ਦੇ ਟਾਕਰੇ ਹੀਣ-ਭਾਵਨਾ ਪੈਦਾ ਹੋ ਗਈ। ਉਹ ਬਹੁਤਾ ਪੜ੍ਹਿਆ-ਲਿਖਿਆ ਸੀ, ਇਹਨੂੰ ਸਹੁਰਾ ਸਾਹਿਬ ਨੇ ਆਪਣਾ ਜੱਦੀ ਕੰਮ ਸਿਖਾਉਣ ਲਈ ਪੜ੍ਹਾਈ ਦੇ ਵਿਚਕਾਰੋਂ ਹੀ ਹਟਾ ਲਿਆ। ਇਸੇ ਕਰਕੇ ਜਦੋਂ ਮੈਂ ਪੜ੍ਹਾਈ ਵਿਚ, ਖ਼ਾਸ ਕਰ ਕੇ ਮੈਟਰਿਕ ਮਗਰੋਂ, ਅੱਗੇ ਵਧਣ ਲੱਗੀ, ਇਹ ਵਿਰੋਧ ਕਰਨ ਲੱਗਿਆ। ਭਰਾ ਦੇ ਟਾਕਰੇ ਊਣਾ, ਪਤਨੀ ਦੇ ਟਾਕਰੇ ਪਿਛੇ; ਫੇਰ ਇਹ ਇਹੋ ਜਿਹੇ ਮਿਹਣੇ ਮਾਰਦਾ, "ਗੋਹਾ ਪਥਦੀ ਆਈ ਸੀ, ਮਾਰਦੀ ਐ ਹੁਣ ਗੱਲਾਂ!"

- ਜਿਹੜੀ ਹਾਲਤ ਤੇਰੀ ਸੀ, ਉਸ ਵਿਚ ਤਾਂ ਪੈਰ-ਪੈਰ ਉੱਤੇ ਲੁੱਚੇ ਬੰਦਿਆਂ ਨਾਲ ਵਾਹ ਪੈਂਦਾ ਹੋਵੇਗਾ?

= ਪੁੱਛੋ ਕੁਛ ਨਾ! ਬਰਾਈਟਵੇਜ਼ ਦੀ ਦੁਕਾਨ ਉੱਤੇ ਮੈਂ ਪਹਿਲੀ ਸੇਲਜ਼ਗਰਲ ਸੀ। ਮਰਦ ਮੇਰੇ ਕਾਉਂਟਰ ਉੱਤੇ ਆਉਂਦੇ ਅਤੇ ਜ਼ਨਾਨੇ ਕੱਪੜੇ ਖ਼ਰੀਦਣ ਸਮੇਂ ਅਸ਼ਲੀਲ ਗੱਲਾਂ ਕਰਦੇ। ਕਈ ਤਾਂ ਮੇਰਾ ਨਾਪ ਤੱਕ ਪੁੱਛ ਲੈਂਦੇ। ਜਦੋਂ ਇਕ ਹੋਰ ਫ਼ਰਮ ਦੀਆਂ ਚੀਜ਼ਾਂ ਵੇਚਣ ਮੈਂ ਪਿੰਡਾਂ ਵਿਚ ਜਾਂਦੀ, ਬਹੁਤ ਮੁਸ਼ਕੀਆਂ ਹੋਈਆਂ ਗੱਲਾਂ ਸੁਣਨੀਆਂ ਪੈਂਦੀਆਂ। ਦਿੱਲੀ ਮਿਲਕ ਸਕੀਮ ਵਿਚ ਮੈਂ ਕਲਰਕ ਦੀ ਨੌਕਰੀ ਲਈ ਜਤਨ ਕਰ ਰਹੀ ਸੀ। ਖੁੱਲਰ ਨਾਂ ਦੇ ਇਕ ਬੰਦੇ ਨੇ ਧੋਖੇ ਨਾਲ ਘਰ ਬੁਲਾ ਕੇ ਫ਼ਾਈਲ ਦੀ ਥਾਂ ਮੇਰੀ ਬਾਂਹ ਫੜ ਲਈ। ਸਬੱਬ ਨਾਲ ਐਨ ਉਸ ਮੌਕੇ ਧੋਬਨ ਆ ਜਾਣ ਕਰਕੇ ਮੈਂ ਬਚ ਕੇ ਭੱਜ ਤੁਰੀ। ਬਦਲਾ ਲੈਣ ਲਈ ਉਹਨੇ ਦੁੱਧ ਵਾਲੇ ਡਿੱਪੂ ਦਾ ਪੰਜਾਹ ਰੁਪਏ ਮਹੀਨਾ ਦਾ ਕੰਮ ਖੋਹ ਲਿਆ। ਪੂਸਾ ਵਿਚ ਕੰਪਿਊਟਰ ਕੀ-ਪੰਚਿੰਗ ਦੀ ਨੌਕਰੀ ਦੀ ਭਾਲ ਸਮੇਂ ਟੈਸਟ ਪਾਸ ਹੋਣ ਦੇ ਬਾਵਜੂਦ ਵਰਮੇ ਨਾਂ ਦੇ ਇਕ ਬੰਦੇ ਨੇ ਮੈਥੋਂ, ਕੌਡੀਓਂ-ਵਿਰਵੀ ਤੋਂ ਮੰਗ ਕੀਤੀ ਕਿ ਉਹਨੂੰ ਹਜ਼ਾਰ ਰੁਪਏ ਦੇਵਾਂ ਜਾਂ ਫੇਰ....

ਤੇ ਫੇਰ ਉਹ ਭਿਆਨਕ ਘਟਨਾ। ਦਸੰਬਰ ਦੀ ਰਾਤ ਦੇ ਦਸ ਵਜੇ ਯੂਨੀਵਰਸਿਟੀ ਤੋਂ ਪੜ੍ਹ ਕੇ ਆਈ ਬਚਿੰਤ ਵਿਰਲੀ-ਵਿਰਲੀ ਵਸੀ ਜਨਕਪੁਰੀ ਦੀ ਇਕ ਸੜਕ ਉੱਤੇ ਤੁਰੀ ਆ ਰਹੀ ਸੀ ਕਿ ਇਕ ਬਦਮਾਸ਼ ਪਿਛੇ ਲੱਗ ਗਿਆ। ਬਚਣ ਲਈ ਪੂਰੇ ਜ਼ੋਰ ਨਾਲ ਭੱਜੀ ਤਾਂ ਅੱਗੇ ਖਲੋਤੇ ਇਕ ਹੋਰ ਮਰਦ ਦਾ ਸਹਾਰਾ ਦਿੱਸਿਆ। ਇਹਨੇ ਫਰਿਆਦੀ ਕੂਕ ਮਾਰੀ ਤਾਂ ਉਹ ਵੀ ਅਲਫ਼ ਨੰਗਾ ਹੋ ਕੇ ਇਸ ਵੱਲ ਵਧਿਆ। ਅੱਗੇ-ਪਿੱਛੇ ਪਏ ਦੋਵਾਂ ਬਦਮਾਸ਼ਾਂ ਤੋਂ ਬਚਣ ਲਈ ਜਦੋਂ ਕੁਰਲਾਉਂਦੀ ਹੋਈ ਬਚਿੰਤ ਕੰਡਿਆਲੀਆਂ ਤਾਰਾਂ ਨੂੰ ਅਣਡਿੱਠ ਕਰ ਕੇ ਸਰਕਾਰੀ ਟਿਊਬਵੈਲ ਦੀ ਕੋਠੜੀ ਵਿਚ ਬਿਜਲੀ ਜਗਦੀ ਦੇਖ ਉੱਥੇ ਪਹੁੰਚੀ, ਇਹਨੂੰ ਇਹ ਵੀ ਖ਼ਿਆਲ ਨਾ ਆਇਆ ਕਿ ਉੱਥੇ ਵੀ ਮਰਦ ਹੀ ਹੋਣਗੇ। ਪਰ ਕਿਸਮਤ ਚੰਗੀ ਸੀ। ਉੱਥੇ ਬੈਠੇ ਇਕ ਬਜ਼ੁਰਗ ਨੇ ਬਦਮਾਸ਼ਾਂ ਨੂੰ ਹੀ ਨਾ ਲਲਕਾਰਿਆ

ਸਗੋਂ ਉਹ ਇਹਨੂੰ ਵੀ ਫ਼ਲੈਟ ਦੀਆਂ ਪੌੜੀਆਂ ਤੱਕ ਛੱਡ ਗਿਆ। ਬੂਹੇ ਵੜਦੀ ਬਚਿੰਤ ਨੂੰ ਪਤੀ ਦੇ ਸਵਾਗਤੀ ਬੋਲ ਸੁਣਾਈ ਦਿੱਤੇ: “ਉਪਰ ਤੱਕ ਲੈ ਆਉਂਦੀ ਉਸ ਆਪਣੇ ਖਸਮ ਨੂੰ, ਹੇਠੋਂ ਹੀ ਕਿਉਂ ਮੋੜ ਦਿੱਤਾ?” ਤੇ ਫੇਰ ਰੋਜ਼ ਰਾਤ ਨੂੰ ਬਸ-ਸਟਾਪ ਤੋਂ ਘਰ ਲੈ ਆਉਣ ਦੀ ਬੇਨਤੀ ਦੇ ਜਵਾਬ ਵਿਚ ਪਤੀ ਵੱਲੋਂ ਰੱਖੀਆਂ ਸ਼ਰਤਾਂ ਦੀ ਪੂਰਤੀ ਲਈ ਬਚਿੰਤ ਨੂੰ “ਬਹੁਤ ਵੱਡੀ ਕੀਮਤ ਚੁਕਾਉਣੀ ਪਈ”।

ਅਸਲ ਵਿਚ ਇਨ੍ਹਾਂ ਸਭ ਘਟਨਾਵਾਂ ਦਾ ਖਲਨਾਇਕ ਇਕੋ ਸਮੂਹਿਕ ਮਰਦ ਹੈ ਜੋ ਕਦੀ ਦੁਕਾਨਾਂ ਵਿਚ ਤੇ ਕਦੀ ਗਲੀਆਂ ਵਿਚ ਲੁੱਚੇ ਬੋਲ ਬੋਲਦਾ ਹੈ, ਕਦੀ ਹਨੇਰੀ ਸੜਕ ਉੱਤੇ ਅੱਗੇ-ਪਿੱਛੇ ਘੇਰਦਾ ਹੈ, ਕਦੀ ਖੁੱਲ੍ਹਰ ਬਣ ਕੇ ਬਾਂਹ ਫੜਦਾ ਹੈ, ਕਦੀ ਵਰਮਾ ਬਣ ਕੇ ਮਹਿੰਗਾ ਮੁੱਲ ਮੰਗਦਾ ਹੈ ਅਤੇ ਕਦੀ ਪਤੀ ਬਣ ਕੇ ਹਨੇਰੇ ਵਿਚ ਰਾਹ ਲੰਘਾਉਣ ਦੀ ਕੀਮਤ ਚੁਕਾਉਣ ਨੂੰ ਆਖਦਾ ਹੈ।

- ਲੁੱਚੇ ਮਰਦਾਂ ਦੀ ਇਸ ਲੰਮੀ ਲਾਮ-ਡੋਰੀ ਵਿਚ ਕੋਈ ਭਲਾ ਮਰਦ ਵੀ ਮਿਲਿਆ?

= ਕਿਉਂ ਨਹੀਂ! ਨ੍ਹੇਰੀ ਰਾਤ ਵਿਚ ਬਦਮਾਸ਼ਾਂ ਤੋਂ ਬਚਾ ਕੇ ਮੈਨੂੰ ਘਰ ਛੱਡ ਜਾਣ ਵਾਲਾ ਬੰਦਾ ਮੇਰੇ ਲਈ ਦੇਵਤਾ ਬਣ ਕੇ ਅਸਮਾਨੋਂ ਹੀ ਤਾਂ ਬਹੁੜਿਆ ਸੀ। ਤੇ ਇਕ ਹੋਰ ਭਲਾ-ਪੁਰਸ਼ ਸੀ ਧਨੀਰਾਮ। ਉਹ ਮੇਰਾ ਕੁਝ ਵੀ ਨਹੀਂ ਸੀ ਲਗਦਾ, ਪਰ ਨਰਕੀ ਜੀਵਨ ਵਿਚੋਂ ਉੱਭਰਨ ਦੇ ਮੇਰੇ ਜਤਨਾਂ ਵਿਚ ਨਿਰੰਤਰ ਨਿਸ਼ਕਾਮ ਸਹਾਰਾ ਬਣਿਆ ਰਿਹਾ।

ਧਨੀਰਾਮ ਅਖ਼ਬਾਰ ਪੜ੍ਹ ਕੇ ਆਪ ਖਾਲੀ ਥਾਂਵਾਂ ਦੀ ਸੂਹ ਰਖਦਾ, ਆਪੇ ਅਰਜ਼ੀਆਂ ਟਾਈਪ ਕਰਵਾ ਕੇ ਲਿਆਉਂਦਾ, ਇਹਦੇ ਦਸਖ਼ਤ ਕਰਵਾ ਕੇ ਆਪੇ ਡਾਕ ਵਿਚ ਪਾਉਂਦਾ, ਸੰਬੰਧਿਤ ਅਧਿਕਾਰੀਆਂ ਤੱਕ ਪਹੁੰਚ ਵੀ ਆਪੇ ਕਰਦਾ, ਜਦੋਂ ਜਤਨ ਅਸਫਲ ਰਹਿੰਦਾ, ਉਹ ਧਰਵਾਸ ਦਿੰਦਾ ਅਤੇ ਧੀਰਜ ਬੰਨ੍ਹਾਉਂਦਾ। ਆਖ਼ਰ ਨੂੰ ਦੋਵਾਂ ਦੇ ਜਤਨ ਸਫਲ ਹੋਏ ਅਤੇ ਬਚਿੰਤ ਨੂੰ ਉਹ ਨੌਕਰੀ ਮਿਲ ਗਈ ਜਿਥੇ ਉਹਨੇ ਸੇਵਾ-ਮੁਕਤੀ ਤੱਕ ਕੰਮ ਕੀਤਾ। ਸ਼ਾਇਦ ਇਹ ਧਨੀਰਾਮ ਹੀ ਧੌਲ ਦਾ ਉਹ ਸਿੰਗ ਹੈ ਜਿਸ ਉਤੇ ਧਰਤੀ ਟਿਕੀ ਹੋਈ ਹੈ। ਜੇ ਇਸ ਸਿੰਗ ਦੀ ਟੇਕ ਨਾ ਹੁੰਦੀ ਤਾਂ ਧਰਤੀ ਡਿੱਗ ਕੇ ਚੂਰ-ਚੂਰ ਹੋ ਜਾਂਦੀ।

ਲੇਖਕ ਵਜੋਂ ਉਹਦਾ ਕਾਫ਼ੀ ਨਾਂ ਹੋ ਜਾਣ ਪਿੱਛੋਂ ਦੀ ਗੱਲ ਹੈ, ਇਕ ਵਾਰ ਉਹ ਸਾਡੇ ਘਰ ਆਈ। ਉਸ ਜ਼ਮਾਨੇ ਵਿਚ ਪੰਜਾਬ ਵਿਚ ਕੁਝ ਲੇਖਕ ਵੱਖ-ਵੱਖ ਨਾਂਵਾਂ ਹੇਠ ਕਹਾਣੀਆਂ ਦੇ ਰਾਤਰੀ-ਦਰਬਾਰ ਕਰਦੇ ਰਹਿੰਦੇ ਸਨ। ਉਨ੍ਹਾਂ ਵਿਚੋਂ ਬਹੁਤੇ ਮੇਰੇ ਛੋਟੇ ਭਾਈਆਂ ਵਾਂਗ ਸਨ। ਮੈਂ ਉਨ੍ਹਾਂ ਨੂੰ ਬਹੁਤ ਪਿਆਰਦਾ ਸੀ; ਉਹ ਵੀ ਮੈਨੂੰ ਬਹੁਤ ਸਤਿਕਾਰਦੇ ਸਨ। ਪਰ ਉਨ੍ਹਾਂ ਵਿਚੋਂ ਕਈਆਂ ਦੀ ਥਾਲੀ ਵਿਚ ਜੇ ਮੱਛੀ ਸੁੱਟ ਦੇਈਏ, ਕੰਡਾ ਤੱਕ ਬਾਕੀ ਨਾ ਬਚੇ। ਕੁਝ ਦਿਨ ਪਹਿਲਾਂ ਉਹ ਅਜਿਹੇ ਇਕ ਰਾਤਰੀ ਕਹਾਣੀ-ਦਰਬਾਰ ਵਿਚ ਕਹਾਣੀ ਪੜ੍ਹ ਕੇ ਆਈ ਸੀ। ਮੈਨੂੰ ਉਹਦਾ ਇਹ ਅਨੁਭਵ ਜਾਣਨ ਦੀ ਉਤਸੁਕਤਾ ਹੋਈ।

- ਪਿਛੇ ਜਿਹੇ ਹੀ ਤੂੰ ਇਕ ਰਾਤਰੀ ਕਹਾਣੀ ਦਰਬਾਰ ਵਿਚ ਗਈ ਸੀ, ਤੈਨੂੰ ਡਰ ਨਹੀਂ ਲਗਿਆ?

= ਨਾ ਬਈ ਭੁੱਲਰ। ਤੁਸੀਂ ਸੱਚ ਮੰਨੋ, ਮੇਰਾ ਉਨ੍ਹਾਂ ਸਾਰਿਆਂ ਨੇ ਬਹੁਤ ਆਦਰ-ਮਾਣ ਕੀਤਾ। ਮੈਨੂੰ ਕਿਸੇ ਨੇ ਕੋਈ ਟਿੱਚਰ ਤੱਕ ਨਹੀਂ ਕੀਤੀ। ਹਾਂ, ਇਥੇ, ਦਿੱਲੀ ਵਿਚ ਕੁਛ ਬੰਦਿਆਂ ਤੋਂ ਡਰ ਲਗਦਾ ਐ।

- ਦਿੱਲੀ ਵਿਚ ਕਿਸੇ ਨੇ ਤੈਨੂੰ ਆਖਿਆ ਹੈ ਕਦੀ ਕੁਝ? ਕੌਣ ਹਨ ਉਹ ਅਜਿਹੇ ਬੰਦੇ?

= ਨਹੀਂ, ਆਖਿਆ ਮੈਨੂੰ ਕਦੀ ਕਿਸੇ ਨੇ ਕੁਛ ਨਹੀਂ। ਨਾਂ ਆਪਾਂ ਕਾਹਨੂੰ ਲੈਣੇ ਨੇ। ਛੱਡੋ ਪਰੇ।

- ਹੁਣ ਗੱਲਾਂ ਚੱਲੀਆਂ ਨੇ ਤਾਂ ਦੱਸ ਤਾਂ ਸਹੀ, ਤੈਨੂੰ ਕਿਨ੍ਹਾਂ ਬੰਦਿਆਂ ਤੋਂ ਡਰ ਲਗਦਾ ਹੈ?

= ਇਕ ਤਾਂ ਤੁਹਡੇ ਦੋਸਤ ਤਾਰਾ ਸਿੰਘ ਤੋਂ।

-ਹੋਰ?

= ਦੂਜਾ ਤੁਹਡੇ ਦੋਸਤ ਰੁਪਾਣੇ ਤੋਂ।

- ਹੋਰ?

= ਇਕ ਤੁਹਾਥੋਂ।

ਕੁਝ ਪਲ ਪਹਿਲਾਂ ਚਾਹ ਲੈ ਕੇ ਆਈ ਮੇਰੀ ਪਤਨੀ, ਗੁਰਚਰਨ ਦੇ ਹੱਥੋਂ ਪਿਆਲੀ ਡੁਲ੍ਹਦੀ-ਡੁਲ੍ਹਦੀ ਬਚੀ। ਉਹ ਘਬਰਾ ਕੇ ਬੋਲੀ, “ਇਨ੍ਹਾਂ ਤੋਂ ਵੀ?”

ਬਚਿੰਤ ਨੇ ਖਿੜ-ਖਿੜ ਹੱਸ ਕੇ ਮੇਰੇ ਮੋਢੇ ਉੱਤੇ ਧੱਫਾ ਮਾਰਿਆ ਅਤੇ ਬੋਲੀ, “ਹਾਂ ਭੈਣ ਜੀ, ਇਨ੍ਹਾਂ ਤੋਂ ਵੀ!”

ਗੁਰਚਰਨ ਕਹਿਣ ਲੱਗੀ, “ਮੈਂ ਤਾਰਾ ਸਿੰਘ ਜੀ ਨੂੰ ਇਨ੍ਹਾਂ ਦੀਆਂ ਗੱਲਾਂ ਤੋਂ ਥੋੜ੍ਹਾ-ਬਹੁਤਾ ਜਾਣਦੀ ਹਾਂ। ਰੁਪਾਣਾ ਵੀਰ ਜੀ ਨਾਲ ਸਾਡੇ ਬਹੁਤ ਪੁਰਾਣੇ ਪਰਿਵਾਰਕ ਸੰਬੰਧ ਹਨ। ਭੁੱਲਰ ਜੀ ਨੂੰ ਵੀ ਲੋਕ ਚੰਗਾ ਹੀ ਆਖਦੇ ਨੇ...“

ਬਚਿੰਤ ਨੇ ਗੱਲ ਟੋਕੀ, “ਨਾ, ਚੰਗੇ ਤਾਂ ਇਹ ਤਿੰਨੇ ਬਹੁਤ ਨੇ, ਪਰ ਉਂ ਜਿਵੇਂ ਖ਼ਰਾਬ ਜਿਹੇ ਹੋਣ।”

ਮੈਂ ਕਿਹਾ, “ਬਚਿੰਤ, ਮੈਂ ਇਹ ਗੱਲਾਂ ਲਿਖ ਦੇਣੀਆਂ ਨੇ। ਦੇਖ ਲੈ, ਤੂੰ ਪੰਜਾਬੀ ਦੇ ਇਕ ਸਭ ਤੋਂ ਸਮਰੱਥ ਕਵੀ ਅਤੇ ਦੋ ਸਭ ਤੋਂ ਸਮਰੱਥ ਕਹਾਣੀਕਾਰਾਂ ਉੱਤੇ ਨਿਰਾਧਾਰ ‘ਲਾਂਛਣ’ ਲਾ ਰਹੀ ਹੈਂ!”

ਉਹਨੇ ਜਵਾਬ ਦਿੱਤਾ, “ਹਾਂ ਬਈ, ਇਸ ‘ਲਾਂਛਣ’ ਦਾ ਆਧਾਰ ਤਾਂ ਕੋਈ ਨਹੀਂ, ਪਰ ਉਂ ਤੁਸੀਂ ਤਿੰਨੇ ਲਗਦੇ ਖ਼ਰਾਬ ਹੀ ਹੋ!”

ਗੁਰਚਰਨ ਪਰੇਸ਼ਾਨ ਹੋ ਕੇ ਬੋਲੀ, “ਭੁੱਲਰ ਜੀ ਨੂੰ ਤਾਂ ਸਾਊ ਮੰਨ ਕੇ ਹੋਰ ਲੇਖਿਕਾਵਾਂ, ਚੰਦਨ ਭੈਣ ਜੀ, ਰਾਜਿੰਦਰ ਭੈਣ ਜੀ, ਇਨ੍ਹਾਂ ਦਾ ਇਤਬਾਰ ਤੇ ਆਦਰ ਹੀ ਬਹੁਤ ਕਰਦੀਆਂ ਨੇ...“

ਬਚਿੰਤ ਨੇ ਆਪਣੀ ਗੱਲ ਫੇਰ ਦੁਹਰਾਈ, “ਨਾ ਸਾਊ ਤਾਂ ਭੁੱਲਰ ਜੀ ਹੈਗੇ ਨੇ। ਮੈਂ ਵੀ ਇਨ੍ਹਾਂ ਦਾ ਬਹੁਤ ਇਤਬਾਰ ਤੇ ਆਦਰ ਕਰਦੀ ਹਾਂ; ਤੇ ਇਨ੍ਹਾਂ ਦੇ ਦੋਵਾਂ ਦੋਸਤਾਂ ਦਾ ਵੀ। ਪਰ ਇਹ ਤਿੰਨੇ, ਨਾ ਜਾਣੀਏ ਕਿਉਂ, ਕੁਛ ਖ਼ਰਾਬ ਜਿਹੇ ਨਹੀਂ ਲਗਦੇ?”

ਮੈਨੂੰ ਲੱਗਿਆ ਜਿਵੇਂ ਇਹ ਚਾਂਭਲੀ ਬੈਠੀ ਔਰਤ ਹੁਣ ਵਾਲੀ ਬਚਿੰਤ ਨਾ ਹੋਵੇ ਸਗੋਂ ਅੱਠ-ਦਸ ਸਾਲ ਦੀ ਉਹ ਅੱਥਰੀ, ਇੱਲਤੀ ਕੁੜੀ ਹੋਵੇ ਜੋ ਧੀ ਹੋਣ ਦੀ ਨਿਰਾਦਰੀ, ਭਰਾਵਾਂ ਨਾਲੋਂ ਵਿਤਕਰੇ ਅਤੇ ਝਿੜਕ-ਝੰਬ ਨੂੰ ਟਿੱਚ ਸਮਝਦਿਆਂ ਘਰ ਵਿਚ ਧਮੱਚੜ ਪਾਉਂਦੀ ਅਤੇ ਟੱਬਰ ਨੂੰ ਚਿੜਾਉਣ ਲਈ ਗਾਉਂਦੀ ਫਿਰਦੀ ਸੀ—ਆ ਜਾ ਵੇ ‘ਦਰਜੀ’ ਬਾਲਮਾ ਕੋਈ ਰੋ-ਰੋ ਪੁਕਾਰੇ...ਜਾਂ.....ਮੁੰਡਾ ਮੋਹ ਲਿਆ ਤਵੀਤਾਂ ਵਾਲਾ...ਜਾਂ...ਵੇ ਅੱਖੀਆਂ ਲਾਵੀਂ ਨਾ, ਵੇ ਫਿਰ ਪਛਤਾਵੀਂ ਨਾ, ਅਣਜਾਣਾ ਵੇ ਤੂੰ ਨਹੀਂ ਜਾਣਦਾ, ਇਸ਼ਕੇ ਦੇ ਮਾਮਲੇ, ਓ ਬੱਲੇ....

ਮੈਨੂੰ ਕੁਝ ਸਾਲ ਪਹਿਲਾਂ ਦੀ ਇਕ ਅਜਿਹੀ ਹੀ ਹੋਰ ਘਟਨਾ ਯਾਦ ਆਈ। ਦਿੱਲੀ ਵਿਚ ਇਕ ਵੱਡਾ ਕਹਾਣੀ-ਦਰਬਾਰ ਹੋਇਆ। ਇਕ ਫ਼ੋਟੋਗ੍ਰਾਫਰ ਚਾਹ-ਪਾਣੀ ਸਮੇਂ ਸਾਡੀ ਗੱਲਾਂ ਕਰ ਰਹੇ ਛੇ-ਸੱਤ ਲੇਖਕਾਂ ਦੀ ਤਸਵੀਰ ਲੈਣ ਲਗਿਆ ਤਾਂ ਅਸੀਂ ਤਿਆਰ ਹੋ ਕੇ ਖਲੋ ਗਏ। ਮੇਰੇ ਸੱਜੇ ਹੱਥ ਸੰਤੋਖ ਸਿੰਘ ਧੀਰ ਸਨ ਤੇ ਖੱਬੇ ਹੱਥ ਬਚਿੰਤ ਕੌਰ ਸੀ। ‘ਪੰਜਾਬੀ ਟ੍ਰਿਬਿਊਨ’ ਵਾਲੇ ਕੁਝ ਦੋਸਤ (ਦੋਸਤ ਸਨ ਕਿ ਦੁਸ਼ਮਨ?) ਵੀ ਆਏ ਹੋਏ ਸਨ। ਉਨ੍ਹਾਂ ਨੇ ਨਾ ਕੇਵਲ ਇਹ ਫ਼ੋਟੋ ਪ੍ਰਾਪਤ ਹੀ ਕੀਤੀ ਸਗੋਂ ਬਾਕੀ ਸਾਰੇ ਲੇਖਕ ਛਾਂਗ ਕੇ ਸਾਡੀ ਦੋਵਾਂ ਦੀ ਹਸਦੀ-ਮੁਸਕਰਾਉਂਦੀ ਤਸਵੀਰ, ਚੁਸਤ ਕੈਪਸ਼ਨ ਨਾਲ, ਕਹਾਣੀ-ਦਰਬਾਰ ਦੀ ਮੁੱਖ ਰਿਪੋਰਟ ਦੇ ਵਿਚਕਾਰ ਛਾਪ ਦਿੱਤੀ ਅਤੇ ਡਾਕ ਰਾਹੀਂ ਅਖ਼ਬਾਰ ਸਾਡੇ ਘਰ ਭੇਜ ਦਿੱਤਾ। ਇਕ ਅਖ਼ਬਾਰ ਸਹਾਇਕ ਸੰਪਾਦਕ ਸ਼ੰਗਾਰ ਸਿੰਘ ਭੁੱਲਰ ਦੀ ਪਤਨੀ, ਅਮਰਜੀਤ ਨੇ ਉਚੇਚਾ ਕਿਸੇ ਹੱਥ ਭਿਜਵਾਇਆ ਅਤੇ ਨਾਲ ਹੀ ਗੁਰਚਰਨ ਨੂੰ ਸੁਨੇਹਾ ਦਿੱਤਾ, “ਆਬਦੇ ਘਰ-ਵਾਲੇ ਨੂੰ ਸਾਂਭ ਕੇ ਰੱਖ!” ਤਿੰਨ-ਚਾਰ ਹੋਰ ਦੋਸਤਾਂ (!) ਨੇ ਵੀ, ਜਿਨ੍ਹਾਂ ਦੀ ਪਛਾਣ ਮੈਨੂੰ ਅਜੇ ਤੱਕ ਨਹੀਂ ਹੋਈ, ਅਖ਼ਬਾਰ ਲਫ਼ਾਫ਼ਿਆਂ ਵਿਚ ਪਾ-ਪਾ ਡਾਕ ਰਾਹੀਂ ਘਰ ਭੇਜਿਆ। ਅਸੀਂ ਦੋਵੇਂ ਲਫ਼ਾਫ਼ਾ ਖੋਲ੍ਹਦੇ ਅਤੇ ਹਸਦੇ।

ਕੁਝ ਦਿਨਾਂ ਮਗਰੋਂ ਕਿਸੇ ਹੋਰ ਕੰਮ ਸਦਕਾ ਬਚਿੰਤ ਦਾ ਫ਼ੋਨ ਆਇਆ। ਸਬੱਬ ਨਾਲ ਗੁਰਚਰਨ ਨੇ ਚੁੱਕਿਆ। ਉਨ੍ਹਾਂ ਦੋਵਾਂ ਦੀ ਇਹ ਪਹਿਲੀ ‘ਮੁਲਾਕਾਤ’ ਸੀ। ਗੁਰਚਰਨ ਉਹਨੂੰ ਸਾਡੀ ਇਕ ਵਾਕਫ਼ ਇਸਤਰੀ ਸਮਝ ਕੇ ਖ਼ੈਰ-ਸੁੱਖ ਪੁਛਦੀ-ਦਸਦੀ ਰਹੀ ਤਾਂ ਬਚਿੰਤ ਬੋਲੀ, “ਭੈਣ ਜੀ, ਤੁਸੀਂ ਮੈਨੂੰ ਪਛਾਣਿਆ ਨਹੀਂ ਹੋਣਾ। ਭਲਾ ਮੈਂ ਕੌਣ ਹਾਂ?” ਇਹਨੇ ਜਦੋਂ ਹੋਰ ਨਾਂ ਲਿਆ, ਬਚਿੰਤ ਖਿੜ-ਖਿੜ ਹੱਸੀ ਅਤੇ ਬੋਲੀ, “ਭੈਣ ਜੀ, ਮੈਂ ਤਾਂ ਉਹ ਹਾਂ ਜੀਹਦੀਆਂ ਤਸਵੀਰਾਂ ਅੱਜ-ਕੱਲ੍ਹ ਅਖ਼ਬਾਰਾਂ ਵਿਚ ਥੋਡੇ ਘਰ-ਵਾਲੇ ਦੇ ਨਾਲ ਛਪਦੀਆਂ ਨੇ!”

ਖ਼ੈਰ, ਭਾਂਤ-ਭਾਂਤ ਦੇ ਹਿਰਸੀ ਪੁਰਸ਼ਾਂ ਨਾਲ ਸੰਬੰਧਿਤ, ਦੰਦਾਂ ਵਿਚਕਾਰ ਰਹਿੰਦੀ ਜੀਭ ਵਰਗੀ, ਇਸ ਵਿਥਿਆ ਜਿੰਨੀ ਹੀ ਪ੍ਰੇਰਨਾ-ਭਰਪੂਰ ਹੈ ਬਚਿੰਤ ਦੀ ਪੜ੍ਹਾਈ ਦੀ ਗਾਥਾ। ਦੁੱਧ ਵੰਡਣ ਦਾ ਕੰਮ ਪ੍ਰਾਪਤ ਕਰਨ ਲਈ ਬਣੀ ਵਿਦਿਆਰਥਣ ਨੇ ਇਕ ਵਾਰ ਫ਼ਿਹਲ ਹੋ ਕੇ 1959 ਵਿਚ ਮੈਟਰਿਕ ਪਾਸ ਕਰ ਲਈ। ਟਾਈਪ ਸਿੱਖੀ। ਟੈਲੀਫ਼ੋਨ ਓਪਰੇਟਰ ਦਾ ਕੋਰਸ ਕੀਤਾ। ਡਾ. ਹਰਚਰਨ ਸਿੰਘ ਦੇ ਕਾਲਜ ਵਿਚ ਇਕ ਵਾਰ ਫ਼ਿਹਲ ਹੋ ਕੇ 1962 ਵਿਚ ਗਿਆਨੀ ਕੀਤੀ। ਕੰਪਿਊਟਰ ਦੀ ਕੀ-ਪੰਚਿੰਗ ਦੀ ਤਿੰਨ ਮਹੀਨੇ ਦੀ ਸਿਖਲਾਈ ਪੂਰੀ ਫੀਸ ਦੇ ਕੇ ਇਕ ਮਹੀਨੇ ਵਿਚ ਮੁਕਾ ਲਈ। 1959-65 ਦੇ ਸਾਲਾਂ ਵਿਚ ਕਿਸੇ ਛੋਟੀ-ਮੋਟੀ ਨੌਕਰੀ ਦੀ ਭਾਲ ਵਿਚ ਇਕ ਸੌ ਇੰਟਰਵਿਊਆਂ ਦਿੱਤੀਆਂ। ਤਿੰਨ ਵਾਰ ਫ਼ਿਹਲ ਹੋ ਕੇ ਐਫ਼.ਏ. ਕੀਤੀ। ਆਖਰ ਬੀ.ਏ. ਪਹਿਲੇ ਹੱਲੇ ਹੀ ਪਾਸ ਕਰ ਲਈ। 1974 ਵਿਚ ਦਿੱਲੀ ਯੂਨੀਵਰਸਿਟੀ ਦੇ ਈਵਨਿੰਗ ਕਾਲਜ ਵਿਚੋਂ ਐਮ.ਏ. ਸੈਕੰਡ ਡਵੀਜ਼ਨ ਵਿਚ ਪਾਸ ਕੀਤੀ ਅਤੇ 1980 ਵਿਚ ਐਮ.ਫਿਲ. ਕਰਨੀ ਆਰੰਭੀ ਜੋ 1984 ਵਿਚ ਸਰਬੋਤਮ ਗਰੇਡ, ਓ ਗਰੇਡ ਵਿਚ ਪੂਰੀ ਕਰ ਲਈ।

ਇਸ ਸਾਰੇ ਸਮੇਂ ਦੌਰਾਨ ਪੜ੍ਹਾਈ ਦੇ ਲੇਖੇ ਕੇਵਲ ਉਹ ਥੋੜ੍ਹਾ ਜਿਹਾ ਸਮਾਂ ਹੀ ਲਗਦਾ ਰਿਹਾ ਜੋ ਅਨੇਕ ਝੰਜਟਾਂ, ਛੋਟੀਆਂ-ਮੋਟੀਆਂ ਨੌਕਰੀਆਂ, ਘਰ ਦੇ ਸਾਰੇ ਕੰਮ-ਧੰਦੇ, ਬੱਚਿਆਂ ਦੀ ਪਰਵਰਿਸ਼, ਬੀਮਾਰ ਸੱਸ ਦੀ ਸੰਭਾਲ, ਪਤੀ ਦੀ ਬੇਰੁਖੀ, ਆਦਿ ਆਦਿ ਤੋਂ ਮਗਰੋਂ ਬਚਦਾ ਸੀ।

-ਇਨ੍ਹਾਂ ਸਾਰੇ ਝਮੇਲਿਆਂ ਵਿਚ ਸਾਹਿਤਕਾਰ ਬਚਿੰਤ ਦਾ ਜਨਮ ਕਦੋਂ ਹੋਇਆ?

= 1962 ਦੀ ਦੀਵਾਲੀ ਦੀ ਰਾਤ ਨੂੰ ਸ਼ੋਅ-ਰੂਮ ਤੋਂ ਛੁੱਟੀ ਨਾ ਮਿਲਣ ਕਰਕੇ ਮੈਂ ਦੀਵੇ ਬੁਝਣ ਲੱਗਿਆਂ ਤੋਂ ਹੀ ਘਰ ਪਰਤ ਸਕੀ। ਬੱਚੇ ਮਠਿਆਈ ਉਡੀਕ-ਉਡੀਕ ਸੌਂ ਗਏ ਸਨ। ਪਤੀ ਕਿਤੇ ਕਿਸੇ ਯਾਰ-ਜੁੰਡਲੀ ਵਿਚ ਤਾਸ਼ ਖੇਡ ਰਿਹਾ ਹੋਵੇਗਾ। ਏਸੇ ਘਟਨਾ ਬਾਰੇ ਮੈਂ ਪਹਿਲੀ ਕਹਾਣੀ ‘ਦੀਵਾਲੀ ਵਾਲੀ ਰਾਤ’ ਲਿਖੀ। ਉਹ ਬਚਨ ਕੌਰ ਦੇ ਨਾਂ ਹੇਠ ਸਪਤਾਹਿਕ ‘ਲੋਕ ਦਰਸ਼ਨ’ ਵਿਚ ਛਪ ਗਈ। ਓਦੋਂ ਤਾਂ ਮੈਨੂੰ ਇਹ ਵੀ ਪਤਾ ਨਹੀਂ ਸੀ ਕਿ ਇਹ ਕਹਾਣੀ ਐ। ਮੈਂ ਤਾਂ ਜੋ ਦਿਲ ਵਿਚ ਆਇਆ, ਲਿਖ ਦਿੱਤਾ ਸੀ।




ਬਚਿੰਤ ਕੌਰ ਦੀਆਂ ਕਿਤਾਬਾਂ ‘ਪਗਡੰਡੀਆਂ’ ਅਤੇ ‘ਮੁਕਲਾਵੇ ਵਾਲੀ ਰਾਤ’ ਦੇ ਸਰਵਰਕ।

- ਪਰਿਵਾਰ ਵਿਚ ਪਹਿਲਾਂ ਕਿਸੇ ਹੋਰ ਨੂੰ ਕੋਈ ਸਾਹਿਤਕ ਚੇਟਕ ਸੀ?

= ਨਹੀਂ। ਹਾਂ, ਪਿਤਾ ਜੀ ਵਧੀਆ ਪਾਠਕ ਸਨ। ਸਾਡੇ ਘਰ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਦੇ ਟੀਕੇ, ਹੋਰ ਧਾਰਮਿਕ ਪੁਸਤਕਾਂ, ਗੀਤਾ, ਕੁਰਾਨ ਅਤੇ ਬਾਈਬਲ, ਵੈਦਿਕ ਦੇ ਗ੍ਰੰਥ ਵੱਡੀ ਗਿਣਤੀ ਵਿਚ ਸਨ। ਜਦੋਂ ਮੈਨੂੰ ਸਾਹਿਤ ਦੀ ਸੋਝੀ ਆਈ, ਮੈਂ ਇਨ੍ਹਾਂ ਵਿਚੋਂ ਬਹੁਤ ਪੁਸਤਕਾਂ ਲਿਆ-ਲਿਆ ਪੜ੍ਹੀਆਂ।

- ਅਧਿਆਤਮਕ ਤੋਂ ਇਲਾਵਾ ਹੋਰ ਸਾਹਿਤ ਪਹਿਲਾਂ-ਪਹਿਲ ਕਿਹੜਾ ਪੜ੍ਹਿਆ?

= ਮੇਰੇ ਸਹੁਰੇ ਪਰਿਵਾਰ ਵਿਚ ਨਾ ਕਿਸੇ ਨੂੰ ਸਾਹਿਤ ਵਿਚ ਕੋਈ ਦਿਲਚਸਪੀ ਸੀ ਅਤੇ ਨਾ ਘਰੇ ਕੋਈ ਕਿਤਾਬ ਸੀ। ਮੈਂ ਪੜ੍ਹਾਈ ਦੌਰਾਨ ਹੀ ਪ੍ਰੋ: ਮੋਹਨ ਸਿੰਘ, ਅੰਮ੍ਰਿਤਾ, ਦੀਵਾਨ ਸਿੰਘ ਕਾਲੇਪਾਣੀ, ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਸੇਖੋਂ ਆਦਿ ਤੋਂ ਜਾਣੂ ਹੋਈ। ਮਗਰੋਂ ਮੈਂ ਸ਼ੈਲੇ, ਕੀਟਸ, ਵਰਡਜ਼ਵਰਥ, ਡਿਕਨਜ਼ ਅਤੇ ਪੰਜਾਬੀ ਵਿਚ ਮਿਲਦੇ ਰੂਸੀ ਸਾਹਿਤਕਾਰ, ਗੋਰਕੀ, ਟਾਲਸਟਾਇ, ਚੈਖੋਵ ਆਦਿ ਕਾਫ਼ੀ ਪੜ੍ਹੇ।

- ਤੂੰ ਕੋਈ ਤਖ਼ੱਲਸ ਕਿਉਂ ਨਾ ਰੱਖਿਆ—ਬਚਿੰਤ ਕੌਰ ਦੁਖਿਆਰੀ, ਬਚਿੰਤ ਕੌਰ ਫ਼ਰਿਆਦੀ, ਬਚਿੰਤ ਕੌਰ ਉਦਾਸ, ਜਾਂ ਫੇਰ ਬਚਿੰਤ ਕੌਰ ਦਲੇਰ, ਬਚਿੰਤ ਕੌਰ ਉੱਦਮੀ...

= ਗਿਆਨੀ ਵਿਚ ਮੇਰਾ ਅਧਿਆਪਕ ਕਰਤਾਰ ਸਿੰਘ ਕੰਵਲ ਸੀ। ਉਹਨੇ ਮੈਨੂੰ ਤਖ਼ੱਲਸ ‘ਸ਼ਾਂਤ’ ਦਿੱਤਾ। ਮੇਰੀ ਪਹਿਲੀ ਪੁਸਤਕ ‘ਮੰਜ਼ਿਲ’ ਉੱਤੇ ਮੇਰਾ ਨਾਂ ਬਚਿੰਤ ਕੌਰ ਸ਼ਾਂਤ ਹੀ ਹੈ। ਮਗਰੋਂ ਮੈਂ ਇਹ ਛੱਡ ਦਿੱਤਾ।

- ਬਚਿੰਤ, ਤੇਰੇ ਬਾਰੇ ਸੋਚ ਕੇ ਮੇਰੇ ਮਨ ਵਿਚ ਇਕ ਗੱਲ ਵਾਰ-ਵਾਰ ਆਉਂਦੀ ਐ ਕਿ ਤੂੰ ਸੈਂਕੜੇ ਇੰਟਰਵਿਊਆਂ ਦਿੰਦੀ ਰਹੀ, ਨਿੱਕੀਆਂ-ਮੋਟੀਆਂ ਨੌਕਰੀਆਂ ਲਭਦੀ ਫਿਰੀ, ਨੌਕਰੀ ਮਿਲੀ ਵੀ ਤਾਂ ਸਾਰੀ ਉਮਰ ਕਲਰਕੀ ਕਰਦੀ ਰਹੀ। ਤੂੰ ਏਨੇ ਵਧੀਆ ਗਰੇਡ ਨਾਲ ਐਮ.ਫਿਲ. ਕਰ ਲਈ ਸੀ। ਲੇਖਿਕਾ ਵਜੋਂ ਤੂੰ ਚੰਗੀ ਤਰ੍ਹਾਂ ਜਾਣੀ ਜਾਣ ਲੱਗੀ ਸੀ। ਦਿੱਲੀ ਦੇ ਕਿਸੇ ਕਾਲਜ ਵਿਚ ਲੈਕਚਰਰ ਲੱਗਣ ਲਈ ਜਤਨ ਕਿਉਂ ਨਾ ਕੀਤਾ? ਸਾਰੇ ਆਪਣੇ ਹੀ ਮਿੱਤਰ ਨੇ। ਤੈਨੂੰ ਹੱਸ ਕੇ ਰੱਖ ਲੈਂਦੇ।

= ਇਹ ਮੇਰੀ ਸਭ ਤੋਂ ਬੁਹਤੀ ਦੁਖਦੀ ਰਗ ਐ। ਨਾ ਛੇੜੋ, ਤਦ ਹੀ ਚੰਗਾ! ਮੈਂ ਦਿੱਲੀ ਵਿਚ ਪੰਜਾਬੀ ਲੈਕਚਰਰ ਲੱਗਣ ਲਈ ਛੇ ਵਾਰ ਇੰਟਰਵਿਊਆਂ ਦਿੱਤੀਆਂ। ਜਿਵੇਂ ਤੁਸੀਂ ਕਿਹਾ ਐ, ਉਥੇ ਸਭ ਆਪਣੇ ਹੀ ਮਿੱਤਰ ਹੁੰਦੇ ਸਨ। ਪਰ ਮੇਰੇ ਨਾਲ ਅਜਿਹੀ ਕਰਦੇ ਸਨ ਕਿ ਦਿਲ ਵਿਚ ਛੁਰੀਆਂ ਫਿਰ ਜਾਂਦੀਆਂ। ਮੈਥੋਂ ਘੱਟ ਪੜ੍ਹੇ ਰੱਖੇ ਜਾਂਦੇ ਰਹੇ। ਤੁਸੀਂ ਮੈਥੋਂ ਕਿਸੇ ਦਾ ਨਾਂ ਨਾ ਪੁੱਛਣਾ। ਮੈਂ ਨਾਂ ਨਹੀਂ ਦੱਸਣੇ। ਕੀ ਲੈਣਾ ਐ ਆਪਾਂ ਨਾਂ ਲੈ ਕੇ। ਹੋਈਆਂ-ਨਿੱਬੜੀਆਂ ਸਭ ਗੱਲਾਂ। ਚਾਰ ਇੰਟਰਵਿਊਆਂ ਵਿਚ ਤਾਂ ਵਿਸ਼ਾ-ਮਾਹਿਰ ਵੀ ਮੇਰਾ ਐਮ.ਏ. ਅਤੇ ਐਮ.ਫਿਲ. ਦਾ ਉਸਤਾਦ ਹੀ ਸੀ।

ਇਕ ਵਾਰ ਤਾਂ ਉਨ੍ਹਾਂ ਨੇ ਐਮ.ਏ. ਜਾਂ ਐਮ.ਫਿਲ. ਦੀ ਥਾਂ ਮੇਰੀ ਮੈਟਰਿਕ ਦੀ ਡਵੀਜ਼ਨ ਪੁੱਛੀ, ਜਦੋਂ ਕਿ ਉਹ ਮੇਰੇ ਮੈਟਰਿਕ ਕਰਨ ਦੇ ਹਾਲਾਤ ਚੰਗੀ ਤਰ੍ਹਾਂ ਜਾਣਦੇ ਸਨ। ਚੌਥੀ ਵਾਰ ਉਨ੍ਹਾਂ ਨੇ ਇਕ ਬਿਲਕੁਲ ਨਵੀਂ ਐਮ.ਏ. ਕਰ ਕੇ ਆਈ ਕੁੜੀ ਰੱਖ ਲਈ। ਮੈਂ ਬਾਹਰ ਨਿੱਕਲ ਕੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਮੇਰੇ ਕੈਰੀਅਰ ਉਤੇ ਚੌਥੀ ਵਾਰ ਕਾਟਾ ਮਾਰ ਦਿੱਤਾ। ਉਹ ਕਹਿਣ ਲੱਗੇ, ਅਸਲ ਵਿਚ ਮੈਂ ਘਰੋਂ ਹੀ ਨਿਰਣਾ ਕਰ ਕੇ ਆਉਂਦਾ ਹੁੰਦਾ ਹਾਂ ਕਿ ਕਿਸ ਨੂੰ ਰੱਖਣਾ ਹੈ। ਇਕ ਇੰਟਰਵਿਊ ਵਿਚ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਨੇ ਹੋਰ ਹੀ ਦੰਭ ਕੀਤਾ। ਉਹ ਕਹਿਣ ਲਗਿਆ, “ਤੁਹਾਡੀਆਂ ਤੇਰਾਂ ਕਿਤਾਬਾਂ ਛਪ ਚੁੱਕੀਆਂ ਹਨ। ਤੁਸੀਂ ਏਨੀ ਵੱਡੀ ਲੇਖਿਕਾ ਹੋ ਕਿ ਏਨੀ ਛੋਟੀ ਪੋਸਟ ਉੱਤੇ ਕਿਉਂ ਲੱਗਣਾ ਚਾਹੁੰਦੇ ਹੋ?” ਮੈਂ ਬੇਨਤੀ ਕੀਤੀ, “ਮੈਂ ਤਾਂ ਕਲਰਕ ਹਾਂ। ਮੇਰੇ ਲਈ ਇਹ ਬਹੁਤ ਵੱਡੀ ਪੋਸਟ ਹੈ।” ਉਹਨੇ ਫ਼ੈਸਲਾ ਸੁਣਾਉਣ ਵਾਂਗ ਕਿਹਾ, “ਮੈਂ ਨਹੀਂ ਸਮਝਦਾ, ਐਡੀ ਵੱਡੀ ਲੇਖਿਕਾ ਨੂੰ ਏਨੀ ਛੋਟੀ ਪੋਸਟ ਉੱਤੇ ਲਾਇਆ ਜਾਣਾ ਚਾਹੀਦਾ ਹੈ।”

ਆਖ਼ਰੀ ਵਾਰ ਮੈਂ ਇਕ ਵਿਮੈਨਜ਼ ਕਾਲਜ ਵਿਚ ਅਰਜ਼ੀ ਦਿੱਤੀ। ਪ੍ਰਿੰਸੀਪਲ ਮੈਨੂੰ ਚੰਗੀ ਤਰ੍ਹਾਂ ਜਾਣਦੀ ਸੀ, ਪਰ ਮੈਂ ਗੱਲ ਪੱਕੀ ਕਰਨ ਲਈ ਆਪਣੇ ਉਸਤਾਦ, ਜੋ ਉਪਰੋਕਤ ਚਾਰ ਇੰਟਰਵਿਊਆਂ ਵਿਚ ਵਿਸ਼ਾ-ਮਾਹਿਰ ਸੀ, ਕੋਲ ਗਈ। ਪ੍ਰਿੰਸੀਪਲ ਉਨ੍ਹਾਂ ਦੀ ਬਹੁਤ ਮੰਨਦੀ ਸੀ। ਉਹ ਕਹਿਣ ਲੱਗੇ, “ਮੈਂ ਤੇਰੇ ਲਈ ਕੁਝ ਨਹੀਂ ਕਰ ਸਕਿਆ। ਤੇਰੀ ਥਾਂ ਲਾਇਆਂ ਨੇ ਮੇਰਾ ਕੀ ਸੰਵਾਰ ਦਿੱਤਾ?” ਮੈਨੂੰ ਉਨ੍ਹਾਂ ਦੀ ਗੱਲ ਸੁਣ ਕੇ ਕੁਛ ਧਰਵਾਸ ਹੋਇਆ ਅਤੇ ਮੈਂ ਆਪਣਾ ਮਨੋਰਥ ਦੱਸਿਆ। ਉਹ ਬੋਲੇ, “ਜਾਹ ਜਾਂ ਨਾ ਜਾਹ, ਤੈਨੂੰ ਉਥੇ ਰੱਖਿਆ ਨਹੀਂ ਜਾਣਾ!” ਫੇਰ ਵੀ ਮੈਂ ਇੰਟਰਵਿਊ ਸਮੇਂ ਗਈ। ਜਾਂਦਿਆਂ ਹੀ ਪ੍ਰਿੰਸੀਪਲ ਨੇ ਆਪਣੇ ਸਾਹਮਣੇ ਪਏ ਵੇਰਵੇ ਵਿਚੋਂ ਬੀ.ਏ. ਵਿਚ ਮੇਰੀ ਥਰਡ ਡਵੀਜ਼ਨ ਪੜ੍ਹ ਕੇ ਬੜੀ ਕੁਰੱਖਤ ਆਵਾਜ਼ ਵਿਚ ਪਹਿਲਾ ਸਵਾਲ ਇਹੋ ਕੀਤਾ। ਮੈਨੂੰ ਬਹੁਤ ਗੁੱਸਾ ਆਇਆ ਕਿ ਇਹਨੂੰ ਐਮ.ਏ. ਜਾਂ ਐਮ.ਫਿਲ. ਬਾਰੇ ਜਾਂ ਮੇਰੇ ਸਾਹਿਤਕਾਰ ਹੋਣ ਬਾਰੇ ਕੁਛ ਪੁੱਛਣ ਦੀ ਥਾਂ ਮੇਰੀ ਡਿਗਦੀ-ਢਹਿੰਦੀ ਦੀ ਕੀਤੀ ਹੋਈ ਬੀ.ਏ. ਦੀ ਡਵੀਜ਼ਨ ਹੀ ਦਿਸਦੀ ਐ। ਮੈਨੂੰ ਪਤਾ ਤਾਂ ਸੀ ਹੀ ਕਿ ਮੈਨੂੰ ਰੱਖਣਾ ਨਹੀਂ। ਮੈਂ ਬੋਲੀ, “ਤੁਹਾਡੇ ਸਾਹਮਣੇ ਤਾਂ ਲਿਖੀ ਪਈ ਐ” ਅਤੇ ਪੂਰੇ ਜ਼ੋਰ ਨਾਲ ਦਰਵਾਜ਼ਾ ਠਾਹ ਬੰਦ ਕਰ ਕੇ ਬਾਹਰ ਨਿੱਕਲ ਆਈ। ਮੁੜ ਕੇ ਮੈਂ ਕਦੀ ਅਰਜ਼ੀ ਹੀ ਨਹੀਂ ਦਿੱਤੀ।

ਭੁੱਲਰ, ਤੁਸੀਂ ਸਾਹਿਤਕਾਰ ਮਿੱਤਰਾਂ ਵੱਲੋਂ ਮੈਨੂੰ ਹੱਸ ਕੇ ਲੈਕਚਰਰ ਰੱਖ ਲਏ ਜਾਣ ਦੀ ਗੱਲ ਕੀਤੀ ਐ; ਲਓ ਦੇਖ ਲਵੋ, ਇਨ੍ਹਾਂ ਆਪਣਿਆਂ ਨੇ ਮੇਰੇ ਜਜ਼ਬੇ ਅਤੇ ਅਰਮਾਨ ਵਾਰ-ਵਾਰ ਵਲੂੰਧਰੇ! ਮੇਰਾ ਕੈਰੀਅਰ ਵਾਰ-ਵਾਰ ਤਬਾਹ ਕਰ ਕੇ ਇਹ ਸਾਰੇ ਮੇਰੇ ਨਾਲ ਮਿਲਦੇ-ਬੋਲਦੇ ਹੱਸ ਕੇ ਨੇ।

- ਰੱਬ ਇਨ੍ਹਾਂ ਸਾਰਿਆਂ ਦਾ ਗੁਨਾਹ ਬਖ਼ਸ਼ੇ! ਮਿੱਤਰ ਸਾਹਿਤਕਾਰਾਂ ਸੰਬੰਧੀ ਤੇਰੀ ਇਹ ਦਰਦ-ਕਹਾਣੀ ਸੁਣ ਕੇ ਤਾਂ ਤੈਨੂੰ ਛੋਟੀਆਂ-ਮੋਟੀਆਂ ਨੌਕਰੀਆਂ ਤੋਂ ਰੱਦ ਕਰਨ ਵਾਲਿਆਂ ਉੱਤੇ ਕੋਈ ਗਿਲਾ ਹੀ ਨਹੀਂ ਹੁੰਦਾ।

= ਹਾਂ ਬਈ, ਉਹ ਤਾਂ ਮੈਨੂੰ ਵੀ ਨਹੀਂ ਸਨ ਜਾਣਦੇ ਤੇ ਮੇਰੇ ਜੀਵਨ-ਸੰਘਰਸ਼ ਨੂੰ ਵੀ ਨਹੀਂ ਸਨ ਜਾਣਦੇ। ਪਰ ਇਹ ਸਭ ਤਾਂ, ਜਿਵੇਂ ਮੈਂ ਕਿਹਾ ਐ, ਆਪਣੇ ਸਨ। ਕਿਸੇ ਨੇ ਮੇਰੀ ਬਾਂਹ ਨਾ ਫੜੀ।

- ਚੱਲ ਛੱਡ, ਤੇਰਾ ਇਹ ਜ਼ਖ਼ਮ ਹੋਰ ਬਹੁਤਾ ਨਾ ਉਚੇੜੀਏ। ਆਪਣੀਆਂ ਕਹਾਣੀਆਂ ਦੀ ਕੱਚੀ ਸਮਗਰੀ ਅਤੇ ਆਪਣੀ ਲਿਖਣ-ਵਿਧੀ ਬਾਰੇ ਕੁਝ ਦੱਸ।

= ਮੈਂ ਕੱਚਾ ਮਸਾਲਾ ਤਾਂ ਬਹੁਤਾ ਆਪਣੇ ਜੀਵਨ ਵਿਚੋਂ ਹੀ ਲਿਆ ਐ। ਮੇਰੀਆਂ ਰਚਨਾਵਾਂ ਵਿਚ ਯਥਾਰਥ ਬਹੁਤਾ ਅਤੇ ਕਲਪਿਤ ਗੱਲਾਂ ਬਹੁਤ ਘੱਟ ਨੇ। ਜੇ ਮੇਰਾ ਪਤੀ ਮੈਨੂੰ ਵੇਲਣੇ ਵਿਚੋਂ ਨਾ ਲੰਘਾਉਂਦਾ, ਮੈਂ ਕਹਾਣੀਕਾਰ ਬਿਲਕੁਲ ਨਾ ਬਣ ਸਕਦੀ। ਮੇਰੇ ਲੇਖਿਕਾ ਬਣਨ ਦਾ ਸਿਹਰਾ ਉਹਦੇ ਸਿਰ ਹੀ ਬਝਦਾ ਐ। ਵਿਧੀ ਮੇਰੀ ਕੋਲਾਜ ਦੀ ਐ। ਲਿਖਣ ਸਮੇਂ ਮੇਰੇ ਹੱਥ ਪਿੱਛੇ ਰਹਿ ਜਾਂਦੇ ਨੇ, ਸੋਚ ਅੱਗੇ ਭੱਜੀ ਜਾਂਦੀ ਐ। ਕਈ ਵਾਰ ਗੱਲ ਅੜ ਜਾਂਦੀ ਐ ਅਤੇ ਰਚਨਾ ਮਹੀਨਿਆਂ-ਬੱਧੀ, ਸਾਲਾਂ-ਬੱਧੀ ਅਧੂਰੀ ਪਈ ਰਹਿੰਦੀ ਐ। ਹੁਣ ਵੀ ਮੇਰੇ ਕੋਲ 37 ਅਧੂਰੀਆਂ ਕਹਾਣੀਆਂ ਪਈਆਂ ਨੇ। ਹੋਰ ਵੀ ਕਈ ਕੁਛ ਅਧੂਰਾ ਲਿਖਿਆ ਪਿਆ ਐ। ਨਾ ਉਹ ਪੂਰਾ ਹੁੰਦਾ ਐ, ਨਾ ਸੁੱਟਿਆ ਜਾਂਦਾ ਐ। ਸਮਝ ਨਹੀਂ ਆਉਂਦੀ, ਕੀ ਕਰਾਂ!...ਮੈਂ ਦੇਖਿਆ ਐ, ਜੋ ਕਹਾਣੀ ਮੈਥੋਂ ਇਕ ਵਾਰ ਵਿਚ ਲਿਖੀ ਜਾਵੇ, ਉਹ ਆਮ ਕਰ ਕੇ ਚੰਗੀ ਹੁੰਦੀ ਐ।

- ਇਕ ਵਾਰ ਵਿਚ ਲਿਖੇਂ ਜਾਂ ਕਈ ਵਾਰ ਵਿਚ, ਰਚਨਾ ਪੂਰੀ ਹੋ ਜਾਣ ਮਗਰੋਂ ਤੇਰੀ ਸੰਤੁਸ਼ਟੀ ਹੋ ਜਾਂਦੀ ਐ?

= ਉਸ ਸਮੇਂ ਤਾਂ ਸੰਤੁਸ਼ਟੀ ਹੋ ਜਾਂਦੀ ਐ, ਪਰ ਸਮਾਂ ਪੈਣ ਮਗਰੋਂ ਆਪਣੀਆਂ ਕਈ ਰਚਨਾਵਾਂ ਕੱਚੀਆਂ ਲੱਗਣ ਲਗਦੀਆਂ ਨੇ। ਹੁਣ ਮੈਂ ਇਸ ਪੱਖੋਂ ਵਧੇਰੇ ਸਚੇਤ ਹਾਂ। ਆਪਣੀਆਂ ਕਈ ਕਹਾਣੀਆਂ ਮੈਨੂੰ ਸਦਾ ਹੀ ਚੰਗੀਆਂ ਲੱਗੀਆਂ ਨੇ, ਜਿਵੇਂ ਮੁਕਲਾਵੇ ਵਾਲੀ ਰਾਤ, ਦੁੱਖ-ਨਿਵਾਰਨ, ਭੁੱਬਲ ਦੀ ਅੱਗ, ਮੇਮਣਾ, ਉਲ-ਜਲੂਲ, ਦੁੱਧ ਤੇ ਪੁੱਤ, ਨਾਟਕ, ਆਦਿ।

ਬਚਿੰਤ ਕੌਰ ਦੀ ਇਕ ਸਿਫ਼ਤ ਇਹਦਾ ਆਪਣੀਆਂ ਰਚਨਾਵਾਂ ਨੂੰ ਕਾਫ਼ੀ ਵਸਤੂਮੁਖੀ ਹੋ ਕੇ ਨਿਰਖ ਸਕਣਾ ਹੈ। ਇਕ ਵਾਰ ਭਾਰਤੀ ਸਾਹਿਤ ਅਕਾਦਮੀ ਵੱਲੋਂ ਸੰਗਠਿਤ ਪੰਜਾਬੀ-ਕਹਾਣੀ-ਕਾਰਜਸ਼ਾਲਾ ਵਿਚ ਇਹਦੀ ਕਹਾਣੀ ਤਿੱਖੀ ਆਲੋਚਨਾ ਦਾ ਨਿਸ਼ਾਨਾ ਬਣਨ ਵਾਲੀਆਂ ਵਿਚੋਂ ਇਕ ਸੀ। ਜਿਥੇ ਹੋਰ ਅਜਿਹੇ ਕਈ ਲੇਖਕ-ਲੇਖਿਕਾਵਾਂ ਬੜੇ ਪਰੇਸ਼ਾਨ ਅਤੇ ਦੁਖੀ ਹੋਏ, ਇਹ ਚਾਹ ਪੀਂਦਿਆਂ ਮੈਨੂੰ ਕਹਿਣ ਲੱਗੀ, “ਉਂ ਸੀ ਤਾਂ ਮੇਰੀ ਕਹਾਣੀ ਕੁਛ ਕਮਜ਼ੋਰ ਹੀ...”

-ਸੱਚ, ਤੂੰ ਤਾਂ ਕਵਿਤਾਵਾਂ ਵੀ ਲਿਖੀਆਂ ਨੇ?

= ਹਾਂ, ਮੇਰੇ ਕਾਵਿ-ਸੰਗ੍ਰਹਿ ਵੀ ਛਪੇ ਨੇ। 1969 ਵਿਚ ਮੇਰੇ ਜੀਵਨ ਵਿਚ ਰਾਜ ਨਾਂ ਦਾ ਇਕ ਦੋਸਤ ਆਇਆ। ਪਰ ਗੱਲ ਵਿਚਾਲੇ ਹੀ ਦਮ ਤੋੜ ਗਈ। ਓਦੋਂ ਹੀ ਮੈਂ ਕੁਛ ਕਵਿਤਾਵਾਂ ਲਿਖੀਆਂ ਸਨ। ਉਹ ਰੇਡੀਓ ਵਿਚ ਪ੍ਰੋਡਿਊਸਰ ਸੀ। ਕਈ ਸਾਲਾਂ ਮਗਰੋਂ ਮੈਂ ਰੇਡੀਓ ਉੱਤੇ ਉਹਦੀ ਮੌਤ ਦੀ ਖ਼ਬਰ ਸੁਣੀ। ਤੇ ਫੇਰ ਮੇਰੀ ਕਵਿਤਾ ਵੀ ਦਮ ਤੋੜ ਗਈ। ਹੁਣ ਕਦੀ-ਕਦੀ ਕਵਿਤਾ ਲਿਖਣ ਦਾ ਜਤਨ ਕਰਦੀ ਹਾਂ, ਪਰ ਸੰਤੁਸ਼ਟੀ ਨਹੀਂ ਹੁੰਦੀ। ਇਸ ਸਾਰੀ ਘਟਨਾ ਦਾ ਜ਼ਿਕਰ ਮੇਰੀ ਸ੍ਵੈਜੀਵਨੀ ‘ਪਗਡੰਡੀਆਂ’ ਵਿਚ ਅੰਤਲੇ ਕਾਂਡ ‘ਮੁਹੱਬਤ ਇਕ ਹਾਦਸਾ’ ਵਿਚ ਐ।

ਇਕ ਵਾਰ ਮੈਂ ਉਹਦੇ ਪਰਿਵਾਰ ਦੇ ਜੀਆਂ ਦੀ ਉਹਦੇ ਸਾਹਿਤ ਵਿਚ ਦਿਲਚਸਪੀ ਬਾਰੇ ਪੁੱਛਿਆ ਤਾਂ ਪਤੀ ਬਾਰੇ ਉਹਦੀ ਗੱਲ ਸੁਣ ਕੇ ਮੈਨੂੰ ਹੈਰਾਨੀ ਹੋਈ।

- ਤੇਰੇ ਪਰਿਵਾਰ ਨੂੰ ਤੇਰੀਆਂ ਲਿਖਤਾਂ ਵਿਚ ਕੋਈ ਦਿਲਚਸਪੀ ਹੈ?

= ਮੇਰਾ ਬੇਟਾ ਮੇਰੀ ਹਰ ਰਚਨਾ ਪੜ੍ਹਦਾ ਐ ਤੇ ਮੇਰਾ ਵੱਡਾ ਜੁਆਈ ਕੁਲਦੀਪ ਸਿੰਘ ਵੀ। ਵੱਡੀ ਬੇਟੀ ਇੰਦਰਜੀਤ ਬਬਲੀ ਵੀ ਲਗਭਗ ਹਰ ਰਚਨਾ ਪੜ੍ਹਦੀ ਐ। ਸਾਰੇ ਬੱਚੇ ਮਾਣ ਕਰਦੇ ਨੇ।

(ਬਾਕੀ ਸਫਾ 24 ’ਤੇ)

# ਕੁੱਖ ਤੋਂ ਸੱਖਣੀਆਂ ਔਰਤਾਂ ਦੇ ਪਿੰਡ

ਪਿਛਲੇ ਦਿਨੀਂ ਮਹਾਰਾਸ਼ਟਰ ਦੀ ਔਰੰਗਾਬਾਦ ਡਿਵੀਜ਼ਨ 'ਚ ਪੈਂਦੇ ਬੀਡ ਜ਼ਿਲ੍ਹੇ ਦੀ ਇਕ ਬਹੁਤ ਹੈਰਤ ਭਰੀ ਅਤੇ ਰੌਂਗਟੇ ਖੜ੍ਹੇ ਕਰਨ ਵਾਲੀ ਰਿਪੋਰਟ ਦੇਖਣ ਨੂੰ ਮਿਲੀ। ਇਸ ਤੋਂ ਪਹਿਲਾਂ ਦੱਸ ਦੇਈਏ ਕਿ 2011 ਦੀ ਜਣਗਣਨਾ ਅਨੁਸਾਰ ਮੁੰਬਈ ਤੋਂ ਕਰੀਬ 450 ਕਿਲੋਮੀਟਰ ਦੂਰੀ 'ਤੇ ਸਥਿਤ ਬੀਡ ਜ਼ਿਲ੍ਹੇ ਦੀ ਕੁੱਲ ਆਬਾਦੀ 2585049 ਹੈ ਅਤੇ ਇੱਥੋਂ ਦੇ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ (ਲਿਟਰੇਸੀ ਰੇਟ) 68 ਫੀਸਦੀ ਹੈ। ਇੱਥੇ 1000 ਮਰਦਾਂ ਪਿੱਛੇ 936 ਔਰਤਾਂ ਹਨ। ਖੇਤੀਬਾੜੀ ਇੱਥੋਂ ਦਾ ਮੁੱਖ ਧੰਦਾ ਹੈ ਜਿੱਥੇ ਸਿੰਜਾਈ ਲਈ ਜ਼ਿਆਦਾਤਰ ਖੇਤਰਾਂ 'ਚ ਬਰਸਾਤ 'ਤੇ ਨਿਰਭਰ ਕਰਨਾ ਪੈਂਦਾ ਹੈ। ਬੀਡ ਜ਼ਿਲ੍ਹੇ 'ਚ ਹੋਰ ਫਸਲਾਂ ਤੋਂ ਇਲਾਵਾ ਜ਼ਿਆਦਾਤਰ ਗੰਨਾ ਬੀਜਿਆ ਜਾਂਦਾ ਹੈ।

ਇੱਥੇ ਮਰਦਾਂ ਦੇ ਨਾਲ-ਨਾਲ ਔਰਤਾਂ ਵੀ ਮਜ਼ਦੂਰੀ ਕਰਦੀਆਂ ਹਨ।



**ਅਮਰਬੀਰ ਸਿੰਘ ਚੀਮਾ**
**ਫੋਨ: 98889-40211**

ਉਨ੍ਹਾਂ ਲਈ 2 ਵਕਤ ਦੀ ਰੋਟੀ ਹੀ ਜਿਊਣ ਦਾ ਮਕਸਦ ਹੈ ਜਾਂ ਮਜਬੂਰੀ ਹੈ, ਕਿਉਂਕਿ ਢਿੱਡ ਤਾਂ ਹਰੇਕ ਨੇ ਭਰਨਾ ਹੈ। ਸਮਾਜ ਵੱਲੋਂ ਬੰਦਿਸ਼ਾਂ ਰੂਪੀ ਕੰਡਿਆਲੀਆਂ ਤਾਰਾਂ ਨੂੰ ਦੰਦਾਂ ਨਾਲ ਕੱਟਣ ਦਾ ਸਫ਼ਰ ਔਰਤ ਦੇ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਸਰਕਾਰਾਂ ਵੱਲੋਂ ਰੋਕਾਂ ਦੇ ਬਾਵਜੂਦ ਨਿੱਜੀ ਖੇਤਰ 'ਚ ਸ਼ੋਸ਼ਣ ਤਾਂ ਹਰ ਥਾਂ ਹੀ ਹੁੰਦਾ ਹੈ ਪਰ ਇੱਥੇ ਔਰਤਾਂ ਦਾ ਹੋ ਰਿਹਾ ਸ਼ੋਸ਼ਣ ਸਭ ਹੱਦਾਂ ਬੰਨ੍ਹੇ ਪਾਰ ਕਰ ਗਿਆ ਹੈ, ਜਿਸ ਬਾਰੇ ਮਾੜੀ ਮੋਟੀ ਜ਼ਮੀਰ ਜਾਗਦਾ ਇਨਸਾਨ ਸੋਚ ਵੀ ਨਹੀਂ ਸਕਦਾ।

ਹੁਣ ਗੱਲ ਕਰਦੇ ਹਾਂ ਉਸ ਰਿਪੋਰਟ ਦੀ, ਸੋਸ਼ਲ ਮੀਡੀਆ 'ਤੇ 'ਵੇਦਾਂਤ ਸ਼ਬਦ' ਪੇਜ ਉਤੇ 'ਦਿ ਨੇਕਡ ਗਾਡ' ਨਾਮਕ ਇਕ ਪੋਸਟ ਪਾਈ ਗਈ ਹੈ। ਅੰਕੜਿਆਂ ਅਨੁਸਾਰ ਬੀਡ ਜ਼ਿਲ੍ਹੇ 'ਚ ਖਾਸਕਰ ਇੱਥੋਂ ਦੇ ਪੇਂਡੂ ਖੇਤਰਾਂ 'ਚ ਔਰਤਾਂ ਗੰਨੇ ਦੇ ਖੇਤਾਂ ਵਿਚ ਕੰਮ ਕਰਦੀਆਂ ਹਨ। ਇਨ੍ਹਾਂ ਔਰਤਾਂ ਦੀ 20-30 ਸਾਲ ਦੀ ਉਮਰ ਵਿਚ ਬੱਚੇਦਾਨੀ ਕੱਢ ਦਿੱਤੀ ਜਾਂਦੀ ਹੈ, ਜਿਸ ਦੇ ਵੱਖ-ਵੱਖ ਕਾਰਨ ਹਨ। ਆਪਣੀ ਸਮਰੱਥਾ ਤੋਂ ਕਈ ਗੁਣਾ ਵੱਧ ਭਾਰ ਚੁੱਕਣ ਕਾਰਨ ਉਨ੍ਹਾਂ ਦੇ ਢਿੱਡੀਂ ਦਰਦ ਸ਼ੁਰੂ ਹੋ ਜਾਂਦੇ ਹਨ। ਪੇਟ ਦੇ ਇਹ ਦਰਦ ਵਧਦੇ ਜਾਂਦੇ ਹਨ ਤੇ ਉਹ ਮਜ਼ਦੂਰ ਔਰਤਾਂ ਆਪਣਾ ਉਹੀ ਪੇਟ ਭਰਨ ਲਈ ਦਰਦ ਨਿਵਾਰਕ ਗੋਲੀਆਂ ਖਾ ਕੇ ਡੰਗ ਟਪਾਉਂਦੀਆਂ ਹਨ। ਜਦੋਂ ਦਰਦ ਅਸਹਿ ਹੋ ਜਾਂਦੇ ਹਨ ਤਾਂ ਡਾਕਟਰ ਅਪਰੇਸ਼ਨ ਕਰ ਕੇ ਬੱਚੇਦਾਨੀ ਕੱਢ ਦਿੰਦੇ ਹਨ।

ਔਰਤਾਂ ਦੀ ਕੁਦਰਤੀ ਪ੍ਰਕਿਰਿਆ ਮਾਹਵਾਰੀ (ਪੀਰੀਅਡਸ) ਦੌਰਾਨ ਛੁੱਟੀ ਲੈਣ 'ਤੇ ਉਨ੍ਹਾਂ ਦੀ ਮਜ਼ਦੂਰੀ ਦੇ ਪੈਸੇ ਕੱਟੇ ਜਾਂਦੇ ਹਨ। ਹਰ ਮਹੀਨੇ 4-5 ਦਿਨਾਂ ਲਈ ਉਨ੍ਹਾਂ ਨੂੰ ਇਹ ਘਾਟਾ ਝੱਲਣਾ ਪੈਂਦਾ ਹੈ। ਇਸ ਤੋਂ ਇਲਾਵਾ ਮਜਬੂਰੀ ਵੱਸ ਉਨ੍ਹਾਂ ਨੂੰ ਮਜ਼ਦੂਰੀ ਕਰਨ ਲਈ ਦੂਜੇ ਖੇਤਰਾਂ ਜਾਂ ਨੇੜਲੇ ਸੂਬਿਆਂ 'ਚ ਵੀ ਜਾਣਾ ਪੈਂਦਾ ਹੈ, ਜਿੱਥੇ ਛੇੜਛਾੜ ਅਤੇ ਬਲਾਤਕਾਰ ਵਰਗੀਆਂ ਗੰਭੀਰ ਘਟਨਾਵਾਂ ਦਾ ਵਰਤਾਰਾ ਆਮ ਗੱਲ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਅਜਿਹੀਆਂ ਔਰਤਾਂ ਨੇ ਖੁਦ ਹੀ ਆਪਣੀ ਬੱਚੇਦਾਨੀ ਨੂੰ ਕਢਵਾਉਣਾ ਸ਼ੁਰੂ ਕਰ ਦਿੱਤਾ। ਇਸ ਜ਼ਿਲ੍ਹੇ ਦੇ ਕਈ ਇਲਾਕੇ ਹੁਣ ਕੁੱਖ ਤੋਂ ਸੱਖਣੀਆਂ ਔਰਤਾਂ ਵਾਲੇ ਪਿੰਡ ਕਹੇ ਜਾਂਦੇ ਹਨ। ਸਾਲ 2016 ਤੋਂ ਹੁਣ ਤਕ ਇਸ ਤਰ੍ਹਾਂ ਕਰੀਬ 4000 ਤੋਂ ਵੱਧ ਔਰਤਾਂ ਦੀ ਬੱਚੇਦਾਨੀ ਕੱਢੀ ਜਾ ਚੁੱਕੀ ਹੈ।

ਇਕ ਮਜ਼ਦੂਰ ਔਰਤ ਅਨੁਸਾਰ ਜਦੋਂ ਉਸਦਾ ਵਿਆਹ ਹੋਇਆ ਤਦ ਉਹ 14 ਸਾਲ ਦੀ ਸੀ। ਵਿਆਹ ਉਪਰੰਤ ਗੰਨਾ ਵੱਢਣ ਲਈ ਆਪਣੇ ਪਤੀ ਨਾਲ ਦੱਖਣ ਵੱਲ ਜਾਣਾ ਪਿਆ। ਉਥੇ ਖਾਲੀ ਖੇਤ ਵਿਚ ਟੀਨ ਦੀ ਝੌਂਪੜੀ ਸੀ, ਜਿੱਥੇ ਦਰਵਾਜ਼ੇ ਦਾ ਕੰਮ ਸਾੜੀ ਦਾ ਪਰਦਾ ਹੀ ਕਰਦਾ ਸੀ। ਠੇਕੇਦਾਰ ਉਜਾੜ ਦੇਖ ਅਕਸਰ ਕਮਰੇ 'ਚ ਆਉਂਦਾ ਤੇ ਉਨ੍ਹਾਂ ਨੂੰ ਨੋਚ ਕੇ ਚਲਾ ਜਾਂਦਾ ਸੀ। ਪੇਟ ਦੀ ਭੁੱਖ ਕਾਰਨ ਉਹ ਕੁਝ ਵੀ ਨਹੀਂ ਕਰ ਸਕਦੀਆਂ ਸਨ। ਹੋਰ ਤਾਂ ਹੋਰ, ਉਹ ਦਿਲੋਂ ਰੋ ਵੀ ਨਹੀਂ ਸੀ ਸਕਦੀਆਂ, ਕਿਉਂਕਿ ਭੁੱਖੇ ਢਿੱਡਾਂ ਦਾ ਡਰ ਅਕਸਰ ਜ਼ੁਬਾਨ ਨੂੰ ਵੱਢ ਦਿੰਦਾ ਹੈ।

ਇਕ ਦਿਨ ਉਹ ਪੇਟ ਤੋਂ ਹੋ ਗਈ। ਸੱਤਵਾਂ ਮਹੀਨਾ ਚੱਲ ਰਿਹਾ ਸੀ, ਜਦੋਂ ਉਸਨੂੰ ਪਿੰਡ ਪਰਤਣ ਦਾ ਅਹਿਸਾਸ ਹੋਇਆ। ਉਸਦੇ ਪਤੀ ਨੇ ਠੇਕੇਦਾਰ ਨਾਲ ਗੱਲ ਕੀਤੀ ਤਾਂ ਉਸ ਨੇ ਸਾਫ਼ ਇਨਕਾਰ ਕਰ ਦਿੱਤਾ। ਕਹਿੰਦਾ ਪਹਿਲਾਂ ਕੰਮ ਕਰੋ, ਫਿਰ ਪਿੰਡ ਜਾਣ ਦੀ ਗੱਲ ਕਰਨਾ। ਉਸਦੇ ਪਤੀ ਨੇ ਜਿੰਨੀਆਂ ਮਿੰਨਤਾਂ ਕੀਤੀਆਂ, ਠੇਕੇਦਾਰ ਓਨਾ ਹੀ ਹੰਕਾਰ ਨਾਲ ਬੋਲਦਾ ਗਿਆ। ਉਸਨੂੰ ਗਰਭਵਤੀ ਹਾਲਤ 'ਚ ਕੁੱਟਿਆ ਵੀ, ਪਰ ਉਹ ਕੁਝ ਨਹੀਂ ਕਰ ਸਕੇ, ਉਥੇ ਹੀ ਰਹਿਣਾ ਪਿਆ। ਉਤੋਂ ਕਹਿੰਦਾ ਜੇ ਵਾਪਸ ਚਲੇ ਗਏ ਤਾਂ ਕੀ ਖਾਓਗੇ? ਪਿੰਡ ਵਿਚ ਨਾ ਤਾਂ ਕੋਈ ਖੇਤ ਹੈ ਅਤੇ ਨਾ ਹੀ ਕੋਈ ਫੈਕਟਰੀ।

8ਵਾਂ ਮਹੀਨਾ ਲੱਗੇ ਹੋਣ 'ਤੇ ਵੀ ਰੋਜ਼ਾਨਾ 3000 ਕਿਲੋ ਗੰਨਾ ਟਰੱਕ ਵਿਚ ਲੱਦਣਾ ਪੈਂਦਾ ਸੀ। ਕੱਚੀ ਲੱਕੜ ਦੀ ਪੌੜੀ 'ਤੇ ਚੜ੍ਹਦਿਆਂ ਪੈਰਾਂ ਨਾਲੋਂ ਜ਼ਿਆਦਾ ਦਿਲ ਕੰਬਦਾ ਸੀ। ਉਹ ਦੱਸਦੀ ਹੈ ਕਿ ਹੁਣ ਸਾਰੀ ਪਰੇਸ਼ਾਨੀ ਖਤਮ ਹੋ ਗਈ ਹੈ। 30 ਸਾਲ ਦੀ ਉਮਰ ਵਿਚ ਬੱਚੇਦਾਨੀ ਕਢਵਾ ਦਿੱਤੀ ਗਈ ਸੀ। ਹੁਣ ਕੋਈ ਮਾਹਵਾਰੀ ਨਹੀਂ ਹੋਵੇਗੀ। ਕੋਈ ਛੁੱਟੀ ਨਹੀਂ ਲੈਣੀ ਪਵੇਗੀ ਅਤੇ ਨਾ ਹੀ ਬੱਚਾ ਹੋਣ ਦਾ ਡਰ ਹੋਵੇਗਾ।

ਕੈਜ਼ ਤਹਿਸੀਲ 'ਚ ਹੀ ਪੈਂਦੇ ਪਿੰਡ ਮਸਾਜੋਗ ਦੀ ਇਕ ਔਰਤ ਗੰਨੇ ਦੀ ਵਾਢੀ ਦਾ ਕੰਮ ਕਰਦੀ ਸੀ ਤੇ ਉਸਦਾ ਪਤੀ ਗੰਨੇ ਦਾ ਟਰੱਕ ਚਲਾਉਂਦਾ ਸੀ। ਇਕ ਦਿਨ ਅਚਾਨਕ ਉਸ ਦੇ ਪਤੀ ਦੀ ਐਕਸੀਡੈਂਟ 'ਚ ਮੌਤ ਹੋ ਗਈ। ਹੁਣ ਪੂਰੇ ਪਰਿਵਾਰ ਦੀ ਜ਼ਿੰਮੇਵਾਰੀ ਉਸਦੇ ਮੋਢਿਆਂ 'ਤੇ ਹੈ। ਉਸਨੇ ਆਪਣੀ ਰੋਜ਼ਾਨਾ ਦੀ ਨੌਕਰੀ ਜਾਰੀ ਰੱਖੀ, ਪਰ ਅਚਾਨਕ ਉਸਦੇ ਪੇਟ ਵਿਚ ਤੇਜ਼ ਦਰਦ ਮਹਿਸੂਸ



ਬੀਡ ਜ਼ਿਲ੍ਹੇ ਦੀ ਕੈਜ ਤਹਿਸੀਲ ਦੇ ਸ਼ਿੰਦੀ ਪਿੰਡ ਦੀ ਇਕ ਮਜ਼ਦੂਰ ਔਰਤ ਇਕ ਦਿਨ ਟਰੱਕ 'ਤੇ ਗੰਨਾ ਭਰਨ ਦੌਰਾਨ ਲੱਕੜ ਦੀ ਪੌੜੀ ਤੋਂ ਹੇਠਾਂ ਡਿੱਗ ਗਈ, ਜਿਸਨੂੰ ਪੇਟ 'ਚ ਬਹੁਤ ਸੱਟਾਂ ਲੱਗੀਆਂ। ਹਸਪਤਾਲ ਲਿਜਾਣ 'ਤੇ ਡਾਕਟਰ ਨੇ ਦੱਸਿਆ ਕਿ ਪੌੜੀ ਤੋਂ ਡਿੱਗਣ ਕਾਰਨ ਉਸਦੀ ਬੱਚੇਦਾਨੀ ਨੁਕਸਾਨੀ ਗਈ ਹੈ, ਜਿਸਨੂੰ ਹੁਣ ਕਢਵਾਉਣਾ ਪਵੇਗਾ। ਭਵਿੱਖ 'ਚ ਉਹ ਭਾਰ ਵਾਲਾ ਕੰਮ ਕਰਨ ਤੋਂ ਵੀ ਅਸਮਰੱਥ ਰਹੇਗੀ।

ਹੋਣ ਲੱਗੇ। ਡਾਕਟਰ ਦੀ ਸਲਾਹ ਅਨੁਸਾਰ ਉਸਦੀ ਬੱਚੇਦਾਨੀ ਕੱਢਣੀ ਪਈ।

10 ਸਾਲਾਂ ਦੀ ਉਮਰ 'ਚ ਵਿਆਹੀ ਤੇ 12 ਦੀ ਉਮਰ ਤੋਂ ਸ਼ੂਗਰ ਫੈਕਟਰੀ 'ਚ ਗੰਨੇ ਦੀ ਵਾਢੀ ਕਰਨ ਵਾਲੀ ਵਾਕੇਫਲ ਪਿੰਡ ਦੀ 2 ਬੱਚਿਆਂ ਦੀ ਮਾਂ ਨੂੰ ਮਾਹਵਾਰੀ ਦੌਰਾਨ ਦਰਦ ਹੋਣ ਲੱਗੇ। ਉਸਨੂੰ ਵੀ ਡਾਕਟਰਾਂ ਨੇ ਬੱਚੇਦਾਨੀ ਕਢਵਾਉਣ ਲਈ ਕਿਹਾ। ਅਪਰੇਸ਼ਨ ਲਈ ਉਸਨੂੰ ਆਪਣੀ ਜ਼ਮੀਨ ਵੇਚਣੀ ਪਈ।

ਛਿੰਛੋਲੀ ਪਿੰਡ ਦੀ 16 ਸਾਲ ਦੀ ਉਮਰ 'ਚ ਵਿਆਹੀ ਇਕ ਲੜਕੀ 3 ਸਾਲਾਂ 'ਚ 3 ਬੱਚਿਆਂ ਦੀ ਮਾਂ ਬਣੀ। ਮਜ਼ਦੂਰੀ ਕਰਦਿਆਂ ਪੇਟ ਦਰਦ ਸ਼ੁਰੂ ਹੋ ਗਏ। ਡਾਕਟਰਾਂ ਤੋਂ ਇਲਾਜ ਕਰਵਾਉਣ ਦੀ ਬਜਾਏ ਪੇਨਕਿਲਰ ਖਾਂਦੀ ਰਹੀ, ਜਦੋਂ ਦਰਦ ਅਸਹਿ ਹੋ ਗਏ ਤਾਂ 21 ਸਾਲਾਂ ਦੀ ਉਮਰ 'ਚ ਬੱਚੇਦਾਨੀ ਕਢਵਾਉਣੀ ਪਈ।

ਕੈਜ਼ ਦੀ ਰਹਿਣ ਵਾਲੀ ਇਕ ਹੋਰ ਲੜਕੀ, ਜਿਸਦਾ 17 ਸਾਲ ਦੀ ਉਮਰੇ ਵਿਆਹ ਹੋਇਆ, ਉਪਰੰਤ ਤਿੰਨੇ ਬੱਚੇ ਸਜੇਰੀਅਨਾਂ ਰਾਹੀਂ ਹੋਏ। 22 ਸਾਲਾਂ ਦੀ ਉਮਰ 'ਚ ਉਸਦੀ ਬੱਚੇਦਾਨੀ ਕੱਢਣੀ ਪਈ। ਸਰਵੇ ਅਨੁਸਾਰ ਉਨ੍ਹਾਂ ਦੇ ਪਰਿਵਾਰਾਂ ਵਲੋਂ ਸਹਿਯੋਗ ਦੀ ਥਾਂ ਅਪਰੇਸ਼ਨ ਤੋਂ ਤੁਰੰਤ ਬਾਅਦ ਕੰਮ ਕਰਨ ਲਈ ਦਬਾਅ ਪਾਇਆ ਜਾਂਦਾ ਹੈ, ਤਾਂ ਜੋ ਇਲਾਜ 'ਤੇ ਲੱਗੇ ਪੈਸੇ ਦੀ ਜਲਦ ਪੂਰਤੀ ਕੀਤੀ ਜਾ ਸਕੇ।

ਛੋਟੀ ਉਮਰ 'ਚ ਵਿਆਹ ਹੋ ਜਾਣਾ ਤੇ ਮਾਂ ਬਣਨਾ, ਹੱਦੋਂ ਵੱਧ ਸਰੀਰਕ ਕੰਮ ਕਰਨਾ, ਜਾਗਰੂਕਤਾ ਦੀ ਘਾਟ ਤੇ ਅਨਪੜ੍ਹਤਾ ਇਨ੍ਹਾਂ ਦੇ ਮੁੱਖ ਕਾਰਨ ਹਨ। ਔਰਤਾਂ ਵਿਰੁੱਧ ਹਿੰਸਾ ਅਤੇ ਬਚਾਅ ਲਈ ਹੋਰ ਸੰਘਰਸ਼ ਉਨ੍ਹਾਂ ਨੂੰ ਭੀਖ ਮੰਗਣ ਤੋਂ ਇਲਾਵਾ ਵੇਸਵਾਪੁਣੇ ਵੱਲ ਜਾਣ ਲਈ ਵੀ ਮਜਬੂਰ ਕਰਦਾ ਹੈ।

ਮੁਤੱਸਬੀ ਦੰਗੇ ਦਿੱਲੀ ਦੇ ਹੋਣ ਜਾਂ ਗੁਜਰਾਤ ਦੇ, ਕਸ਼ਮੀਰ ਦੀ ਲੜਾਈ ਹੋਵੇ, ਅਫ਼ਗਾਨ ਦੀ, ਰੂਸ ਦੀ ਜਾਂ ਯੂਕਰੇਨ ਦੀ, ਅਮਰੀਕਾ ਦੀ, ਈਰਾਨ ਜਾਂ ਪਾਕਿਸਤਾਨ ਦੀ, ਭਾਰਤ ਜਾਂ ਚੀਨ ਦੀ, ਬਾਹਰੀ ਹਮਲੇ ਦੇ ਨਾਲ ਇਕ ਅੰਦਰੂਨੀ ਹਮਲਾ ਵੀ ਹੁੰਦਾ ਹੈ, ਜੋ ਸਭ ਤੋਂ ਪਹਿਲਾਂ ਔਰਤਾਂ ਦੀ ਆਬਰੂ 'ਤੇ ਹੁੰਦਾ ਹੈ। ਬੰਬਾਂ, ਰਫ਼ਲਾਂ, ਬੰਦੂਕਾਂ, ਤੋਪਾਂ, ਗੋਲਿਆਂ ਦੇ ਨਾਲ-ਨਾਲ ਲਿੰਗਾਂ ਦਾ ਵੀ ਵਾਰ ਚੱਲਦਾ ਹੈ। ਔਰਤਾਂ ਦਾ ਬਦਨ ਲੜਾਈ ਦਾ ਮੈਦਾਨ ਬਣਦਾ ਹੈ, ਜਿੱਥੇ ਇਕ-ਪਾਸੜ ਲੜਾਈ ਹੁੰਦੀ ਹੈ। ਦੇਸ਼ ਦੀਆਂ ਸਰਹੱਦਾਂ 'ਤੇ ਰਾਖੀ ਕਰਦੇ ਫ਼ੌਜੀਆਂ ਦੀ ਰੱਤ ਡੁੱਲ੍ਹਦੀ ਹੈ ਤੇ ਔਰਤਾਂ ਦੀ ਪੱਤ ਰੁਲਦੀ ਹੈ, ਜਿੱਥੇ ਲੁੱਟ ਦੇ ਮਾਲ ਦੇ ਨਾਲ ਔਰਤ ਵੀ ਲੁੱਟੀ ਜਾਂਦੀ ਹੈ।

ਸਮਾਜ ਸੇਵੀ ਮਨੀਸ਼ਾ ਸੀਤਾਰਾਮ ਘੁਲੇ ਤੇ ਉਸਦੀ ਸਮੁੱਚੀ ਟੀਮ ਅਜਿਹੀਆਂ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ। ਉਹ ਕਹਿੰਦੀ ਹੈ ਕਿ ਗੰਨੇ ਦੇ ਖੇਤਾਂ ਵਿਚ ਕੰਮ ਕਰਦੇ ਸਮੇਂ ਕਈ ਔਰਤਾਂ ਨਾਲ ਕਈ ਵਾਰ ਬਲਾਤਕਾਰ ਹੁੰਦਾ ਹੈ ਪਰ ਉਹ ਆਪਣੇ ਪਤੀ ਨੂੰ ਦੱਸ ਵੀ ਨਹੀਂ ਸਕਦੀਆਂ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਉਸ ਦਾ ਪਤੀ ਉਸ 'ਤੇ ਦੋਸ਼ ਲਗਾਏਗਾ। ਕਈਆਂ ਨਾਲ ਅਜਿਹਾ ਹੀ ਹੋਇਆ ਹੈ। ਇਸ ਲਈ ਉਹ ਔਰਤਾਂ ਚੁੱਪ ਰਹਿੰਦੀਆਂ ਹਨ। ਬੱਚੇਦਾਨੀ ਨੂੰ ਕੱਢਣ ਦਾ ਇਹ ਵੀ ਇਕ ਵੱਡਾ ਕਾਰਨ ਹੈ। ਬੱਚਾ ਹੋਣ ਦਾ ਡਰ ਖਤਮ ਹੋ ਜਾਂਦਾ ਹੈ ਤੇ ਪੀਰੀਅਡਸ ਦੀ ਪਰੇਸ਼ਾਨੀ ਦੂਰ ਹੋ ਜਾਂਦੀ ਹੈ। ਪਰ ਇਹ ਵੱਖਰੀ ਗੱਲ ਹੈ ਕਿ ਇਸ ਉਪਰੰਤ ਨਵਾਂ ਦਰਦ ਸ਼ੁਰੂ ਹੋ ਜਾਂਦਾ ਹੈ - ਉਮਰ ਤੋਂ ਪਹਿਲਾਂ ਉਮਰ ਲੰਘ ਜਾਣ ਦਾ ਡਰ।

## ਕੰਡਿਆਲੀਆਂ ਪਗਡੰਡੀਆਂ ਦੀ ਮੁਸਾਫ਼ਿਰ ਬਚਿੰਤ ਕੌਰ

*(ਸਫਾ 23 ਦਾ ਬਾਕੀ)*

ਮੇਰੀ ਨੂੰਹ ਜਸਬੀਰ ਸਭ ਤੋਂ ਵੱਧ ਪੰਜਾਬੀ ਜਾਣਦੀ ਐ, ਪਰ ਉਹ ਪੇਕਿਆਂ ਨੂੰ, ਸਹੇਲੀਆਂ ਨੂੰ ਪੜ੍ਹਾਉਂਦੀ ਰਹਿੰਦੀ ਐ, ਆਪ ਨਹੀਂ ਪੜ੍ਹਦੀ। ਕਹਿ ਦਿੰਦੀ ਐ, ਮੈਂ ਤਾਂ ਤੁਹਾਡੇ ਕੋਲ ਹੀ ਹਾਂ। ਤੇ ਤੁਸੀਂ ਇਹ ਗੱਲ ਸੁਣ ਕੇ ਹੈਰਾਨ ਹੋਵੋਗੇ, ਹੁਣ ਮੇਰੇ ਪਤੀ ਨੂੰ ਸਭ ਤੋਂ ਵਧੀਆ ਗੱਲ ਮੇਰਾ ਸਾਹਿਤਕਾਰ ਹੋਣਾ ਹੀ ਲਗਦਾ ਐ।

- ਪਤੀ ਵਿਚ ਇਹ ਤਬਦੀਲੀ ਕਿਵੇਂ ਆ ਗਈ?

= 1983 ਵਿਚ ਉਹ ਵਿਸ਼ਵ ਪੰਜਾਬੀ ਸੰਮੇਲਨ ਸਮੇਂ ਮੇਰੇ ਨਾਲ ਬੈਂਕਾਕ ਗਏ। ਉਥੇ ਮੇਰੇ ਸਮੇਤ ਲੇਖਕਾਂ ਦੇ ਹੋਏ ਸੁਆਗਤ-ਸਤਿਕਾਰ ਤੋਂ ਉਹ ਬਹੁਤ ਪ੍ਰਭਾਵਿਤ ਹੋਏ। 1986 ਵਿਚ ਮੇਰੇ ਪਤੀ ਨੂੰ ਅਮਰੀਕਾ ਦੇ ਵੀਜ਼ੇ ਤੋਂ ਇਨਕਾਰ ਹੋ ਗਿਆ। ਮਗਰੋਂ ਮੇਰੀ ਜਾਣ-ਪਛਾਣ ਹੀ ਫਲ ਲਿਆਈ। 1986 ਵਿਚ ਅਤੇ ਫੇਰ 1987 ਵਿਚ ਅਸੀਂ ਦੋਵੇਂ ਇਕੱਠੇ ਬਦੇਸ ਗਏ। ਥਾਂ-ਥਾਂ ਲੇਖਕਾਂ ਅਤੇ ਸਾਹਿਤ-ਰਸੀਆਂ ਨੇ ਸਾਨੂੰ ਹੱਥੀਂ ਛਾਂਵਾਂ ਕੀਤੀਆਂ। ਪਤੀ ਨੂੰ ਲੱਗਿਆ, ਬਚਿੰਤ ਵੀ ਹੈ ਕੁਛ।

- ਪਾਠਕਾਂ ਤੋਂ ਤੈਨੂੰ ਕਿਹੋ ਜਿਹਾ ਹੁੰਗਾਰਾ ਮਿਲਿਆ ਹੈ?

= ਪਾਠਕ ਮੈਨੂੰ ਸ਼ੁਰੂ ਤੋਂ ਹੀ ਬਹੁਤ ਆਦਰ ਦਿੰਦੇ ਆਏ ਨੇ। ਉਹੋ ਮੇਰੇ ਲਈ ਉਤਸ਼ਾਹ ਦੇ ਸੋਮੇ ਨੇ। ਬਹੁਤ ਪਹਿਲਾਂ ਦੀ ਗੱਲ ਹੈ, ਇਕ ਐਮ.ਏ. ਪਾਸ, ਅਮਰਜੀਤ ਨਾਂ ਦਾ ਮੁੰਡਾ ਸੀ। ਲੈਕਚਰਰ ਲੱਗਣਾ ਸੀ ਉਹਨੇ ਕਿ ਉਹਤੋਂ ਕਿਸੇ ਨਜ਼ਦੀਕੀ ਦਾ ਕਤਲ ਹੋ ਗਿਆ। ਉਹਨੇ ਜੇਹਲ ਵਿਚੋਂ 'ਸੂਹਾ ਰੰਗ ਸਿਆਹ ਰੰਗ' ਤੋਂ ਸ਼ੁਰੂ ਕਰ ਕੇ 'ਭੁੱਬਲ ਦੀ ਅੱਗ' ਤੱਕ ਉਸ ਸਮੇਂ ਦੀਆਂ ਮੇਰੀਆਂ ਸਾਰੀਆਂ ਕਹਾਣੀਆਂ ਦਾ ਜ਼ਿਕਰ ਕਰਦਿਆਂ ਕਵਿਤਾ ਲਿਖ ਕੇ ਮੈਨੂੰ ਭੇਜੀ। ਮੇਰੀ ਸ੍ਵੈਜੀਵਨੀ 'ਪਗਡੰਡੀਆਂ' ਨੂੰ ਤਾਂ ਪਾਠਕਾਂ ਦਾ ਬਹੁਤ ਹੀ ਨਿੱਘਾ ਹੁੰਗਾਰਾ ਮਿਲਿਆ।

- ਤੂੰ 'ਪਗਡੰਡੀਆਂ' ਦੀ ਗੱਲ ਕੀਤੀ ਐ। ਕੀ ਕੋਈ ਸ੍ਵੈਜੀਵਨੀਕਾਰ ਪੂਰਨ ਸੱਚ ਲਿਖ ਸਕਦਾ ਐ?

= ਸ਼ਾਇਦ ਨਹੀਂ। ਜਿਹੜੀਆਂ ਗੱਲਾਂ ਉਹ ਨਹੀਂ ਲਿਖਦਾ, ਸ਼ਾਇਦ ਉਹ ਉਨ੍ਹਾਂ ਨੂੰ ਮਹੱਤਵ ਨਾ ਦਿੰਦਾ ਹੋਵੇ ਜਾਂ ਉਹ ਹੋਰਾਂ ਸਾਹਮਣੇ ਪੇਸ਼ ਕਰਨ ਵਾਲੀਆਂ ਨਾ ਹੋਣ ਜਾਂ ਕੀਤੀਆਂ ਹੀ ਨਾ ਜਾ ਸਕਦੀਆਂ ਹੋਣ।

- ਤੇਰੀ ਸ੍ਵੈਜੀਵਨੀ ਵਿਚ ਤੇਰੇ ਸਮਾਜਿਕ-ਆਰਥਿਕ ਸੰਘਰਸ਼ ਦਾ ਹੀ ਜ਼ਿਕਰ ਐ, ਸਾਹਿਤਕ ਜੀਵਨ ਨੂੰ ਤੂੰ ਛੋਹਿਆ ਤੱਕ ਨਹੀਂ। ਕੀ ਉਹ ਵੱਖਰਾ ਲਿਖਣ ਦੀ ਤੇਰੀ ਕੋਈ ਵਿਉਂਤ ਹੈ?

= ਲਿਖਣਾ ਤਾਂ ਚਾਹੁੰਦੀ ਹਾਂ। ਨਾਂ ਵੀ ਰੱਖ ਛੱਡਿਆ ਐ, 'ਅੱਖਰਾਂ ਦੀ ਛਾਂਵੇਂ'। ਪਰ ਪਤਾ ਨਹੀਂ ਕਦੋਂ ਲਿਖ ਹੋਵੇ।

- ਆਲੋਚਕਾਂ ਬਾਰੇ ਤੇਰਾ ਕੀ ਅਨੁਭਵ ਐ?

= ਅੱਜ ਦੀ ਪੰਜਾਬੀ ਆਲੋਚਨਾ....'ਫ਼ਰਾਡ' ਸ਼ਬਦ ਮੈਂ ਵਰਤਣਾ ਨਹੀਂ ਚਾਹੁੰਦੀ, ਕੋਈ ਹੋਰ ਅਜਿਹਾ ਹੀ ਸ਼ਬਦ ਹੋਵੇ। ਗਰੁੱਪਬਾਜ਼ੀ ਬਹੁਤ ਐ। ਬਹੁਤ ਸਾਰੇ ਲੇਖਕ ਆਖ-ਆਖ ਲਿਖਵਾਉਂਦੇ ਨੇ। ਆਲੋਚਕ ਵੀ ਉਡੀਕਦੇ ਰਹਿੰਦੇ ਨੇ, ਕੋਈ ਲਿਖਣ ਲਈ ਕਹੇ! ਪਾਠਕਾਂ ਦੀਆਂ ਟਿੱਪਣੀਆਂ ਨੂੰ ਮੈਂ ਵਧੇਰੇ ਮਹੱਤਵ ਦਿੰਦੀ ਹਾਂ। ਉਹ ਸੁਹਿਰਦ ਹੁੰਦੇ ਨੇ। ਜਦੋਂ ਮੈਂ ਬਰਾਈਟਵੇਜ਼ ਦੀ ਦੁਕਾਨ ਉਤੇ ਕੰਮ ਕਰਦੀ ਸੀ, ਮਾਲਕ ਜ਼ੋਰ ਦਿੰਦੇ ਸਨ ਕਿ ਗਾਹਕਾਂ ਤੋਂ ਮਾਲ ਦੀਆਂ ਤਰੁਟੀਆਂ ਜ਼ਰੂਰ ਪੁੱਛੋ ਤਾਂ ਜੋ ਅੱਗੇ ਤੋਂ ਉਹ ਕੱਢੀਆਂ ਜਾ ਸਕਣ। ਮੈਂ ਪਾਠਕਾਂ ਦੀਆਂ ਰਾਵਾਂ ਨੂੰ ਇਸੇ ਰੌਸ਼ਨੀ ਵਿਚ ਲੈਂਦੀ ਹਾਂ। ਜੇ ਆਲੋਚਨਾ ਈਮਾਨਦਾਰੀ ਨਾਲ ਕੀਤੀ ਜਾਵੇ, ਉਹ ਸੁਖਾਵੀਂ ਹੋਵੇ ਭਾਵੇਂ ਅਸੁਖਾਵੀਂ, ਉਹ ਸਹਾਇਕ ਬਣ ਸਕਦੀ ਐ।

- ਕੱਚੀਆਂ-ਪੱਕੀਆਂ ਰਚਨਾਵਾਂ ਤੋਂ ਹੌਲੀ-ਹੌਲੀ ਅੱਗੇ ਵਧਣ ਵਾਲੇ ਲੇਖਕਾਂ ਨੂੰ ਪ੍ਰਕਾਸ਼ਨ ਦੀ ਬਹੁਤ ਸਮੱਸਿਆ ਆਉਂਦੀ ਐ। ਤੇਰਾ ਤਜਰਬਾ ਕੀ ਰਿਹਾ?

= ਪਹਿਲ-ਪਹਿਲ ਛਪਣ ਦੀ ਸਮੱਸਿਆ ਸੀ। ਫੇਰ ਮੈਨੂੰ ਪ੍ਰਕਾਸ਼ਕ ਖੁਸ਼ ਹੋ ਕੇ ਛਾਪਣ ਲੱਗੇ।

- ਇਨਾਮਾਂ-ਸਨਮਾਨਾਂ ਬਾਰੇ ਤੇਰਾ ਕੀ ਅਨੁਭਵ ਐ?

= ਕੋਈ ਇਨਾਮ-ਸਨਮਾਨ ਮਿਲਿਆ ਹੀ ਨਹੀਂ, ਅਨੁਭਵ ਕੀ ਦੱਸਾਂ। ਇਹ ਪ੍ਰਤਿਭਾ ਅਨੁਸਾਰ ਤਾਂ ਬਿਲਕੁਲ ਨਹੀਂ ਮਿਲਦੇ। ਮੂੰਹਾਂ ਨੂੰ ਮਲਾਹਜ਼ੇ ਵਾਲੀ ਗੱਲ ਐ। ਕੋਈ ਕੋਈ ਹੀ ਠੀਕ ਮਿਲਦਾ ਐ।

- ਅੱਛਾ, ਬਚਿੰਤ, ਇਕ ਗੱਲ ਦੱਸ। ਜੇ ਤੂੰ ਪੁਰਸ਼ ਹੁੰਦੀ, ਇਨ੍ਹਾਂ ਹੀ ਰਚਨਾਵਾਂ ਨਾਲ ਪੰਜਾਬੀ ਸਾਹਿਤ ਵਿਚ ਤੇਰਾ ਸਥਾਨ ਹੁਣ ਦੇ ਟਾਕਰੇ ਕੀ ਹੁੰਦਾ?

= ਇਹੋ ਹੀ ਹੁੰਦਾ। ਇਸਤਰੀ ਹੋਣ ਕਰਕੇ ਪਾਠਕਾਂ ਦੇ ਪੱਖੋਂ ਤਾਂ ਕੁਝ ਲਾਭ ਹੈ; ਉਹ ਵਧੀਕ ਧਿਆਨ ਦਿੰਦੇ ਨੇ; ਪਰ ਲੇਖਕ ਨਹੀਂ ਗੌਲਦੇ। ਸਗੋਂ ਨੁਕਸਾਨ ਐ। ਮੈਂ ਪੁਰਸ਼ ਲੇਖਕਾਂ ਵਾਂਗ ਖੁੱਲ੍ਹੀ ਨਹੀਂ ਵਿਚਰ ਸਕਦੀ।

- ਆਪਣੇ ਸਾਹਿਤਕ ਜੀਵਨ ਦੀ ਕੋਈ ਪਰੇਸ਼ਾਨ ਕਰਨ ਵਾਲੀ ਗੱਲ ਸੁਣਾ।

= ਮੇਰੀ ਹੀਣ-ਭਾਵਨਾ। ਪਤਾ ਨਹੀਂ ਲੇਖਕ ਮਿੱਤਰ ਮੈਨੂੰ ਕਿਵੇਂ ਲੈਂਦੇ ਨੇ। ਸ਼ਾਇਦ ਮੈਂ ਚੰਗੀ ਲੇਖਿਕਾ ਹੋਵਾਂ ਵੀ। ਪਰ ਮੈਨੂੰ ਲੇਖਕਾਂ ਵਿਚ ਵਿਚਰਨਾ ਨਹੀਂ ਆਉਂਦਾ। ਪਤਾ ਨਹੀਂ ਇਸ ਵਿਚ ਮੇਰੇ ਭੈੜੇ ਬਚਪਨ ਦਾ ਹੱਥ ਐ; ਮੇਰੀ ਜਾਤ-ਬਰਾਦਰੀ ਦਾ ਜਾਂ ਅੱਧੀ ਉਮਰ ਤੱਕ ਭੋਗੀ ਘੋਰ ਗ਼ਰੀਬੀ ਦਾ ਪ੍ਰਭਾਵ ਐ; ਠੇਹਕਰਾਂ ਖਾ-ਖਾ ਕੀਤੀ ਟੁੱਟਵੀਂ ਪੜ੍ਹਾਈ ਦੀ ਜਾਂ ਕਿਸੇ ਚੰਗੀ ਪਦਵੀ ਉਤੇ ਨਾ ਹੋਣ ਦੀ ਭੂਮਿਕਾ ਐ। ਸਾਹਿਤਕ ਇਕੱਠਾਂ ਵਿਚ, ਭਾਵੇਂ ਮੈਨੂੰ ਉਚੇਚਾ ਮਾਣ ਦੇ ਕੇ ਬੁਲਾਇਆ ਗਿਆ ਹੋਵੇ, ਮੈਂ ਛੋਟੀ-ਛੋਟੀ ਮਹਿਸੂਸ ਕਰਦੀ ਹਾਂ।

- ਚੱਲ ਇਹ ਕਿੱਸਾ ਤਾਂ ਛੱਡ। ਤੇਰੇ ਉਤੇ ਸਾਨੂੰ ਸਭ ਨੂੰ ਬਹੁਤ ਮਾਣ ਐ! ਅਜਿਹੀਆਂ ਭਾਵਨਾਵਾਂ ਵਿਚੋਂ ਉੱਚੀ ਉੱਠ। ਹੁਣ ਸਾਹਿਤ ਨਾਲ ਜੁੜੀ ਹੋਈ ਕੋਈ ਵਧੀਆ ਗੱਲ ਸੁਣਾ।

= ਹਾਂ, ਵਧੀਆ ਗੱਲਾਂ ਵੀ ਨੇ। 1990 ਵਿਚ ਜੂਨ ਦੇ ਅੰਤਲੇ ਦਿਨੀਂ ਲਾਸ ਏਂਜਲਜ਼ ਦੀ ਮੇਅਰ ਸੈਮੀ ਨੇ ਇਕ ਸਥਾਨਕ ਲੇਖਿਕਾ ਮਾਇਆ ਐਂਜਲੋ ਦੀ ਪੁਸਤਕ ਦੀ ਘੁੰਡ-ਚੁਕਾਈ ਦੀ ਰਸਮ ਕੀਤੀ। ਲੇਖਿਕਾ ਦੇ ਆਟੋਗਰਾਫ਼ ਨਾਲ ਦਸ-ਦਸ ਡਾਲਰ ਵਿਚ ਪੁਸਤਕ ਖਰੀਦਣ ਵਾਲਿਆਂ ਦੀ ਲੰਮੀ ਕਤਾਰ ਲੱਗੀ ਦੇਖ ਮੈਂ ਤਾਂ ਹੈਰਾਨ ਹੀ ਰਹਿ ਗਈ। ਮੇਰੀ ਅਮਰੀਕੀ ਦੋਸਤ ਨੇ ਜੋ ਮੈਨੂੰ ਉਸ ਸਮਾਗਮ ਵਿਚ ਲੈ ਕੇ ਗਈ ਸੀ, ਲੇਖਿਕਾ ਨੂੰ ਦੱਸ ਦਿੱਤਾ ਕਿ ਇਹ ਵੀ ਲੇਖਿਕਾ ਐ। ਚੌਦਾਂ ਜੁਲਾਈ ਨੂੰ ਉਚੇਚਾ ਮੇਰੇ ਲਈ ਇਕ ਵਧੀਆ ਸਮਾਗਮ ਕੈਲੀਫ਼ੋਰਨੀਆ ਯੂਨੀਵਰਸਿਟੀ ਵਿਚ ਕੀਤਾ ਗਿਆ।

ਚੰਗੇ ਭਾਗਾਂ ਨੂੰ ਮੇਰੇ ਕੋਲ ਅੰਗਰੇਜ਼ੀ ਵਿਚ ਛਪੇ ਮੇਰੇ ਨਾਵਲ 'ਦਰੋਪਦੀ' ਦੀਆਂ ਕਾਪੀਆਂ ਸਨ। ਉਸ ਦਿਨ ਮੇਰੇ ਆਟੋਗਰਾਫ਼ ਨਾਲ ਮੇਰਾ ਨਾਵਲ ਖਰੀਦਣ ਵਾਲਿਆਂ ਦੀ ਕਤਾਰ ਲੱਗ ਗਈ। ਮੈਨੂੰ ਤਾਂ ਪਤਾ ਹੀ ਨਹੀਂ ਸੀ, ਆਟੋਗਰਾਫ਼ ਕਿਵੇਂ ਦੇਈਦਾ ਐ। ਪਹਿਲਾਂ ਮਾਇਆ ਐਂਜਲੋ ਨੇ ਮੈਨੂੰ ਦਿੱਤੀ ਕਿਤਾਬ ਉਤੇ ਮੇਰਾ ਨਾਂ ਲਿਖਿਆ ਸੀ, ਅੱਗੇ ਸ਼ਬਦ 'ਜੁਆਇ' ਅਤੇ ਅੱਗੇ ਆਪਣੇ ਦਸਖ਼ਤ ਕਰ ਦਿੱਤੇ ਸਨ। ਸ਼ਾਇਦ ਹੋਰਾਂ ਦੀਆਂ ਕਿਤਾਬਾਂ ਉਤੇ ਦਸਖ਼ਤਾਂ ਨਾਲ ਕੁਛ ਹੋਰ ਲਿਖਿਆ ਹੋਵੇ। ਸੋ ਮੈਂ ਤਾਂ ਹਰ ਕਿਤਾਬ ਉਤੇ, ਪਾਠਕ ਦੇ ਨਾਂ ਦੇ ਨਾਲ 'ਜੁਆਇ' ਲਿਖ ਕੇ ਆਪਣੇ ਦਸਖ਼ਤ ਕਰਦੀ ਗਈ। ਮੇਰੇ ਨਾਵਲ ਲਈ ਪਾਠਕਾਂ ਦੀ ਕਤਾਰ ਲੱਗੀ ਦੇਖ ਕੇ ਮੈਨੂੰ ਬੇਹੱਦ ਖ਼ੁਸ਼ੀ ਹੋਈ।

ਇਕ ਘਟਨਾ ਹੋਰ। 1981 ਵਿਚ ਮੈਂ ਕੁਛ ਹੋਰ ਪੰਜਾਬੀ ਲੇਖਕਾਂ ਨਾਲ ਪਾਕਿਸਤਾਨ ਗਈ। ਵਾਰਿਸ਼ ਸ਼ਾਹ ਦੇ ਉਰਸ ਦੇ ਮੌਕੇ ਉਤੇ ਉਹਦੇ ਮਕਬਰੇ ਦਾ ਉਦਘਾਟਨ ਹੋਣਾ ਸੀ। ਲਾਹੌਰ ਸਟੇਸ਼ਨ ਉਤੇ ਜੈਗਮ ਅਤੇ ਸ਼ਾਹੀਨ ਮਲਿਕ, ਆਦਿ ਸਾਨੂੰ ਲੈਣ ਆਏ। ਸਟੇਸ਼ਨ ਤੋਂ ਬਾਹਰ ਨਿੱਕਲੇ ਤਾਂ ਨਜ਼ਾਰਾ ਹੀ ਹੋਰ! ਸਾਨੂੰ ਸਾਡੇ ਠਹਿਰਨ ਵਾਲੀ ਥਾਂ ਤੱਕ ਖ਼ੂਬ ਵਾਜੇ-ਗਾਜੇ ਨਾਲ ਲਿਜਾਇਆ ਗਿਆ। ਅੱਗੇ-ਅੱਗੇ ਸਾਰੇ ਰਾਹ ਲੋਕ-ਨਾਚ ਨੱਚੇ ਗਏ ਅਤੇ ਸਾਡੇ ਉਤੇ ਫੁੱਲ-ਪੱਤੀਆਂ ਦੀ ਬਰਖਾ ਹੁੰਦੀ ਰਹੀ। ਮੈਂ ਤਾਂ ਮਾਹੌਲ ਵਿਚ ਏਨੀ ਵਹਿ ਗਈ ਕਿ ਕਾਰ ਵਿਚੋਂ ਨਿੱਕਲ ਕੇ ਉਨ੍ਹਾਂ ਨੱਚਣ ਵਾਲਿਆਂ ਨਾਲ ਹੀ ਨੱਚਣ ਲੱਗ ਪਈ। ਅਗਲੇ ਦਿਨ ਅਖ਼ਬਾਰਾਂ ਵਿਚ ਮੇਰੀ ਨਚਦੀ ਦੀ ਤਸਵੀਰ ਛਪੀ ਹੋਈ ਸੀ। ਉਦਘਾਟਨ ਵਾਲੇ ਦਿਨ ਮਕਬਰੇ ਤੱਕ ਵੀ ਸਾਨੂੰ ਏਵੇਂ ਹੀ ਖ਼ੂਬ ਸ਼ਾਨ ਨਾਲ ਲਿਜਾਇਆ ਗਿਆ।

ਬਚਿੰਤ ਕੌਰ ਦਾ ਕੰਡਿਆਲੀਆਂ ਪਗਡੰਡੀਆਂ ਦਾ ਸਫ਼ਰ ਲੰਮਾ ਵੀ ਬਹੁਤ ਰਿਹਾ ਤੇ ਚੁਭਵਾਂ ਵੀ ਬਹੁਤ ਰਿਹਾ। ਤਸੱਲੀ ਵਾਲੀ ਗੱਲ ਇਹ ਹੈ ਕਿ ਉਹਦੇ ਜੀਵਨ-ਸੰਘਰਸ਼ ਸਿਰ ਆਖ਼ਰ ਜਿੱਤ ਦਾ ਸਿਹਰਾ ਬੱਝਿਆ। ਉਸ ਪਿੱਛੋਂ ਉਹਦੇ ਪੈਰ ਹਰਿਆਲੇ ਘਾਹ ਉਤੇ ਟਿਕਣ ਲੱਗੇ। ਸਾਡੀ ਸ਼ੁਭ-ਇੱਛਾ ਹੈ, ਉਹਦਾ ਇਹ ਸੁਖਾਵਾਂ ਸਫ਼ਰ ਚਲਦਾ ਰਹੇ, ਚਲਦਾ ਹੀ ਰਹੇ!

ਕਹਾਣੀ

# ਵਾਅਦਾ

**ਅੰਮ੍ਰਿਤ ਕੌਰ**
**ਫੋਨ: 98767-14004**

"ਤੈਨੂੰ ਬੇਬੇ ਵਰਗੀ ਰੋਟੀ ਨੀ ਬਣਾਉਣੀ ਆਈ ਕਿੰਨੇ ਸਾਲ ਹੋ ਗੇ।" ਮੈਂ ਆਪਣੀ ਪਤਨੀ ਨੂੰ ਕਿਹਾ ਅਤੇ ਡਰ ਜਿਹਾ ਵੀ ਲੱਗਿਆ ਕਿਤੇ ਗੁੱਸਾ ਨਾ ਚੜ੍ਹਾ ਲਵੇ। ਜਿਹੜੀਆਂ ਮਿਲਦੀਆਂ ਨੇ ਉਨ੍ਹਾਂ ਤੋਂ ਵੀ ਜਾਈਏ। ਉਹ ਪੰਛੀਆਂ ਲਈ ਰੋਟੀਆਂ ਦੀ ਚੂਰੀ ਬਣਾ ਰਹੀ ਸੀ। ਮੇਰੇ ਵੱਲ ਦੇਖ ਕੇ ਮੁਸਕਰਾਈ, "ਬੇਬੇ ਨੂੰ ਆਖੋ ਹੁਣ ਬਣਾ ਕੇ ਦਿਖਾਵੇ ਉਹੋ ਜਿਹੀਆਂ ਰੋਟੀਆਂ।" ਆਖ ਕੇ ਪਲੇਟ ਚੁੱਕੀ ਤੇ ਪੰਛੀਆਂ ਨੂੰ ਰੋਟੀ ਪਾਉਣ ਤੁਰ ਗਈ। ਮੈਂ ਵੀ ਪਿੱਛੇ ਹੀ ਚਲਿਆ ਗਿਆ। ਮੈਂ ਆਪਣੀ ਗੱਲ ਦਾ ਜਵਾਬ ਸੁਣਨਾ ਸੀ।

"ਬੁਬਲੂ ਆ ਜੋ ਪੁੱਤੂ ਰੋਟੀ ਖਾ ਲੋ।" ਉਸ ਨੇ ਨਿੰਮ 'ਤੇ ਬੈਠੀਆਂ ਬੁਲਬੁਲਾਂ ਵੱਲ ਦੇਖ ਕੇ ਆਖਿਆ। ਉਹ ਵੀ ਤਿਆਰ ਈ ਬੈਠੀਆਂ ਸਨ। ਜਦੋਂ ਉਹ ਚੂਰੀ ਕੰਧ 'ਤੇ ਰੱਖ ਕੇ ਥੋੜ੍ਹਾ ਕੁ ਪਿੱਛੇ ਹੋਈ ਉਦੋਂ ਹੀ ਆ ਉਤਰੀਆਂ ਚੂਰੀ ਖਾਣ। ਉਹ ਬੁਲਬੁਲਾਂ ਅਤੇ ਚਿੜੀਆਂ ਲਈ ਰੋਟੀ ਦੇ ਬਰੀਕ ਬਰੀਕ ਟੁਕੜੇ ਕਰਦੀ ਤੇ ਕਾਵਾਂ, ਤੋਤਿਆਂ ਅਤੇ ਵੱਡੇ ਪੰਛੀਆਂ ਲਈ ਥੋੜ੍ਹੇ ਵੱਡੇ। ਉਹ ਆਖਣ ਲੱਗੀ, "ਹੁਣ ਤੁਸੀਂ ਦੇਖਣਾ ਪਹਿਲਾਂ ਕਾਂ, ਫਿਰ ਤੋਤੇ ਤੇ ਕਬੂਤਰ, ਫਿਰ ਛੋਟੀਆਂ ਚਿੜੀਆਂ ਅਤੇ ਗਟਾਰਾਂ ਆਉਣਗੀਆਂ। ਤੋਤਿਆਂ ਵੱਲ ਦੇਖਣਾ... ਕਈ ਵਾਰ ਇੱਕ ਪੈਰ ਨਾਲ ਬੁਰਕੀ ਚੁੱਕ ਕੇ ਮੂੰਹ ਵਿਚ ਪਾਉਂਦੇ ਨੇ। ਆਹ ਜਿਹੜਾ ਪਹਾੜੀ ਕਾਂ ਐ... ਆਂਡੇ ਪੀਣਾ... ਬਾਹਲਾ ਸੁਸਤੜ ਜਿਹਾ... ਹੌਲੀ ਹੌਲੀ ਲੱਗਿਆ ਰਹੂ। ਜਦੋਂ ਕਾਟੋ ਇਹਨੂੰ ਡਰਾਉਂਦੀ ਐ ਉਦੋਂ ਈ ਮਾੜੀ ਜਿਹੀ ਚੁਸਤੀ ਦਿਖਾਉਂਦਾ। ਮੈਨੂੰ ਲੱਗਦਾ ਇਹ ਕਦੇ ਨੀ ਨਹਾਉਂਦਾ। ਗਟਾਰਾਂ ਦੇਖੋ ਸਵੇਰੇ ਈ ਸਿਰ ਵਾਹ ਕੇ ਆ ਜਾਂਦੀਆਂ ਨੇ। ਆਹ ਡੂੰਮਣੀਆਂ... ਇੱਕੋ ਰੰਗ ਮਿਲਿਆ ਇਨ੍ਹਾਂ ਨੂੰ.... ਭੂਰਾ ਜਿਹਾ, ਅੱਖਾਂ ਦੇ ਆਲੇ ਦੁਆਲੇ, ਚੁੰਝ ਅਤੇ ਪੈਰਾਂ 'ਤੇ ਥੋੜ੍ਹਾ ਜਿਹਾ ਪੀਲਾ ਰੰਗ। ਇਹ ਲੜਦੀਆਂ ਬਹੁਤ ਨੇ....ਨਿੱਕੇ ਹੁੰਦਿਆਂ ਮਾਂ ਦੱਸਦੀ ਹੁੰਦੀ ਸੀ ਕਿ ਇਹ ਆਪਣੇ ਭਰਾ ਨੂੰ ਬਹੁਤ ਪਿਆਰ ਕਰਦੀਆਂ ਸਨ। ਉਹ ਇਨ੍ਹਾਂ ਨੂੰ ਮਿਲਣ ਆਇਆ ਤਾਂ ਸਾਰੀਆਂ ਭੈਣਾਂ ਨੇ ਰੌਲਾ ਪਾ ਦਿੱਤਾ ਉਸ ਨੂੰ ਖਿੱਚਣ ਧੂਹਣ ਲੱਗੀਆਂ ਹਰ ਇੱਕ ਕਹੇ... ਪਹਿਲਾਂ ਸਾਡੇ ਘਰ ਆ... ਪਹਿਲਾਂ ਸਾਡੇ ਘਰ ਆ... ਇਨ੍ਹਾਂ ਨੇ ਆਪਣੇ ਭਰਾ ਦੀ ਇੱਕ ਵੀ ਨਾ ਸੁਣੀ। ਕਹਿੰਦੇ ਭਰਾ ਨੂੰ ਖਿੱਚ ਧੂਹ ਕੇ ਹੀ ਉਸ ਦੀਆਂ ਹੱਡੀਆਂ ਪੱਸਲੀਆਂ ਤੋੜ ਦਿੱਤੀਆਂ। ਜਦੋਂ ਭਰਾ ਬੇਸੁਰਤ ਹੋ ਗਿਆ ਫਿਰ ਆਪੋ ਵਿਚ ਲੜ ਪਈਆਂ। ਇੱਕ ਦੂਜੀ 'ਤੇ ਇਲਜ਼ਾਮ ਲਾਉਣ ਲੱਗੀਆਂ। ਭਰਾ ਦੀ ਹਾਲਤ ਦਾ ਜ਼ਿੰਮੇਵਾਰ ਦੂਜੇ ਨੂੰ ਠਹਿਰਾਉਣ ਲੱਗੀਆਂ। ਅੱਜ ਤੱਕ ਇਸੇ ਗੱਲ 'ਤੇ ਲੜੀ ਜਾਂਦੀਆਂ ਨੇ।"

"ਤੈਨੂੰ ਕੀ ਲੱਗਦਾ ਐ, ਇਹ ਕਹਾਣੀ ਸੱਚੀ ਹੋਊ?" ਮੈਂ ਪੁੱਛਿਆ।

"ਨਹੀਂ... ਮਾਵਾਂ ਆਪਣੇ ਬੱਚਿਆਂ ਨੂੰ ਵਰਚਾਉਣ ਲਈ ਸੌ ਤਰ੍ਹਾਂ ਦੀਆਂ ਕਹਾਣੀਆਂ ਘੜ ਲੈਂਦੀਆਂ ਨੇ। ਇਹ ਵੀ ਏਦਾਂ ਈ ਘੜੀ ਹੋਊ।" ਉਹ ਬੋਲੀ।

"ਪਰ ਕਦੇ ਧਿਆਨ ਨਾਲ ਦੇਖਣਾ ਇੱਕ ਦੂਜੇ ਦਾ ਖਿਆਲ ਵੀ ਰੱਖਦੀਆਂ ਨੇ। ਜਦੋਂ ਠੰਢ ਹੁੰਦੀ ਐ ਜਾਂ ਮੀਂਹ ਪੈਂਦਾ ਹੋਵੇ ਫਿਰ ਥੋੜ੍ਹੀ ਜਿਹੀ ਥਾਂ ਵਿਚ ਕਿੰਨੀਆਂ ਸਾਰੀਆਂ 'ਕੱਠੀਆਂ ਹੋਈਆਂ ਬੈਠੀਆਂ ਹੁੰਦੀਆਂ ਨੇ।" ਉਸ ਨੇ ਦਾਣੇ ਵੀ ਪਾਏ ਅਤੇ ਇੱਕ ਮਿੱਟੀ ਦੇ ਭਾਂਡੇ ਨੂੰ ਧੋ ਕੇ ਉਸ ਵਿਚ ਪਾਣੀ ਪਾਇਆ। ਮੈਂ ਚੁੱਪ ਕਰਿਆ ਦੇਖ ਰਿਹਾ ਸੀ।

"ਨੌਂ-ਦਸ ਕੁ ਵਜੇ ਜਲ ਮੁਰਗੀ ਨੇ ਇਹਦੇ ਵਿਚ ਵੜ ਕੇ ਅੱਧਾ ਪਾਣੀ ਡੋਲ੍ਹ ਦੇਣੈ। ਫੇਰ ਨੀਂ ਨੇੜੇ ਲੱਗਣ ਦਿੰਦੀ ਕਿਸੇ ਨੂੰ, ਪਾਣੀ ਵਿਚ ਬੈਠੀ ਰਹੂ... ਖੰਭ ਮਾਰ ਮਾਰ ਪਾਣੀ ਡੋਲ੍ਹੀ ਜਾਊ। ਮੈਨੂੰ ਲੱਗਦੈ ਇਹ ਗਰਮੀ ਵੱਧ ਮੰਨਦੀਆਂ ਨੇ, ਤਾਂ ਹੀ ਅੱਗੇ ਟੋਭਿਆਂ ਵਿਚ ਫਿਰਦੀਆਂ ਰਹਿੰਦੀਆਂ ਸੀ। ਹੁਣ ਟੋਭੇ ਘਟਗੇ। ਇਹ ਕਿੱਧਰ ਜਾਣ ਵਿਚਾਰੀਆਂ... ਪਤਾ ਨਹੀਂ ਰੱਬ ਨੇ ਇਨ੍ਹਾਂ ਨੂੰ ਕੀ ਤਪਣੀ ਮਿੱਟੀ ਲਾ ਕੇ ਬਣਾਇਆ।" ਉਸ ਨੇ ਪਾਣੀ ਵਾਲਾ ਭਾਂਡਾ ਕੰਧ 'ਤੇ ਰੱਖਦਿਆਂ ਕਿਹਾ। ਮੈਂ ਉਸ ਦੀਆਂ ਗੱਲਾਂ ਵੀ ਸੁਣ ਰਿਹਾ ਸੀ ਅਤੇ ਆਪਣੀ ਗੱਲ ਅੱਗੇ ਤੋਰਨ ਲਈ ਮੌਕਾ ਵੀ ਭਾਲ ਰਿਹਾ ਸੀ। ਉਹ ਅੰਦਰ ਚਲੀ ਗਈ ਮੈਂ ਵੀ ਉਸਦੇ ਪਿੱਛੇ ਪਿੱਛੇ ਚਲਿਆ ਗਿਆ। ਉਹ ਸਮਝ ਗਈ। ਮੈਂ ਆਪਣੇ ਸਵਾਲ ਦਾ ਜਵਾਬ ਜਾਣਨ ਲਈ ਉਸ ਦੇ ਮਗਰ-ਮਗਰ ਫਿਰ ਰਿਹਾ ਸੀ।

"ਮੈਂ ਬੇਬੇ ਵਰਗੀਆਂ ਰੋਟੀਆਂ ਨਹੀਂ ਬਣਾ ਸਕਦੀ। ਇਹਦੇ ਵਿਚ ਮੇਰਾ ਕਸੂਰ ਨਹੀਂ ਐ।" ਉਹਨੇ ਬਿਨਾਂ ਚਿੰਤਾ ਜਤਾਉਂਦਿਆਂ ਕਿਹਾ।

"ਆਟਾ ਤੂੰ ਗੁੰਨ੍ਹਦੀ ਐਂ ,ਰੋਟੀ ਤੂੰ ਪਕਾਉਨੀ ਐਂ ਫਿਰ ਵੀ ਤੇਰਾ ਕਸੂਰ ਨਹੀਂ?" ਮੈਂ ਹੈਰਾਨੀ ਪ੍ਰਗਟਾਉਂਦਿਆਂ ਆਖਿਆ।

"ਊਂ... ਹੂੰ।" ਉਸ ਨੇ ਬਿਨਾਂ ਮੂੰਹ ਖੋਲ੍ਹਿਆਂ ਹੀ ਸਿਰ ਸੱਜੇ ਖੱਬੇ ਕਰਦਿਆਂ ਕਿਹਾ। ਮੈਂ ਕੁਨੱਖਾ ਜਿਹਾ ਝਾਕਿਆ।

"ਤੁਸੀਂ ਵੀਰੇ ਹੁਰਾਂ ਨੂੰ ਆਪਣੇ ਵਿਆਹ ਤੋਂ ਪਹਿਲਾਂ ਹੀ ਵੱਖਰੇ ਕਰ ਦਿੱਤਾ ਸੀ।" ਉਸ ਨੇ ਗੰਭੀਰਤਾ ਨਾਲ ਕਿਹਾ। ਉਹ ਮੇਰੇ ਵੱਡੇ ਭਰਾ ਨੂੰ ਓਵੇਂ ਹੀ ਬੋਲਦੀ ਜਿਵੇਂ ਆਪਣੇ ਭਰਾਵਾਂ ਨੂੰ ਬੋਲਦੀ। ਇਸ ਲਈ 'ਵੀਰਾ' ਹੀ ਆਖਦੀ ਸੀ।

"ਮੈਂ ਨਹੀਂ ਸੀ ਕੀਤਾ। ਬੇਬੇ ਹੁਰਾਂ ਨੇ ਕੀਤਾ ਸੀ।" ਮੈਂ ਉਸ ਨੂੰ ਸਚਾਈ ਦੱਸੀ।

"ਪਰ ਉਸ ਵੇਲੇ ਤੁਸੀਂ ਵੀ ਕਾਲਜ ਪੜ੍ਹਦੇ ਸੀ। ਨਿਆਣੇ ਤਾਂ ਹੈ ਨੀਂ ਸੀ, ਰੋਕ ਵੀ ਸਕਦੇ ਸੀ।" ਉਹ ਪਰਾਤ ਵਿਚ ਗੁੰਨ੍ਹਣ ਲਈ ਆਟਾ ਪਾਉਣ ਲੱਗੀ। ਸਰਦੀਆਂ ਵਿਚ ਅਸੀਂ ਬਾਜਰਾ ਤੇ ਮੱਕੀ ਦਾ ਆਟਾ ਵੀ ਖਾਂਦੇ ਹਾਂ। ਉਸ ਨੇ ਦੋ ਕੌਲੀਆਂ ਕਣਕ ਦਾ, ਅੱਧੀ ਕੁ ਕੌਲੀ ਬਾਜਰਾ ਅਤੇ ਅੱਧੀ ਕੁ ਕੌਲੀ ਮੱਕੀ ਦਾ ਆਟਾ ਬਿਨਾਂ ਛਾਣਿਆਂ ਹੀ ਪਾਇਆ। ਪਰ ਸੁੱਕੇ ਆਟੇ ਵਿਚ ਇਸ ਤਰ੍ਹਾਂ ਹੱਥ ਫੇਰ ਰਹੀ ਸੀ ਜਿਵੇਂ ਕੁੱਝ ਲੱਭ ਰਹੀ ਹੋਵੇ।

"ਕੀ ਲੱਭ ਰਹੀ ਐਂ?" ਮੈਂ ਪੁੱਛਿਆ।

"ਕਈ ਵਾਰ ਕੋਈ ਸਾਬਤ ਦਾਣਾ ਹੁੰਦੈ।" ਉਸ ਨੇ ਕੌਲੇ ਵਿਚੋਂ ਥੋੜ੍ਹਾ ਜਿਹਾ ਪਾਣੀ ਆਟੇ ਵਿਚ ਪਾਉਂਦਿਆਂ ਕਿਹਾ। ਉਸ ਨੂੰ ਆਟਾ ਛਾਣਨਾ ਪਤਾ ਨਹੀਂ ਕਿਉਂ ਔਖਾ ਲੱਗਦਾ ਸੀ। ਸ਼ੁਰੂ ਸ਼ੁਰੂ ਵਿਚ ਉਹ ਇਸ ਗੱਲ ਦੀ ਬੇਬੇ ਤੋਂ ਚੋਰੀ ਰੱਖਦੀ ਸੀ। ਬੇਬੇ ਦੇ ਸਾਹਮਣੇ ਛਾਣਨੀ ਚੁੱਕ ਲੈਂਦੀ ਪਰ ਜਦੋਂ ਬੇਬੇ ਮਾੜਾ ਜਿਹਾ ਇਧਰ ਉਧਰ ਹੁੰਦੀ ਫਟਾਫਟ ਬਿਨਾਂ ਛਾਣਿਆਂ ਆਟਾ ਹੀ ਪਰਾਤ ਵਿਚ ਪਾ ਲੈਂਦੀ। ਹੁਣ ਤਾਂ ਬਹੁਤੇ ਲੋਕ ਆਟਾ ਬਿਨਾਂ ਛਾਣਿਆ ਹੀ ਖਾਂਦੇ ਨੇ। ਸਾਰੇ ਲੋਕਾਂ ਕੋਲ ਮੋਬਾਈਲ ਨੇ ਅਤੇ ਸਭ ਡਾਕਟਰਾਂ ਵੈਦਾਂ ਦੀਆਂ ਗੱਲਾਂ ਸੁਣਦੇ ਨੇ ਕਿ ਛਾਣਸ ਸਾਡੇ ਸਰੀਰ ਅੰਦਰ ਝਾੜੂ ਦਾ ਕੰਮ ਕਰਦਾ ਹੈ। ਪਰ ਅੱਜ ਤੋਂ ਵੀਹ ਬਾਈ ਸਾਲ ਪਹਿਲਾਂ ਉਸ ਦੀ ਆਪਣੀ ਦਲੀਲ ਹੁੰਦੀ ਸੀ। ਉਹ ਆਖਦੀ, "ਸਾਡੀ ਅੰਬੋ (ਦਾਦੀ) ਬਾਤ ਪਾਉਂਦੀ ਹੁੰਦੀ ਸੀ.. ਇੱਕ ਰਾਜਾ ਅਤੇ ਰਾਣੀ ਸਨ ਉਨ੍ਹਾਂ ਦੇ ਦੋ ਰਾਜਕੁਮਾਰ ਸਨ। ਰਾਣੀ ਦੀ ਮੌਤ ਹੋ ਗਈ। ਰਾਜੇ ਨੇ ਦੂਜਾ ਵਿਆਹ ਕਰਵਾ ਲਿਆ। ਦੂਜੀ ਰਾਣੀ ਦੇ ਆਪਣੇ ਬੱਚੇ ਹੋ ਗਏ। ਮਤਰੇਈ ਮਾਂ ਰਾਜਕੁਮਾਰਾਂ ਨੂੰ ਛਾਣਸ ਦੀਆਂ ਰੋਟੀਆਂ ਦਿਆ ਕਰੇ ਅਤੇ ਆਪਣੇ ਬੱਚਿਆਂ ਨੂੰ ਮੈਦੇ ਦੀਆਂ। ਫਿਰ ਵੀ ਰਾਜਕੁਮਾਰ ਸੁਹਣੇ ਦਰਸ਼ਨੀਂ ਜਵਾਨ ਨਿਕਲੇ ਅਤੇ ਉਸਦੇ ਆਪਣੇ ਬੱਚੇ ਹਮੇਸ਼ਾ ਬਿਮਾਰ ਰਹਿੰਦੇ। ਇਸ ਦਾ ਮਤਲਬ ਇਹ ਹੋਇਆ ਕਿ ਛਾਣਸ ਵਿਚ ਕੁਛ ਤਾਂ ਵਧੀਆ ਹੁੰਦਾ ਹੋਊ।" ਮੈਂ ਵੀ ਸਹਿਮਤ ਹੋ ਜਾਂਦਾ। ਬਾਤਾਂ ਤਾਂ ਅਸੀਂ ਵੀ ਉਹੀ ਸੁਣੀਆਂ ਹੋਈਆਂ ਸਨ ਪਰ ਕਦੇ ਇਸ ਬਾਰੇ ਸੋਚਿਆ ਨਹੀਂ ਸੀ। ਜਦੋਂ ਨੂੰ ਮੈਂ ਇਸ ਛਾਣਸ ਦੀ ਕਹਾਣੀ ਵਿਚੋਂ ਪਰਤਿਆ ਉਸ ਨੇ ਆਟਾ ਗੁੰਨ੍ਹ ਕੇ ਇੱਕ ਪਾਸੇ ਰੱਖ ਦਿੱਤਾ ਸੀ।

"ਅੱਜ ਬੇਬੇ ਜੀ ਨੂੰ ਆਖ ਕੇ ਦੇਖੋ... ਰੋਟੀ ਪਕਾਉਣ ਲਈ।" ਉਸ ਨੇ ਮੈਨੂੰ ਕਿਹਾ।

"ਤੂੰ ਕੀ ਕਰੇਂਗੀ ਫੇਰ?" ਮੈਂ ਕਿਹਾ।

"ਮੈਂ... ਮੈਂ ਵਿਹਲੀ... ਅੱਜ ਬੇਬੇ ਦੇ ਹੱਥ ਦੀਆਂ ਪੱਕੀਆਂ ਖਾਵਾਂਗੇ ਪੋਲੀਆਂ ਪੋਲੀਆਂ।" ਉਸ ਦੀਆਂ ਅੱਖਾਂ ਚਮਕ ਰਹੀਆਂ ਸਨ।

"ਐਂ ਨੀ ਬੇਬੇ ਨੇ 'ਹਾਂ' ਕਰਨੀ... ਤੂੰ ਵੀ ਕੁਛ ਕਰ।"

"ਮੈਂ ਕੱਪੜੇ ਧੋ ਲਊਂ।" ਉਸ ਦੀ ਗੱਲ ਸੁਣ ਕੇ ਮੈਂ ਬੇਬੇ ਨੂੰ ਰੋਟੀ ਬਣਾਉਣ ਲਈ ਆਖਿਆ, "ਇਹ ਕੀ ਕਰੂ ਫੇਰ?"

"ਕੱਪੜੇ ਧੋ ਲਊ।" ਮੈਂ ਕਿਹਾ।

"ਨਾ ਭਾਈ ਮੈਥੋਂ ਨੀ ਪੱਕਦੀਆਂ...ਸਾਰਾ ਦਿਨ ਪਿਆ... ਫੇਰ ਧੋਤੇ ਜਾਣਗੇ ਕੱਪੜੇ। ਮਸ਼ੀਨ ਨਾਲ ਈ ਧੋਣੇ ਨੇ ਉਨ੍ਹਾਂ 'ਤੇ ਕਿਹੜਾ ਜ਼ੋਰ ਲੱਗਦਾ...।" ਬੇਬੇ ਦੀ ਪਿਛਲੀ ਬੁੜ ਬੁੜ ਸਾਨੂੰ ਸਮਝ ਨਹੀਂ ਆਈ।

" ਕਿੰਨੀਆਂ ਸੁਆਦ ਨੇ ਪੋਲੀਆਂ ਨਰਮ ਰੋਟੀਆਂ।" ਉਸ ਨੇ ਮੈਨੂੰ ਮਜ਼ਾਕ ਕੀਤਾ।

"ਤੂੰ ਈ ਸਿੱਖ ਲੈ ਬੇਬੇ ਤੋਂ।" ਮੈਂ ਬੇਵਸ ਜਿਹਾ ਹੋ ਕੇ ਕਿਹਾ।

"ਤੁਸੀਂ ਗਰਮ ਰੋਟੀ ਖਾਇਆ ਕਰੋ। ਠੰਢੀਆਂ ਸੁੱਕ ਜਾਂਦੀਆਂ ਨੇ।" ਉਸ ਨੇ ਕਿਹਾ।

"ਮੈਨੂੰ ਗਰਮ ਰੋਟੀ ਦਾ ਸੁਆਦ ਨਹੀਂ ਆਉਂਦਾ।" ਮੈਂ ਆਖਿਆ।



"ਠੰਢੀਆਂ ਤਾਂ ਏਦਾਂ ਦੀਆਂ ਈ ਹੋਣਗੀਆਂ ਫੇਰ।" ਉਸ ਨੇ ਸੌ ਦੀ ਇੱਕ ਸੁਣਾ ਦਿੱਤੀ।

"ਅਸੀਂ ਜਦੋਂ ਨਿੱਕੇ ਹੁੰਦੇ ਸੀ ਸਵੇਰ ਦੀਆਂ ਬਣੀਆਂ ਰੋਟੀਆਂ ਦੁਪਹਿਰ ਨੂੰ ਖਾਂਦੇ ਸੀ। ਠੰਢੀਆਂ ਰੋਟੀਆਂ ਵੀ ਸੁੱਕਦੀਆਂ ਨਹੀਂ ਸਨ।"

"ਇਹ ਬੀਤੇ ਦੀਆਂ ਬਾਤਾਂ ਨੇ।" ਉਸ ਨੇ ਵੱਡਾ ਸਾਰਾ ਸਾਹ ਭਰ ਕੇ ਛੱਡਦਿਆਂ ਆਖਿਆ।

"ਤੁਸੀਂ ਵੀਰੇ ਹੁਰਾਂ ਨੂੰ ਅੱਡ ਕਿਉਂ ਕਰਿਆ?" ਉਹ ਫਿਰ ਬੋਲੀ। ਮੈਨੂੰ ਖਿਝ ਚੜ੍ਹੀ। ਉਹ ਆਖਣ ਲੱਗੀ, "ਦੇਖੋ ਸਿੱਧੀ ਜਿਹੀ ਗੱਲ ਐ ਜੇ ਆਪਾਂ 'ਕੱਠੇ ਹੁੰਦੇ ਤਾਂ ਰੋਟੀਆਂ ਦਾ ਡੱਬਾ ਭਰਿਆ ਹੋਣਾ ਸੀ। ਰੋਟੀਆਂ ਇੱਕ ਦੂਜੀ ਦੇ ਸਹਾਰੇ ਨਾਲ ਈ ਨਰਮ ਰਹਿੰਦੀਆਂ ਨੇ। ਹੁਣ ਆਪਾਂ ਢਾਈ ਟੋਟਰੂ ਹੈਗੇ ਆਂ ਘਰ ਵਿਚ। ਪੰਜ ਚਾਰ ਰੋਟੀਆਂ ਹੁੰਦੀਆਂ ਨੇ ਆਲੇ ਦੁਆਲਿਓਂ ਕੋਈ ਓਟ ਸਹਾਰਾ ਨਹੀਂ ਹੁੰਦਾ। ਇਸ ਲਈ ਕਿਨਾਰੇ ਸੁੱਕ ਜਾਂਦੇ ਨੇ।" ਗੱਲ ਤਾਂ ਉਹਦੀ ਬੜੀ ਵਜ਼ਨਦਾਰ ਲੱਗੀ। ਮੈਂ ਵੀ ਇਸ ਬਾਰੇ ਸੋਚਣ 'ਤੇ ਮਜਬੂਰ ਹੋ ਗਿਆ। ਉਹ ਫਿਰ ਬੋਲੀ, "ਇਸੇ ਤਰ੍ਹਾਂ ਤਾਂ ਇਕੱਲੇ ਰਹਿਣ ਦੇ ਸੁਖ ਨੇ, ਘੱਟ ਰੋਟੀਆਂ ਪਕਾਉਣ ਦੇ ਸੁਖ ਨੇ... ਨਿਆਣਿਆਂ ਦਾ ਨਾਸ ਕਰ ਦਿੱਤਾ...।" ਇਸ ਤੋਂ ਪਿੱਛੋਂ ਉਹ ਕੀ ਬੋਲੀ ਮੇਰੇ ਕੰਨਾਂ ਨੇ ਨਹੀਂ ਸੁਣਿਆ। ਮੇਰਾ ਅੰਦਰ ਬੋਲ ਰਿਹਾ ਸੀ। ਜਵਾਕ ਵੀ ਰੋਟੀਆਂ ਵਾਂਗ ਤਿੱਖੇ ਕਿਨਾਰਿਆਂ ਵਰਗੇ ਹੋ ਗਏ। ਉਨ੍ਹਾਂ ਨੂੰ ਨਰਮ ਕਰਨ ਵਾਲੇ ਚਾਚਾ-ਚਾਚੀ, ਤਾਈ-ਤਾਇਆ, ਭੂਆ, ਦਾਦਾ-ਦਾਦੀ ਤਾਂ ਉਨ੍ਹਾਂ ਕੋਲ ਹੈ ਹੀ ਨਹੀਂ। ਸਾਨੂੰ ਜੇ ਬਾਪੂ ਝਿੜਕਦਾ ਤਾਂ ਚਾਚਿਆਂ ਨੇ ਵਰਚਾ ਲੈਣਾ, ਪਿਆਰ ਵੀ ਕਰਨਾ ਅਤੇ ਗਲਤੀ ਵੀ ਦੱਸ ਦੇਣੀ ਕਿ ਇਸ ਗੱਲੋਂ ਝਿੜਕਾਂ ਪਈਆਂ ਨੇ। ਮੈਨੂੰ ਇੱਕ ਵਾਰ ਬਾਪੂ ਨੇ ਬੜਾ ਕੁੱਟਿਆ ਸੀ। ਗੱਲ ਇਹ ਸੀ ਕਿ ਸਾਨੂੰ ਦੂਜੇ ਪਿੰਡ ਪੜ੍ਹਨ ਜਾਣਾ ਪੈਂਦਾ ਸੀ। ਮੈਨੂੰ ਮੇਰੇ ਤੋਂ ਵੱਡੇ ਮੁੰਡਿਆਂ ਨੇ ਸਕੂਲ ਨਾ ਜਾਣ ਦੀ ਸਕੀਮ ਦੱਸੀ। ਪਹਿਲਾਂ ਮੈਂ ਘਰਦਿਆਂ ਤੋਂ ਡਰਦੇ ਨੇ ਨਾਂਹ ਨੁੱਕਰ ਕੀਤੀ। ਵੱਡਾ ਬਾਈ ਵੀ ਨਾਲ ਸੀ। ਮੇਰੇ ਤੋਂ ਦੋ ਜਮਾਤਾਂ ਅੱਗੇ ਅੱਠਵੀਂ ਵਿਚ ਪੜ੍ਹਦਾ ਸੀ। ਉਸ ਨੇ ਵੀ ਆਖਿਆ ਕਿ ਘਰੇ ਕਿਹੜਾ ਪਤਾ ਲੱਗਣੈ। ਅਸੀਂ ਰਾਹ ਵਿਚ ਬੈਠ ਕੇ ਪਰਾਉਂਠੇ ਖਾ ਕੇ ਛੁੱਟੀ ਸਮੇਂ ਘਰ ਮੁੜ ਗਏ ਆਪਣੀ ਕਾਮਯਾਬੀ 'ਤੇ ਬੜੇ ਖੁਸ਼ ਸੀ। ਘਰ ਆਏ ਤਾਂ ਬਾਪੂ ਨੇ ਦੇਖਣ ਸਾਰ ਜੁੱਤੀ ਲਾਹ ਲਈ ਬਾਈ ਤਾਂ ਹੱਥ ਨਾ ਆਇਆ ਪਰ ਮੈਂ ਫਸ ਗਿਆ। ਸਾਰਾ ਗੁੱਸਾ ਮੇਰੇ 'ਤੇ ਉਤਰਿਆ। ਬਾਅਦ ਵਿਚ ਬੇਬੇ ਨੇ ਦੱਸਿਆ ਕਿ ਬਾਪੂ ਨੂੰ ਲਾਗਲੇ ਪਿੰਡ ਕੋਈ ਕੰਮ ਸੀ। ਉਨ੍ਹਾਂ ਸੋਚਿਆ ਕਿ ਜਵਾਕਾਂ ਦੀ ਪੜ੍ਹਾਈ ਦਾ ਪਤਾ ਸਤਾ ਲੈ ਚੱਲੀਏ ਕਿ ਕਿਵੇਂ ਪੜ੍ਹਦੇ ਨੇ। ਅੱਗੋਂ ਮਾਸਟਰਾਂ ਨੇ ਦੱਸਿਆ ਕਿ ਉਹ ਤਾਂ ਸਕੂਲ ਹੀ ਨਹੀਂ ਆਏ। ਬਸ ਫਿਰ ਕੀ ਸੀ ਬਾਪੂ ਖੇਤ ਨਹੀਂ ਗਿਆ ਘਰੇ ਬੈਠ ਕੇ ਹੀ ਸਾਨੂੰ ਉਡੀਕਣ ਲੱਗਾ। ਮੇਰੇ ਕੁੱਟ ਪਈ ਤਾਂ ਮੈਨੂੰ ਬਾਪੂ 'ਤੇ ਗੁੱਸਾ ਆਈ ਜਾਵੇ। ਚਾਚੇ ਨੇ ਮੈਨੂੰ ਕੋਲ ਬਿਠਾ ਕੇ ਬੜੇ ਪਿਆਰ ਨਾਲ ਸਮਝਾਇਆ ਕਿ ਬਾਪੂ ਨੇ ਮੈਨੂੰ ਇਸ ਲਈ ਕੁੱਟਿਆ ਹੈ ਕਿ ਉਹ ਚਾਹੁੰਦੇ ਹਨ ਕਿ ਮੈਂ ਪੜ੍ਹ ਲਿਖ ਕੇ ਕੁੱਝ ਬਣਾਂ। ਇਹ ਸੁਣ ਕੇ ਮੇਰੇ ਅੰਦਰੋਂ ਕੜਵਾਹਟ ਨਿਕਲ ਗਈ। ਜਦੋਂ ਬਾਪੂ ਨੇ ਮੈਨੂੰ ਕੁੱਟਿਆ ਤਾਂ ਮੇਰਾ ਉਨ੍ਹਾਂ ਨੂੰ ਬੁਲਾਉਣ ਨੂੰ ਜੀਅ ਨਾ ਕਰੇ। ਪਰ ਜਦੋਂ ਚਾਚੇ ਨੇ ਸਮਝਾਇਆ ਤਾਂ ਮੇਰਾ ਜੀਅ ਕਰੇ ਬਾਪੂ ਮੈਨੂੰ ਕਦ ਬੁਲਾ ਲਵੇ।

"ਕਿਹੜੀਆਂ ਸੋਚਾਂ ਵਿਚ ਗੁੰਮ ਗਏ?" ਮੇਰੀ ਪਤਨੀ ਨੇ ਮੈਨੂੰ ਵਰਤਮਾਨ ਸਮੇਂ ਵਿਚ ਮੋੜ ਲਿਆਂਦਾ।

"ਹੁਣ ਤਾਂ ਕੋਈ ਕਿਸੇ ਨੂੰ ਨੇੜੇ ਲਾਉਣ ਵਾਲਾ ਵੀ ਨਹੀਂ ਤਾਂ ਹੀ ਤਾਂ ਸਭ ਦੇ ਕਿਨਾਰੇ ਸੁੱਕੇ ਪਏ ਨੇ।" ਉਸ ਨੇ ਕਿਹਾ।

"ਮੈਨੂੰ ਤਾਂ ਹੁਣ ਇਹ ਲੱਗਦਾ ਐ ਕਿ ਪਰਿਵਾਰ ਛੋਟੇ ਹੋਣ ਕਰਕੇ ਹੀ ਰਿਸ਼ਤਿਆਂ ਦਾ ਘਾਣ ਹੋਇਆ... ਤਾਂ ਹੀ ਹੁਣ ਖੁਦਕੁਸ਼ੀਆਂ ਵਧ ਗਈਆਂ। ਕੋਈ ਕਿਸੇ ਨੂੰ ਸਮਝਣ ਸਮਝਾਉਣ ਵਾਲਾ ਨਹੀਂ ਰਿਹਾ। ਵੱਡੇ ਪਰਿਵਾਰ ਹੁੰਦੇ ਸਨ। ਆਰਥਿਕ ਪੱਖੋਂ ਹੋਏ ਘਾਟੇ ਵਾਧੇ ਦਾ ਘਰ ਦੇ ਸਿਆਣਿਆਂ ਬਜ਼ੁਰਗਾਂ ਨੂੰ ਪਤਾ ਹੁੰਦਾ ਸੀ। ਉਹੀ ਕੋਈ ਨਾ ਕੋਈ ਰਸਤਾ ਦੱਸ ਦਿੰਦੇ ਸਮੱਸਿਆ ਨਾਲ ਨਜਿੱਠਣ ਦਾ।"

"ਸਮੱਸਿਆ ਦਾ ਹੱਲ ਹੁਣ ਕੌਣ ਦੱਸੇ, ਸਿਆਣਪ ਤਾਂ ਬਿਰਧ ਆਸ਼ਰਮਾਂ ਵਿਚ ਰੁਲ ਰਹੀ ਐ।" ਉਸ ਨੇ ਕੌੜੀ ਸਚਾਈ ਆਖ ਦਿੱਤੀ।

"ਹਾਂ... ਗੱਲ ਤਾਂ ਤੇਰੀ ਸਹੀ ਐ।" ਮੈਂ ਸਹਿਮਤੀ ਪ੍ਰਗਟਾਈ।

"ਹੋਰ ਤਾਂ ਹੋਰ ਆਹ ਨਾ-ਸਮਝ ਕੁੜੀਆਂ ਨੂੰ ਦੇਖ ਲਵੋ। ਬਿਨਾਂ ਸੋਚੇ ਸਮਝੇ ਵਿਆਹ ਕਰਵਾ ਲੈਂਦੀਆਂ ਨੇ। ਅੱਗੇ ਧੀਆਂ ਭੈਣਾਂ ਅੱਖਾਂ ਦੀ ਘੂਰ ਨੂੰ ਹੀ ਸਮਝ ਲੈਂਦੀਆਂ ਸਨ। ਹੁਣ ਤਾਂ ਮਾਪੇ ਵਿਚਾਰੇ ਅੰਦਰ ਵੜ ਵੜ ਰੋਂਦੇ ਨੇ।" ਉਸ ਦੀਆਂ ਗੱਲਾਂ ਵਿਚ ਸਚਾਈ ਸੀ।

"ਮੁੰਡੇ ਵੀ ਤਾਂ ਜਿਨ੍ਹਾਂ ਮਾਪਿਆਂ ਦਾ ਸਹਾਰਾ ਬਣਨਾ ਸੀ। ਬੁੱਢੇ ਮਾਪੇ ਆਪਣੇ ਉਨ੍ਹਾਂ ਜਵਾਨ ਲੜਖੜਾਉਂਦੇ ਪੁੱਤਾਂ ਦੀ ਡੰਗੋਰੀ ਬਣ ਰਹੇ ਨੇ। ਸਭ ਕੁਛ ਉਲਟਾ ਪੁਲਟਾ ਹੋਇਆ ਪਿਆ ਐ।" ਮੈਂ ਆਖਿਆ।

"ਮੈਨੂੰ ਤਾਂ ਕਈ ਵਾਰ ਐਂ ਲੱਗਦਾ ਐ ਜਿਵੇਂ ਆਪਾਂ ਕਿਸੇ ਹੋਰ ਦੁਨੀਆਂ ਵਿਚ ਆ ਗਏ ਹੋਈਏ। ਥੋੜ੍ਹੇ ਜਿਹੇ ਸਮੇਂ ਵਿਚ ਕਿੰਨਾ ਕੁਛ ਬਦਲ ਗਿਆ।"

"ਮੈਨੂੰ ਲੱਗਦਾ ਹੁਣ ਨੀਂ ਕੁਛ ਹੋ ਸਕਦਾ... ਐਨੀ ਉਲਝੀ ਹੋਈ ਤੰਦ ਤਾਣੀ ਕਿਵੇਂ ਸੂਤ ਆਊ?" ਮੈਂ ਹਥਿਆਰ ਸੁੱਟ ਦਿੱਤੇ।

"ਲੈ ਐਂ ਕਿਵੇਂ ਨਾ ਸੂਤ ਆਊ... ਜੇ ਉਹ ਸਾਰੇ ਜਣੇ ਕੋਸ਼ਿਸ਼ ਕਰਨ ਜਿਹੜੇ ਦੁਨੀਆਂ ਨੂੰ ਚੰਗੀ ਵੇਖਣਾ ਚਾਹੁੰਦੇ ਹਨ। ਆਪਣੇ ਹੱਕਾਂ ਦੇ ਨਾਲ ਨਾਲ ਫ਼ਰਜ਼ਾਂ ਨੂੰ ਵੀ ਨਿਭਾਈਏ। ਫਿਰ ਆਪੇ ਸੂਤ ਆਊ।" ਉਸ ਨੇ ਮੈਨੂੰ ਵੀ ਉਮੀਦ ਵਾਲਾ ਹਥਿਆਰ ਚੁੱਕਣ ਦੀ ਹਿੰਮਤ ਦੇ ਦਿੱਤੀ।

"ਸ਼ੁਰੂਆਤ ਕਿਵੇਂ ਹੋਊ?" ਮੈਂ ਪੁੱਛਿਆ।

"ਸਿਰਫ਼ ਇੱਕ ਬੰਦੇ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਲੈਣੀ ਪਊ।" ਉਸ ਨੇ ਆਖਿਆ।

"ਤੈਨੂੰ ਯਾਦ ਐ ਇੱਕ ਵਾਰ ਆਪਾਂ ਇੱਕ ਦੂਜੇ ਨਾਲ ਵਾਅਦਾ ਕੀਤਾ ਸੀ ਕਿ ਆਪਾਂ ਸਵੇਰੇ ਨੌਂ ਵਜੇ ਤੋਂ ਪਹਿਲਾਂ ਕਿਸੇ ਦੀ ਨਿੰਦਿਆ ਨਹੀਂ ਕਰਨੀ। ਸ਼ੁਰੂ ਵਿਚ ਥੋੜ੍ਹੀ ਕੋਸ਼ਿਸ਼ ਕਰਨੀ ਪਈ। ਹੁਣ ਕਿੰਨੇ ਸਾਲ ਹੋ ਗਏ ਸੁਭਾਅ ਈ ਏਦਾਂ ਦਾ ਬਣ ਗਿਆ।" ਮੈਂ ਉਸ ਨੂੰ ਯਾਦ ਕਰਵਾਇਆ।

"ਹਾਂ... ਮੈਨੂੰ ਯਾਦ ਐ। ਆਪਾਂ ਨੂੰ ਉਨ੍ਹਾਂ ਲੋਕਾਂ 'ਤੇ ਤਰਸ ਆਉਣ ਲੱਗ ਪੈਂਦਾ ਐ ਜਿਹੜੇ ਦੂਜੇ ਦੀ ਨਿੰਦਿਆ ਕਰ ਕੇ ਖੁਸ਼ ਹੁੰਦੇ ਨੇ।" ਉਹ ਫਿੱਕਾ ਜਿਹਾ ਮੁਸਕਰਾਈ।

"ਵੈਸੇ ਜੇ ਆਪਾਂ ਕੋਈ ਆਪਣੀ ਬੁਰੀ ਆਦਤ ਛੱਡਣਾ ਚਾਹੀਏ ਤਾਂ ਕੋਸ਼ਿਸ਼ ਕਰ ਕੇ ਛੱਡੀ ਜਾ ਸਕਦੀ ਐ।"

"ਹਾਂ... ਕਿਸੇ ਵੀ ਤਿਉਹਾਰ ਵੇਲੇ ਬੁਰੀ ਆਦਤ ਛੱਡਣ ਦਾ ਆਪਣੇ ਆਪ ਨਾਲ ਵਾਅਦਾ ਕਰ ਲਵੋ ਬਸ ਕੋਸ਼ਿਸ਼ ਕਰਦੇ ਰਹੋ। ਛੁਟ ਜਾਊ।" ਉਹ ਬੋਲੀ।

"ਨਵਾਂ ਸਾਲ ਚੜ੍ਹ ਰਿਹਾ ਐ ਇਸ 'ਤੇ ਵੀ ਕੁਛ ਨਾ ਕੁਛ ਚੰਗਾ ਕਰਨ ਦੀ ਸੋਚ ਸਕਦੇ ਹਾਂ।" ਮੈਂ ਆਖਿਆ।

"ਚਲੋ ਫਿਰ ਨਵੇਂ ਸਾਲ 'ਤੇ.... ਨਾ ਸੰਕਲਪ, ਨਾ ਹਠ ਬਸ ਆਪਣੇ ਆਪ ਨਾਲ ਵਾਅਦਾ ਕਿ ਇੱਕ ਮਨੁੱਖ ਨੂੰ ਸੁਧਾਰਨ ਦਾ ਜ਼ਿੰਮਾ ਚੁੱਕੀਏ।" ਉਸ ਨੇ ਆਖ ਕੇ ਆਪਣਾ ਹੱਥ ਅੱਗੇ ਕਰ ਦਿੱਤਾ। ਮੈਂ ਉਸ ਦੇ ਹੱਥ 'ਤੇ ਹੱਥ ਰੱਖ ਦਿੰਦਾ ਹਾਂ ਅਤੇ ਹੱਸ ਕੇ ਆਖਦਾ ਹਾਂ... "ਮੈਂ ਤੈਨੂੰ ਸੁਧਾਰਨ ਦਾ ਆਪਣੇ ਆਪ ਨਾਲ ਵਾਅਦਾ...।" ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਈ ਉਹਨੇ..... ਨਾ.. ਨਾ... ਨਾ ਆਖ ਦਿੱਤਾ।

"ਇੱਥੇ ਹੀ ਤਾਂ ਆਪਾਂ ਮਾਰ ਖਾ ਜਾਂਦੇ ਹਾਂ। ਹਰੇਕ ਬੰਦਾ ਦੂਜੇ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਸਾਰੀ ਉਮਰ ਕਰਦਾ ਹੈ। ਜੇ ਉਹੀ ਕੋਸ਼ਿਸ਼ਾਂ ਹਰ ਬੰਦਾ ਆਪਣੇ ਆਪ 'ਤੇ ਕਰੇ। ਆਪਣੇ ਹੱਕਾਂ ਦੇ ਨਾਲ ਫ਼ਰਜ਼ਾਂ ਨੂੰ ਵੀ ਨਿਭਾਵੇ। ਦੂਜਿਆਂ ਨੂੰ ਨਹੀਂ... ਹਰ ਬੰਦਾ ਆਪਣੇ ਆਪ ਨੂੰ ਸੁਧਾਰਨ ਦਾ ਵਾਅਦਾ ਕਰੇ ਤਾਂ ਹੀ ਕੋਈ ਗੱਲ ਬਣੇ।" ਮੈਂ ਉਸ ਦੀ ਗੱਲ ਨਾਲ ਪੂਰਨ ਤੌਰ 'ਤੇ ਸਹਿਮਤ ਹਾਂ। ਕੀ ਤੁਸੀਂ ਵੀ ਸਹਿਮਤ ਹੋ?



# ਦੱਬੇ-ਕੁਚਲਿਆਂ ਦਾ ਸਿੱਖਿਆ ਸ਼ਾਸਤਰ

***ਪਾਉਲੋ ਫਰੇਰੇ ਦਾ ਜਨਮ ਬ੍ਰਾਜ਼ੀਲ ਦੇ ਮੱਧ-ਵਰਗੀ ਪਰਿਵਾਰ ਵਿਚ 19 ਸਤੰਬਰ, 1921 ਨੂੰ ਹੋਇਆ। ਬਚਪਨ ਤੋਂ ਹੀ ਉਹਨਾਂ ਦਾ ਸਾਹਮਣਾ ਸਾਮੰਤਵਾਦ, ਪੂੰਜੀਵਾਦ, ਸਾਮਰਾਜਵਾਦ, ਨਸਲਵਾਦ ਅਤੇ ਫਾਸੀਵਾਦ ਦੇ ਵੱਖ-ਵੱਖ ਰੂਪਾਂ ਨਾਲ ਹੋਇਆ। ਫਰੇਰੇ ਨੇ 1930 ਦੀ ਆਰਥਿਕ ਮੰਦਹਾਲੀ ਦੇ ਦੌਰਾਨ ਭੁੱਖ ਅਤੇ ਗ਼ਰੀਬੀ ਦਾ ਸੰਤਾਪ ਹੰਢਾਇਆ। 1959 ਵਿਚ ਉਹ ਰੇਸੀਫ ਯੂਨੀਵਰਸਿਟੀ ਵਿਚ ਸਿੱਖਿਆ ਅਤੇ ਇਤਿਹਾਸ ਦੇ ਪ੍ਰੋਫੈਸਰ ਨਿਯੁਕਤ ਹੋਏ। ਉਹਨਾਂ ਨੇ ਦੱਬੇ-ਕੁਚਲਿਆਂ ਦੀ ਮੁਕਤੀ ਵਾਲੀ ਸਿੱਖਿਆ ਦੇ ਵੱਖ-ਵੱਖ ਪਹਿਲੂਆਂ ਤੇ ਲਿਖਿਆ। ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ 'ਪੈਡਾਗੋਜ਼ੀ ਆਫ ਓਪਰੈਸਡ'(1967), 'ਕਲਚਰਲ ਐਕਸ਼ਨ ਫਾਰ ਫਰੀਡਮ' (1970), 'ਐਜੂਕੇਸ਼ਨ ਫਾਰ ਕ੍ਰਿਟੀਕਲ ਕਨਸ਼ਸਨੈਸ' (1973), 'ਐਜੂਕੇਸ਼ਨ ਪ੍ਰੈਕਟਿਸ ਫਾਰ ਫਰੀਡਮ'(1976), 'ਦਿ ਪਾਲਿਟਿਕਸ ਆਫ ਐਜੂਕੇਸ਼ਨ' (1985) ਅਤੇ 'ਪੈਡਾਗੋਜ਼ੀ ਆਫ ਹੋਪ' (1994) ਹਨ। ਪਾਉਲੋ ਫਰੇਰੇ ਦੀ ਕਿਤਾਬ 'ਦੱਬੇ-ਕੁਚਲਿਆਂ ਦਾ ਸਿੱਖਿਆ ਸ਼ਾਸਤਰ' (ਪੈਡਾਗੋਜ਼ੀ ਆਫ ਓਪਰੈਸਡ) ਵਿਦਵਤਾ,***

**ਪਾਉਲੋ ਫਰੇਰੇ**
**ਅਨੁਵਾਦ: ਕੁਮਾਰ ਸੁਸ਼ੀਲ/ਅਮਰਦੀਪ**

***ਰਾਜਨੀਤੀ ਅਤੇ ਸਿੱਖਿਆ ਦੇ ਸਿਧਾਂਤ ਦਾ ਸੁਮੇਲ ਹੈ। ਫਰੇਰੇ ਇਸ ਵਿਚ ਦੱਬੇ-ਕੁਚਲਿਆਂ ਤੇ ਜ਼ੁਲਮ ਅਤੇ ਇਸ ਤੋਂ ਮੁਕਤੀ ਦੇ ਸਾਧਨਾਂ ਦੀ ਗੱਲ ਕਰਦਾ ਹੈ। ਫਰੇਰੇ ਅਨੁਸਾਰ ਆਜ਼ਾਦੀ ਲਈ ਚੇਤਨਾ ਦਾ ਵਿਕਾਸ ਅਤੇ ਆਤਮਿਕ ਤੌਰ 'ਤੇ ਚੰਗੀ ਸੋਚ ਦੀ ਜ਼ਰੂਰਤ ਹੁੰਦੀ ਹੈ। ਉਹ ਇਸ ਕਿਤਾਬ ਵਿਚ ਦੱਬੇ-ਕੁਚਲਿਆਂ ਦੀ ਗੰਭੀਰ ਚੇਤਨਾ ਦੀ ਗੱਲ ਕਰਦਾ ਹੈ ਅਤੇ ਨਾਲ ਹੀ ਆਜ਼ਾਦੀ ਜਾਂ ਮੁਕਤੀ ਦੇ ਰਾਹ ਵਿਚ ਆ ਰਹੀਆਂ ਅੜਚਣਾਂ ਦੀ ਵੀ ਗੱਲ ਕਰਦਾ ਹੈ। ਦੱਬੇ-ਕੁਚਲੇ ਸਮਾਜ ਲਈ ਇਹ ਕਿਤਾਬ ਅਸਲ ਦੇ ਵਿਚ ਮਾਰਗ-ਦਰਸ਼ਕ ਹੈ।***

## 'ਪੈਡਾਗੋਜ਼ੀ ਆਫ ਓਪਰੈਸਡ' ਦੀ ਜਾਣ-ਪਛਾਣ


*ਪਾਉਲੋ ਫਰੇਰੇ ਅਤੇ (ਸੱਜੇ) ਉਸ ਦੀ ਕਿਤਾਬ 'ਪੈਡਾਗੋਜ਼ੀ ਆਫ ਓਪਰੈਸਡ'।*

'ਦੱਬੇ-ਕੁਚਲਿਆਂ ਦਾ ਸਿੱਖਿਆ ਸ਼ਾਸਤਰ' (ਪੈਡਾਗੋਜ਼ੀ ਆਫ ਓਪਰੈਸਡ) ਦੀ ਜਾਣ-ਪਛਾਣ ਕਰਵਾਉਣ ਵਾਲੇ ਇਹ ਪੰਨੇ ਮੈਂ ਆਪਣਿਆਂ ਉਹਨਾਂ ਤਜਰਬਿਆਂ ਦੇ ਆਧਾਰ 'ਤੇ ਲਿਖ ਰਿਹਾਂ ਹਾਂ ਜਿਹੜੇ ਮੈਂ ਪਿਛਲੇ ਛੇ ਸਾਲਾਂ ਵਿਚ ਆਪਣੇ ਰਾਜਨੀਤਿਕ ਬਨਵਾਸ ਦੌਰਾਨ ਕੀਤੇ। ਇਹਨਾਂ ਨੇ ਮੇਰੇ ਬ੍ਰਾਜ਼ੀਲ ਵਿਚ ਸਿੱਖਿਆ ਦੇ ਬਾਰੇ ਕੰਮ ਕਰਦੇ ਸਮੇਂ ਹਾਸਿਲ ਹੋਏ ਤਜਰਬਿਆਂ ਨੂੰ ਹੋਰ ਅਮੀਰ ਕੀਤਾ।

ਮੈਂ ਵਿਵੇਕੀਕਰਨ (ਸਮਾਜਿਕ/ਰਾਜਨੀਤਕ ਅਤੇ ਆਰਥਿਕ ਅੰਤਰ-ਦਵੰਦਾਂ ਦੀ ਸਮਝ) ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰਨ ਵਾਲੇ ਟਰੇਨਿੰਗ ਕੋਰਸਾਂ ਅਤੇ ਮੁਕਤ ਸਿੱਖਿਆ ਵਿਚ ਕੀਤੇ ਗਏ ਤਜਰਬਿਆਂ ਦੌਰਾਨ ਵੀ ਆਜ਼ਾਦੀ ਦੇ ਡਰ ਦਾ ਸਾਹਮਣਾ ਕੀਤਾ ਹੈ। ਅਜਿਹੇ ਮੌਕੇ ਘੱਟ ਹੀ ਆਉਂਦੇ ਹਨ, ਟਰੇਨਿੰਗ ਕੋਰਸ ਕਰਨ ਵਾਲੇ 'ਵਿਵੇਕੀਕਰਨ' ਦੇ ਖਤਰੇ ਵੱਲ ਕੁਝ ਇਸ ਤਰ੍ਹਾਂ ਧਿਆਨ ਦਿਵਾਉਂਦੇ ਨੇ ਕਿ ਉਹਨਾਂ ਦਾ ਆਪਣਾ ਹੀ ਆਜ਼ਾਦੀ ਨੂੰ ਲੈ ਕੇ ਡਰ ਸਾਹਮਣੇ ਆ ਜਾਂਦਾ ਹੈ। ਉਹ ਆਲੋਚਨਾਤਮਿਕ ਚੇਤਨਾ ਨੂੰ ਅਰਾਜਕਤਾ ਕਹਿੰਦੇ ਹਨ ਅਤੇ ਕੁਝ ਇਹ ਵੀ ਜੋੜ ਦਿੰਦੇ ਹਨ ਕਿ ਆਲੋਚਨਾਤਮਿਕ ਚੇਤਨਾ ਉਥਲ-ਪੁਥਲ ਵੱਲ ਜਾਣ ਦਾ ਰਾਹ ਹੈ। ਫਿਰ ਵੀ ਕੁਝ ਲੋਕ ਮੰਨਦੇ ਨੇ ਕਿ 'ਇਸ ਤੋਂ ਇਨਕਾਰੀ ਕਿਉਂ ਹੋਇਆ ਜਾਏ? ਮੈਂ ਆਜ਼ਾਦੀ ਤੋਂ ਡਰਦਾ ਸੀ ਪਰ ਹੁਣ ਨਹੀਂ।'

ਇੱਕ ਵਾਰੀ ਏਸੇ ਤਰ੍ਹਾਂ ਦੀ ਚਰਚਾ ਦੌਰਾਨ ਸਮੂਹ ਇਸ ਗੱਲ 'ਤੇ ਬਹਿਸ ਕਰਨ ਲੱਗਾ ਕਿ ਅਨਿਆਂ ਦੇ ਕਿਸੇ ਖਾਸ ਮਸਲੇ ਬਾਰੇ ਲੋਕਾਂ ਨੂੰ ਵਿਵੇਕਵਾਨ ਬਣਾਉਣਾ, ਕਿਤੇ ਉਹਨਾਂ ਨੂੰ ਭੰਨ-ਤੋੜ ਕਰਨ ਵਾਲੀ ਕੱਟੜਤਾ ਵੱਲ ਅਤੇ ਉਹਨਾਂ ਦੇ ਸੰਸਾਰ ਨੂੰ ਪੂਰੀ ਤਰ੍ਹਾਂ ਢਹਿ-ਢੇਰੀ ਕਰਨ ਵਾਲੀ ਮਾਨਸਿਕਤਾ ਵੱਲ ਨਾ ਲੈ ਜਾਵੇ। ਇਹਨਾਂ ਵਿਚੋਂ ਇੱਕ ਆਦਮੀ ਕਈ ਸਾਲਾਂ ਤੋਂ ਕਾਰਖਾਨੇ ਵਿਚ ਮਜ਼ਦੂਰ ਰਿਹਾ ਸੀ। ਉਸ ਨੇ ਬਹਿਸ ਦੌਰਾਨ ਕਿਹਾ ਕਿ ਸ਼ਾਇਦ ਮੈਂ ਮਜ਼ਦੂਰ ਜਮਾਤ 'ਚੋਂ ਆਇਆ ਇਕੱਲਾ ਆਦਮੀ ਹਾਂ। ਮੈਂ ਇਹ ਨਹੀਂ ਕਹਿ ਸਕਦਾ ਕਿ ਜੋ ਤੁਸੀਂ ਕਿਹਾ ਉਹ ਸਭ ਮੈਂ ਪੂਰੀ ਤਰ੍ਹਾਂ ਸਮਝ ਗਿਆ ਹਾਂ ਪਰ ਹਾਂ, ਇੱਕ ਗੱਲ ਜ਼ਰੂਰ ਕਹਿ ਸਕਦਾ ਹਾਂ ਕਿ ਜਦੋਂ ਮੈਂ ਇਸ ਕੋਰਸ ਵਿਚ ਦਾਖਲਾ ਲਿਆ, ਮੈਂ ਅਨਜਾਣ ਸੀ ਅਤੇ ਜਦੋਂ ਮੈਂ ਜਾਣ ਲਿਆ ਕਿ ਮੈਂ ਕਿੰਨਾ ਅਨਜਾਣ ਹਾਂ ਉਦੋਂ ਤੋਂ ਮੈਂ ਆਲੋਚਨਾਤਮਿਕ ਹੋਣ ਲੱਗ ਪਿਆ ਪਰ ਮੇਰੀ ਇਸ ਖੋਜ ਨੇ ਨਾ ਤਾਂ ਮੈਨੂੰ ਕੱਟੜ ਬਣਾਇਆ ਅਤੇ ਨਾ ਹੀ ਇਸ ਨਾਲ ਮੈਨੂੰ ਦੁਨੀਆ ਢਹਿ-ਢੇਰੀ ਹੁੰਦੀ ਨਜ਼ਰ ਆਈ।

ਵਿਵੇਕੀਕਰਨ ਨਾਲ ਹੋਣ ਵਾਲੇ ਸੰਭਾਵਿਤ ਪ੍ਰਭਾਵਾਂ ਦੇ ਸਬੰਧਿਤ ਸ਼ੰਕਿਆਂ ਨੂੰ ਕਈ ਵਾਰ ਅਸਪੱਸ਼ਟਤਾ ਭਰਪੂਰ ਵਿਅਕਤੀ ਸਪੱਸ਼ਟ ਨਹੀਂ ਕਰਦਾ, ਅਸਲ ਵਿਚ ਉਸਦੀ ਸ਼ੰਕਾ ਦਾ ਅਧਾਰ ਹੁੰਦਾ ਹੈ ਕਿ ਅਨਿਆਂ ਦੇ ਸ਼ਿਕਾਰ ਲੋਕ ਖ਼ੁਦ ਨੂੰ ਅਨਿਆਂ ਦੇ ਸ਼ਿਕਾਰ ਨਾ ਸਮਝਣ ਤਾਂ ਹੀ ਚੰਗਾ ਹੈ। ਸੱਚੀ ਗੱਲ ਇਹ ਹੈ ਕਿ ਵਿਵੇਕੀਕਰਨ ਲੋਕਾਂ ਨੂੰ ਭੰਨ-ਤੋੜ ਕਰਨ ਵਾਲੀ ਕੱਟੜਤਾ ਵੱਲ ਨਹੀਂ ਲੈ ਕੇ ਜਾਂਦਾ। ਇਸ ਦੇ ਉਲਟ ਵਿਵੇਕੀਕਰਨ ਇਹ ਸੰਭਵ ਬਣਾਉਂਦਾ ਹੈ ਕਿ ਲੋਕ ਇਤਿਹਾਸਿਕ ਪ੍ਰਕਿਰਿਆ ਵਿਚ ਜ਼ਿੰਮੇਵਾਰ ਰੂਪ ਵਿਚ ਸ਼ਾਮਲ ਹੋਣ। ਵਿਵੇਕੀਕਰਨ ਉਹਨਾਂ ਨੂੰ ਆਤਮ-ਗਿਆਨ ਦੀ ਭਾਲ ਵਿਚ ਰੱਖਦਾ ਹੈ ਅਤੇ ਉਹਨਾਂ ਨੂੰ ਕੱਟੜ ਸੋਚ ਤੋਂ ਬਚਾਉਂਦਾ ਹੈ।

ਆਲੋਚਨਾਤਮਿਕ ਚੇਤਨਾ ਦਾ ਪੈਦਾ ਹੋਣਾ ਸਮਾਜਿਕ ਅਸੰਤੁਸ਼ਟੀ ਦੇ ਵੱਲ ਲੈ ਜਾਂਦਾ ਹੈ ਜਾਂ ਫਿਰ ਇਹ ਕਹਿ ਲਵੋ ਕਿ ਇਸ ਤਰ੍ਹਾਂ ਦੀਆਂ ਅਸੰਤੁਸ਼ਟੀਆਂ ਹੀ ਕਿਸੇ ਦਮਨਕਾਰੀ ਸਥਿਤੀ ਦੇ ਅਸਲੀ ਤੱਤ ਹੁੰਦੇ ਹਨ।

ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਆਜ਼ਾਦੀ ਤੋਂ ਡਰਨ ਵਾਲੇ ਵਿਅਕਤੀ ਨੂੰ ਭੂਤ ਵਿਖਾਈ ਦਿੰਦੇ ਹੋਣ। ਇਸ ਤਰ੍ਹਾਂ ਦਾ ਬੰਦਾ ਅਸਲ ਵਿਚ ਸੁਰੱਖਿਆ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ ਜਿਸ ਨੂੰ ਉਹ ਮੁਕਤੀ ਲਈ ਜੋਖ਼ਮ ਲੈਣ ਤੋਂ ਚੰਗਾ ਸਮਝਦਾ ਹੈ। ਹੀਗਲ ਨੇ 'ਫਿਨੋਮਿਨੋਲਾਜੀ ਆਫ ਮਾਈਂਡ' (1967) ਵਿਚ ਲਿਖਿਆ ਹੈ:

ਆਜ਼ਾਦੀ ਸਿਰਫ਼ ਤੇ ਸਿਰਫ਼ ਜਾਨ ਤੇ ਖੇਡ ਕੇ ਹੀ ਹਾਸਿਲ ਕੀਤੀ ਜਾ ਸਕਦੀ ਹੈ ਜਿਸ ਨੇ ਆਪਣਾ ਜੀਵਨ ਦਾਅ 'ਤੇ ਨਹੀਂ ਲਗਾਇਆ, ਬੇਸ਼ੱਕ ਉਸ ਨੂੰ ਆਦਮੀ ਤਾਂ ਮੰਨਿਆ ਜਾ ਸਕਦਾ ਹੈ ਪਰ ਉਹ ਆਜ਼ਾਦ ਚੇਤਨ ਹੋਂਦ ਦੇ ਸੱਚ ਨੂੰ ਸਮਝ ਨਹੀਂ ਸਕਿਆ ਹੈ।

ਵਿਰਲੇ ਔਰਤ-ਮਰਦ ਹੀ ਆਜ਼ਾਦੀ ਦੇ ਡਰ ਨੂੰ ਖੁੱਲ੍ਹ ਕੇ ਸਵੀਕਾਰ ਕਰਦੇ ਹਨ ਸਗੋਂ ਇਸ ਨੂੰ ਹੋਰ ਰੰਗਤ ਦੇਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਸ ਤਰ੍ਹਾਂ ਦੀ ਕੋਸ਼ਿਸ਼ ਕਈ ਵਾਰ ਅਚੇਤਨ ਤੌਰ ਤੇ ਆਪਣੇ-ਆਪ ਨੂੰ ਆਜ਼ਾਦੀ ਦੇ ਰਾਖੇ ਦੇ ਰੂਪ ਵਿਚ ਪੇਸ਼ ਕਰਕੇ ਕੀਤੀ ਜਾਂਦੀ ਹੈ। ਉਹ ਆਪਣੇ ਡਰ ਅਤੇ ਗ਼ਲਤੀਆਂ ਨੂੰ ਅਜਿਹੀ ਗੰਭੀਰਤਾ ਨਾਲ ਪੇਸ਼ ਕਰਦੇ ਹਨ, ਜਾਪਦਾ ਹੈ ਕਿ ਆਜ਼ਾਦੀ ਦੇ ਅਲੰਬਰਦਾਰ ਆਪ ਹੀ ਹੋਣ ਸਗੋਂ ਉਹ ਆਜ਼ਾਦੀ ਨੂੰ ਸਥਾਪਤੀ ਦੇ ਪੱਖ ਵਿਚ ਮੰਨਣ ਦੀ ਗ਼ਲਤੀ ਕਰਦੇ ਹਨ ਤਾਂ ਕਿ ਜਦੋਂ ਵਿਵੇਕੀਕਰਨ ਸਥਾਪਤੀ ਤੇ ਸਵਾਲ ਕਰਦਾ ਹੈ ਤਾਂ ਸਥਾਪਤੀ ਨੂੰ ਖ਼ਤਰਾ ਪੈਦਾ ਹੋ ਜਾਵੇ ਤਾਂ ਲੱਗੇ ਕਿ ਆਜ਼ਾਦੀ ਦੇ ਲਈ ਹੀ ਖ਼ਤਰਾ ਹੈ।

ਚਿੰਤਨ ਅਤੇ ਅਧਿਐਨ ਇਕੱਲੇ ਦੱਬੇ-ਕੁਚਲਿਆਂ ਦੇ ਸ਼ਾਸਤਰ ਦੀ ਰਚਨਾ ਨਹੀਂ ਕਰਦੇ। ਇਹਦੀਆਂ ਜੜ੍ਹਾਂ ਠੋਸ ਹਾਲਤਾਂ ਵਿਚ ਨੇ ਅਤੇ ਇਹਨਾਂ ਵਿਚ ਉਹਨਾਂ ਮਜ਼ਦੂਰਾਂ ਅਤੇ ਮੱਧ-ਵਰਗ ਦੇ ਲੋਕਾਂ ਦੀਆਂ ਪ੍ਰਤੀਕਿਰਿਆਵਾਂ ਦਾ ਵਰਨਣ ਕੀਤਾ ਗਿਆ ਹੈ ਜਿਨ੍ਹਾਂ ਦੀ ਮੈਂ ਸਿਖਿਆਰਥੀ (ਖੇਤਰੀ ਅਤੇ ਸ਼ਹਿਰੀ) ਕਿਰਿਆਵਾਂ ਦੇ ਸਮੇਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਪੜਤਾਲ ਕੀਤੀ ਸੀ। ਲਗਾਤਾਰ ਅਧਿਐਨ ਨੇ ਮੈਨੂੰ ਪਹਿਲਾਂ ਹੋਏ ਅਧਿਐਨਾਂ ਵਿਚ ਆਪਣੀ ਗੱਲ ਜੋੜਨ ਅਤੇ ਉਸ ਨੂੰ ਅੱਗੇ ਲੈ ਕੇ ਜਾਣ ਦਾ ਮੌਕਾ ਪ੍ਰਦਾਨ ਕੀਤਾ ਹੈ। ਇਹ ਸਾਰੇ ਨੁਕਤੇ ਮੈਂ ਇਸ ਸ਼ੁਰੂਆਤੀ ਕੰਮ ਵਿਚ ਪੇਸ਼ ਕੀਤੇ ਹਨ।

ਬਹੁਤ ਸਾਰੇ ਪਾਠਕਾਂ ਲਈ ਸ਼ਾਇਦ ਇਹ ਕਿਤਾਬ ਨਾਂਹ-ਪੱਖੀ ਪ੍ਰਤੀਕਿਰਿਆਵਾਂ ਪੈਦਾ ਕਰੇਗੀ। ਕੁਝ ਪਾਠਕ ਸ਼ਾਇਦ ਮਨੁੱਖੀ ਆਜ਼ਾਦੀ ਨਾਲ ਸਬੰਧਿਤ ਮੇਰੇ ਦ੍ਰਿਸ਼ਟੀਕੋਣ ਨੂੰ ਸ਼ੁੱਧ ਰੂਪ ਵਿਚ ਆਦਰਸ਼ਵਾਦੀ ਮੰਨਣ। ਇਹ ਵੀ ਹੋ ਸਕਦਾ ਹੈ ਕਿ ਉਹ ਸੱਤਾਵਾਦੀ ਕਰਤੱਵ, ਪਿਆਰ, ਗੱਲਬਾਤ, ਉਮੀਦ, ਨਿਮਰਤਾ ਅਤੇ ਹਮਦਰਦੀ ਦੀ ਚਰਚਾ ਨੂੰ ਨਿਰੀ 'ਬਕਾਈ' ਹੀ ਸਮਝਣ। ਕੁਝ ਹੋਰ ਪਾਠਕ ਦੱਬੇ-ਕੁਚਲਿਆਂ ਬਾਰੇ ਦਮਨਕਾਰੀ ਹਾਲਤਾਂ ਦੀ ਮੇਰੇ ਦੁਆਰਾ ਕੀਤੀ ਸਖ਼ਤ ਆਲੋਚਨਾ ਨੂੰ ਸਵੀਕਾਰ ਨਹੀਂ ਕਰਨਗੇ ਕਿਉਂਕਿ ਉਹਨਾਂ ਦੇ ਇਸ ਰਵੱਈਏ ਨਾਲ ਦਮਨਕਾਰੀ ਤਾਕਤਾਂ ਨੂੰ ਸੰਤੁਸ਼ਟੀ ਮਿਲੇਗੀ। ਮੈਂ ਸਵੀਕਾਰ ਕਰਦਾ ਹਾਂ ਕਿ ਇਹ ਰਚਨਾ ਜਿਸ ਵਿਚ ਤਬਦੀਲੀ ਦੀ ਗੁੰਜਾਇਸ਼ ਹੈ, ਇਹ ਪ੍ਰਗਤੀਵਾਦੀ ਲੋਕਾਂ ਲਈ ਹੈ। ਮੈਨੂੰ ਪੱਕਾ ਯਕੀਨ ਹੈ ਕਿ ਈਸਾਈ ਅਤੇ ਮਾਰਕਸਵਾਦੀ ਮੇਰੇ ਨਾਲ ਪੂਰਨ ਜਾਂ ਅਪੂਰਨ ਸਹਿਮਤ ਹੋਣ, ਸ਼ੁਰੂ ਤੋਂ ਅੰਤ ਤੱਕ ਪੜ੍ਹਨਗੇ ਪਰ ਉਹ ਪਾਠਕ ਜੋ ਕੱਟੜਤਾਵਾਦੀ ਹੋਣ ਦੇ ਨਾਲ ਗ਼ੈਰ-ਤਰਕਸ਼ੀਲ ਨਜ਼ਰੀਆ ਰੱਖਦਾ ਹੈ, ਉਸ ਸੰਵਾਦ ਨੂੰ ਖ਼ਤਮ ਕਰ ਦੇਵੇਗਾ, ਜਿਸ ਦੇ ਆਰੰਭ ਹੋਣ ਦੀ ਆਸ ਮੈਨੂੰ ਹੈ।

ਫਿਰਕਾਪ੍ਰਸਤੀ ਕੱਟੜਵਾਦ ਤੋਂ ਸੇਧ ਲੈਂਦੀ ਹੈ ਅਤੇ ਸਮਾਜ ਨੂੰ ਖੱਸੀ ਕਰਦੀ ਹੈ। ਪ੍ਰਗਤੀਵਾਦ ਆਲੋਚਨਾਤਮਿਕ ਭਾਵਨਾ ਨਾਲ ਲਬਰੇਜ਼ ਹੁੰਦਾ ਹੈ ਅਤੇ ਹਮੇਸ਼ਾ ਸਿਰਜਣਾਤਮਕ ਹੁੰਦਾ ਹੈ। ਫਿਰਕਾਪ੍ਰਸਤੀ ਮਿੱਥ ਘੜਦੀ ਹੈ ਜਿਸ ਤੋਂ ਬੇਗਾਨਗੀ ਪੈਦਾ ਹੁੰਦੀ ਹੈ। ਪ੍ਰਗਤੀਵਾਦ ਵਿਚ ਆਪਣੇ ਲਈ ਚੁਣੇ ਗਏ ਨਜ਼ਰੀਏ ਪ੍ਰਤੀ ਵਧਦਾ ਹੋਇਆ ਵਿਸ਼ਵਾਸ ਸ਼ਾਮਿਲ ਹੈ ਅਤੇ ਇਸ ਲਈ ਇਸ ਵਿਚ ਠੋਸ ਬਾਹਰਮੁਖੀ ਯਥਾਰਥਵਾਦ ਦਾ ਬਦਲਾਅ ਕਰਨ ਦੇ ਯਤਨਾਂ ਵਿਚ ਆਪਣੀ ਜੀਅ-ਜਾਨ ਲਾ ਦਿੰਦਾ ਹੈ। ਇਸ ਦੇ ਉਲਟ ਫਿਰਕਾਪ੍ਰਸਤੀ ਕਿਉਂਕਿ ਮਿੱਥ ਘੜਦੀ ਹੈ ਅਤੇ ਗ਼ੈਰ ਤਰਕ-ਸੰਗਤ ਹੁੰਦੀ ਹੈ, ਇਸ ਲਈ ਉਹ ਯਥਾਰਥ ਨੂੰ ਇੱਕ ਝੂਠੇ ਅਤੇ ਗ਼ੈਰ-ਬਦਲਣਯੋਗ ਯਥਾਰਥ ਦੇ ਰੂਪ ਵਿਚ ਬਦਲ ਦਿੰਦੀ ਹੈ।

ਫਿਰਕਾਪ੍ਰਸਤੀ ਚਾਹੇ ਕਿਸੇ ਵੀ ਖੇਤਰ ਵਿਚ ਹੋਵੇ, ਮਨੁੱਖੀ ਮੁਕਤੀ ਦੇ ਰਾਹ ਵਿਚ ਰੋੜਾ ਬਣਦੀ ਹੈ। ਉਸ ਦਾ ਸੱਜੇ ਪੱਖੀ ਰੂਪ ਆਪਣੇ ਕੁਦਰਤੀ ਹਮ-ਰੁਤਬਾ ਇਨਕਲਾਬ ਲਈ ਪ੍ਰਤੀਬੱਧਤਾ ਪੈਦਾ ਕਰਨ ਵਾਲਾ ਹੋਣਾ ਚਾਹੀਦਾ ਹੈ ਪਰ ਬਦਕਿਸਮਤੀ ਨਾਲ ਹਮੇਸ਼ਾ ਅਜਿਹਾ ਨਹੀਂ ਹੁੰਦਾ। ਜ਼ਿਆਦਾਤਰ ਅਜਿਹਾ ਹੀ ਹੁੰਦਾ ਹੈ ਕਿ ਸੱਜੇ-ਪੱਖੀ ਫਿਰਕਾਪ੍ਰਸਤੀ ਤੇ ਪ੍ਰਤੀਕਿਰਿਆ ਦਿੰਦੇ ਹੋਏ ਇਨਕਲਾਬੀ ਲੋਕ ਵੀ ਫਿਰਕਾਪ੍ਰਸਤੀ ਦੇ ਸ਼ਿਕਾਰ ਹੋ ਕੇ ਆਪਣੇ-ਆਪ ਨੂੰ ਪ੍ਰਤੀਕਿਰਿਆਵਾਦੀ ਬਣਾ ਲੈਂਦੇ ਹਨ ਪਰ ਇਸ ਦੇ ਕਾਰਨ ਪ੍ਰਗਤੀਵਾਦੀਆਂ ਨੂੰ ਅਮੀਰ ਜਮਾਤ ਦਾ ਸਹਿ-ਚਾਕਰ ਨਹੀਂ ਬਣ ਜਾਣਾ ਚਾਹੀਦਾ। ਆਜ਼ਾਦੀ ਦੀ ਪ੍ਰਕਿਰਿਆ ਵਿਚ ਸ਼ਾਮਿਲ ਹੋਣ ਕਾਰਨ ਉਹ ਦਮਨਕਾਰੀ ਤਾਕਤਾਂ ਦੀ ਹਿੰਸਾ ਦੇ ਸਾਹਮਣੇ ਚੁੱਪ ਨਹੀਂ ਰਹਿ ਸਕਦਾ।

ਦੂਜੇ ਪਾਸੇ ਕੱਟੜਵਾਦੀ ਕਦੇ ਵੀ ਅੰਤਰਮੁਖੀ ਨਹੀਂ ਹੁੰਦਾ। ਉਸ ਲਈ ਅੰਦਰੂਨੀ ਪੱਖ ਦੀ ਹੋਂਦ ਉਦੇਸ਼ਵਾਦੀ ਰਾਹ ਦੇ ਪ੍ਰਸੰਗ ਵਿਚ ਹੀ ਹੁੰਦੀ ਹੈ (ਭਾਵ ਉਸ ਠੋਸ ਯਥਾਰਥ ਦੇ ਪ੍ਰਸੰਗ 'ਚ ਜਿਹੜਾ ਕਿ ਉਸ ਦੇ ਵਿਸ਼ਲੇਸ਼ਣ ਵਿਚ ਸਹਾਈ ਹੈ)। ਇਸ ਤਰ੍ਹਾਂ ਬਾਹਰੀ ਅਤੇ ਆਤਮਕ, ਦਵੰਦਾਤਮਕ ਚੌਖਟੇ ਵਿਚ ਸ਼ਾਮਿਲ ਹੋ ਕੇ ਅਮਲ ਦੇ ਨਾਲ ਗਿਆਨ ਅਤੇ ਗਿਆਨ ਨਾਲ ਅਮਲ ਪੈਦਾ ਕਰਦਾ ਹੈ। ਦੂਜੇ ਪਾਸੇ ਫਿਰਕਾਪ੍ਰਸਤ ਚਾਹੇ ਕਿਸੇ ਵੀ ਤਰ੍ਹਾਂ ਦਾ ਹੋਵੇ, ਆਪਣੀ ਤਰਕਹੀਣਤਾ ਵਿਚ ਅੰਨ੍ਹਾ ਹੋ ਕੇ ਯਥਾਰਥ ਦੀ ਗਤੀਸ਼ੀਲਤਾ ਨੂੰ ਨਹੀਂ ਪਛਾਣਦਾ ਜਾਂ ਫਿਰ ਇਸ ਦੀ ਗ਼ਲਤ ਵਿਆਖਿਆ ਕਰਦਾ ਹੈ। ਜੇਕਰ ਉਹ ਦਵੰਦਵਾਦੀ ਢੰਗ ਨਾਲ ਸੋਚਦਾ ਹੈ ਤਾਂ ਵੀ ਇੱਕ ਤਰ੍ਹਾਂ ਦੀ ਸੰਕੀਰਨ ਦਵੰਦਾਤਮਕਤਾ ਨਾਲ ਹੀ ਸੋਚਦਾ ਹੈ। ਸੱਜੇ-ਪੱਖੀ ਫਿਰਕਾਪ੍ਰਸਤ ਜਿਸ ਨੂੰ ਮੈਂ ਪਹਿਲੇ ਹੀ 'ਜਮਾਂਦਰੂ ਫਿਰਕਾਪ੍ਰਸਤੀ' ਕਹਿ ਚੁੱਕਿਆ ਹਾਂ, ਉਹ ਇਤਿਹਾਸਕ ਪ੍ਰਕਿਰਿਆ ਨੂੰ ਹੌਲੀ ਕਰ ਦੇਣਾ ਚਾਹੁੰਦਾ ਹੈ। ਖੱਬੇ-ਪੱਖੀ ਤੋਂ ਫਿਰਕਾਪ੍ਰਸਤ ਬਣਿਆ ਆਦਮੀ ਦਵੰਦਾਤਮਕ ਢੰਗ ਨਾਲ ਯਥਾਰਥ ਅਤੇ ਇਤਿਹਾਸ ਦੀ ਦਵੰਦਾਤਮਕ ਵਿਆਖਿਆ ਕਰਨ ਵਿਚ ਪੂਰੀ ਤਰ੍ਹਾਂ ਭਟਕ ਜਾਂਦਾ ਹੈ ਅਤੇ ਤਬਾਹਕੁਨ ਨਜ਼ਰੀਆ ਅਪਣਾ ਲੈਂਦਾ ਹੈ।

ਸੱਜੇ-ਪੱਖੀ ਫਿਰਕਾਪ੍ਰਸਤ, ਖੱਬੇ-ਪੱਖੀ ਫਿਰਕਾਪ੍ਰਸਤ ਤੋਂ ਵਰਤਮਾਨ ਨੂੰ ਕਮਜ਼ੋਰ ਕਰਨ ਦੇ ਯਤਨਾਂ ਵਿਚ ਅਤੇ ਭਵਿੱਖ ਵਿਚ ਕਮਜ਼ੋਰ ਵਰਤਮਾਨ ਨੂੰ ਮੁੜ ਸੁਰਜੀਤ ਕਰਨ ਵਿਚ ਵੱਖਰਾ ਹੁੰਦਾ ਹੈ। ਹਾਲਾਂਕਿ ਸੱਜੇ-ਪੱਖੀ ਹਮ-ਰੁਤਬਾ ਭਵਿੱਖ ਨੂੰ ਪੂਰਵ ਨਿਰਧਾਰਿਤ, ਕਿਸਮਤ, ਭਾਗ ਜਾਂ ਹੋਣੀ ਸਮਝਦਾ ਹੈ। ਸੱਜੇ-ਪੱਖੀ ਫਿਰਕਾਪ੍ਰਸਤ ਲਈ ਵਰਤਮਾਨ ਅਤੀਤ ਨਾਲ ਜੁੜਿਆ ਹੋਇਆ ਗਤੀਹੀਣ, ਨਾ ਬਦਲਣਯੋਗ ਵਰਤਾਰਾ ਹੈ, ਜਦੋਂ ਕਿ ਖੱਬੇ-ਪੱਖੀ ਫਿਰਕਾਪ੍ਰਸਤ ਦੇ ਲਈ 'ਆਉਣ ਵਾਲਾ ਕੱਲ੍ਹ ਪਹਿਲਾਂ ਹੀ ਨਿਰਧਾਰਿਤ ਹੁੰਦਾ ਹੈ, ਅਟੱਲ ਰੂਪ ਵਿਚ ਪਹਿਲਾਂ ਹੀ ਨਿਸ਼ਚਿਤ ਹੁੰਦਾ ਹੈ। ਇਸ ਤਰ੍ਹਾਂ ਸੱਜੇ-ਪੱਖੀ ਅਤੇ ਖੱਬੇ-ਪੱਖੀ ਦੋਨੋਂ ਹੀ ਪ੍ਰਤੀਕਿਰਿਆਵਾਦੀ ਹੁੰਦੇ ਹਨ, ਕਿਉਂਕਿ ਇਤਿਹਾਸ ਦੀ ਆਪਣੀ-ਆਪਣੀ ਗ਼ਲਤ ਦ੍ਰਿਸ਼ਟੀ ਨਾਲ ਦੋਨੋਂ ਇਸ ਤਰ੍ਹਾਂ ਦੇ ਅਮਲ ਵਿਕਸਤ ਕਰਦੇ ਹਨ ਜਿਸ ਨਾਲ ਆਜ਼ਾਦੀ ਤੋਂ ਇਨਕਾਰੀ ਹੁੰਦੇ ਹਨ। ਉਹਨਾਂ 'ਚੋਂ ਇੱਕ ਚੰਗੇ ਵਰਤਮਾਨ ਦੀ ਅਤੇ ਦੂਜਾ ਪੂਰਵ-ਨਿਸ਼ਚਿਤ ਭਵਿੱਖ ਦੀ ਕਲਪਨਾ ਕਰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਹ ਦੋਨੋਂ ਹੱਥ 'ਤੇ ਹੱਥ ਰੱਖ ਕੇ ਦਰਸ਼ਕ ਬਣੇ ਰਹਿੰਦੇ ਨੇ (ਪਹਿਲਾ ਵਰਤਮਾਨ ਦੇ ਜਾਰੀ ਰਹਿਣ ਦੀ ਉਮੀਦ ਕਰਦਾ ਹੈ ਅਤੇ ਦੂਜਾ ਪਹਿਲੇ ਹੀ ਜਾਣੇ ਹੋਏ ਭਵਿੱਖ ਦਾ ਇੰਤਜ਼ਾਰ)। ਇਸ ਦੇ ਉਲਟ ਉਹ ਲੋਕ ਖ਼ੁਦ ਨੂੰ 'ਨਿਸ਼ਚਿਤਤਾ ਦੇ ਘੇਰੇ' ਵਿਚ ਬੰਦ ਕਰ ਕੇ ਜਿਸ ਦੇ ਵਿਚੋਂ ਇਹ ਕਦੇ ਨਿੱਕਲ ਨਹੀਂ ਸਕਦੇ, ਏਸੇ ਤਰ੍ਹਾਂ ਦਾ ਆਪਣਾ-ਆਪਣਾ ਸੱਚ ਸਿਰਜ ਲੈਂਦੇ ਹਨ। ਇਹ ਉਹਨਾਂ ਲੋਕਾਂ ਦਾ ਸੱਚ ਨਹੀਂ ਹੁੰਦਾ ਜੋ ਭਵਿੱਖ ਨੂੰ ਸਿਰਜਣ ਲਈ ਸੰਘਰਸ਼ ਦਾ ਰਾਹ ਚੁਣਦੇ ਨੇ ਅਤੇ ਆਪਣੀ ਜਾਨ ਵੀ ਦਾਅ ਤੇ ਲਾ ਦਿੰਦੇ ਨੇ। ਜਿਹੜੇ ਇਸ ਸੰਘਰਸ਼ ਵਿਚ ਮੋਢੇ ਨਾਲ ਮੋਢਾ ਜੋੜ ਕੇ ਲੜਦੇ ਹਨ ਅਤੇ ਸਿੱਖਦੇ ਹਨ ਕਿ ਉਸ ਭਵਿੱਖ ਦੀ ਸਿਰਜਣਾ ਕਿਵੇਂ ਕੀਤੀ ਜਾਵੇ ਜੋ ਆਪਣੇ ਆਪ ਨਹੀਂ ਹੁੰਦੀ ਸਗੋਂ ਸਿਰਜਣੀ ਪੈਂਦੀ ਹੈ। ਦੋਨੋਂ ਪ੍ਰਕਾਰ ਦੇ ਫਿਰਕਾਪ੍ਰਸਤ ਇਤਿਹਾਸ ਦੇ ਪ੍ਰਤੀ ਇਸੇ ਤਰ੍ਹਾਂ ਦਾ ਰਵੱਈਆ ਰੱਖਦੇ ਨੇ, ਜਿਵੇਂ ਉਹੀ ਇਸ ਦੇ ਮਾਲਕ ਹੋਣ ਜਿਸ ਦੇ ਕਾਰਨ ਨਤੀਜਾ ਇਹ ਹੁੰਦਾ ਹੈ ਕਿ ਉਹ ਲੋਕਾਂ ਤੋਂ ਟੁੱਟ ਜਾਂਦੇ ਨੇ ਜਿਹੜਾ ਲੋਕ ਵਿਰੋਧੀ ਹੋਣ ਦਾ ਇੱਕ ਹੋਰ ਤਰੀਕਾ ਹੈ।

ਸੱਜੇ-ਪੱਖੀ ਫਿਰਕਾਪ੍ਰਸਤ ਆਪਣੇ ਸੱਚ 'ਚ ਖ਼ੁਦ ਨੂੰ ਬੰਦ ਕਰ ਲੈਂਦਾ ਹੈ। ਇਸ ਨਾਲ ਉਹ ਹੋਰ ਕੁਝ ਨਹੀਂ ਬਸ ਆਪਣੀ ਆਮ ਭੂਮਿਕਾ ਨੂੰ ਹੀ ਨਿਭਾਉਂਦਾ ਹੈ ਪਰ ਜਦੋਂ ਕੋਈ ਖੱਬੇ-ਪੱਖੀ ਫਿਰਕਾਪ੍ਰਸਤ ਅਤੇ ਕੱਟੜ ਬਣਦਾ ਹੈ ਤਾਂ ਉਹ ਆਪਣੇ ਕੱਟੜ ਸੁਭਾਅ ਦਾ ਹੀ ਖੰਡਨ ਕਰਦਾ ਹੈ, ਹਾਲਾਂਕਿ ਇਹ ਦੋਨੋਂ ਆਪਣੇ ਸਿਰਜੇ ਸੱਚ ਦੇ ਦੁਆਲੇ ਹੀ ਘੁੰਮਦੇ ਰਹਿੰਦੇ ਹਨ ਅਤੇ ਜੇ ਉਹਨਾਂ ਦੇ ਸੱਚ ਤੇ ਸਵਾਲ ਕੀਤਾ ਜਾਵੇ ਤਾਂ ਉਹ ਇਸ ਨੂੰ ਆਪਣੇ ਲਈ ਖ਼ਤਰਾ ਸਮਝਦੇ ਹਨ। ਇਸ ਲਈ ਦੋਨੋਂ ਆਪਣੇ ਸਿਰਜੇ ਸੱਚ ਤੋਂ ਇਲਾਵਾ ਹਰ ਚੀਜ਼ ਝੂਠ ਸਮਝਦੇ ਹਨ। ਜਿਵੇਂ ਇੱਕ ਵਾਰ ਪੱਤਰਕਾਰ ਮਾਰਸੀਓ ਮੋਰਾਇਰਾ ਅਲਵੇਸ ਨੇ ਮੈਨੂੰ ਦੱਸਿਆ ਕਿ "ਉਹ ਦੋਨੋਂ ਸ਼ੱਕ ਦੀ ਗ਼ੈਰ-ਹਾਜ਼ਰੀ ਤੋਂ ਪੀੜਤ ਹਨ।"

ਮਨੁੱਖੀ ਆਜ਼ਾਦੀ ਨੂੰ ਲੈ ਕੇ ਪ੍ਰਤੀਬੱਧ ਤੇ ਪ੍ਰਗਤੀਸ਼ੀਲ ਮਨੁੱਖ ਨਿਸ਼ਚਿਤਤਾ ਦੇ ਘੇਰੇ ਵਿਚ ਕੈਦ ਨਹੀਂ ਹੁੰਦਾ ਜਿਸ ਵਿਚ ਕੈਦ ਹੋਣ ਵਾਲਾ ਵਿਅਕਤੀ ਯਥਾਰਥਕਤਾ ਨੂੰ ਵੀ ਆਪਣੇ ਨਾਲ ਹੀ ਕੈਦ ਕਰ ਲੈਂਦਾ ਹੈ। ਇਸ ਦੇ ਉਲਟ ਉਹ ਜਿੰਨਾ ਦ੍ਰਿੜ ਪ੍ਰਗਤੀਸ਼ੀਲ ਹੁੰਦਾ ਹੈ, ਓਨਾ ਹੀ ਜ਼ਿਆਦਾ ਯਥਾਰਥ ਵਿਚ ਵਿਚਰਦਾ ਹੈ ਤਾਂ ਕਿ ਉਹ ਇਸ ਨੂੰ ਚੰਗੀ ਤਰ੍ਹਾਂ ਸਮਝ ਕੇ ਇਸ ਨੂੰ ਤਬਦੀਲ ਕਰ ਸਕੇ। ਸੰਸਾਰ ਦਾ ਸਾਹਮਣਾ ਹੋਣ 'ਤੇ ਉਹ ਮਨੁੱਖ ਇਸ ਨੂੰ ਦੇਖਣ ਸੁਣਨ ਅਤੇ ਵਿਚਰਨ ਤੋਂ ਡਰਦਾ ਨਹੀਂ, ਨਾ ਹੀ ਲੋਕਾਂ ਨਾਲ ਮਿਲਣ ਅਤੇ ਸੰਵਾਦ ਕਰਨ ਤੋਂ ਡਰਦਾ ਹੈ। ਉਹ ਨਾ ਤਾਂ ਖ਼ੁਦ ਨੂੰ ਇਤਿਹਾਸ ਜਾਂ ਲੋਕਾਂ ਦਾ ਮਾਲਕ ਸਮਝਦਾ ਹੈ ਅਤੇ ਨਾ ਹੀ ਦੱਬੇ-ਕੁਚਲਿਆਂ ਦਾ ਮੁਕਤੀਦਾਤਾ, ਸਗੋਂ ਉਹ ਇਤਿਹਾਸ ਦੇ ਨਾਲ ਉਹਨਾਂ ਦੇ ਪੱਖ ਵਿਚ ਲੜਨ ਲਈ ਖ਼ੁਦ ਨੂੰ ਪ੍ਰਤੀਬੱਧ ਜ਼ਰੂਰ ਕਰਦਾ ਹੈ।

ਪੜ੍ਹਨ ਵਾਲੇ ਮੇਰੀਆਂ ਗਲਤੀਆਂ ਨੂੰ ਸੁਧਾਰਨ, ਗਲਤਫਹਿਮੀਆਂ ਨੂੰ ਦੂਰ ਕਰਨ, ਕਹੀਆਂ ਹੋਈਆਂ ਗੱਲਾਂ ਨੂੰ ਡੂੰਘਾਈ ਤੱਕ ਲੈ ਕੇ ਜਾਣ ਅਤੇ ਮੈਥੋਂ ਰਹਿ ਗਏ ਪੱਖਾਂ ਨੂੰ ਦੱਸਣ ਲਈ ਖੁੱਲ੍ਹੇ ਰੂਪ ਵਿਚ ਮੇਰੀ ਆਲੋਚਨਾ ਕਰਨਗੇ ਤਾਂ ਮੈਨੂੰ ਸੰਤੁਸ਼ਟੀ ਮਿਲੇਗੀ। ਸੰਭਵ ਹੈ ਕਿ ਕੁਝ ਪਾਠਕ ਇਹ ਕਹਿਣ ਕਿ ਉਨ੍ਹਾਂ ਇਨਕਲਾਬੀ ਸਭਿਆਚਾਰਕ ਗਤੀਵਿਧੀਆਂ ਤੇ ਚਰਚਾ ਕਰਨ ਦਾ ਮੈਨੂੰ ਕੀ ਅਧਿਕਾਰ ਜਿਸ ਦਾ ਮੈਨੂੰ ਕੋਈ ਠੋਸ ਤਜਰਬਾ ਨਹੀਂ ਹੈ ਪਰ ਇਹ ਕਿ ਮੈਂ ਇਨਕਲਾਬੀ ਗਤੀਵਿਧੀਆਂ 'ਚ ਨਿੱਜੀ ਤੌਰ ਤੇ ਸ਼ਾਮਿਲ ਨਹੀਂ ਹੋਇਆ, ਮੇਰੀ ਇਸ ਵਿਸ਼ੇ 'ਤੇ ਵਿਚਾਰ ਕਰਨ ਦੀ ਸੰਭਾਵਨਾ ਨੂੰ ਰੱਦ ਨਹੀਂ ਕਰਦਾ। ਇਸ ਤੋਂ ਇਲਾਵਾ ਸੰਵਾਦੀ ਅਤੇ ਸਮੱਸਿਆ ਉਠਾਉਣ ਵਾਲੀ ਸਿੱਖਿਆ ਦਾ ਪ੍ਰਯੋਗ ਕਰਦੇ ਹੋਏ, ਸਿੱਖਿਆ ਦਿੰਦੇ ਹੋਏ ਲੋਕਾਂ ਨਾਲ ਮੇਰਾ ਜੋ ਤਜਰਬਾ ਅਤੇ ਉਸ ਨਾਲ ਮੈਂ ਜੋ ਤੁਲਨਾਤਮਿਕ ਸਮਗਰੀ ਭੰਡਾਰ ਇਕੱਠਾ ਕੀਤਾ ਹੈ, ਉਸ ਨਾਲ ਮੈਨੂੰ ਚੁਣੌਤੀ ਮਿਲੀ ਹੈ ਕਿ ਮੈਂ ਉਹਨਾਂ ਗੱਲਾਂ ਨੂੰ ਕਹਿਣ ਦਾ ਜੋਖ਼ਮ ਲਵਾਂ ਜਿਹੜੀਆਂ ਅਗਲੇ ਪਾਠਾਂ ਵਿਚ ਕੀਤੀਆਂ ਗਈਆਂ ਹਨ। ਉਮੀਦ ਕਰਦਾ ਹਾਂ ਕਿ ਇਹ ਪੁਸਤਕ ਇਹਨਾਂ ਚੀਜ਼ਾਂ ਦੀ ਗਵਾਹੀ ਭਰੇਗੀ:

ਲੋਕਾਂ 'ਤੇ ਮੇਰਾ ਭਰੋਸਾ ਅਤੇ ਔਰਤਾਂ ਅਤੇ ਮਰਦਾਂ ਵਿਚ ਮੇਰਾ ਵਿਸ਼ਵਾਸ ਅਤੇ ਇਹੋ ਜਿਹੀ ਦੁਨੀਆਂ ਜਿਸ ਵਿਚ ਮੁਹੱਬਤ ਕਰਨੀ ਅੱਜ ਦੀ ਤੁਲਨਾ ਵਿਚ ਸੌਖੀ ਹੋ ਜਾਵੇ।

# ਸਿੱਖ ਗੁਲਾਮ ਨਹੀਂ ਹਨ

***ਪੰਜਾਬ ਦੀ ਸਿਆਸਤ ਮੁੱਢ ਤੋਂ ਹੀ ਬੜੀ ਪੇਚੀਦੀ ਰਹੀ ਹੈ ਪਰ ਪਿਛਲੇ ਕੁਝ ਦਹਾਕਿਆਂ ਤੋਂ ਇਸ ਅੰਦਰ ਹੋਰ ਵੀ ਤਿੱਖੀਆਂ ਤਬਦੀਲੀਆਂ ਵਾਪਰੀਆਂ ਹਨ। ਅੱਜ ਪੰਜਾਬ ਦੀ ਚਰਚਾ ਦਰਪੇਸ਼ ਸਮੱਸਿਆਵਾਂ ਦੇ ਨਾਲ-ਨਾਲ ਆਜ਼ਾਦੀ ਅਤੇ ਗੁਲਾਮੀ ਦੇ ਕੁਝ ਪ੍ਰਸੰਗਾਂ ਬਾਰੇ ਵੀ ਚੱਲ ਰਹੀ ਹੈ। ਸ. ਨਰਿੰਦਰ ਸਿੰਘ ਢਿੱਲੋਂ ਨੇ ਇਸ ਬਾਰੇ ਵਿਚਾਰ ਆਪਣੇ ਇਸ ਲੇਖ ਵਿਚ ਸਾਂਝੇ ਕੀਤੇ ਹਨ।***

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਅਤੇ ਵਿਦੇਸ਼ ਵਿਚ ਬੈਠੇ ਕੁਝ ਲੋਕ ਇਹ 'ਫਿਕਰ' ਜ਼ਾਹਰ ਕਰ ਰਹੇ ਹਨ ਕਿ ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਸਿੱਖ ਗੁਲਾਮ ਹਨ। ਉਹ ਸਿੱਖਾਂ ਨੂੰ ਆਜ਼ਾਦ ਕਰਾਉਣ ਦੀਆਂ ਗੱਲਾਂ ਵੀ ਕਰਦੇ ਹਨ। ਪੰਜਾਬ ਵਿਚ ਹੁਣ ਕੁਝ ਲੋਕਾਂ ਨੇ ਮੁੜ ਇਹ ਪ੍ਰਚਾਰ ਕਰਨਾ ਸ਼ੁਰੂ ਕੀਤਾ ਹੈ ਅਤੇ ਲੋਕਾਂ ਨੂੰ ਗੁਲਾਮੀ ਦੂਰ ਕਰਨ ਲਈ ਸਿਰ ਦੇਣ ਵਾਸਤੇ ਤਿਆਰ ਰਹਿਣ ਦਾ ਸੱਦਾ ਦਿੱਤਾ ਹੈ। ਭਾਵੇਂ ਪੰਜਾਬ ਦੇ ਲੋਕਾਂ ਨੇ ਸਦਾ ਹੀ ਇਹੋ ਜਿਹੇ ਪ੍ਰਚਾਰ ਨੂੰ ਨਜ਼ਰ-ਅੰਦਾਜ਼ ਕੀਤਾ ਹੈ ਫਿਰ ਵੀ ਆਪਾਂ ਇਸ 'ਤੇ ਵਿਚਾਰ ਕਰਦੇ ਹਾਂ। ਸਭ ਤੋਂ ਪਹਿਲਾਂ ਇਹ ਵਿਚਾਰ ਕਰਨਾ ਹੋਵੇਗਾ ਕਿ ਆਜ਼ਾਦੀ ਕੀ ਹੈ ਤੇ ਗੁਲਾਮੀ ਕੀ ਹੁੰਦੀ ਹੈ।

ਆਜ਼ਾਦੀ ਤੋਂ ਭਾਵ ਐਸੀਆਂ ਹਾਲਤਾਂ ਤੋਂ ਹੈ ਜਿਨ੍ਹਾਂ ਵਿਚ ਮਨੁੱਖ ਸਿਵਲ, ਰਾਜਸੀ, ਧਾਰਮਿਕ, ਸਮਾਜਿਕ ਆਦਿ ਅਧਿਕਾਰਾਂ ਦੀ ਵਰਤੋਂ ਕਰਦਿਆਂ ਧਰਮ, ਜਾਤ, ਲਿੰਗ ਆਦਿ ਦੇ ਵਿਤਕਰੇ ਤੋਂ ਬਿਨਾਂ ਜੀਵਨ ਬਤੀਤ ਕਰਦਾ ਹੈ। ਆਜ਼ਾਦੀ ਵਿਚ ਮਨੁੱਖ

**ਨਰਿੰਦਰ ਸਿੰਘ ਢਿੱਲੋਂ**
ਫੋਨ: +1-587-436-4032

ਨੂੰ ਵੋਟ ਪਾਉਣ ਦਾ ਅਧਿਕਾਰ ਅਤੇ ਨਿੱਜੀ ਜ਼ਿੰਦਗੀ ਗੁਪਤ ਰੱਖਣ ਦਾ ਅਧਿਕਾਰ ਹੁੰਦਾ ਹੈ। ਆਜ਼ਾਦੀ ਵਿਚ ਮਨੁੱਖ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਨਹੀਂ ਕੀਤਾ ਜਾ ਸਕਦਾ ਹੈ ਅਤੇ ਕਿਸੇ ਵਿਅਕਤੀ ਜਾਂ ਸਮੂਹ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਹੁਕਮ ਠੋਸੇ ਨਹੀਂ ਜਾ ਸਕਦੇ। ਆਜ਼ਾਦੀ ਵਿਚ ਲੋਕਾਂ ਲਈ ਕਾਨੂੰਨ ਤੈਅ ਕੀਤੇ ਜਾਂਦੇ ਹਨ। ਉਨ੍ਹਾਂ ਅਨੁਸਾਰ ਰਾਜਸੀ, ਧਾਰਮਿਕ, ਸਮਾਜਿਕ ਗੱਲ ਕੀ ਹਰ ਖੇਤਰ ਵਿਚ ਵਿਚਰਨਾ ਹੁੰਦਾ ਹੈ ਅਤੇ ਗੈਰ-ਕਾਨੂੰਨੀ ਕਰਾਰ ਵਿਧੀ ਵਿਚ ਸ਼ਾਮਲ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਲੋਕ ਮਾਨਸਿਕ ਤੌਰ 'ਤੇ ਆਜ਼ਾਦ ਹੋਣ ਕਰਕੇ ਆਪਣੀ ਜ਼ਿੰਦਗੀ ਬਾਰੇ ਫੈਸਲੇ ਲੈਣ ਦੇ ਸਮਰੱਥ ਹੁੰਦੇ ਹਨ।

ਆਜ਼ਾਦੀ ਵਿਚ ਗ਼ੈਰਕਾਨੂੰਨੀ ਢੰਗ ਨਾਲ ਵਿਚਰਨਾ ਲੋਕਾਂ ਦੀ ਆਜ਼ਾਦ, ਬੇਖੌਫ਼ ਅਤੇ ਸ਼ਾਂਤਮਈ ਜ਼ਿੰਦਗੀ ਨੂੰ ਤਬਾਹ ਕਰ ਦਿੰਦਾ ਹੈ। ਆਜ਼ਾਦੀ ਮਨੁੱਖ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਬਿਨਾਂ ਕਿਸੇ ਦਬਾਅ ਜਾਂ ਡਿਕਟੇਟ ਕੀਤਿਆਂ ਆਪਣੇ ਫ਼ੈਸਲੇ ਆਪ ਕਰੇ। ਆਜ਼ਾਦੀ ਦੇ ਵਾਤਾਵਰਨ ਵਿਚ ਮਨੁੱਖ ਮਿਹਨਤ ਕਰ ਕੇ ਉਚੇ ਸੁਪਨੇ ਲੈਣ ਦੇ ਯੋਗ ਬਣਦਾ ਹੈ। ਆਜ਼ਾਦੀ ਵਿਚ ਕੋਈ ਵੀ ਵਿਅਕਤੀ ਜਿਸ ਧਰਮ ਨੂੰ ਵੀ ਚਾਹੇ ਉਹ ਮੰਨੇ ਲੇਕਿਨ ਉਸ ਨੂੰ ਦੂਜੇ ਧਰਮਾਂ ਦਾ ਅਪਮਾਨ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ। ਜੇਕਰ ਕੋਈ ਵਿਅਕਤੀ ਦੂਜੇ ਕਿਸੇ ਵੀ ਧਰਮ ਦਾ ਅਪਮਾਨ ਕਰਦਾ ਹੈ ਤਾਂ ਕਾਨੂੰਨ ਉਸ ਧਰਮ ਦੀ ਰਾਖੀ ਅਤੇ ਦੋਸ਼ੀ ਵਿਰੁੱਧ ਕਾਰਵਾਈ ਕਰਨ ਲਈ ਹਰਕਤ ਵਿਚ ਆਉਂਦਾ ਹੈ ਭਾਵੇਂ ਉਸ ਦਾ ਇਹ ਕਦਮ ਜਾਣ ਬੁੱਝ ਕੇ, ਅਗਿਆਨਤਾ ਜਾਂ ਅਣਗਹਿਲੀ ਕਰਕੇ ਹੋਵੇ।

ਆਜ਼ਾਦੀ ਵਿਚ ਮਨੁੱਖ ਆਪਣਾ ਕੰਮ ਆਪਣੀ ਇੱਛਾ ਅਨੁਸਾਰ ਕਰ ਕੇ ਆਪਣਾ ਜ਼ਿੰਮੇਵਾਰ ਖੁਦ ਹੁੰਦਾ ਹੈ। ਮਨੁੱਖ ਮਿਹਨਤ, ਆਤਮ ਗਿਆਨ ਅਤੇ ਕਾਨੂੰਨੀ ਦਾਇਰੇ ਵਿਚ ਰਹਿੰਦਿਆਂ ਸਮਾਜ ਵਿਚ ਬਿਹਤਰ ਕਾਰਗੁਜ਼ਾਰੀ ਨਿਭਾ ਸਕਦਾ ਹੈ। ਆਜ਼ਾਦੀ ਵਿਚ ਮਿਲੇ ਅਧਿਕਾਰਾਂ ਦੀ ਵਰਤੋਂ ਕਰ ਕੇ ਮਨੁੱਖ ਚੰਗੇ ਰੁਤਬੇ 'ਤੇ ਪਹੁੰਚ ਸਕਦਾ ਹੈ। ਇੱਕ ਸ਼ਹਿਰੀ ਨੂੰ ਬਿਨਾਂ ਕਿਸੇ ਰੁਕਾਵਟ ਦੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਸੁਖਾਵਾਂ ਮਾਹੌਲ ਪ੍ਰਾਪਤ ਹੋਣਾ ਹੀ ਆਜ਼ਾਦੀ ਹੈ।

ਇੱਕ ਜਰਮਨ ਫਿਲਾਸਫਰ ਅਨੁਸਾਰ ਆਜ਼ਾਦੀ ਉਸ ਅਵਸਥਾ ਦਾ ਨਾਂ ਹੈ ਜਿਸ ਵਿਚ ਮਨੁੱਖ ਆਪਣੀ ਯੋਗਤਾ ਮੁਤਾਬਕ ਕੰਮ ਕਰਕੇ ਤਾਕਤ ਜਾਂ ਸਾਧਨਾ ਦਾ ਮਾਲਕ ਬਣਦਾ ਹੈ। ਉਸ ਅਨੁਸਾਰ 'ਰਾਜਨੀਤਕ ਆਜ਼ਾਦੀ ਤੋਂ ਭਾਵ ਜੋ ਜ਼ਬਰਦਸਤੀ ਅਤੇ ਜ਼ੁਲਮ ਤੋਂ ਮਨੁੱਖ ਦੀ ਰਾਖੀ ਕਰੇ, ਸਮਾਜ ਵਿਚ ਮਨੁੱਖ ਨੂੰ ਆਪਣਾ ਟੀਚਾ ਪੂਰਾ ਕਰਨ ਲਈ ਰੁਕਾਵਟ ਪੈਦਾ ਨਾ ਕਰਨ ਦੇਵੇ, ਸਮਾਜ ਵਿਚ ਆਰਥਿਕ ਲੁੱਟ ਅਤੇ ਸਮੱਸਿਆਵਾਂ ਵਿਰੁੱਧ ਲੜਨ ਦਾ ਅਧਿਕਾਰ ਦੇਵੇ। ਮੁੱਕਦੀ ਗੱਲ ਇਹ ਹੈ ਕਿ ਆਜ਼ਾਦੀ ਵਿਚ ਮਨੁੱਖ ਨੂੰ ਬੋਲਣ, ਲਿਖਣ, ਆਪਣੇ ਧਰਮ ਨੂੰ ਮੰਨਣ, ਹਰ ਪੱਧਰ 'ਤੇ ਵੋਟ ਪਾਉਣ, ਇਨਸਾਫ਼ ਲਈ ਅਦਾਲਤ ਵਿਚ ਜਾਣ, ਜਥੇਬੰਦੀ ਬਣਾ ਕੇ ਸੰਘਰਸ਼ ਕਰਨ, ਨਿੱਜੀ ਸੁਰੱਖਿਆ, ਸਿਹਤ, ਸਿੱਖਿਆ ਅਤੇ ਜੀਊਣ ਦਾ ਅਧਿਕਾਰ ਹੁੰਦਾ ਹੈ। ਭਾਰਤੀ ਸੰਵਿਧਾਨ ਅੰਦਰ ਇਹ ਸਾਰੇ ਅਧਿਕਾਰ ਹੈ ਹਰ ਨਾਗਰਿਕ ਨੂੰ ਦਿੱਤੇ ਹੋਏ ਹਨ। ਜੋ ਲੋਕ ਜਮਹੂਰੀ ਢਾਂਚੇ ਵਿਚ ਕਾਨੂੰਨ ਅਧੀਨ ਵਿਚਰਨ ਨੂੰ ਗੁਲਾਮੀ ਦਾ ਨਾਂ ਦਿੰਦੇ ਹਨ ਉਨ੍ਹਾਂ ਲਈ ਦੁਜਿਆਂ ਦੇ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਦੀ ਕੋਈ ਮਹੱਤਤਾ ਨਹੀਂ ਹੁੰਦੀ।

ਇਕ ਹੋਰ ਜਰਮਨ ਫਿਲਾਸਫਰ Charlos Tylor ਅਨੁਸਾਰ 'ਸ਼ਹਿਰੀ ਆਜ਼ਾਦੀਆਂ ਦਾ ਅਧਿਕਾਰ ਵਿਅਕਤੀ ਜਾਂ ਗਰੁੱਪ ਵਿਰੁੱਧ ਸਟੇਟ ਵੱਲੋਂ ਤਸ਼ੱਦਦ ਜਾਂ ਧੱਕੇਸ਼ਾਹੀ ਦੀ ਰਾਖੀ ਕਰਦਾ ਹੈ। ਸ਼ਹਿਰੀ ਆਜ਼ਾਦੀਆਂ ਵਿਚ ਧਰਮ, ਜਾਤ, ਲਿੰਗ ਆਦਿ ਦੇ ਵਿਤਕਰੇ, ਨਿੱਜੀ ਸੁਰੱਖਿਆ, ਵੋਟ ਦਾ ਅਧਿਕਾਰ, ਰਾਜਸੀ ਪ੍ਰਕਿਰਿਆ ਵਿਚ ਸ਼ਮੂਲੀਅਤ, ਵਿਚਾਰਾਂ ਦੇ ਪ੍ਰਗਟਾਵੇ, ਇਕੱਠੇ ਹੋਣ ਆਦਿ ਦੀ ਰਾਖੀ ਕਰਦਾ ਹੈ।' ਸ਼ਹਿਰੀ ਆਜ਼ਾਦੀਆਂ ਦਾ ਅਧਿਕਾਰ ਹਰ ਮਨੁੱਖ ਦੀ ਹਰ ਦੇਸ਼ ਵਿਚ ਮੌਲਿਕ ਲੋੜ ਹੈ।

ਆਓ ਹੁਣ ਵੇਖਦੇ ਹਾਂ ਕਿ ਗੁਲਾਮ ਕੌਣ ਹੁੰਦੇ ਹਨ। ਗੁਲਾਮ ਹੋਣ ਤੋਂ ਭਾਵ ਉਹ ਵਿਅਕਤੀ ਜੋ ਕਿਸੇ ਦੂਜੇ ਵਿਅਕਤੀ ਦੀ ਮਲਕੀਅਤ ਹੁੰਦਾ ਹੈ। ਉਸ ਕੋਲ ਬੋਲਣ, ਲਿਖਣ, ਆਪਣੇ ਧਰਮ ਨੂੰ ਮੰਨਣ, ਇਕੱਠੇ ਹੋਣ, ਵੋਟ ਪਾਉਣ ਅਤੇ ਇੱਥੋਂ ਤਕ ਕਿ ਜ਼ਿੰਦਗੀ ਜੀਣ ਦਾ ਕੋਈ ਮਨੁੱਖੀ ਅਧਿਕਾਰ ਵੀ ਨਹੀਂ ਹੁੰਦਾ। ਮਾਲਕ ਤਕੜੇ ਪੂੰਜੀਪਤੀ ਜਾਂ ਜਾਗੀਰਦਾਰ ਹੁੰਦੇ ਹਨ ਅਤੇ ਗੁਲਾਮ ਉਨ੍ਹਾਂ ਦੇ ਕਬਜ਼ੇ ਵਿਚ ਹੀ ਰਹਿੰਦਾ ਹੈ ਤੇ ਉਸਦੀ ਆਪਣੀ ਮਰਜ਼ੀ ਨਹੀਂ ਚਲਦੀ ਅਤੇ ਨਾ ਹੀ ਉਹ ਕੋਈ ਇੱਛਾ ਪ੍ਰਗਟ ਕਰ ਸਕਦਾ ਹੈ। ਗੁਲਾਮ ਮਾਲਕ ਦੇ ਘੇਰੇ ਤੋਂ ਬਾਹਰ ਨਹੀਂ ਜਾ ਸਕਦਾ।

ਗੁਲਾਮ ਨੂੰ ਮਨ-ਮਰਜ਼ੀ ਦਾ ਖਾਣ-ਪੀਣ, ਪਹਿਨਣ, ਰਹਿਣ ਦੀ ਆਜ਼ਾਦੀ ਨਹੀਂ ਹੁੰਦੀ। ਉਹ ਪੂਰਨ ਤੌਰ 'ਤੇ ਆਪਣੇ ਮਾਲਕ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਨੂੰ ਜਾਂ ਤਾਂ ਕੰਮ ਦੇ ਪੈਸੇ ਦਿੱਤੇ ਨਹੀਂ ਜਾਂਦੇ ਅਤੇ ਜਾਂ ਬਹੁਤ ਥੋੜੇ ਦਿੱਤੇ ਜਾਂਦੇ ਹਨ। ਗਰਮੀ ਹੋਵੇ ਜਾਂ ਸਰਦੀ ਕੰਮ ਦਾ ਸਮਾਂ ਵੀ ਨਿਰਧਾਰਤ ਨਹੀਂ ਹੁੰਦਾ। ਉਹ ਮਾਲਕ ਦੀ ਮਰਜ਼ੀ ਤੋਂ ਬਿਨਾਂ ਇਕੱਠੇ ਨਹੀਂ ਹੋ ਸਕਦੇ ਅਤੇ ਕੋਈ ਮਨ ਪਰਚਾਵਾ ਨਹੀਂ ਕਰ ਸਕਦੇ। ਵੱਖ-ਵੱਖ ਕਾਰਖਾਨਿਆਂ, ਫਾਰਮਾ, ਢਾਬਿਆਂ ਅਤੇ ਰੈਸਟੋਰੈਂਟਾਂ ਵਿਚ ਇਨ੍ਹਾਂ ਦੀ ਗਿਣਤੀ ਅੱਜ ਵੀ ਵੇਖੀ ਜਾ ਸਕਦੀ ਹੈ। ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਕੁਝ ਵੀਡੀਓ ਵੇਖੀਆਂ ਗਈਆਂ ਹਨ। ਕਈ ਗੁੱਜਰਾਂ ਦੇ ਡੇਰਿਆਂ ਤੋਂ ਪਰਵਾਸੀ ਮਜ਼ਦੂਰ ਛੁਡਾਏ ਗਏ ਜਿਨ੍ਹਾਂ ਨੂੰ ਗੁੱਜਰ ਆਪਣੇ ਕਬਜ਼ੇ ਵਿਚ ਰੱਖ ਕੇ ਉਨ੍ਹਾਂ ਤੋਂ ਬੇਰਹਿਮੀ ਨਾਲ ਕੰਮ ਲੈ ਰਹੇ ਸਨ। ਇਕ ਸਮਾਜ ਸੇਵੀ ਜਥੇਬੰਦੀ ਨੇ ਉਨ੍ਹਾਂ ਨੂੰ ਛੁਡਾ ਕੇ ਉਨ੍ਹਾਂ ਦੇ ਘਰ ਭੇਜਣ ਦਾ ਕਾਰਜ ਕੀਤਾ। ਗੁਲਾਮ ਨੂੰ ਸ਼ਹਿਰੀ ਆਜ਼ਾਦੀਆਂ ਭਾਵ ਮਰਜ਼ੀ ਅਨੁਸਾਰ ਫਿਰਨ ਤੁਰਨ, ਬੋਲਣ,-ਲਿਖਣ, ਇਕੱਠੇ ਹੋਣ, ਧਾਰਮਿਕ ਪਾਠ-ਪੂਜਾ ਕਰਨ, ਮਾਲਕ ਦੀ ਧੱਕੇਸ਼ਾਹੀ ਦਾ ਵਿਰੋਧ ਕਰਨ, ਸਰਕਾਰ ਦੇ ਗਠਨ ਲਈ ਵੋਟ ਪਾਉਣ ਅਤੇ ਨਿੱਜੀ ਆਜ਼ਾਦੀ ਆਦਿ ਦਾ ਕੋਈ ਅਧਿਕਾਰ ਨਹੀਂ ਹੁੰਦਾ। ਇੱਥੋਂ ਤਕ ਕਿ ਉਹ ਸੋਹਣੇ ਸੂਟ-ਬੂਟ ਪਾਉਣ, ਸੋਹਣੀ ਤਰ੍ਹਾਂ ਨਹਾਉਣ-ਧੋਣ ਅਤੇ ਖਾਣ-ਪੀਣ ਤੋਂ ਪੂਰਨ ਤੌਰ 'ਤੇ ਵਿਰਵੇ ਹੁੰਦੇ ਹਨ।

ਉਪਰੋਕਤ ਪਿੱਠ ਭੂਮੀ ਵਿਚ ਆਉਂਦੇ ਦਰਪੇਸ਼ ਵਿਸ਼ੇ ਦਾ ਨਿਰਣਾ ਕਰਦੇ ਹਾਂ। ਕਿਸੇ ਨੇਤਾ ਦੀ ਰਾਜਨੀਤੀ ਕੋਈ ਵੀ ਹੋ ਸਕਦੀ ਹੈ ਲੇਕਨ ਵਿਸ਼ੇ ਮੁਤਾਬਕ ਇੱਥੇ ਨਿਰਣਾ ਸਿੱਖ ਹੋਣ ਮੁਤਾਬਕ ਕਰਨਾ ਪਵੇਗਾ। ਪੰਜਾਬ ਦਾ ਇੱਕ ਸਿੱਖ ਨੇਤਾ ਗਿਆਨੀ ਜ਼ੈਲ ਸਿੰਘ ਵੱਖ-ਵੱਖ ਅਹੁਦਿਆਂ 'ਤੇ ਰਿਹਾ ਸੀ ਤੇ ਆਪਣੇ ਆਪ ਨੂੰ ਸਿੱਖਾਂ ਦੀ ਪਾਰਟੀ ਅਖਵਾਉਂਦੇ ਹੋਏ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਨੇਤਾ ਨੂੰ ਰਾਸ਼ਟਰਪਤੀ ਦੀ ਚੋਣ ਲਈ ਸਿੱਖ ਹੋਣ ਕਰਕੇ ਵੋਟਾਂ ਪਾਈਆਂ ਸਨ ਅਤੇ ਇੱਕ ਸਿੱਖ ਦੇਸ਼ ਦਾ ਰਾਸ਼ਟਰਪਤੀ ਰਿਹਾ ਹੈ। ਇੱਕ ਸਿੱਖ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ ਡਾਕਟਰ ਮਨਮੋਹਨ ਸਿੰਘ ਵਿਸ਼ਵ ਬੈਂਕ, ਰਿਜ਼ਰਵ ਬੈਂਕ ਅਤੇ ਹੋਰ ਮਹੱਤਵਪੂਰਨ ਅਹੁਦਿਆਂ ਉਤੇ ਕੰਮ ਕਰਨ ਤੋਂ ਬਾਅਦ 10 ਸਾਲ ਦੇਸ਼ ਦੇ ਪ੍ਰਧਾਨ ਮੰਤਰੀ ਰਹੇ। ਇਹ ਸਮੁੱਚੇ ਸਿੱਖ ਭਾਈਚਾਰੇ ਲਈ ਫਖ਼ਰ ਦੀ ਗੱਲ ਹੈ। ਕਿਸੇ ਵੀ ਪਾਰਟੀ ਦੀ ਕੇਂਦਰ ਸਰਕਾਰ ਦੇ ਵਿਚ ਕਈ ਸਿੱਖ ਕੈਬਨਿਟ ਮੰਤਰੀ ਰਹੇ ਹਨ। ਗੁਰਦਿਆਲ ਸਿੰਘ ਢਿੱਲੋਂ ਲੋਕ ਸਭਾ ਦੇ ਸਪੀਕਰ ਅਤੇ ਚਰਨਜੀਤ ਸਿੰਘ ਅਟਵਾਲ ਡਿਪਟੀ ਸਪੀਕਰ ਰਹੇ ਹਨ। ਸਰਦਾਰ ਦਰਬਾਰਾ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਵੱਖ-ਵੱਖ ਰਾਜਾਂ ਦੇ ਗਵਰਨਰ ਰਹੇ ਅਤੇ ਏਅਰ ਮਾਰਸ਼ਲ ਅਰਜਨ ਸਿੰਘ ਅਤੇ ਇਕਬਾਲ ਸਿੰਘ ਲੈਫਟੀਨੈਂਟ ਗਵਰਨਰ ਰਹੇ। ਇਕ ਹੋਰ ਮਾਣਯੋਗ ਅਤੇ ਮੰਨੀ-ਪ੍ਰਮੰਨੀ ਸ਼ਖ਼ਸੀਅਤ ਮਨੋਹਰ ਸਿੰਘ ਗਿੱਲ ਦੇਸ਼ ਅਤੇ ਵਿਦੇਸ਼ ਵਿਚ ਵੱਖ-ਵੱਖ ਅਹੁਦਿਆਂ ਉਤੇ ਰਹਿਣ



ਤੋਂ ਬਾਅਦ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਵੀ ਰਹੇ ਅਤੇ ਮੋਨਟੇਕ ਸਿੰਘ ਆਹਲੂਵਾਲੀਆ ਹੋਰ ਅਹੁਦਿਆਂ ਤੋਂ ਇਲਾਵਾ ਪਲੈਨਿੰਗ ਕਮਿਸ਼ਨ ਦੇ ਚੇਅਰਮੈਨ ਵੀ ਰਹੇ। ਕੇਂਦਰ ਦੀ ਪ੍ਰਸਿੱਧ ਜਾਂਚ ਏਜੰਸੀ ਸੀ.ਬੀ.ਆਈ. ਦੇ ਡਾਇਰੈਕਟਰ ਹੋਣ ਦਾ ਮਾਣ ਸਿੱਖ ਅਫਸਰ ਜੋਗਿੰਦਰ ਸਿੰਘ ਨੂੰ ਮਿਲਿਆ ਅਤੇ ਦੇਸ਼ ਦੀ ਸਰਵ-ਉਚ ਅਦਾਲਤ (ਸੁਪਰੀਮ ਕੋਰਟ) ਦੇ ਚੀਫ਼ ਜਸਟਿਸ, ਜਸਟਿਸ ਜਗਦੀਸ਼ ਸਿੰਘ ਖੇਰ ਰਹੇ। ਕੀ ਇਨ੍ਹਾਂ ਅਦਾਰਿਆਂ ਦੇ ਉਚ ਅਹੁਦਿਆਂ 'ਤੇ ਰਹਿਣਾ ਗੁਲਾਮੀ ਦੀ ਨਿਸ਼ਾਨੀ ਹੈ?

ਅਸਲ ਵਿਚ ਸਿੱਖਾਂ ਨੂੰ ਗੁਲਾਮ ਕਹਿਣ ਵਾਲੇ ਕਈ ਪੰਜਾਬ ਅਤੇ ਕਈ ਵਿਦੇਸ਼ ਵਿਚ ਬੈਠੇ ਲੋਕ ਐਵੇਂ ਤਰਕਹੀਣ ਗੱਲਾਂ ਕਰ ਰਹੇ ਹਨ। ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਭਾਰਤੀ ਫੌਜ ਦੁਨੀਆ ਵਿਚ ਸ਼ਕਤੀਸ਼ਾਲੀ ਫੌਜ ਹੈ। ਇਸ ਦੇ ਜਨਰਲ ਜਸਵੰਤ ਜੋਗਿੰਦਰ ਸਿੰਘ ਅਤੇ ਜਨਰਲ ਬਿਕਰਮ ਸਿੰਘ ਦੋ ਸਿੱਖ ਮੁਖੀ ਰਹੇ ਹਨ ਅਤੇ ਇਨ੍ਹਾਂ ਨੂੰ ਇਹ ਮਾਣ ਹਾਸਲ ਹੈ ਕਿ ਇਨ੍ਹਾਂ ਨੇ ਫੌਜ ਦੀ ਸ਼ਲਾਘਾਯੋਗ ਅਗਵਾਈ ਕੀਤੀ। ਪਿਛਲੇ ਲੰਮੇ ਸਮੇਂ ਤੋਂ ਚੀਨ ਨਾਲ ਸਰਹੱਦੀ ਵਿਵਾਦ ਵਿਚ ਚੀਨੀ ਫੌਜੀ ਅਫਸਰਾਂ ਨਾਲ ਭਾਰਤ ਸਰਕਾਰ ਵੱਲੋਂ ਉਤਰੀ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਰਣਬੀਰ ਸਿੰਘ ਜੋ ਕਿ ਸਿੱਖ ਅਫਸਰ ਹੈ ਗੱਲਬਾਤ ਵਿਚ ਵਧੀਆ ਕਾਰਗੁਜ਼ਾਰੀ ਦਿਖਾ ਰਿਹਾ ਹੈ। ਭਾਰਤੀ ਫੌਜ ਦੇ ਵੈਸਟਰਨ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਨੇ ਪਾਕਿਸਤਾਨ ਨਾਲ 1965 ਦੀ ਜੰਗ ਵਿਚ ਕਮਾਲ ਦੀ ਕਾਰਗੁਜ਼ਾਰੀ ਵਿਖਾਈ ਸੀ ਜਿਸ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। 1966 ਵਿਚ ਭਾਰਤ ਸਰਕਾਰ ਵੱਲੋਂ ਉਸਨੂੰ ਪਦਮ ਵਿਭੂਸ਼ਨ ਪੁਰਸਕਾਰ ਵੀ ਦਿੱਤਾ ਗਿਆ ਸੀ। ਫੌਜੀ ਅਫਸਰਾਂ ਦੀ ਲਿਸਟ ਬਹੁਤ ਲੰਮੀ ਹੈ ਜੋ ਸਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ, ਜਿਸ ਵਿਚ ਮੇਜਰ ਜਨਰਲ ਸ਼ੁਬੇਗ ਸਿੰਘ, ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਅਤੇ ਜੋਗਿੰਦਰ ਸਿੰਘ ਢਿੱਲੋਂ ਵੀ ਸ਼ਾਮਲ ਹਨ। ਸਿੱਖ ਹੀ ਨਹੀਂ ਸਮੁੱਚੇ ਭਾਰਤ ਦੇ ਲੋਕ ਇਨ੍ਹਾਂ ਦੇ ਨਾਂ ਅਗੇ ਸਿਰ ਝੁਕਾਉਂਦੇ ਹਨ।

ਇੱਥੇ ਹੀ ਬੱਸ ਨਹੀਂ ਹਵਾਈ ਫੌਜ ਦੇ ਮੁਖੀ ਏਅਰ ਮਾਰਸ਼ਲ ਅਰਜਨ ਸਿੰਘ, ਏਅਰ ਮਾਰਸ਼ਲ ਦਿਲਬਾਗ ਸਿੰਘ ਅਤੇ ਏਅਰ ਮਾਰਸ਼ਲ ਬਰਿੰਦਰ ਸਿੰਘ ਧਨੋਆ ਦਾ ਹਵਾਈ ਫੌਜ ਦੇ ਮੁਖੀ ਰਹਿਣਾ ਮਾਣ ਵਾਲੀ ਗੱਲ ਹੈ। ਇਨ੍ਹਾਂ ਤੋਂ ਇਲਾਵਾ ਸਿੱਖ ਅਫਸਰਾਂ ਦੀ ਲੰਮੀ ਲਿਸਟ ਹੈ। ਇੰਡੀਅਨ ਨੇਵੀ ਵਿਚ ਵੀ ਐਡਮਿਰਲ ਕਰਨਬੀਰ ਸਿੰਘ ਅਤੇ ਵਾਈਸ ਐਡਮਿਰਲ ਮਹਿੰਦਰ ਪਾਲ ਸਿੰਘ ਚੀਮਾ ਤੋਂ ਇਲਾਵਾ ਵੱਡੀ ਗਿਣਤੀ ਸਿੱਖ ਅਫਸਰ ਕੰਮ ਕਰਦੇ ਰਹੇ ਹਨ ਅਤੇ ਅੱਜ ਵੀ ਕਰ ਰਹੇ ਹਨ। ਇਨ੍ਹਾਂ ਸਾਰੇ ਅਫਸਰਾਂ ਦੀ ਕਾਰਗੁਜ਼ਾਰੀ ਉਤੇ ਮਾਣ ਕੀਤਾ ਜਾ ਸਕਦਾ ਹੈ।

ਉਨੀ ਸੌ ਸੰਤਾਲੀ ਤੋਂ ਬਾਅਦ ਕੁਝ ਕੁ ਮਹੀਨੇ ਛੱਡ ਕੇ ਪੰਜਾਬ ਦੇ ਸਿੱਖ ਹੀ ਮੁੱਖ ਮੰਤਰੀ ਰਹੇ ਹਨ ਅਤੇ ਬਹੁਗਿਣਤੀ ਸਿੱਖ ਮੰਤਰੀਆਂ ਦੀ ਹੀ ਰਹੀ ਹੈ। ਅੱਜ ਕੇਂਦਰ ਅਤੇ ਪੰਜਾਬ ਵਿਚ ਸਿੱਖ ਮੰਤਰੀ, ਖਿਡਾਰੀ, ਲੇਖਕ, ਡਾਕਟਰ, ਜੱਜ, ਰਾਜਸੀ ਨੇਤਾ, ਵਕੀਲ, ਪ੍ਰੋਫੈਸਰ, ਅਧਿਆਪਕ, ਆਈ.ਏ.ਐਸ, ਆਈ.ਪੀ.ਐੱਸ., ਪੀ.ਸੀ.ਐਸ., ਪੀ.ਪੀ.ਐਸ., ਪੱਤਰਕਾਰ, ਕਲਾਕਾਰ, ਸੰਗੀਤਕਾਰਾਂ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਵਿਚ ਸਿੱਖ ਅਫਸਰ ਹਨ ਅਤੇ ਪਹਿਲਾਂ ਵੀ ਰਹੇ ਹਨ। ਕੇਵਲ ਪੰਜਾਬ ਹੀ ਨਹੀਂ ਦੇਸ਼ ਭਰ ਵਿਚ ਸਿੱਖ ਵੱਖ-ਵੱਖ ਰਾਜਾਂ ਵਿਚ ਵੱਸਦੇ ਹਨ ਜੋ ਵਧੀਆ ਜੀਵਨ ਬਤੀਤ ਕਰ ਰਹੇ ਹਨ। ਪੰਜਾਬ ਅਤੇ ਬਾਹਰਲੇ ਰਾਜਾਂ ਵਿਚ ਵਸਦੇ ਸਿੱਖਾਂ ਵਿਚੋਂ ਕੁਝ ਇਕ ਤੋਂ ਬਿਨਾ ਸਭ ਕੋਲ ਵਧੀਆ ਘਰ, ਮੋਟਰਸਾਈਕਲ, ਕਾਰ, ਵਾਹੀਯੋਗ ਮਸ਼ੀਨਰੀ, ਖੇਤੀ ਯੋਗ ਜ਼ਮੀਨ ਹੈ। ਖੇਤੀ, ਵਪਾਰ, ਉਦਯੋਗ ਅਤੇ ਟਰਾਂਸਪੋਰਟ ਖੇਤਰ ਵਿਚ ਵੀ ਸਿੱਖਾਂ ਦਾ ਭਾਰਤ ਭਰ ਵਿਚ ਵਿਸ਼ੇਸ਼ ਯੋਗਦਾਨ ਹੈ। ਕੀ ਇਨ੍ਹਾਂ ਸਭ ਸਿੱਖਾਂ ਦਾ ਰਹਿਣ ਸਹਿਣ ਗੁਲਾਮੀ ਦੀ ਨਿਸ਼ਾਨੀ ਹੈ?

ਪੰਜਾਬ ਦੇ ਹਰ ਪਿੰਡ ਵਿਚ ਇੱਕ ਜਾਂ ਇੱਕ ਤੋਂ ਵੱਧ ਗੁਰਦੁਆਰੇ ਹਨ। ਧਾਰਮਿਕ ਦਿਨਾਂ ਉਤੇ ਨਗਰ ਕੀਰਤਨ ਕੱਢਣ, ਪਿੰਡ-ਸ਼ਹਿਰ, ਸੜਕਾਂ 'ਤੇ ਲੰਗਰ ਲਾਉਣ, ਸ਼ਬਦ ਕੀਰਤਨ ਕਰਨ ਤੋਂ ਕਦੇ ਕਿਸੇ ਨਹੀਂ ਰੋਕਿਆ। ਕਿਸੇ ਵੀ ਸੜਕ, ਪਾਰਕ, ਖੁੱਲ੍ਹੀ ਥਾਂ 'ਤੇ ਪੰਡਾਲ ਬਣਾ ਕੇ ਧਾਰਮਿਕ ਸਮਾਗਮ ਕਰਨ ਤੋਂ ਕੋਈ ਨਹੀਂ ਰੋਕਦਾ ਸਗੋਂ ਸਿੱਖ ਧਾਰਮਿਕ ਸਮਾਗਮਾਂ ਵਿਚ ਹਰ ਥਾਂ ਭਾਰੂ ਹੁੰਦੇ ਹਨ। ਫਿਰ ਸਿੱਖ ਗੁਲਾਮ ਕਿਵੇਂ ਹੋਏ? ਸਰਕਾਰੀ ਮੁਲਾਜ਼ਮਾਂ ਵਿਚ ਛੋਟੇ ਮੁਲਾਜ਼ਮ ਤੋਂ ਲੈ ਕੇ ਉਚ ਅਫਸਰ ਤੱਕ ਸਰਕਾਰੀ ਸੇਵਾ ਨਿਯਮਾਂ ਵਿਚ ਕਿਤੇ ਵੀ ਸਿੱਖਾਂ ਨੂੰ ਨਜ਼ਰ-ਅੰਦਾਜ਼ ਕਰਨ ਦੀ ਕੋਈ ਮਿਸਾਲ ਨਹੀਂ ਮਿਲਦੀ। 1947 ਤੋਂ ਬਾਅਦ ਰਾਜ ਕਰ ਰਹੀ ਰਾਜਨੀਤਕ ਮਸ਼ੀਨਰੀ, ਵੱਖ ਵੱਖ ਵਿਭਾਗਾਂ ਵਿਚ ਅਫਸਰਾਂ ਤੇ ਮੁਲਾਜ਼ਮਾਂ ਵਿਚ, ਧਾਰਮਿਕ ਖੇਤਰ ਵਿਚ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਤਾਂ ਸਿੱਖ ਗੁਲਾਮ ਕਿਵੇਂ ਹੋਏ? ਸਿੱਖਾਂ ਨੂੰ ਗੁਲਾਮ ਕਹਿਣ ਵਾਲੇ ਸੱਜਣਾਂ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਕਿਹੜੀ ਗੁਲਾਮੀ ਦੀ ਗੱਲ ਕਰਦੇ ਹਨ ਅਤੇ ਕਿਸ ਤਰ੍ਹਾਂ ਦੀ ਆਜ਼ਾਦੀ ਚਾਹੁੰਦੇ ਹਨ।

ਸਿੱਖਾਂ ਨੂੰ ਗੁਲਾਮ ਕਹਿਣ ਵਾਲੇ ਸੱਜਣਾਂ ਦੀਆਂ ਤਕਰੀਰਾਂ ਵਿਚ ਇਹ ਗੱਲ ਝਲਕਦੀ ਹੈ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਜਾਇਜ਼ ਨਾਜਾਇਜ਼ ਅਸਲਾ ਰੱਖਣ ਦੀ ਖੁੱਲ੍ਹ ਹੋਵੇ। ਉਹ ਭਾਵੇਂ ਇੱਕ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਭਾਵੇਂ ਆਪਣੇ ਵਿਰੋਧੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਉਣ ਉਨ੍ਹਾਂ ਨੂੰ ਕੋਈ ਪੁੱਛੇ ਨਾ। ਉਹ ਜਿਸ ਥਾਂ 'ਤੇ ਦਿਲ ਕਰੇ ਕਬਜ਼ਾ ਕਰ ਲੈਣ, ਕਿਸ ਤਰ੍ਹਾਂ ਦਾ ਪਹਿਰਾਵਾ ਪਾਉਣਾ ਹੈ, ਉਹ ਲੋਕਾਂ ਨੂੰ ਹੁਕਮ ਕਰਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਆਜ਼ਾਦੀ ਹੋਵੇ ਕਿ ਉਹ ਜਿਸ ਗੁਰਦੁਆਰੇ 'ਤੇ ਚਾਹੁੰਦੇ ਹਨ ਕਬਜ਼ਾ ਕਰ ਲੈਣ ਜਾਂ ਬਜ਼ੁਰਗਾਂ ਦੇ ਬੈਠਣ ਲਈ ਰੱਖਿਆ ਗੁਰਦੁਆਰੇ ਦਾ ਫਰਨੀਚਰ ਬਾਹਰ ਕੱਢ ਕੇ ਅੱਗ ਲਾ ਸਕਣ। ਉਹ ਜਿਸ ਵਿਅਕਤੀ ਨੂੰ ਚਾਹੁਣ ਸੋਧਾ ਲਾਉਣ ਦੇ ਨਾਂ 'ਤੇ ਮਾਰ ਕੁੱਟ ਸਕਣ। ਉਹ ਇਹ ਆਜ਼ਾਦੀ ਵੀ ਚਾਹੁੰਦੇ ਹਨ ਕਿ ਉਹ ਕਾਰਖਾਨੇਦਾਰਾਂ, ਵਪਾਰੀਆਂ, ਟਰਾਂਸਪੋਰਟਰਾਂ ਅਤੇ ਹੋਰ ਸਰਦੇ ਪੁੱਜਦੇ ਲੋਕਾਂ ਤੋਂ ਜਬਰੀ ਪੈਸੇ ਇਕੱਠੇ ਕਰ ਸਕਣ। ਇਨ੍ਹਾਂ ਦੇ ਅਖੌਤੀ ਸਿੱਖ ਚਿੰਤਕ ਇਹ ਵੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁੱਲ੍ਹ ਹੋਵੇ ਕਿ ਉਹ ਰੇਲ ਗੱਡੀ ਜਾਂ ਬਾਜ਼ਾਰ ਵਿਚ ਬੰਬ ਬਲਾਸਟ ਕਰ ਕੇ ਭੋਲੇ ਭਾਲੇ ਲੋਕਾਂ ਨੂੰ ਮਾਰ ਸਕਣ ਅਤੇ ਉਨ੍ਹਾਂ ਵੱਲੋਂ ਪੈਦਾ ਕੀਤੀ ਦਹਿਸ਼ਤ ਬਾਰੇ ਉਨ੍ਹਾਂ ਨੂੰ ਕੋਈ ਪੁੱਛੇ ਨਾ। ਜਾਪਦਾ ਹੈ ਕਿ ਉਹ 80ਵੇਂ ਦਹਾਕੇ ਵਾਲੀ ਕਾਰਜ-ਸ਼ੈਲੀ ਮੁੜ ਦੁਹਰਾਉਣਾ ਚਾਹੁੰਦੇ ਹਨ ਅਤੇ ਇਸ ਕਾਰਜ ਸ਼ੈਲੀ ਰਾਹੀਂ ਅਸਲ ਵਿਚ ਇਹ ਸਿੱਖਾਂ ਨੂੰ ਆਪਣੇ ਗੁਲਾਮ ਬਣਾਉਣਾ ਚਾਹੁੰਦੇ ਹਨ।

ਸਿੱਖ ਗੁਲਾਮ ਹੋਣ ਦੀਆਂ ਗੱਲਾਂ ਕਰਨ ਵਾਲੇ ਸਿੱਖ ਚਿੰਤਕ, ਅੱਜ ਕੱਲ੍ਹ ਸਿੱਖ ਨੌਜਵਾਨਾਂ ਨੂੰ ਸੰਦੇਸ਼ ਦੇ ਰਹੇ ਹਨ ਕਿ ਪੜ੍ਹਨ ਦਾ ਕੋਈ ਲਾਭ ਨਹੀਂ ਉਨ੍ਹਾਂ ਦੇ ਪੀਰ ਤਾਂ ਸ਼ਸਤਰ ਹਨ। ਉਹ ਸ਼ਬਦ ਗੁਰੂ, ਗਿਆਨ ਗੁਰੂ ਭੁੱਲ ਚੁੱਕੇ ਹਨ। ਪਾਠਕ ਸਮਝ ਸਕਦੇ ਹਨ ਕਿ ਪੜ੍ਹਾਈ ਛੱਡ ਕੇ ਸ਼ਸਤਰ ਚੁੱਕਣ ਦਾ ਸੰਦੇਸ਼ ਸਿੱਖ ਨੌਜਵਾਨਾਂ ਨੂੰ ਕਿਸ ਪਾਸੇ ਲੈ ਜਾਵੇਗਾ। ਪੜ੍ਹਾਈ ਵਿਚ ਮਿਹਨਤ ਕਰ ਕੇ ਹੀ ਨੌਜੁਆਨ ਚੰਗੀ ਪੁਜ਼ੀਸ਼ਨ 'ਤੇ ਪਹੁੰਚ ਸਕਦੇ ਹਨ ਅਤੇ ਜਿਨ੍ਹਾਂ ਨੌਜਵਾਨਾਂ ਨੇ ਮਿਹਨਤ ਕੀਤੀ ਹੈ ਉਹ ਚੰਗੀਆਂ ਪੁਜ਼ੀਸ਼ਨਾਂ 'ਤੇ ਪਹੁੰਚੇ ਵੀ ਹਨ। ਜਾਪਦਾ ਹੈ ਇਹ ਅਖੌਤੀ ਸਿੱਖ ਚਿੰਤਕ ਖੁਦ ਹੀ ਮਾਨਸਿਕ ਗੁਲਾਮੀ ਵਿਚ ਹਨ। ਮੇਰਾ ਵਿਚਾਰ ਹੈ ਕਿ ਗੁਲਾਮੀ-ਗੁਲਾਮੀ ਦਾ ਸਿਧਾਂਤ ਪੇਸ਼ ਕਰਨ ਵਾਲੇ ਸੱਜਣਾਂ ਨੂੰ ਇਸ ਸਿਧਾਂਤ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ।

ਭਾਰਤ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਦੀਆਂ ਕੇਂਦਰ ਵਿਚ ਬਣੀਆਂ ਸਰਕਾਰਾਂ ਨੇ ਪੰਜਾਬ ਨਾਲ ਵਿਤਕਰੇ ਕੀਤੇ ਹਨ ਅਤੇ ਲੰਮੇ ਸਮੇਂ ਤੋਂ ਪੰਜਾਬ ਦੇ ਲਟਕ ਰਹੇ ਮਸਲੇ ਹੱਲ ਨਹੀਂ ਕੀਤੇ। ਕੇਂਦਰ ਵਿਚ ਜਿਸ ਪਾਰਟੀ ਦੀ ਸਰਕਾਰ ਵੀ ਆਈ ਹੈ ਉਹ ਪੰਜਾਬ ਸਮੇਤ ਦੂਜੀਆਂ ਪਾਰਟੀਆਂ ਦੀਆਂ ਰਾਜ ਸਰਕਾਰਾਂ ਨਾਲ ਵਿਤਕਰਾ ਕਰਦੀ ਰਹੀ ਹੈ। ਇਹ ਵਿਤਕਰਾ ਕਾਂਗਰਸ ਵੀ ਕਰਦੀ ਰਹੀ ਹੈ ਤੇ ਹੁਣ ਭਾਜਪਾ ਵੀ ਕਰ ਰਹੀ ਹੈ। ਪੰਜਾਬ ਦੇ ਕਾਂਗਰਸੀ, ਅਕਾਲੀ ਅਤੇ ਭਾਜਪਾ ਦੇ ਲੀਡਰ ਜਦ ਆਪਣੀ ਪਾਰਟੀ ਦੀ ਕੇਂਦਰ ਵਿਚ ਸਰਕਾਰ ਹੁੰਦੀ ਹੈ ਤਾਂ ਪੰਜਾਬ ਦੇ ਮਸਲਿਆਂ ਬਾਰੇ ਚੁੱਪ ਰਹਿੰਦੇ ਹਨ। ਪ੍ਰੰਤੂ ਜਦ ਉਹ ਪੰਜਾਬ ਵਿਚ ਜਾਂ ਕੇਂਦਰ ਵਿਚ ਚੋਣ ਹਾਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੰਜਾਬ ਦੇ ਮੁੱਦੇ ਯਾਦ ਆ ਜਾਂਦੇ ਹਨ। ਅੱਜ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਿਚ ਸਰਕਾਰ ਹੈ ਜਿਸ ਕਰਕੇ ਪੰਜਾਬ ਦੇ ਭਾਜਪਾ ਲੀਡਰ ਕੇਂਦਰ ਸਰਕਾਰ ਕੋਲ ਪੰਜਾਬ ਦੇ ਮੁੱਦੇ ਉਠਾਉਣ ਤੋਂ ਚੁੱਪ ਹਨ। ਇੰਜ ਹੀ ਅਕਾਲੀ ਦਲ ਨੂੰ ਇਹ ਲੱਗਦਾ ਹੈ ਕਿ ਉਹ ਫਿਰ ਭਾਜਪਾ ਨਾਲ ਗੱਠਜੋੜ ਕਰੇਗਾ, ਜਿਸ ਕਰਕੇ ਉਹ ਭਾਜਪਾ ਵਿਰੁੱਧ ਬੋਲਣ ਤੋਂ ਗੁਰੇਜ਼ ਕਰ ਰਿਹਾ ਹੈ। ਇਹ ਸਿਰੇ ਦੀ ਮੌਕਾਪ੍ਰਸਤੀ ਹੈ ਜਿਸ ਦਾ ਪੰਜਾਬ ਸੰਤਾਪ ਭੁਗਤ ਰਿਹਾ ਹੈ ਅਤੇ ਅਗਾਂਹ ਵੀ ਭੁਗਤੇਗਾ।

ਜੇਕਰ ਪੰਜਾਬ ਨਾਲ ਕੇਂਦਰ ਸਰਕਾਰ ਵਿਤਕਰਾ ਕਰਦੀ ਹੈ ਤਾਂ ਇਹ ਸਮੁੱਚੇ ਪੰਜਾਬੀਆਂ ਦਾ ਮਸਲਾ ਹੈ ਇਕੱਲੇ ਸਿੱਖਾਂ ਦਾ ਨਹੀਂ। ਪੰਜਾਬ ਦੇ ਮੁੱਦਿਆਂ ਨੂੰ ਹੱਲ ਕਰਾਉਣ ਲਈ ਦੇਸ਼ ਦੇ ਕਾਨੂੰਨੀ ਦਾਇਰੇ ਵਿਚ ਰਹਿੰਦੇ ਹੋਏ ਸੰਘਰਸ਼ ਕਰਨ ਦੀ ਲੋੜ ਹੈ। ਕਾਨੂੰਨੀ ਦਾਇਰੇ ਵਿਚ ਰਹਿਣਾ ਗੁਲਾਮੀ ਨਹੀਂ ਹੁੰਦੀ। ਜਿਹੜੇ ਸਿੱਖ ਅਮਰੀਕਾ, ਕੈਨੇਡਾ, ਇੰਗਲੈਂਡ, ਅਸਟ੍ਰੇਲੀਆ ਜਾਂ ਹੋਰ ਮੁਲਕਾਂ ਵਿਚ ਰਹਿ ਰਹੇ ਹਨ, ਉਹ ਉਥੋਂ ਦੇ ਕਾਨੂੰਨ ਅਧੀਨ ਹਨ ਜਿਸ ਕਰਕੇ ਉਨ੍ਹਾਂ ਨੂੰ ਗੁਲਾਮ ਕਹਿਣਾ ਉਚਿਤ ਨਹੀਂ। ਇਸੇ ਤਰ੍ਹਾਂ ਭਾਰਤ ਵਿਚ ਆਜ਼ਾਦ ਅਤੇ ਸ਼ਾਂਤੀਪੂਰਨ ਰਹਿ ਰਹੇ ਸਿੱਖਾਂ ਨੂੰ ਗੁਲਾਮ ਕਹਿਣਾ ਤਰਕ ਰਹਿਤ ਅਤੇ ਹਾਸੋਹੀਣਾ ਵਿਚਾਰ ਹੈ, ਜਿਸ ਦਾ ਕੋਈ ਲਾਭ ਨਹੀਂ ਹੈ। ਲੋਕਾਂ ਨੂੰ ਇਸ ਪ੍ਰਚਾਰ ਪਿੱਛੇ ਲੁਕੇ ਮਨਸੂਬੇ ਤੋਂ ਚੌਕਸ ਰਹਿਣ ਦੀ ਲੋੜ ਹੈ।

# ਆਪਣੀ ਬੋਲੀ, ਧਰਮ ਅਤੇ ਲਿੱਪੀ: ਅੰਤਰ ਸਬੰਧ

***ਅਰਬਾਂ ਖਰਬਾਂ ਸਾਲ ਪਹਿਲਾਂ ਅਸੀਂ ਵੀ ਹੋਰ ਚੌਪਾਏ ਜਾਨਵਰਾਂ ਵਾਂਗ ਚਾਰ ਲੱਤਾਂ 'ਤੇ ਤੁਰਨ ਵਾਲੇ ਜਾਨਵਰ ਹੀ ਸਾਂ। ਜਿਉਂ ਜਿਉਂ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਸ਼ੁਰੂ ਹੋਇਆ, ਸਾਡੇ ਬੰਦੇ ਬਣਨ ਦੀ ਪ੍ਰਕਿਰਿਆ ਸ਼ੁਰੂ ਹੋਈ। ਅੱਜ ਜਾਨਵਰਾਂ ਨਾਲੋਂ ਮਨੁੱਖਾਂ ਦਾ ਸਿਰਫ ਏਨਾ ਹੀ ਫਰਕ ਹੈ ਕਿ ਸਾਡੇ ਕੋਲ ਵਿਕਸਤ ਭਾਸ਼ਾ ਹੈ। ਪੰਛੀ ਪਹਿਲਾਂ ਤੋਂ ਹੀ ਪਰਾਂ ਨਾਲ ਉਡਦੇ ਹਨ, ਬੰਦੇ ਨਹੀਂ ਸਨ ਉਡਦੇ ਹੁੰਦੇ। ਬੰਦੇ ਨੇ ਭਾਸ਼ਾ ਨਾਲ ਉਡਣਾ ਸਿੱਖਿਆ, ਜਹਾਜ਼ ਯਾਨੀ ਤਕਨਾਲੋਜੀ ਨਾਲ ਉਡਣਾ ਸ਼ੁਰੂ ਕੀਤਾ। ਤਕਨਾਲੋਜੀ ਭਾਸ਼ਾ ਨਾਲ ਹੋਂਦ ਵਿਚ ਆਉਂਦੀ ਹੈ। ਜਿਉਂ ਜਿਉਂ ਬੋਲੀ ਨੇ ਵਿਕਾਸ ਕੀਤਾ ਤਿਉਂ ਤਿਉਂ ਬੰਦੇ ਨੇ ਭਾਵ ਮਨੁੱਖੀ ਸੱਭਿਅਤਾ ਨੇ ਵਿਕਾਸ ਕੀਤਾ।***



**ਜਸਵੰਤ ਜ਼ਫ਼ਰ**

ਮੈਂ ਪੰਜਾਬ ਵਿਚ ਜੰਮਿਆ ਪਲਿਆ ਹਾਂ ਅਤੇ ਮੇਰੀ ਮਾਂ ਬੋਲੀ ਪੰਜਾਬੀ ਹੈ, ਇਸ ਲਈ ਮੈਂ ਪੰਜਾਬੀ ਬੰਦਾ ਹਾਂ। ਆਪਣੇ ਖਿੱਤੇ ਅਤੇ ਮਾਂ ਬੋਲੀ ਕਾਰਨ ਮੈਂ ਬਣਿਆ ਬਣਾਇਆ ਪੰਜਾਬੀ ਹਾਂ। ਦੂਸਰੀਆਂ ਬੋਲੀਆਂ ਮੈਨੂੰ ਸਿੱਖਣੀਆਂ ਪਈਆਂ ਹਨ ਪਰ ਮਾਂ ਬੋਲੀ ਬਿਨਾ ਕਿਸੇ ਸਿਖਲਾਈ ਦੇ ਆਪਣੇ ਮਾਹੌਲ 'ਚੋਂ ਮਿਲੀ ਹੈ। ਮਾਂ ਬੋਲੀ ਨੂੰ ਸਿੱਖਣ ਦੀ ਬਜਾਇ ਸਹਿ-ਸੁਭਾਅ ਗ੍ਰਹਿਣ ਕੀਤਾ ਹੈ। ਹੋਰ ਬੋਲੀਆਂ ਨੂੰ ਉਹਨਾਂ ਦੀ ਵਿਆਕਰਨ ਦੇ ਮਾਧਿਅਮ ਰਾਹੀਂ ਸਿੱਖਦਾ ਹਾਂ। ਆਪਣੀ ਬੋਲੀ ਵਿਆਕਰਨ ਜਾਣੇ ਬਗੈਰ ਬਿਲਕੁਲ ਠੀਕ ਬੋਲਣੀ ਆ ਗਈ ਹੈ। ਦੁਨੀਆ ਭਰ ਦੇ ਸਾਰੇ ਅਨਪੜ੍ਹਾਂ ਨੂੰ ਵੀ ਆਪਣੀ ਮਾਂ ਬੋਲੀ ਠੀਕ ਬੋਲਣੀ ਆ ਜਾਂਦੀ ਹੈ ਹਾਲਾਂਕਿ ਉਹਨਾਂ ਨੂੰ ਆਪਣੀ ਬੋਲੀ ਦੀ ਵਿਆਕਰਨ ਦਾ ਉੱਕਾ ਇਲਮ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਦੋ ਸ਼ਬਦ ਹਨ: ਪੀਲਾ ਪੱਤਾ। ਇਹਨਾਂ ਦਾ ਬਹੁ ਬਚਨ ਕਹਿਣਾ ਹੋਵੇ ਤਾਂ ਕਹਾਂਗਾ: ਪੀਲੇ ਪੱਤੇ। ਇਸੇ ਤਰ੍ਹਾਂ ਨੀਲਾ ਘੋੜਾ ਦਾ ਬਹੁ ਵਚਨ ਹੋਵੇਗਾ: ਨੀਲੇ ਘੋੜੇ ਪਰ ਲਾਲ ਤਾਰਾ ਦਾ ਬਹੁ ਬਚਨ ਲਾਲੇ ਤਾਰੇ ਨਹੀਂ, ਲਾਲ ਤਾਰੇ ਹੀ ਕਹਾਂਗਾ। ਇਹ ਮੈਨੂੰ ਕਿਸੇ ਵਿਆਕਰਨ ਪੜ੍ਹਾਉਣ ਵਾਲੇ ਨੇ ਨਹੀਂ ਸਿਖਾਇਆ। ਮਾਂ ਬੋਲੀ ਨਿਰਉਚੇਚ ਬੋਲ ਲਈਦੀ ਹੈ, ਬਿਲਕੁਲ ਉਵੇਂ ਜਿਵੇਂ ਸਾਹ ਸੋਚ ਕੇ ਨਹੀਂ ਲਏ ਜਾਂਦੇ।

ਜਿਥੇ ਮਾਂ ਬੋਲੀ ਸੁਤੇ-ਸਿੱਧ ਗ੍ਰਹਿਣ ਹੁੰਦੀ ਹੈ, ਉਥੇ ਧਰਮ ਆਪ ਧਾਰਨ ਕੀਤਾ ਜਾਂਦਾ ਹੈ। ਸਿੱਖ ਧਰਮ ਦੇ ਤਾਂ ਨਾਂ ਤੋਂ ਹੀ ਜ਼ਾਹਿਰ ਹੈ ਕਿ ਇਹ ਧਰਮ ਸਿੱਖਣਾ ਪੈਂਦਾ ਹੈ। ਸਿੱਖ ਵਿਚਾਰਧਾਰਾ ਜਨਮ ਆਧਾਰਿਤ ਜਾਤ ਪ੍ਰਬੰਧ ਅਤੇ ਧਰਮ ਪ੍ਰਬੰਧ ਨੂੰ ਮਾਨਤਾ ਨਹੀਂ ਦਿੰਦੀ ਪਰ ਮੈਂ ਸਿੱਖ ਧਰਮ ਧਾਰਨ ਕਰਨ ਵਾਲੇ ਦੀ ਬਜਾਇ ਆਪਣੇ ਆਪ ਨੂੰ ਸਿੱਖ ਅਖਵਾਉਂਦੇ ਪਰਿਵਾਰ ਵਿਚ ਪੈਦਾ ਹੋਇਆ ਜਨਮ ਆਧਾਰਿਤ ਸਿੱਖ ਹਾਂ। ਪਹਿਲੇ ਜ਼ਮਾਨੇ ਵਿਚ ਦੂਸਰੇ ਵਿਸ਼ਵਾਸਾਂ ਦੇ ਲੋਕ ਸਿੱਖ ਵਿਚਾਰਧਾਰਾ ਦੇ ਲੜ ਲੱਗ ਕੇ ਆਪਣੇ ਆਪ ਨੂੰ ਰੂਪਾਂਤ੍ਰਿਤ ਕਰ ਕੇ ਸਿੱਖ ਬਣਦੇ ਸਨ। ਉਹ ਸੜ ਮਰਨ ਦੀ ਪਰਵਾਹ ਕੀਤੇ ਬਿਨਾ ਸਿੱਖੀ ਦੀ ਬਲਦੀ ਸ਼ਮਾਂ ਵੱਲ ਆਕਰਸ਼ਿਤ ਹੋਏ ਪਰਵਾਨੇ ਸਨ। ਉਹ ਪੁਰਾਣੇ ਅਤੇ ਪ੍ਰਚਲਤ ਵਿਸ਼ਵਾਸਾਂ ਨੂੰ ਤਿਆਗ ਕੇ ਨਵੀਂ ਨਿਰੋਈ ਜੀਵਨ ਸ਼ੈਲੀ ਸਿੱਖਣ ਵਾਲੇ ਸਿੱਖ ਬਣਦੇ ਜਾਂ ਸਿੱਖ ਅਖਵਾਉਣ ਦੇ ਅਧਿਕਾਰੀ ਬਣਦੇ ਸਨ। ਕਹਿ ਸਕਦੇ ਹੋ ਕਿ ਮੇਰਾ ਸੰਬੰਧ ਸਿੱਖ ਧਰਮ ਨਾਲੋਂ ਵਧੇਰੇ ਸਿੱਖ ਫਿਰਕੇ ਨਾਲ ਹੈ। ਹੋਣਾ ਤਾਂ ਨਹੀਂ ਚਾਹੀਦਾ ਪਰ ਮੈਂ ਬਣੇ ਬਣਾਏ ਪੰਜਾਬੀ ਵਾਂਗ ਹੀ ਬਣਿਆ ਬਣਾਇਆ ਸਿੱਖ ਹਾਂ।

ਅਰਬਾਂ ਖਰਬਾਂ ਸਾਲ ਪਹਿਲਾਂ ਅਸੀਂ ਵੀ ਹੋਰ ਚੌਪਾਏ ਜਾਨਵਰਾਂ ਵਾਂਗ ਚਾਰ ਲੱਤਾਂ 'ਤੇ ਤੁਰਨ ਵਾਲੇ ਜਾਨਵਰ ਹੀ ਸਾਂ। ਜਿਉਂ ਜਿਉਂ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਸ਼ੁਰੂ ਹੋਇਆ, ਸਾਡੇ ਬੰਦੇ ਬਣਨ ਦੀ ਪ੍ਰਕਿਰਿਆ ਸ਼ੁਰੂ ਹੋਈ। ਅੱਜ ਜਾਨਵਰਾਂ ਨਾਲੋਂ ਮਨੁੱਖਾਂ ਦਾ ਸਿਰਫ ਏਨਾ ਹੀ ਫਰਕ ਹੈ ਕਿ ਸਾਡੇ ਕੋਲ ਵਿਕਸਤ ਭਾਸ਼ਾ ਹੈ। ਪੰਛੀ ਪਹਿਲਾਂ ਤੋਂ ਹੀ ਪਰਾਂ ਨਾਲ ਉਡਦੇ ਹਨ, ਬੰਦੇ ਨਹੀਂ ਸਨ ਉਡਦੇ ਹੁੰਦੇ। ਬੰਦੇ ਨੇ ਭਾਸ਼ਾ ਨਾਲ ਉਡਣਾ ਸਿੱਖਿਆ, ਜਹਾਜ਼ ਯਾਨੀ ਤਕਨਾਲੋਜੀ ਨਾਲ ਉਡਣਾ ਸ਼ੁਰੂ ਕੀਤਾ। ਤਕਨਾਲੋਜੀ ਭਾਸ਼ਾ ਨਾਲ ਹੋਂਦ ਵਿਚ ਆਉਂਦੀ ਹੈ। ਜਿਉਂ ਜਿਉਂ ਬੋਲੀ ਨੇ ਵਿਕਾਸ ਕੀਤਾ, ਤਿਉਂ ਤਿਉਂ ਬੰਦੇ ਨੇ ਭਾਵ ਮਨੁੱਖੀ ਸੱਭਿਅਤਾ ਨੇ ਵਿਕਾਸ ਕੀਤਾ। ਹਰ ਸੱਭਿਅਤਾ ਸ਼ਬਦ ਨਾਲ ਸ਼ੁਰੂ ਹੋਈ, ਬੋਲੀ ਨਾਲ ਸ਼ੁਰੂ ਹੋਈ। ਜਿਉਂ ਜਿਉਂ ਕੋਈ ਬੋਲੀ ਜਾਂ ਭਾਸ਼ਾ ਵਿਕਸਤ ਹੋਈ, ਤਿਉਂ ਤਿਉਂ ਉਸ ਸੱਭਿਅਤਾ ਦੀਆਂ ਬਾਕੀ ਚੀਜ਼ਾਂ ਨੇ ਵਿਕਾਸ ਕੀਤਾ। ਜਿਹੜੇ ਪ੍ਰਾਚੀਨ ਕਬੀਲੇ ਸਦੀਆਂ ਤੋਂ ਅਜੇ ਤੱਕ ਜਿਉਂ ਦੇ ਤਿਉਂ ਹਨ, ਉਹਨਾਂ ਦੀ ਭਾਸ਼ਾ ਵੀ ਜਿਉਂ ਦੀ ਤਿਉਂ ਹੈ। ਜਿਹੜੇ ਯੂਰਪੀ ਭਾਈਚਾਰਿਆਂ ਨੇ ਬਹੁਤ ਤੇਜ਼ੀ ਨਾਲ ਵਿਕਾਸ ਕੀਤਾ, ਉਹਨਾਂ ਦੀਆਂ ਬੋਲੀਆਂ ਵੀ ਬਹੁਤ ਤੇਜ਼ੀ ਨਾਲ ਵਿਕਸਤ ਹੋਈ ਹੋਈਆਂ। ਬਾਹਰਵੀਂ ਤੇਰ੍ਹਵੀਂ ਸਦੀ ਵਿਚ ਅੰਗਰੇਜ਼ੀ ਨੂੰ ਹੋਰ ਕਈ ਯੂਰਪੀ ਭਾਸ਼ਾਵਾਂ ਦੇ ਮੁਕਾਬਲੇ ਬਹੁਤ ਪਛੜੀ ਭਾਸ਼ਾ ਮੰਨਿਆ ਜਾਂਦਾ ਸੀ, ਉਸ ਨੂੰ ਉਜੱਡਾਂ ਦੀ ਭਾਸ਼ਾ ਕਿਹਾ ਜਾਂਦਾ ਸੀ ਪਰ ਉਹਨਾਂ ਲਗਾਤਾਰ ਸਰਗਰਮੀ ਨਾਲ ਆਪਣੀ ਬੋਲੀ ਨੂੰ ਅਮੀਰ ਕੀਤਾ। ਹੋਰ ਬੋਲੀਆਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਆਪਣੀ ਬੋਲੀ ਵਿਚ ਸ਼ਾਮਲ ਕੀਤੀਆਂ। ਉਹਨਾਂ



ਦਾ ਸ਼ਬਦ ਫਾਦਰ ਸਾਡੇ ਕੋਲੋਂ ਗਿਆ ਹੋਇਆ ਹੈ। ਸਾਡਾ ਪਿਤਰ ਸ਼ਬਦ ਜਰਮਨ ਵਿਚੋਂ ਹੁੰਦਾ ਹੋਇਆ ਫਿਤਰ, ਫਿਦਰ ਅਖੀਰ ਅੰਗਰੇਜ਼ੀ ਦਾ ਫਾਦਰ ਹੋ ਗਿਆ। ਸਾਡਾ ਭਰਾ ਜਾਂ ਭਰਾਤਰ ਵੀ ਬਰਾਤਰ, ਬਰਾਦਰ ਹੁੰਦਾ ਹੋਇਆ ਉਹਨਾਂ ਦਾ ਬਰੱਦਰ ਬਣ ਗਿਆ। ਸਾਡਾ ਭਾਈਚਾਰਾ ਜੋ ਬਰਾਦਰੀ ਉਹਨਾਂ ਦੀ ਬਰਦਰ+ਹੁੱਡ। ਸਾਡੇ ਦੰਦ ਜਾਂ ਦੰਤ ਤੋਂ ਹੀ ਉਹਨਾਂ ਦਾ ਦੰਤਲ ਜਾਂ ਡੈਂਟਲ ਬਣਿਆਂ। ਅੰਗਰੇਜ਼ਾਂ ਨੇ ਆਪਣੀ ਬੋਲੀ ਦੇ ਨਾਲ ਨਾਲ ਵਿਕਾਸ ਕੀਤਾ।

ਸੱਭਿਆਚਾਰ ਦੀਆਂ ਮੂਲ ਗੱਲਾਂ ਵਿਚੋਂ ਮਾਂ ਬੋਲੀ ਪਹਿਲੇ ਨੰਬਰ 'ਤੇ ਆਉਂਦੀ ਹੈ। ਕੋਈ ਬੋਲੀ ਜਾਂ ਸੱਭਿਆਚਾਰ ਕਿਸੇ ਖਾਸ ਖਿੱਤੇ ਦੇ ਹੁੰਦੇ ਹਨ। ਕਿਸੇ ਬਾਹਰਲੇ ਮੁਲਕ ਵਿਚ ਵਸਦਾ ਜੇ ਕੋਈ ਪੰਜਾਬੀ ਬੰਦਾ ਮਿਲੇਗਾ ਤਾਂ ਉਹ ਪੰਜਾਬ ਤੋਂ ਗਿਆ ਹੋਇਆ ਮਿਲੇਗਾ ਜਾਂ ਉਸ ਦਾ ਪਿਓ ਦਾਦਾ ਪੰਜਾਬ ਦੀ ਧਰਤੀ ਤੋਂ ਗਿਆ ਹੋਵੇਗਾ। ਦੂਰ ਦੁਰਾਡੇ ਦੂਸਰੀ ਧਰਤੀ 'ਤੇ ਵਸੇ ਲੋਕਾਂ ਦੀ ਮਾਂ ਬੋਲੀ ਵੀ ਇਕ ਦੋ ਪੀੜ੍ਹੀਆਂ ਬਾਅਦ ਬਦਲ ਜਾਂਦੀ ਹੈ, ਉਸ ਧਰਤੀ ਦੀ ਬੋਲੀ ਉਹਨਾਂ ਦੀ ਮਾਂ ਬੋਲੀ ਬਣ ਜਾਂਦੀ ਹੈ। ਬਾਬਾ ਫਰੀਦ ਦਾ ਦਾਦਾ ਅਫਗਾਨਿਸਤਾਨ ਤੋਂ ਆ ਕੇ ਪੰਜਾਬ ਦੇ ਮੁਲਤਾਨ ਇਲਾਕੇ ਵਿਚ ਵਸਿਆ ਸੀ। ਉਸ ਦੀ ਤੀਜੀ ਪੀੜ੍ਹੀ ਦੇ ਫਰੀਦ ਦੀ ਮਾਂ ਬੋਲੀ ਪੰਜਾਬੀ ਹੋ ਗਈ ਅਤੇ ਉਸ ਨੂੰ ਪੰਜਾਬੀ ਮਾਂ ਬੋਲੀ ਦਾ ਪਹਿਲਾ ਵੱਡਾ ਸ਼ਾਇਰ ਮੰਨਿਆ ਜਾਂਦਾ ਹੈ। ਬਿਹਾਰ ਤੋਂ ਪੰਜਾਬ ਆ ਵਸੇ ਮਜ਼ਦੂਰਾਂ ਦੇ ਏਥੇ ਪੈਦਾ ਹੋਏ ਬੱਚਿਆਂ ਜਾਂ ਹੱਦ ਬੱਚਿਆਂ ਦੇ ਬੱਚਿਆਂ ਦੀ ਬੋਲੀ ਭੋਜਪੁਰੀ ਤੋਂ ਪੰਜਾਬੀ ਹੋ ਜਾਂਦੀ ਹੈ। ਅਸੀਂ ਥੋੜ੍ਹਾ ਹਠੀ ਲੋਕ ਹਾਂ, ਇਸ ਲਈ ਅਸੀਂ ਦੂਸਰੀਆਂ ਧਰਤੀਆਂ 'ਤੇ ਜਾ ਕੇ ਆਪਣੀ ਮਾਂ ਬੋਲੀ ਨੂੰ ਪੀੜ੍ਹੀ ਦਰ ਪੀੜ੍ਹੀ ਸਲਾਮਤ ਰੱਖਣ ਦੇ ਇਛੁਕ ਹਾਂ ਪਰ ਨਿਸ਼ਚੇ ਨਾਲ ਨਹੀਂ ਕਹਿ ਸਕਦੇ ਕਿ ਅਸੀਂ ਇਸ ਵਿਚ ਕਾਮਯਾਬ ਹੋਵਾਂਗੇ।



ਬੋਲੀ ਦੇ ਉਲਟ ਧਰਮ ਕਿਸੇ ਵਿਸ਼ੇਸ਼ ਖਿੱਤੇ ਦਾ ਨਹੀਂ ਹੁੰਦਾ। ਕੋਈ ਬੰਦਾ ਅਮਰੀਕਾ ਵਿਚ ਪੈਦਾ ਹੋ ਕੇ ਉਥੇ ਰਹਿੰਦਿਆਂ ਸਿੱਖ ਬਣ ਸਕਦਾ ਹੈ। ਇਸੇ ਤਰ੍ਹਾਂ ਇਰਾਨ ਦੀ ਧਰਤੀ 'ਤੇ ਪੈਦਾ ਹੋਇਆ ਅਤੇ ਉਥੋਂ ਦੀ ਬੋਲੀ ਅਤੇ ਸੱਭਿਆਚਾਰ ਨਾਲ ਸੰਬੰਧਤ ਕੋਈ ਸਿੱਖ ਮਿਲ ਸਕਦਾ ਹੈ। ਸਿੱਖ ਦੁਨੀਆ ਦੇ ਕਿਸੇ ਖਿੱਤੇ, ਬੋਲੀ ਜਾਂ ਸਭਿਆਚਾਰ ਨਾਲ ਸੰਬੰਧਤ ਹੋ ਸਕਦੇ ਹਨ। ਕੋਈ ਗੁਜਰਾਤੀ ਸਿੱਖ, ਕੋਈ ਦੱਖਣੀ ਸਿੱਖ, ਕੋਈ ਬੰਬਈਆ ਸਿੱਖ, ਕੋਈ ਸਿੰਧੀ ਸਿੱਖ, ਕੋਈ ਅਫਗਾਨ ਸਿੱਖ ਹੋ ਸਕਦਾ ਹੈ। ਗੁਰੂ ਦੀ ਸਾਂਝ ਕਾਰਨ ਇਹ ਸਾਰੇ ਪੰਜਾਬ ਵਾਸੀ ਪੰਜਾਬੀ ਸਿੱਖਾਂ ਦੇ ਗੁਰਭਾਈ ਹਨ। ਦੂਜੇ ਪਾਸੇ ਪੰਜਾਬੀ ਬੰਦਾ ਕਿਸੇ ਵੀ ਧਾਰਮਿਕ ਵਿਸ਼ਵਾਸ ਵਾਲਾ ਹੋ ਸਕਦਾ ਹੈ ਜਿਵੇਂ ਕੋਈ ਹਿੰਦੂ ਪੰਜਾਬੀ ਹੋ ਸਕਦਾ ਹੈ, ਕੋਈ ਮੁਸਲਿਮ ਪੰਜਾਬੀ, ਕੋਈ ਜੈਨੀ ਪੰਜਾਬੀ, ਕੋਈ ਇਸਾਈ ਪੰਜਾਬੀ ਹੋ ਸਕਦਾ ਹੈ। ਇਹ ਮਾਂ ਬੋਲੀ ਦੀ ਸਾਂਝ ਕਾਰਨ ਇਹ ਸਾਰੇ ਸਿੱਖ ਪੰਜਾਬੀਆਂ ਦੇ ਮਾਂ ਜਾਏ ਹਨ। ਪੰਜਾਬੀ ਹੋਣਾ ਅਤੇ ਸਿੱਖ ਹੋਣਾ ਵੱਖਰੀਆਂ ਵੱਖਰੀਆਂ ਗੱਲਾਂ ਹਨ ਪਰ ਅਕਸਰ ਇਹਨਾਂ ਨੂੰ ਰਲਗੱਡ ਕਰ ਕੇ ਦੇਖਿਆ ਜਾਂਦਾ ਹੈ। ਅਸੀਂ ਬਹੁਤ ਵਾਰ ਪੰਜਾਬੀ ਸੱਭਿਆਚਾਰ ਨੂੰ ਸਿੱਖ ਸੱਭਿਆਚਾਰ ਸਮਝ ਲੈਂਦੇ ਹਾਂ ਅਤੇ ਸਿੱਖ ਜੀਵਨ ਜਾਚ ਨੂੰ ਪੰਜਾਬੀ ਸੱਭਿਆਚਾਰ ਕਹਿ ਲੈਂਦੇ ਹਾਂ। ਰਲਗੱਡ ਕਰਨ ਦੀ ਇਸ ਪ੍ਰਵਿਰਤੀ, ਸਮਝ ਜਾਂ ਸਿਆਸਤ ਨਾਲ ਅਸੀਂ ਪੰਜਾਬ ਅਤੇ ਪੰਜਾਬੀ ਦਾ ਵੀ ਬਹੁਤ ਨੁਕਸਾਨ ਕੀਤਾ ਅਤੇ ਸਿੱਖੀ ਨੂੰ ਵੀ ਚੋਖੀ ਢਾਅ ਲਾਈ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਜਿਥੇ ਬੋਲੀ ਅਤੇ ਸੱਭਿਆਚਾਰ ਦਾ ਸੰਬੰਧ ਮੁੱਖ ਤੌਰ 'ਤੇ ਕਿਸੇ ਭੂਗੋਲਿਕ ਖੇਤਰ ਨਾਲ ਹੁੰਦਾ ਹੈ, ਉਥੇ ਧਰਮ ਦਾ ਸੰਬੰਧ ਉਸ ਦੇ ਮੁੱਖ ਗਰੰਥ ਜਾਂ ਗਰੰਥਾਂ ਨਾਲ ਹੁੰਦਾ ਹੈ।

ਅਸੀਂ ਬੋਲੀ ਅਤੇ ਲਿੱਪੀ ਨੂੰ ਵੀ ਬਹੁਤ ਰਲਗੱਡ ਕਰ ਦਿੰਦੇ ਹਾਂ। ਅਸਲ ਵਿਚ ਇਹ ਵੱਖਰੀਆਂ ਵੱਖਰੀਆਂ ਚੀਜ਼ਾਂ ਹਨ। ਮੈਂ ਆਪਣੀ ਮਾਂ ਬੋਲੀ ਭਾਵੇਂ ਦੂਸਰੀਆਂ ਬੋਲੀਆਂ ਵਾਂਗ ਨਹੀਂ ਸਿੱਖੀ ਪਰੰਤੂ ਆਪਣੀ ਲਿੱਪੀ ਓਦਾਂ ਹੀ ਸਿੱਖੀ ਹੈ ਜਿਸ ਤਰ੍ਹਾਂ ਬੇਗਾਨੀਆਂ ਲਿੱਪੀਆਂ ਸਿੱਖੀਆਂ ਹਨ। ਉੜਾ ਐੜਾ ਉਸੇ ਤਰ੍ਹਾਂ ਹੀ ਲਿਖਣਾ ਪੜ੍ਹਨਾ ਸਿੱਖਿਆ ਹੈ ਜਿਸ ਤਰ੍ਹਾਂ ਏ. ਬੀ. ਸੀ. ਸਿੱਖੀ ਹੈ। ਬਚਪਨ ਵਿਚ ਸਾਡੀਆਂ ਮਾਵਾਂ ਪੈਂਤੀ ਅੱਖਰਾਂ ਅਤੇ ਲਗਾਂ ਮਾਤਰਾਵਾਂ ਦੀ ਮੁਹਾਰਨੀ ਸਿਖਾਉਂਦੀਆਂ ਸਨ। ਉਹ ਸਾਨੂੰ ਪੰਜਾਬੀ ਬੋਲੀ ਨਹੀਂ, ਗੁਰਮੁਖੀ ਲਿੱਪੀ ਸਿਖਾਉਂਦੀਆਂ ਸਨ। ਮੁਹਾਰਨੀ ਬੋਲੀ ਦੀ ਨਹੀਂ, ਲਿੱਪੀ ਦੀ ਹੁੰਦੀ ਹੈ।

ਜਿਵੇਂ ਪਹਿਲਾਂ ਕਿਹਾ ਹੈ ਕਿ ਮਾਂ ਬੋਲੀ ਦੂਸਰੀਆਂ ਬੋਲੀਆਂ ਵਾਂਗ ਸਿੱਖਣ ਦੀ ਬਜਾਇ ਸਿੱਧੀ ਗ੍ਰਹਿਣ ਕੀਤੀ ਹੁੰਦੀ ਹੈ। ਇਸ ਕਰ ਕੇ ਸਾਡੇ ਮਨ ਦੀ ਸੰਰਚਨਾ ਸਾਡੀ ਮਾਂ ਬੋਲੀ ਨਾਲ ਹੁੰਦੀ ਹੈ, ਭਾਵ ਸਾਡਾ ਅਵਚੇਤਨ ਮਾਂ ਬੋਲੀ ਨਾਲ ਬਣਿਆ ਹੁੰਦਾ ਹੈ। ਬੇਗਾਨੀ ਬੋਲੀ ਵਿਚ ਪੜ੍ਹੀ ਸੁਣੀ ਗੱਲ ਨੂੰ ਸਿੱਖ ਤਾਂ ਲੈਂਦੇ ਹਾਂ, ਵਰਤ ਵੀ ਲੈਂਦੇ ਹਾਂ ਪਰ ਉਹ ਸਾਡੇ ਮਨ ਦਾ ਹਿੱਸਾ ਨਹੀਂ ਬਣਦੀ। ਮਨ ਦਾ ਹਿੱਸਾ ਤਾਂ ਉਹੀ ਗੱਲ ਬਣਦੀ ਹੈ ਜੋ ਅਸੀਂ ਆਪਣੀ ਮਾਂ ਬੋਲੀ ਵਿਚ ਗ੍ਰਹਿਣ ਕੀਤੀ ਹੋਵੇ। ਉਹਨਾਂ ਲੋਕਾਂ ਨੂੰ ਵਹਿਮ ਭਰਮ ਜਾਂ ਟੂਣੇ ਟਾਮਣ ਕਰਦੇ ਦੇਖਿਆ ਜਾ ਸਕਦਾ ਹੈ ਜਿਹਨਾਂ ਵਿਗਿਆਨ ਦੇ ਵਿਸ਼ੇ ਨਾਲ ਸੋਲਾਂ ਸਤਾਰਾਂ ਜਮਾਤਾਂ ਪਾਸ ਕੀਤੀਆਂ ਹੋਈਆਂ ਹਨ। ਅਸਲ ਵਿਚ ਵਿਗਿਆਨ ਉਹਨਾਂ ਹੋਰ ਬੋਲੀ ਵਿਚ ਪੜ੍ਹਿਆ ਹੈ ਅਤੇ ਵਹਿਮ ਭਰਮ ਆਪਣੀ ਬੋਲੀ ਰਾਹੀਂ ਅਪਣਾਏ ਹਨ। ਇਸ ਕਰ ਕੇ ਪੰਜਾਬੀ ਲੋਕ ਮਨ ਦਾ ਵਿਗਿਆਨ ਨਾਲ ਉਹ ਸੰਬੰਧ ਨਹੀਂ ਬਣਿਆ ਜੋ ਯੂਰਪ ਦੀਆਂ ਬੋਲੀਆਂ ਵਾਲਿਆਂ ਦਾ ਬਣਿਆ ਹੈ। ਉਹ ਲੋਕ ਵਿਗਿਆਨ ਆਪੋ ਆਪਣੀਆਂ ਜ਼ੁਬਾਨਾਂ ਵਿਚ ਪੜ੍ਹਦੇ ਹਨ। ਇਹ ਦਿਲਚਸਪ ਤੱਥ ਹੈ ਕਿ ਵਿਗਿਆਨ ਦੇ ਵਿਸ਼ਿਆਂ ਵਿਚ ਨੋਬੇਲ ਪੁਰਸਕਾਰ ਜਿੱਤਣ ਵਾਲਿਆਂ ਦੀ ਬਹੁਗਿਣਤੀ ਅੰਗਰੇਜ਼ਾਂ ਦੀ ਨਹੀਂ ਹੈ; ਕੋਈ ਜਰਮਨ ਹੈ, ਕੋਈ ਫਰੈਂਚ ਹੈ ਜਾਂ ਯੂਰਪ ਦੀਆਂ ਹੋਰ ਬੋਲੀਆਂ ਬੋਲਣ ਵਾਲੇ ਹਨ। ਇਹਨਾਂ ਦੇ ਜਿਹੜੇ ਖੋਜ ਪੱਤਰਾਂ ਲਈ ਨੋਬੇਲ ਪੁਰਸਕਾਰ ਮਿਲੇ, ਉਹ ਇਹਨਾਂ ਦੀਆਂ ਆਪਣੀਆਂ ਬੋਲੀਆਂ ਵਿਚ ਹਨ। ਸਾਡੇ ਦੇਸ਼ ਦੇ ਭੌਤਿਕ ਵਿਗਿਆਨੀ ਚੰਦਰ ਸ਼ੇਖਰ ਨੂੰ ਉਸ ਦੇ ਜਿਸ ਖੋਜ ਪੱਤਰ ਲਈ ਨੋਬੇਲ ਇਨਾਮ ਮਿਲਿਆ, ਉਹਦੀ ਤਮਿਲ ਮਾਤ ਭਾਸ਼ਾ ਵਿਚ ਹੈ। ਅਸੀਂ ਇਹ ਵਹਿਮ ਪਾਲਿਆ ਹੋਇਆ ਕਿ ਸਾਇੰਸ ਅਤੇ ਤਕਨਾਲੋਜੀ ਸਿਰਫ ਅੰਗਰੇਜ਼ੀ ਵਿਚ ਪੜ੍ਹਾਏ ਜਾਣ ਵਾਲੇ ਖੇਤਰ ਹਨ। ਅਸਲ ਵਿਚ ਸਾਇੰਸ ਦੀ ਸਾਰੀ ਖੋਜ ਅਤੇ ਵਿਕਾਸ ਯੂਰਪ ਦੇ ਵੱਖ ਵੱਖ ਖਿੱਤਿਆਂ ਅਤੇ ਬੋਲੀਆਂ ਵਿਚ ਨਾਲ ਨਾਲ ਹੋਇਆ ਹੈ। ਇਲੈਕਟਰੀਕਲ ਇੰਜਨੀਅਰਿੰਗ ਦੀਆਂ ਬੁਨਿਆਦੀ ਇਕਾਈਆਂ ਹਨ ਵੋਲਟ, ਐਮਪੀਅਰ, ਵਾਟ ਅਤੇ ਓਹਮ। ਇਹ ਨਾਂ ਵੱਖ ਵੱਖ ਵਿਗਿਆਨੀਆਂ ਦੇ ਨਾਵਾਂ 'ਤੇ ਰੱਖੇ ਗਏ ਹਨ। ਇਹਨਾਂ ਵਿਗਿਆਨੀਆਂ ਵਿਚੋਂ ਕੋਈ ਵੀ ਇੰਗਲੈਂਡ ਦਾ ਨਹੀਂ ਸੀ। ਜੇਮਜ਼ ਵਾਟ ਤੋਂ ਬਿਨਾ ਕਿਸੇ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ ਸੀ। ਐਲੇਸੰਦਰੋ ਵੋਲਟਾ ਇਟਾਲੀਅਨ ਸਨ, ਆਂਦਰੇ ਮੈਰੀ ਐਮਪੀਅਰ ਫਰਾਂਸੀਸੀ ਸਨ, ਜੇਮਜ਼ ਵਾਟ ਸਕਾਟਲੈਂਡ ਦੇ ਸਨ ਅਤੇ ਜਾਰਜ ਓਹਮ ਜਰਮਨ ਦੇ ਸਨ। ਇਹ ਬਹੁਤ ਗਲਤ ਧਾਰਨਾ ਹੈ ਕਿ ਵਿਗਿਆਨ ਦਾ ਅੰਗਰੇਜ਼ੀ ਨਾਲ ਅਨਿਖੜਵਾਂ ਸੰਬੰਧ ਹੈ।

ਮੈਂ ਵਿਗਿਆਨ ਦਾ ਵਿਸ਼ਾ ਦਸਵੀਂ ਜਮਾਤ ਤੱਕ ਪੰਜਾਬੀ ਵਿਚ ਪੜ੍ਹਿਆ ਹੈ ਅਤੇ ਮੇਰੀ ਇਸ ਵਿਚ ਬਹੁਤ ਦਿਲਚਸਪੀ ਰਹੀ ਹੈ ਪਰ ਗਿਆਰਵੀਂ ਜਮਾਤ ਵਿਚ ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ ਪੜ੍ਹਨ ਦੀ ਮਜਬੂਰੀ ਸੀ। ਮੈਂ ਪੜ੍ਹਾਈ ਪੱਖੋਂ ਉਸ ਵੇਲੇ ਦੇ ਬਹੁਤ ਮਾੜੇ ਸਰਕਾਰੀ ਸਕੂਲ ਵਿਚੋਂ ਦਸਵੀਂ ਪਾਸ ਕੀਤੀ ਸੀ ਜਿਥੇ ਸੱਠਾਂ ਵਿਚੋਂ ਕੇਵਲ ਸੱਤ ਬੱਚੇ ਹੀ ਪਾਸ ਹੋਏ ਸਨ। ਮੈਂ ਉਸ ਸਕੂਲ ਵਿਚੋਂ ਪਹਿਲੇ ਸਥਾਨ 'ਤੇ ਰਿਹਾ ਅਤੇ ਦੂਸਰੇ ਸਥਾਨ 'ਤੇ ਰਹਿਣ ਵਾਲੇ ਬੱਚੇ ਦੇ ਮੇਰੇ ਤੋਂ 24-25 ਪ੍ਰਤੀਸ਼ਤ ਨੰਬਰ ਘੱਟ ਸਨ। ਮੈਂ ਆਪਣੀ ਮੈਰਿਟ ਕਰ ਕੇ ਆਪਣੀ ਪਸੰਦ ਦੇ ਸਭ ਤੋਂ ਵਧੀਆ ਅਤੇ ਵਕਾਰੀ ਕਾਲਜ ਵਿਚ ਵਿਗਿਆਨ ਦੇ ਵਿਸ਼ੇ ਲੈ ਕੇ ਦਾਖਲਾ ਲਿਆ ਪਰ ਕਿਉਂਕਿ ਇਥੇ ਵਿਗਿਆਨ ਦੀ ਪੜ੍ਹਾਈ ਅੰਗਰੇਜ਼ੀ ਵਿਚ ਸ਼ੁਰੂ ਹੋ ਗਈ, ਮੈਂ ਵਿਗਿਆਨ ਵਿਚ ਡੂੰਘੀ ਦਿਲਚਸਪੀ ਰੱਖਣ ਦੇ ਬਾਵਜੂਦ ਗਿਆਰਵੀਂ ਜਮਾਤ ਵਿਚੋਂ ਰੋ ਪਿੱਟ ਕੇ ਮਸੀਂ ਪਾਸ ਹੋਇਆ। ਇਸ ਤੋਂ ਬਾਅਦ ਦੋ ਕੁ ਸਾਲ ਲਾ ਕੇ ਇੰਜਨੀਅਰਿੰਗ ਕਾਲਜ ਵਿਚ ਔਖਾ ਸੌਖਾ ਦਾਖਲਾ ਲੈ ਗਿਆ। ਇੰਜਨੀਅਰਿੰਗ ਦੀ ਡਿਗਰੀ ਚਾਰ ਸਾਲਾਂ ਵਿਚ ਸੌਖਿਆਂ ਇਸ ਕਰ ਕੇ ਪਾਸ ਕਰ ਗਿਆ ਕਿਉਂਕਿ ਬਹੁਗਿਣਤੀ ਪੇਂਡੂ ਵਿਦਿਆਰਥੀਆਂ ਵਾਲੇ ਸਾਡੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ ਅੱਧੀ ਪਚੱਧੀ ਪੜ੍ਹਾਈ ਪੰਜਾਬੀ ਵਿਚ ਕਰਾਈ ਜਾਂਦੀ ਸੀ। ਮੈਨੂੰ ਲਗਦਾ ਹੈ ਕਿ ਜੇ ਦਸਵੀਂ ਤੋਂ ਬਾਅਦ ਵਿਗਿਆਨ ਲਗਾਤਾਰ ਪੰਜਾਬੀ ਵਿਚ ਹੀ ਪੜ੍ਹਨਾ ਹੁੰਦਾ ਤਾਂ ਮੈਂ ਦਰਮਿਆਨਾ ਜਿਹਾ ਇੰਜਨੀਅਰ ਬਣਨ ਦੀ ਬਜਾਇ ਨਾਮੀ ਵਿਗਿਆਨੀ ਬਣ ਸਕਦਾ ਸੀ।

ਅਸੀਂ ਆਪਣਾ ਸਨਅਤੀ ਵਿਕਾਸ ਅਤੇ ਵਣਜ ਵਿਹਾਰ ਬੇਗਾਨੀ ਬੋਲੀ ਦੇ ਸਿਰ 'ਤੇ ਸ਼ੁਰੂ ਕੀਤਾ। ਦੂਸਰਿਆਂ ਦੀ ਬੋਲੀ ਨੂੰ ਆਪਣੀ ਤਰੱਕੀ ਦਾ ਆਧਾਰ ਬਣਾਇਆ। ਇਸ ਲਈ ਅਸੀਂ ਅਜੋਕੇ ਵਿਕਾਸ ਦੇ ਰਸਤੇ ਚੱਲ ਕੇ ਬਹੁਤਾ ਦੂਰ ਤੱਕ ਨਹੀਂ ਜਾ ਸਕੇ। ਯੂਰਪ ਦੇ ਜਾਂ ਦੂਸਰੇ ਸਨਅਤੀ ਦੇਸ਼ਾਂ ਦੇ ਮੁਕਾਬਲੇ ਉਹਨਾਂ ਵਰਗੇ ਤਕਨੀਕੀ ਵਿਕਾਸ ਦਾ ਦਸਵਾਂ ਕੁ ਹਿੱਸਾ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਸਾਡਾ ਹਿਸਾਬ ਕਿਤਾਬ ਖਿਲਰ ਪੱਤਰ ਗਿਆ। ਸਾਡਾ ਪੌਣ ਪਾਣੀ ਅਤੇ ਸਮੁੱਚਾ ਵਾਤਾਵਰਨ ਤਬਾਹ ਹੋ ਗਿਆ। ਅਸੀਂ 'ਤਰੱਕੀ' ਕਰਨ ਲੱਗਿਆਂ ਆਪਣੀਆਂ ਜੀਵਨ ਹਾਲਤਾਂ ਹੀ ਬਰਬਾਦ ਕਰ ਲਈਆਂ। ਸਾਡੀ ਸਰੀਰਕ ਅਤੇ ਮਾਨਸਿਕ ਸਿਹਤ ਨੇ ਉਸ ਤਰੱਕੀ ਦੀ ਝਾਲ ਨਹੀਂ ਝੱਲੀ। ਬੇਗਾਨੀ ਜੂਠ ਦੇ ਆਸਰੇ ਪਲਣ ਵਾਲੀ ਤਰੱਕੀ ਦੀ ਝਾਕ ਦੀ ਬਜਾਇ ਜੇ ਅਸੀਂ ਆਪਣੇ ਪੈਰਾਂ ਆਸਰੇ ਤੁਰਦੇ, ਆਪਣੀ ਬੋਲੀ ਦੇ ਸਿਰ 'ਤੇ ਤਰੱਕੀ ਕਰਨ ਦੀ ਸੋਚਦੇ ਤਾਂ ਉਹ ਤਰੱਕੀ ਹੋਰ ਤਰ੍ਹਾਂ ਦੀ ਹੋਣੀ ਸੀ, ਉਹ ਤਰੱਕੀ ਮੌਲਿਕ ਅਤੇ ਹੰਢਣਸਾਰ ਹੋਣੀ ਸੀ, ਸੰਸਾਰ ਨੂੰ ਅਗਵਾਈ ਦੇਣ ਵਾਲੀ ਹੋਣੀ ਸੀ।

ਜੇ ਕੋਈ ਸਾਨੂੰ ਪੁੱਛੇ ਕਿ ਸਿੱਖਾਂ ਦੀ ਬੋਲੀ ਕਿਹੜੀ ਹੈ ਤਾਂ ਸਾਡੇ ਵਿਚੋਂ ਬਹੁਤੇ ਕਹਿਣਗੇ ਕਿ ਪੰਜਾਬੀ ਸਿੱਖਾਂ ਦੀ ਬੋਲੀ ਹੈ। ਇਹ ਜਵਾਬ ਦਰੁਸਤ ਨਹੀਂ ਹੈ। ਸਿੱਖ ਧਰਮ ਦੀਆਂ ਦੋ ਬੁਨਿਆਦੀ ਸਥਾਪਨਾਵਾਂ ਹਨ: ਇਕ ਗੁਰੂ ਗਰੰਥ ਅਤੇ ਦੂਸਰਾ ਗੁਰੂ ਪੰਥ। ਗੁਰੂ ਗਰੰਥ ਦੀ ਬੋਲੀ ਪੰਜਾਬੀ ਨਹੀਂ ਹੈ। ਇਹ ਅਣਗਿਣਤ ਬੋਲੀਆਂ ਦਾ ਖਜ਼ਾਨਾ ਹੈ। ਅਣਗਿਣਤ ਇਸ ਕਰ ਕੇ ਕਿ ਇਸ ਵਿਚ ਕਈ ਉਹ ਬੋਲੀਆਂ ਵੀ ਹੋਣਗੀਆਂ ਜੋ ਪਿਛਲੀਆਂ ਪੰਜ ਸਦੀਆਂ ਦੌਰਾਨ ਲੋਪ ਵੀ ਹੋ ਗਈਆਂ। ਗੁਰੂ ਗਰੰਥ ਦੀ ਲਿੱਪੀ ਗੁਰਮੁਖੀ ਹੈ ਭਾਵ ਇੱਕ ਹੈ ਪਰ ਬੋਲੀਆਂ ਅਨੇਕ ਹਨ। ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਪੰਜਾਬ ਦੇ ਲਗਭਗ ਕੇਂਦਰ ਵਿਚ ਹੈ। ਉਥੋਂ ਦੀ ਪੰਜਾਬੀ ਨੂੰ ਅਸੀਂ ਕੇਂਦਰੀ ਪੰਜਾਬੀ ਆਖਦੇ ਹਾਂ। ਦੇਸ਼ ਵੰਡ ਤੋਂ ਬਾਅਦ ਇਹ ਖੇਤਰ ਲਹਿੰਦੇ ਪੰਜਾਬ ਵਿਚ ਆਉਣ ਕਰ ਕੇ ਇਸ ਨੂੰ ਲਹਿੰਦੀ ਪੰਜਾਬੀ ਵੀ ਕਿਹਾ ਜਾਂਦਾ ਹੈ। ਗੁਰੂ ਗਰੰਥ ਸਾਹਿਬ ਵਿਚ ਇਸ ਬੋਲੀ ਵਿਚ ਗੁਰੂ ਨਾਨਕ ਜੀ ਦੀ ਬਹੁਤ ਘੱਟ ਬਾਣੀ ਮਿਲਦੀ ਹੈ। ਉਹਨਾਂ ਦੀ ਬਾਣੀ ਖੜ੍ਹੀ ਬੋਲੀ, ਬ੍ਰਜ, ਸੰਸਕ੍ਰਿਤ, ਫਾਰਸੀ, ਮੈਥਲੀ, ਅਵਧੀ, ਸਿੰਧੀ ਆਦਿ ਬੋਲੀਆਂ ਵਿਚ ਹੈ। ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਨਾਲ ਵਿਸ਼ਾਲ ਭੂਗੋਲਕ

*(ਬਾਕੀ ਅਗਲੇ ਸਫੇ 'ਤੇ)*

ਖੇਤਰ ਦੀ ਮਹਿਜ਼ ਯਾਤਰਾ ਹੀ ਨਹੀਂ ਕੀਤੀ ਸਗੋਂ ਦੂਰ ਦੂਰ ਤੱਕ ਗੁਰਮਤਿ ਵਿਚਾਰਧਾਰਾ ਨੂੰ ਫੈਲਾਇਆ ਅਤੇ ਸੰਗਠਿਤ ਕੀਤਾ। ਆਪ ਜਿਥੇ ਜਿਥੇ ਵੀ ਗਏ, ਹਰ ਇਲਾਕੇ ਜਾਂ ਖਿੱਤੇ ਵਿਚ ਆਪਣੀ ਸੰਗਤ ਸਥਾਪਤ ਕੀਤੀ। ਜਿਥੇ ਵੀ ਗਏ, ਉਸ ਧਰਤੀ ਦੀ ਬੋਲੀ ਨੂੰ ਜਾਣਿਆਂ, ਉਸ ਬੋਲੀ ਵਿਚ ਓਥੋਂ ਦੀ ਸੰਗਤ ਨੂੰ ਮੁਖ਼ਾਤਿਬ ਹੋਏ। ਆਪਣੇ ਉਪਦੇਸ਼ ਜਾਂ ਵਿਚਾਰਧਾਰਾ ਨੂੰ ਪਾਰ ਖੇਤਰੀ ਅਤੇ ਪਾਰ ਭਾਸ਼ਾਈ ਬਣਾਇਆ। ਉਹਨਾਂ ਆਪਣੀ ਭਾਸ਼ਾ ਨੀਤੀ ਨਾਲ ਆਪਣੇ ਆਪ ਨੂੰ ਪੰਜਾਬ ਜਾਂ ਪੰਜਾਬੀਆਂ ਦਾ ਨਹੀਂ ਸਗੋਂ ਮਨੁੱਖਤਾ ਦਾ ਪੈਗੰਬਰ ਸਿੱਧ ਅਤੇ ਸਥਾਪਤ ਕੀਤਾ। ਗੁਰੂ ਸਾਹਿਬ ਆਪਣੀ ਬਹੁ ਭਾਸ਼ਾਈ ਬਾਣੀ ਤੋਂ ਬਿਨਾ ਵੱਖ ਵੱਖ ਭੂਗੋਲਿਕ ਖੇਤਰਾਂ, ਬੋਲੀਆਂ ਅਤੇ ਸੱਭਿਆਚਾਰਾਂ ਨਾਲ ਸੰਬੰਧਤ ਉਹਨਾਂ ਤੋਂ ਪਹਿਲਾਂ ਹੋਏ ਗੁਰਮਤਿ ਦੇ ਸੁਖ਼ਨਵਰਾਂ ਦੀ ਬਾਣੀ ਵੀ ਨਾਲ ਲੈ ਕੇ ਆਏ ਜੋ ਬਾਅਦ ਵਿਚ ਗੁਰੂ ਗਰੰਥ ਸਾਹਿਬ ਦਾ ਹਿੱਸਾ ਬਣੀ। ਇਸ ਲਈ ਗੁਰਮਤਿ ਦੀ ਵਿਸ਼ਾਲਤਾ ਨੂੰ ਆਪਣੀ ਬੋਲੀ ਤੱਕ ਘਟਾਉਣਾ ਇਸ ਦਾ ਨੁਕਸਾਨ ਜਾਂ ਨਿਰਾਦਰ ਕਰਨ ਵਾਲੀ ਗੱਲ ਹੈ।

ਸਿੱਖ ਧਰਮ ਦੀ ਦੂਸਰੀ ਮੁੱਖ ਸਥਾਪਨਾ ਹੈ ਖਾਲਸਾ ਪੰਥ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਆਰਿਆਂ ਦੇ ਰੂਪ ਵਿਚ ਖਾਲਸਾ ਪੰਥ ਦੇ ਜੋ ਪਹਿਲੇ ਪੰਜ ਨੁਮਾਇੰਦੇ ਜਾਂ ਆਗੂ ਚੁਣੇ, ਉਹਨਾਂ ਵਿਚੋਂ ਭਾਈ ਦਇਆ ਸਿੰਘ ਜੀ ਲਾਹੌਰ (ਹੁਣ ਪਾਕਿਸਤਾਨ) ਦੇ, ਭਾਈ ਧਰਮ ਸਿੰਘ ਜੀ ਮੇਰਠ (ਯੂ.ਪੀ.) ਦੇ, ਭਾਈ ਮੋਹਕਮ ਸਿੰਘ ਜੀ ਦਵਾਰਕਾ (ਗੁਜਰਾਤ) ਦੇ, ਭਾਈ ਹਿੰਮਤ ਸਿੰਘ ਜੀ ਜਗਨ ਨਾਥ ਪੁਰੀ (ਉੜੀਸਾ) ਦੇ ਅਤੇ ਭਾਈ ਸਾਹਿਬ ਸਿੰਘ ਜੀ ਬਿਦਰ (ਕਰਨਾਟਕ) ਦੇ ਇਲਾਕੇ ਨਾਲ ਸੰਬੰਧਤ ਸਨ। ਪੰਜਾਂ ਦੀ ਮਾਂ ਬੋਲੀ, ਦੇਸ਼ ਅਤੇ ਸੱਭਿਆਚਾਰ ਵੱਖਰਾ ਵੱਖਰਾ ਸੀ। ਇਹਨਾਂ ਪੰਜਾਂ ਵਿਚੋਂ ਸਾਡੇ ਹੁਣ ਦੇ ਇਧਰਲੇ ਪੰਜਾਬ ਦੇ ਖਿੱਤੇ ਨਾਲ ਸੰਬੰਧਤ ਕੋਈ ਨਹੀਂ ਸੀ। ਇਹ ਪਿਆਰੇ ਵੱਖ ਵੱਖ ਦੇਸ਼-ਦੇਸ਼ਾਂਤਰਾਂ ਵਿਚ ਵਸਦੇ 'ਕੱਲੇ-ਦੁਕੱਲੇ ਸਿੱਖ ਤਾਂ ਨਹੀਂ ਹੋਣਗੇ ਜੋ ਆਪਣਿਆਂ ਇਲਾਕਿਆਂ ਤੋਂ ਗੁਰੂ ਨੂੰ ਸੀਸ ਭੇਟ ਕਰਨ ਆ ਗਏ, ਇਹਨਾਂ ਇਲਾਕਿਆਂ ਵਿਚ ਵਸਦੀ ਵੱਡੀ ਵਸੋਂ ਸਿੱਖੀ ਸਿਦਕ ਨੂੰ ਪਰਨਾਈ ਹੋਵੇਗੀ। ਇਸ ਤੋਂ ਪਤਾ ਲਗਦਾ ਹੈ ਕਿ ਸਿੱਖੀ ਦੀਆਂ ਜੜ੍ਹਾਂ ਦੇ ਰੂਪ ਵਿਚ ਗੁਰਮਤਿ ਵਿਚਾਰਧਾਰਾ ਦਾ ਸੰਬੰਧ ਜਿੰਨਾ ਦੂਰ ਦੇਸ਼ ਦੇਸ਼ਾਂਤਰਾਂ ਤੱਕ ਸੀ, ਇਸ ਦੀਆਂ ਟਾਹਣੀਆਂ ਦੇ ਰੂਪ ਵਿਚ ਖਾਲਸਾ ਪੰਥ ਦਾ ਮੁਢਲਾ ਫੈਲਾਓ ਵੀ ਓਨਾ ਹੀ ਵਿਸ਼ਾਲ ਸੀ। ਗੁਰੂ ਸਾਹਿਬਾਨ ਦੇ ਹੈਡਕੁਆਰਟਰ ਮੁੱਖ ਤੌਰ 'ਤੇ ਲੰਮਾ ਸਮਾਂ ਪੰਜਾਬ ਵਿਚ ਰਹੇ ਹੋਣ ਕਰ ਕੇ ਬਹੁਤੇ ਇਤਿਹਾਸਕ ਗੁਰਦੁਆਰੇ ਪੰਜਾਬ ਵਿਚ ਹਨ। ਉਨੀਵੀਂ ਸਦੀ ਦੇ ਮਗਰਲੇ ਅਤੇ ਵੀਹਵੀਂ ਸਦੀ ਦੇ ਆਰੰਭਲੇ ਸਾਲਾਂ ਵਿਚ ਪੰਜਾਬੀ ਸਿੱਖਾਂ ਦਾ ਜ਼ਿਆਦਾ ਧਿਆਨ ਅਤੇ ਜ਼ੋਰ ਇਹਨਾਂ ਗੁਰਦੁਆਰਿਆਂ ਤੋਂ ਮਹੰਤਾਂ ਅਤੇ ਅੰਗਰੇਜ਼ਾਂ ਦਾ ਕਬਜ਼ਾ ਖਤਮ ਕਰਨ 'ਤੇ ਲੱਗਿਆ। ਬਾਅਦ ਵਿਚ ਸਿੱਖ ਲੀਡਰਾਂ ਦਾ ਬਹੁਤਾ ਜ਼ੋਰ ਪੰਜਾਬ ਦੀ ਪ੍ਰਸ਼ਾਸਨਕ ਸ਼ਕਤੀ ਹਥਿਆਉਣ ਦੇ ਸਾਧਨ ਵਜੋਂ ਗੁਰਦੁਆਰਿਆਂ ਦੀਆਂ ਸਟੇਜਾਂ ਅਤੇ ਗੋਲਕਾਂ 'ਤੇ ਕਬਜ਼ਾ ਲਈ ਲੱਗਿਆ। ਕੇਂਦਰੀ ਸੰਸਥਾਵਾਂ 'ਤੇ ਇਕੱਲੇ ਪੰਜਾਬੀਆਂ ਦਾ ਕਬਜ਼ਾ ਹੋਣ ਕਰ ਕੇ ਦੂਸਰੇ ਖਿੱਤਿਆਂ ਅਤੇ ਸੱਭਿਆਚਾਰਾਂ ਨਾਲ ਸੰਬੰਧਤ ਸਿੱਖੀ ਦੀ ਵੰਨ-ਸਵੰਨਤਾ ਪੰਥ ਦੀ ਬੁੱਕਲ 'ਚੋਂ ਕਿਰ ਗਈ। ਕਲਕੱਤੇ ਵਸਦੇ ਸ. ਜਗਮੋਹਨ ਸਿੰਘ ਗਿੱਲ ਨੇ ਆਪਣੀਆਂ ਖੋਜੀ ਲਿਖਤਾਂ ਰਾਹੀਂ ਦੱਸਿਆ ਹੈ ਕਿ ਕਦੀ ਯੂ.ਪੀ. ਬਿਹਾਰ, ਬੰਗਾਲ, ਉੜੀਸਾ ਅਤੇ ਹੋਰ ਪੂਰਬੀ ਇਲਾਕਿਆ ਵਿਚ ਪਿੰਡਾਂ ਦੇ ਪਿੰਡ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਵਾਲੇ ਹੁੰਦੇ ਸਨ। ਇਹਨਾਂ ਥਾਵਾਂ 'ਤੇ ਹੁਣ ਗੁਰਦੁਆਰਿਆਂ ਦੀਆਂ ਅਣਗਿਣਤ ਢੱਠੀਆਂ ਅਤੇ ਅੱਧ ਢੱਠੀਆਂ ਇਮਾਰਤਾਂ ਦੇ ਨਿਸ਼ਾਨ ਬਚੇ ਹਨ।

ਭਾਰਤ ਦੇ ਲੰਮੇ ਚੌੜੇ ਖੇਤਰਫਲ ਵਿਚ ਵਸਦੇ ਖਾਲਸਿਆਂ ਦੀ ਸੰਪਰਕ ਬੋਲੀ (ਕੁਨੈਕਟਿੰਗ ਲੈਂਗੁਏਜ) ਸਾਡੇ ਵਾਲੀ ਪੰਜਾਬੀ ਨਹੀਂ ਹੋਵੇਗੀ। ਇਕ ਦੂਸਰੇ ਨੂੰ ਮਿਲਦਿਆਂ ਸਿੰਘ ਫਤਹਿ ਦੀ ਸਾਂਝ ਕਰਦੇ:

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਇਥੇ ਵਾਹਿਗੁਰੂ ਜੀ ਕਾ ਖਾਲਸਾ ਹੈ, ਵਾਹਿਗੁਰੂ ਜੀ ਦਾ ਖਾਲਸਾ ਨਹੀਂ ਹੈ। ਵਾਹਿਗੁਰੂ ਜੀ ਕੀ ਫਤਹਿ ਹੈ, ਦੀ ਫਤਹਿ ਨਹੀਂ ਹੈ। ਇਹ ਪੰਜਾਬੀ, ਹਿੰਦੁਸਤਾਨੀ ਅਤੇ ਦੂਸਰੀਆਂ ਉਤਰ ਭਾਰਤੀ ਭਾਸ਼ਾਵਾਂ ਬੋਲਣ ਵਾਲੇ ਵੱਡੇ ਇਲਾਕੇ ਦੀਆਂ ਬੋਲੀਆਂ ਦੇ ਸਾਂਝੇ ਮੁਹਾਵਰੇ ਵਾਲਾ ਵਾਕ ਹੈ। ਦੂਜੇ ਪਾਸੇ ਜੰਮੂ ਤੋਂ ਲੈ ਕੇ ਕਲਕੱਤੇ ਤੱਕ ਅਸੀਂ ਦੇਵਨਾਗਰੀ ਲਿੱਪੀ ਵਿਚ 'ਜੈ ਮਾਤਾ ਦੀ' ਲਿਖਿਆ ਥਾਂ ਥਾਂ ਪੜ੍ਹ ਸਕਦੇ ਹਾਂ। ਇਹ ਹਰ ਥਾਂ 'ਜੈ ਮਾਤਾ ਦੀ' ਹੁੰਦਾ ਹੈ, 'ਜੈ ਮਾਤਾ ਕੀ' ਨਹੀਂ ਹੁੰਦਾ। ਇਹ ਪੰਜਾਬੀ ਵਿਚ ਹੈ। ਮਾਤਾ ਰਾਣੀਆਂ ਹੁਸ਼ਿਆਰਪੁਰ ਤੋਂ ਜੰਮੂ ਤੱਕ, ਭਾਵ ਪੰਜਾਬ ਵਿਚ ਹੋਈਆਂ ਹਨ। ਬੋਲੀ ਕਿਸੇ ਧਰਮ ਦੀ ਨਹੀਂ, ਖਿੱਤੇ ਦੀ ਹੁੰਦੀ ਹੈ। ਅਸੀਂ ਲਿੱਪੀ ਨੂੰ ਬੋਲੀ ਸਮਝਦੇ ਰਹਿੰਦੇ ਹਾਂ। ਵਾਹਿਗੁਰੂ ਜੀ ਕਾ ਖਾਲਸਾ ਕਿਉਂਕਿ ਗੁਰਮੁਖੀ ਲਿੱਪੀ ਵਿਚ ਲਿਖਦੇ ਹਾਂ, ਗੁਰੂ ਗਰੰਥ ਸਾਹਿਬ ਗੁਰਮੁਖੀ ਲਿੱਪੀ ਵਿਚ ਹੈ, ਇਸ ਲਈ ਸਾਨੂੰ ਲਗਦਾ ਕਿ ਇਹ ਪੰਜਾਬੀ ਹੈ। ਲਿੱਪੀ ਦਾ ਸੰਬੰਧ ਇਕ ਧਰਮ ਨਾਲ ਹੋ ਸਕਦਾ ਹੈ, ਕਿਉਂਕਿ ਧਰਮ ਦਾ ਧਰਮ-ਗਰੰਥ ਹੁੰਦਾ ਹੈ ਜਿਸ ਦੀ ਲਿੱਪੀ ਹੁੰਦੀ ਹੈ ਪਰ ਜ਼ਰੂਰੀ ਨਹੀਂ ਕਿ ਉਸ ਦੀ ਬੋਲੀ ਵੀ ਇਕ ਹੋਵੇ। ਸਾਡੇ ਧਰਮ ਗਰੰਥ ਦੀ ਤਾਂ ਬਿਲਕੁਲ ਇਕ ਬੋਲੀ ਨਹੀਂ। ਜਿੰਨੀਆਂ ਬੋਲੀਆਂ ਗੁਰੂ ਗਰੰਥ ਸਾਹਿਬ ਵਿਚ ਹਨ, ਸ਼ਾਇਦ ਓਨੀਆਂ ਦੁਨੀਆ ਦੇ ਕਿਸੇ ਹੋਰ ਧਰਮ ਗਰੰਥ ਵਿਚ ਨਹੀਂ ਪਰ ਇਸ ਦੀ ਲਿੱਪੀ ਇਕ ਹੈ: ਗੁਰਮੁਖੀ। ਸਾਰੇ ਸਿੱਖਾਂ ਲਈ ਇਕ ਲਿੱਪੀ ਜਾਣਨੀ ਜ਼ਰੂਰੀ ਹੋ ਸਕਦੀ ਹੈ ਕਿ ਜਿਸ ਨੇ ਵੀ ਗੁਰੂ ਗਰੰਥ ਸਾਹਿਬ ਨੂੰ ਪੜ੍ਹਨਾ ਹੈ, ਇਸ ਨਾਲ ਸਿੱਧਾ ਸੰਬੰਧ ਜੋੜਨਾ ਹੈ, ਉਸ ਨੂੰ ਇਹ ਲਿੱਪੀ ਆਉਣੀ ਚਾਹੀਦੀ ਹੈ।

ਪੰਜਾਬ ਦੀ ਧਰਤੀ (ਖਿੱਤਾ) ਦੀ ਕਦੀ ਮਜ਼ਹਬ ਦੇ ਨਾਂ 'ਤੇ ਵੰਡ ਹੋਈ ਪਰ ਮਜ਼ਹਬ ਦਾ ਇਕ ਖਿੱਤਾ ਨਹੀਂ ਹੁੰਦਾ, ਕੋਈ ਮਜ਼ਹਬ ਬਹੁਤ ਸਾਰੇ ਖਿੱਤਿਆਂ ਵਿਚ ਫੈਲਿਆ ਹੋ ਸਕਦਾ ਹੈ ਪਰ ਦੇਸ਼, ਬੋਲੀ ਅਤੇ ਸੱਭਿਆਚਾਰ ਦਾ ਖਿੱਤਾ ਜ਼ਰੂਰ ਹੁੰਦਾ ਹੈ। ਇਸ ਲਈ 1947 ਵਿਚ ਪੰਜਾਬ ਦੀ ਕੁਦਰਤ ਵਿਰੋਧੀ ਬਹੁਤ ਕਰੂਰ ਵੰਡ ਹੋਈ। ਸਾਡੇ ਭਾਵ ਸਿੱਖਾਂ ਦੇ ਲੀਡਰਾਂ ਨੇ ਵੀ ਉਹ ਵੰਡ ਪਰਵਾਨ ਕੀਤੀ। ਮੁਲਕ ਦੀ ਜਿਸ ਸਿਆਸੀ ਸਥਿਤੀ ਨੂੰ ਨਜਿੱਠਣ ਲਈ ਉਹ ਵੰਡ ਮਨਜ਼ੂਰ ਕੀਤੀ ਗਈ ਸੀ, ਉਹ ਲੱਖਾਂ ਲੋਕਾਂ ਦੀ ਮੌਤ ਅਤੇ ਕਰੋੜਾਂ ਦੇ ਉਜਾੜੇ ਦੇ ਬਾਵਜੂਦ ਨਜਿੱਠੀ ਨਹੀਂ ਗਈ, ਲਗਾਤਾਰ ਸੁਲਗੀ ਜਾਂਦੀ ਹੈ। ਉਦੋਂ ਅਸੀਂ ਸਿੱਖਾਂ (ਹਿੰਦੂਆਂ ਜਾਂ ਮੁਸਲਮਾਨਾਂ) ਦੀ ਬਜਾਇ ਪੰਜਾਬੀਆਂ ਦੇ ਤੌਰ 'ਤੇ ਸਰਗਰਮ ਹੋਏ ਹੁੰਦੇ, ਪੰਜਾਬੀਆਂ ਨੇ ਆਪਣਾ ਦੇਸ ਪੰਜਾਬ ਬਣਾਉਣਾ ਸੋਚਿਆ ਜਾਂ ਮੰਗਿਆ ਹੁੰਦਾ ਤਾਂ ਅੱਜ ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਅਤੇ ਹੋਰ ਵਿਸ਼ਵਾਸਾਂ ਦੇ ਪੰਜਾਬੀਆਂ ਦਾ ਸਾਂਝਾ ਦੇਸ ਪੰਜਾਬ ਹੁੰਦਾ। ਦਰਿਆ ਸਿੰਧ ਅਤੇ ਦਰਿਆ ਯਮੁਨਾ ਦੀਆਂ ਭੂਗੋਲਕ ਅਤੇ ਕੁਦਰਤੀ ਸੀਮਾਵਾਂ ਦੇ ਵਿਚਕਾਰ ਕਿਸੇ ਫਿਰਕੇ ਦੀ ਬਜਾਇ ਬੋਲੀ ਅਤੇ ਸੱਭਿਆਚਾਰ ਦੇ ਆਧਾਰ 'ਤੇ ਆਬਾਦ ਦੇਸ਼ ਦੀ ਪੰਜਾਬੀ ਰਾਸ਼ਟਰੀ ਭਾਸ਼ਾ ਹੁੰਦੀ ਜਿਸ ਨੂੰ ਲਿਖਣ ਲਈ ਦੋ ਲਿੱਪੀਆਂ ਗੁਰਮੁਖੀ ਅਤੇ ਸ਼ਾਹਮੁਖੀ ਮਨਜ਼ੂਰ ਹੁੰਦੀਆਂ। ਪੰਜ ਦਰਿਆ ਇਸ ਦੇ ਵੱਖ ਵੱਖ ਖੁਦਮੁਖਤਿਆਰ ਸੂਬਿਆਂ ਵਿਚਕਾਰ ਕੁਦਰਤੀ ਸਰਹੱਦਾਂ ਹੁੰਦੀਆਂ। ਮਿੰਟਗੁਮਰੀ, ਮੁਲਤਾਨ, ਰਾਵਲਪਿੰਡੀ, ਸਿਆਲਕੋਟ, ਚੰਬਾ, ਸ਼ਿਮਲਾ, ਅੰਬਾਲਾ, ਦਿੱਲੀ, ਰੇਵਾੜੀ, ਅਬੋਹਰ ਇਸ ਦੀਆਂ ਸੀਮਾਵਾਂ ਦੇ ਅੰਦਰਲੇ ਪੰਜਾਬੀ ਇਲਾਕੇ ਅਖਵਾਉਂਦੇ। ਤਕਰੀਬਨ ਹਰ ਤਰ੍ਹਾਂ ਦੀ ਧਰਤੀ ਭਾਵ ਪਹਾੜ, ਮੈਦਾਨ, ਜੰਗਲ ਅਤੇ ਮਾਰੂਥਲ ਪੰਜਾਬ ਦੇ ਭਦ੍ਰਿਸ਼ਾਂ ਵਜੋਂ ਸ਼ੋਭਨੀਕ ਹੁੰਦੀ। ਝਾਂਗੀ, ਪੋਠੋਹਾਰੀ, ਸਰਾਇਕੀ, ਮੁਲਤਾਨੀ, ਲਹਿੰਦੀ, ਡੋਗਰੀ, ਪਹਾੜੀ, ਮਾਝੀ, ਦੁਆਬੀ, ਮਲਵਈ, ਪੁਆਧੀ, ਬਾਂਗਰੂ ਆਦਿ ਨੂੰ ਪੰਜਾਬੀ ਬੋਲੀ ਪਰਿਵਾਰ ਦੀਆਂ ਬਰਾਬਰ ਦੇ ਮਹੱਤਵ ਵਾਲੀਆਂ ਬੋਲੀਆਂ ਮੰਨਿਆਂ ਜਾਂਦਾ। ਉਰਦੂ, ਅੰਗਰੇਜ਼ੀ ਅਤੇ ਦੇਵਨਾਗਰੀ ਲਿੱਪੀ ਵਾਲੀ ਹਿੰਦੀ ਭਾਸ਼ਾਵਾਂ ਨੂੰ ਦੂਜੀ ਭਾਸ਼ਾ ਦੇ ਤੌਰ 'ਤੇ ਸਿੱਖਣ ਵਰਤਣ ਦੀ ਚੋਣ ਉਪਲਭਦ ਹੁੰਦੀ। ਬਾਬੂ ਫਿਰੋਜ਼ਦੀਨ ਸ਼ਰਫ ਦਾ ਗੀਤ 'ਸੋਹਣੇ ਦੇਸਾਂ ਵਿਚੋਂ ਦੇਸ ਪੰਜਾਬ ਨੀਂ ਸਈਓ' ਰਾਸ਼ਟਰੀ ਗਾਣ ਬਣ ਗੂੰਜਦਾ। ਪੰਜਾਬ ਦੇ ਇਸ ਸੁਹਾਵਣੇ ਸੁਪਨੇ ਨੂੰ ਇਸ ਵਿਚੋਂ ਲੰਘਦੇ ਵਰਤਮਾਨ ਹਿੰਦ-ਪਾਕਿ ਬਾਰਡਰ ਨੇ ਵਿਚਕਾਰੋਂ ਚੀਰਿਆ ਹੋਇਆ ਹੈ। ਇਸ ਬਾਰਡਰ 'ਤੇ ਝੰਡੇ ਲਹਿਰਾਉਣ/ਉਤਾਰਨ ਮੌਕੇ ਸਿਰਾਂ ਤੋਂ ਉਚੇ ਪੈਰ ਚੁੱਕ ਚੁੱਕ ਧਰਤੀ 'ਤੇ ਖੜਕਾਏ ਜਾਂਦੇ ਫੌਜੀ ਬੂਟ ਇਸ ਸੁਪਨੇ ਦੇ ਸਿਰ ਵਿਚ ਦੋਨਾਂ ਪਾਸਿਆਂ ਦੀਆਂ ਸਰਕਾਰਾਂ ਵਲੋਂ ਦੋ ਵੇਲੇ ਮਾਰੇ ਜਾਂਦੇ ਵਦਾਣ ਹਨ।



ਪੰਜਾਬ ਦੇਸ ਦਾ ਇਹ ਸੁਪਨਾ ਹਕੀਕਤ ਬਣਨ ਤੋਂ ਇਸ ਕਰ ਕੇ ਦੂਰ ਰਿਹਾ ਕਿ ਅਸੀਂ ਸਾਰੇ ਪੰਜਾਬੀ ਹੋਣ ਦੇ ਨਾਤੇ ਇਕੱਠੇ ਹੋਣ ਦੀ ਬਜਾਇ ਹਿੰਦੂ, ਮੁਸਲਮਾਨ ਅਤੇ ਸਿੱਖ ਅਖਵਾਉਣ ਦੇ ਨਾਤੇ ਵੰਡ ਹੋਏ। ਅਸੀਂ ਕਹਿੰਦੇ ਤਾਂ ਹਾਂ ਕਿ ਸਾਡਾ ਧਰਮ ਦੁਨੀਆ ਦਾ ਸਭ ਤੋਂ ਮਹਾਨ, ਤਾਕਤਵਰ ਅਤੇ ਮਜ਼ਬੂਤ ਧਰਮ ਹੈ ਪਰ ਸਾਡਾ ਵਿਹਾਰ ਦੱਸਦਾ ਰਹਿੰਦਾ ਹੈ ਕਿ ਜਿੰਨਾ ਅਸੀਂ ਹਰ ਗੱਲ ਵਿਚ ਆਪਣੇ ਧਰਮ ਨੂੰ ਖਤਰਾ ਮਹਿਸੂਸ ਕਰਦੇ ਰਹਿੰਦੇ ਹਾਂ, ਓਨਾ ਦੁਨੀਆ ਵਿਚ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਲੋਕ ਨਹੀਂ ਕਰਦੇ। ਇਸੇ ਡਰ ਦਾ ਨਤੀਜਾ ਰਿਹਾ ਕਿ ਸਾਡੇ ਲੀਡਰਾਂ ਨੇ ਦੇਸ਼ ਦੀ ਮਜ਼ਹਬ ਆਧਾਰਿਤ ਵੰਡ ਨੂੰ ਮਨਜ਼ੂਰ ਕੀਤਾ। ਵੰਡ ਲਈ ਅਸੀਂ ਬੋਲੀ ਅਤੇ ਸੱਭਿਆਚਾਰ ਵਾਲਾ ਰਸਤਾ ਛੱਡ ਕੇ ਮਜ਼ਹਬ ਵਾਲਾ ਰਸਤਾ ਅਖਤਿਆਰ ਕੀਤਾ। ਅਸਲ ਵਿਚ ਜੇ ਪੰਜਾਬੀ ਸਾਡੀ ਮਾਂ ਬੋਲੀ ਹੈ ਤਾਂ ਪੰਜਾਬੀ ਬੋਲਣ ਵਾਲੇ ਹਿੰਦੂ ਅਤੇ ਮੁਸਲਮਾਨ ਸਾਡੇ ਮਾਂ ਜਾਏ ਹਨ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿਚ ਅਸੀਂ ਸਿੱਖ ਤੀਜੇ ਨੰਬਰ 'ਤੇ ਹਾਂ। ਸਭ ਤੋਂ ਵੱਧ ਗਿਣਤੀ ਮੁਸਲਮਾਨਾਂ ਦੀ ਹੈ, ਨੌਂ-ਦਸ ਕਰੋੜ ਮੁਸਲਮਾਨ ਪੰਜਾਬੀ ਪਾਕਿਸਤਾਨ ਵਿਚ ਰਹਿੰਦੇ ਹਨ। ਏਧਰ ਦਿੱਲੀ ਤੱਕ ਪੰਜਾਬੀ ਬੋਲਣ ਵਾਲਿਆਂ ਵਿਚ ਅਸੀਂ 35-36 ਪ੍ਰਤੀਸ਼ਤ ਤੋਂ ਘੱਟ ਹੀ ਹੋਵਾਂਗੇ। ਦੇਸ਼ ਵੰਡ ਸਮੇਂ ਸਿੱਖ ਬਹੁ ਗਿਣਤੀ ਵਾਲੀਆਂ ਕੇਵਲ 2-3 ਤਹਿਸੀਲਾਂ ਹੀ ਸਨ ਜਿਨ੍ਹਾਂ ਦੇ ਆਧਾਰ 'ਤੇ ਕੋਈ ਸਿੱਖ ਦੇਸ਼ ਤਾਂ ਬਣ ਨਹੀਂ ਸੀ ਸਕਦਾ ਪਰ ਵੰਡ ਦੌਰਾਨ ਵਸੋਂ ਦੇ ਆਦਾਨ ਪ੍ਰਦਾਨ ਕਰ ਕੇ ਇਧਰਲੇ ਕੁਝ ਹਿੱਸੇ ਵਿਚ ਸਿੱਖ ਬਹੁ ਗਿਣਤੀ ਬਣ ਗਈ। ਸਿੱਖ ਲੀਡਰਾਂ ਦੀ ਇੱਛਾ ਹੋਈ ਕਿ ਇਸ ਬਹੁ ਗਿਣਤੀ ਵਾਲਾ ਵੱਖਰਾ ਸੂਬਾ ਹੋਵੇ ਜਿਥੇ ਉਹ ਸਿੱਖ ਵੋਟਾਂ ਦੀ ਬਹੁ ਗਿਣਤੀ ਦੇ ਸਿਰ 'ਤੇ ਸੱਤਾਧਾਰੀ ਹੋ ਸਕਣ। ਅਕਾਲੀ ਦਲ ਵਲੋਂ ਲਗਾਇਆ ਗਿਆ ਪੰਜਾਬੀ ਸੂਬੇ ਦਾ ਮੋਰਚਾ ਕਹਿਣ ਨੂੰ ਪੰਜਾਬੀ ਬੋਲੀ ਦੇ ਆਧਾਰ 'ਤੇ ਸੂਬਾ ਬਣਾਉਣ ਦੀ ਮੰਗ ਕਰਦਾ ਸੀ ਪਰ ਹਕੀਕਤ ਵਿਚ ਗੁਣਾਂ ਦੀ ਬਜਾਇ ਗਿਣਤੀ ਆਸਰੇ 'ਸਿੱਖ' ਮੁੱਖ ਮੰਤਰੀ ਬਣਾਉਣ ਦੀ ਚਾਹਤ ਸੀ। ਗਹੁ ਨਾਲ ਦੇਖਿਆ ਜਾਵੇ ਤਾਂ ਇਸ ਮੋਰਚੇ ਨਾਲ ਅਸੀਂ ਪੰਜਾਬੀ ਬੋਲਦੇ ਲੋਕਾਂ ਦਾ ਸੂਬਾ ਬਣਾਉਣ ਦੇ ਨਾਂ 'ਤੇ ਵੱਡੀ ਗਿਣਤੀ ਵਿਚ ਪੰਜਾਬੀ ਬੋਲਣ ਵਾਲੇ ਹਰਿਆਣਾ ਅਤੇ ਹਿਮਾਚਲ ਦੇ ਇਲਾਕਿਆਂ ਨੂੰ ਆਪਣੇ ਤੋਂ ਵੱਖਰੇ ਕੀਤਾ। ਪੰਜਾਬ ਦੇ ਛੋਟੇ ਜਿਹੇ ਭਾਗ ਵਿਚ ਪ੍ਰਸ਼ਾਸਨਕ ਸੱਤਾ ਪ੍ਰਾਪਤੀ ਵੱਲ ਸਾਰਾ ਧਿਆਨ ਕੇਂਦਰਤ ਕਰ ਕੇ ਪੰਜਾਬ ਦੀ ਸਿੱਖ ਲੀਡਰਸ਼ਿਪ ਦੂਰ ਦਰਾਜ ਦੇ ਭਾਰਤੀ ਪ੍ਰਦੇਸ਼ਾਂ ਵਿਚ ਵਸਦੇ ਆਪਣੇ ਗੁਰਭਾਈਆਂ ਨੂੰ ਸਿੱਖੀ ਨਾਲ ਜੋੜੀ ਰੱਖਣ ਦੀ ਜ਼ਿੰਮੇਵਾਰੀ ਤੋਂ ਖੁੰਝ ਗਈ।

ਅਸੀਂ ਅਕਸਰ ਗਿਲਾ ਕਰਦੇ ਹਾਂ ਕਿ ਪੰਜਾਬੀ ਸੂਬਾ ਬਣਨ ਵੇਲੇ ਹਿੰਦੂ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ। ਪੰਜਾਬੀ ਮਾਂ ਬੋਲੀ ਸੀ ਤਿੰਨਾਂ ਦੀ ਪਰ ਜਦ ਸਾਡੀ ਸਿੱਖ ਸਿਆਸਤ ਨੇ ਬਹੁਤਾ ਕਿਹਾ ਕਿ ਪੰਜਾਬੀ ਸਾਡੀ (ਸਿੱਖਾਂ) ਦੀ ਮਾਂ ਬੋਲੀ ਹੈ, ਸਾਡੀ ਮਾਂ ਹੈ, ਸਾਡੀ ਮਾਂ ਹੈ ਤਾਂ ਸਾਡੀ ਮੇਰ ਨੇ ਹੋਰਾਂ ਨੂੰ ਇਸ ਤੋਂ ਦੂਰ ਕਰਨ ਦਾ ਰੋਲ ਨਿਭਾਇਆ। ਜਦ ਕੋਈ ਬੱਚਾ ਸਾਂਝੇ ਖਿਡਾਉਣੇ ਨੂੰ ਬਹੁਤਾ 'ਮੇਰਾ ਮੇਰਾ' ਕਰੇ ਤਾਂ ਬਾਕੀ ਬੱਚੇ ਉਸ ਨਾਲ ਖੇਡਦੇ ਨਹੀਂ ਹੁੰਦੇ। ਉਹ ਕਹਿੰਦੇ ਹਨ, 'ਤੇਰਾ ਹੈ ਤਾਂ ਚੱਲ ਤੂੰ ਹੀ ਰੱਖ।' ਖਿਡੌਣੇ ਦੀ ਮਲਕੀਅਤ ਦੇ ਦਾਅਵੇ ਕਾਰਨ ਉਸ ਕੋਲੋਂ ਖੇਡ ਗੁਆਚ ਜਾਂਦੀ ਹੈ। ਅਸੀਂ ਆਪਣੀ ਇਸ ਗਲਤੀ ਦੀ ਨਿਸ਼ਾਨਦੇਹੀ ਕਰੀਏ। ਜਦ ਦੂਸਰੇ ਮਜ਼ਹਬ ਦੇ ਲੋਕਾਂ ਨੇ ਇਹ ਗੱਲ ਸੁੰਘ ਲਈ ਕਿ ਬੋਲੀ ਦਾ ਤਾਂ ਬਹਾਨਾ ਹੈ, ਅਸਲ ਅਤੇ ਗੁੱਝਾ ਉਦੇਸ਼ ਕੋਈ ਹੋਰ ਹੈ ਤਾਂ ਉਹਨਾਂ ਇਸ ਟਾਕਰੇ ਲਈ ਉਲਟ ਉਦੇਸ਼ ਦੇ ਤਹਿਤ ਆਪਣੀ ਬੋਲੀ ਬਾਰੇ ਗਲਤ ਸੂਚਨਾ ਦਰਜ ਕਰਾਈ। ਦੇਸ਼ ਵੰਡ ਵੇਲੇ ਦੀ ਸਿਆਸਤ ਦਾ ਸ਼ਿਕਾਰ ਹੋ ਕੇ ਅਸੀਂ ਆਪਣੇ ਮਾਂ ਜਾਏ ਮੁਸਲਮਾਨਾਂ ਤੋਂ ਦੂਰ ਹੋਏ ਅਤੇ ਇਸ ਤੋਂ ਮਗਰਲੀ ਸਿਆਸਤ ਦੇ ਅਧੀਨ ਸਾਡਾ ਆਪਣੇ ਹਿੰਦੂ ਮਾਂ ਜਾਇਆਂ ਨਾਲੋਂ ਫਾਸਲਾ ਬਣਿਆ।

ਅਸੀਂ ਆਪਣੀ ਮਾਂ ਬੋਲੀ ਦੇ ਹੇਜ ਵਿਚ ਜਜ਼ਬਾਤੀ ਨਾਹਰੇਬਾਜ਼ੀ, ਮਾਅਰਕੇਬਾਜ਼ੀ ਜਾਂ ਬਿਆਨਬਾਜ਼ੀ ਤਾਂ ਬਹੁਤ ਕਰ ਲੈਂਦੇ ਹਾਂ ਪਰ ਇਸ ਨੂੰ ਬਣਾਉਣ, ਬਚਾਉਣ ਜਾਂ ਇਸ ਦੀ ਤਰੱਕੀ ਲਈ ਕੀ ਕਰਨਾ ਬਣਦਾ ਹੈ ਜਾਂ ਤਾਂ ਉਹ ਸਾਨੂੰ ਪਤਾ ਨਹੀਂ, ਜੇ ਪਤਾ ਹੈ ਤਾਂ ਉਹ ਕੁਝ ਕਰਨਾ ਨਹੀਂ ਚਾਹੁੰਦੇ। ਪੰਜਾਬੀਆਂ ਦੇ ਅਣਗਿਣਤ ਸਦੀਆਂ ਪੁਰਾਣੇ ਦੋ ਮੂਲ ਧੰਦੇ ਹਨ, ਇਕ ਖੇਤੀ ਬਾੜੀ ਅਤੇ ਦੂਸਰਾ ਪਸ਼ੂ ਪਾਲਣ। ਸੱਭਿਅਤਾ ਦੇ ਵਿਕਾਸ ਦੇ ਮੁੱਢਲੇ ਸਮੇਂ ਤੋਂ ਇਹ ਦੋਵੇਂ ਪੰਜਾਬ ਦੇ ਅਜੇ ਤੱਕ ਚਲੇ ਆਉਂਦੇ ਮੁੱਖ ਕਿੱਤੇ ਹਨ। ਪੰਜਾਬ ਵਿਚ ਖੇਤੀ ਵਿਕਾਸ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਬਣੀ ਜਿਸ ਨੂੰ ਪੀ.ਏ.ਯੂ. ਕਿਹਾ ਜਾਂਦਾ ਹੈ ਅਤੇ ਪਸ਼ੂ ਪਾਲਣ ਦੇ ਵਿਕਾਸ ਲਈ ਬਣੀ ਯੂਨੀਵਰਸਿਟੀ ਦਾ ਨਾਂ ਗੁਰਮੁਖੀ ਲਿੱਪੀ ਬਣਾਉਣ ਵਾਲੇ ਦੂਸਰੇ ਪਾਤਸ਼ਾਹ ਦੇ ਨਾਂ 'ਤੇ ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸ ਯੂਨੀਵਰਸਿਟੀ ਹੈ ਜਿਸ ਨੂੰ ਅੰਗਰੇਜ਼ੀ ਅੱਖਰਾਂ ਦੇ ਆਧਾਰ 'ਤੇ ਗਡਵਾਸੂ ਕਿਹਾ ਜਾਂਦਾ ਹੈ। ਪੰਜਾਬ ਦੀ ਖੇਤੀ ਯੂਨੀਵਰਸਿਟੀ ਵਿਚ ਖੇਤੀ ਖੋਜ ਅਤੇ ਖੇਤੀਬਾੜੀ ਦੀ ਸਾਰੀ ਪੜ੍ਹਾਈ ਅਤੇ ਪਸ਼ੂ ਪਾਲਣ ਯੂਨੀਵਰਸਿਟੀ ਵਿਚ ਪਸ਼ੂ ਖੋਜ ਅਤੇ ਪਸ਼ੂ ਪਾਲਣ ਦੀ ਸਾਰੀ ਪੜ੍ਹਾਈ ਪੰਜਾਬੀ ਦੀ ਬਜਾਇ ਅੰਗਰੇਜ਼ੀ ਵਿਚ ਕਰਾਈ ਜਾਂਦੀ ਹੈ। ਮੇਰੀ ਜਾਣਕਾਰੀ ਮੁਤਾਬਿਕ ਨਾ ਤਾਂ ਕਿਸੇ ਸਰਕਾਰ ਨੇ ਖੇਤੀ ਕਰਨ ਅਤੇ ਪਸ਼ੂ ਚਾਰਨ ਵਾਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਨਿਆਣਿਆਂ ਨੂੰ ਇਹ ਪੜ੍ਹਾਈ ਉਹਨਾਂ ਦੀ ਆਪਣੀ ਬੋਲੀ ਵਿਚ ਦੇਣ ਬਾਰੇ ਕਦੀ ਸੋਚਿਆ ਅਤੇ ਨਾ ਹੀ ਕਿਸੇ ਵਰਗ ਜਾਂ ਜਥੇਬੰਦੀ ਨੇ ਸਰਕਾਰ ਤੋਂ ਇਸ ਦੀ ਮੰਗ ਹੀ ਕੀਤੀ ਹੈ।

1962 ਵਿਚ ਕੁਝ ਪੰਜਾਬੀ ਦਾਨਿਸ਼ਵਰਾਂ ਦੀ ਮੰਗ, ਸਲਾਹ ਅਤੇ ਪਹਿਲਕਦਮੀ ਨਾਲ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਬਣੀ। ਇਸ ਯੂਨੀਵਰਸਿਟੀ ਦਾ ਮੁਢਲਾ ਉਦੇਸ਼ ਵਿਗਿਆਨ ਨਾਲ ਸੰਬੰਧਤ ਵੱਖ ਵੱਖ ਵਿਸ਼ਿਆਂ ਦੀ ਪੰਜਾਬੀ ਵਿਚ ਪੜ੍ਹਾਈ ਕਰਾਉਣ ਲਈ ਪਾਠ ਪੁਸਤਕਾਂ ਤਿਆਰ ਕਰਨਾ ਮਿਥਿਆ ਗਿਆ ਸੀ। ਯੂਨੀਵਰਸਿਟੀ ਨੂੰ ਆਪਣੀ ਗੋਲਡਨ ਜੁਬਲੀ ਮਨਾਈ ਨੂੰ ਵੀ ਕਿੰਨੇ ਸਾਲ ਲੰਘ ਗਏ ਪਰ ਅਸੀਂ ਕਾਲਜ ਪੱਧਰ 'ਤੇ ਵਿਗਿਆਨ, ਇੰਜਨੀਅਰਿੰਗ, ਮੈਡੀਕਲ, ਕਾਨੂੰਨ ਆਦਿ ਖੇਤਰਾਂ ਦੀ ਪੜ੍ਹਾਈ ਆਪਣੀ ਬੋਲੀ ਵਿਚ ਕਰਾਉਣ ਦਾ ਅਜੇ ਤੱਕ ਉੱਕਾ ਪ੍ਰਬੰਧ ਨਹੀਂ ਕੀਤਾ। ਇਸ ਸਥਿਤੀ ਨੂੰ ਪੰਜਾਬੀ ਨਾਲ ਸੰਬੰਧਤ ਸੰਸਥਾਵਾਂ ਅਤੇ ਜਥੇਬੰਦੀਆਂ ਨੇ ਬੜੇ ਆਰਾਮ ਨਾਲ ਸਹਿਣ ਕੀਤਾ ਹੋਇਆ ਹੈ।

ਆਪਣੇ ਲੋਕਾਂ ਅਤੇ ਆਪਣੀ ਬੋਲੀ ਦੇ ਵਿਕਾਸ ਲਈ ਕਰਨ ਵਾਲੇ ਇਹ ਬੁਨਿਆਦੀ ਕੰਮ ਸਨ ਜੋ ਅਸੀਂ ਨਹੀਂ ਕੀਤੇ। ਅਸੀਂ ਆਪਣੀ ਬੋਲੀ ਆਪ ਵਿਕਸਤ ਕਰਨੀ ਸੀ। ਸਾਨੂੰ ਆਪਣੀ ਜ਼ੁਬਾਨ ਦੇ ਵਿਕਾਸ ਅਤੇ ਪਰਚਲਨ ਤੋਂ ਕਿਸੇ ਬਾਹਰਲੇ ਦੁਸ਼ਮਣ ਨੇ ਨਹੀਂ, ਅਸੀਂ ਆਪ ਹੀ ਰੋਕਿਆ ਹੋਇਆ ਹੈ।

ਵੰਡ ਪਾਊ ਸਿਆਸਤ ਨੇ ਇਹ ਸਥਾਪਤ ਕਰਨ ਵਾਲਾ ਮਾਹੌਲ ਬਣਾਇਆ ਕਿ ਸਿੱਖਾਂ ਦੀ ਬੋਲੀ ਪੰਜਾਬੀ, ਹਿੰਦੂਆਂ ਦੀ ਹਿੰਦੀ ਅਤੇ ਮੁਸਲਮਾਨਾਂ ਦੀ ਉਰਦੂ ਹੈ। ਇਹ ਵੰਡ ਨਾ ਤਾਂ ਤੱਥਾਤਮਿਕ ਤੌਰ ਦੇ ਦਰੁਸਤ ਹੈ ਅਤੇ ਨਾ ਹੀ ਅਜਿਹੀ ਵੰਡ ਨੂੰ ਗੁਰੂ ਸਾਹਿਬ ਮਾਨਤਾ ਦਿੰਦੇ ਹਨ। ਬੋਲੀਆਂ ਸੰਬੰਧੀ ਗੁਰੂ ਦਾ ਵਿਹਾਰ ਦਸਦਾ ਹੈ ਕਿ ਦੁਨੀਆ ਭਰ ਦੀਆਂ ਤਮਾਮ ਬੋਲੀਆਂ ਚੰਗੀਆਂ ਹਨ, ਇਨ੍ਹਾਂ ਨੂੰ ਬੋਲਣ ਵਾਲੇ ਲੋਕਾਂ ਦੇ ਨੇੜੇ ਹੋਵੇ, ਇਨ੍ਹਾਂ ਨੂੰ ਜੋੜੋ, ਸ਼ੁਭ ਕਰਮਨਾਂ ਲਈ ਇਨ੍ਹਾਂ ਨੂੰ ਸੰਗਠਤ ਕਰੋ। ਵੱਧ ਤੋਂ ਵੱਧ ਬੋਲੀਆਂ ਸਿੱਖੋ ਅਤੇ ਵੱਖ ਵੱਖ ਬੋਲੀਆਂ ਵਿਚ ਲਿਖੇ ਛਪੇ ਗਿਆਨ ਨੂੰ ਆਪਣੇ ਲੋਕਾਂ ਕੋਲ ਲੈ ਕੇ ਆਓ। ਬਹੁਤ ਸਾਰੀਆਂ ਬੋਲੀਆਂ ਵਿਚ ਲਿਖਣ ਅਤੇ ਪ੍ਰਚਾਰ ਕਰਨ ਵਾਲੇ ਗੁਰੂ ਸਾਹਿਬ ਬੋਲੀ ਬਾਰੇ ਵਿਸ਼ੇਸ਼ ਤੌਰ 'ਤੇ ਦਰਜ ਕਰਦੇ ਹਨ:

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ (ਮਹੱਲਾ 1, 1191)

ਇਹ ਅਵਰ ਕੌਣ ਹੈ? ਗੁਰੂ ਨਾਨਕ ਲਈ ਇਹ ਅਵਰ ਫ਼ਰੀਦ, ਕਬੀਰ, ਜੈਦੇਵ, ਨਾਮਦੇਵ ਆਦਿ ਤਾਂ ਨਹੀਂ ਹੋ ਸਕਦੇ। ਗੁਰੂ ਲਈ ਅਵਰ ਹੁਕਮਰਾਨ ਜਾਂ ਸੱਤਾਵਾਨ ਹੈ। ਗੁਰੂ ਸਾਹਿਬ ਆਖਦੇ ਹਨ ਕਿ ਆਪਣੀ ਬੋਲੀ ਛੱਡ ਕੇ ਹੁਕਮਰਾਨਾਂ ਦੀ ਬੋਲੀ ਨਹੀਂ ਬੋਲੀਦੀ ਹੁੰਦੀ। ਦੂਜੇ ਲਫ਼ਜ਼ਾਂ ਵਿਚ ਕੋਈ ਬੋਲੀ ਇਸ ਕਰ ਕੇ ਨਹੀਂ ਬੋਲੀਦੀ ਕਿ ਹੁਕਮਰਾਨ ਉਸ ਨੂੰ ਬੋਲਦੇ ਹਨ। ਆਪਦੀ ਗਰਜ਼ ਲਈ ਉਨ੍ਹਾਂ ਦੀ ਚਾਪਲੂਸੀ ਨਹੀਂ ਕਰੀਦੀ ਹੁੰਦੀ, ਜੀ ਜੀ ਸਰ ਸਰ ਨਹੀਂ ਕਰੀਦਾ।

ਲੋਕਤੰਤਰ ਦੇ ਦੌਰ ਵਿਚ ਸਾਡਾ ਆਪਣੇ ਹੁਕਮਰਾਨਾਂ ਨੂੰ ਕਹਿਣਾ ਬਣਦਾ ਹੈ ਕਿ ਜਿਸ ਬੋਲੀ ਵਿਚ ਲੋਕਾਂ ਤੋਂ ਵੋਟਾਂ ਮੰਗੀਆਂ ਹਨ, ਉਹੀ ਬੋਲੀ ਵਿਧਾਨ ਸਭਾ ਵਿਚ ਵਰਤੋ। ਜਿਸ ਬੋਲੀ ਵਿਚ ਭੋਗਾਂ ਦੇ 'ਕੱਠਾਂ ਵਿਚ ਭਾਸ਼ਨ ਦਿੰਦੇ ਹੋ, ਉਸੇ ਬੋਲੀ ਵਿਚ ਫਾਈਲਾਂ 'ਤੇ ਫੈਸਲੇ ਲਿਖੋ। ਜਿਸ ਬੋਲੀ ਵਿਚ ਲੋਕ ਲੜਦੇ ਝਗੜਦੇ ਹਨ, ਉਸੇ ਬੋਲੀ ਵਿਚ ਅਦਾਲਤਾਂ ਇਨ੍ਹਾਂ ਝਗੜਿਆਂ ਦੇ ਫੈਸਲੇ ਕਰਨ ਅਤੇ ਲਿਖਣ। ਹਰ ਤਰ੍ਹਾਂ ਦੇ ਗਿਆਨ ਵਿਗਿਆਨ ਦੀ ਪੜ੍ਹਾਈ ਮਾਂ ਬੋਲੀ ਵਿਚ ਕਰਾਉਣ ਦਾ ਪ੍ਰਬੰਧ ਕਰਨ। ਪੰਜਾਬੀਆਂ ਦੀ ਹੰਢਣਸਾਰ ਅਤੇ ਸਥਾਈ ਤਰੱਕੀ ਲਈ ਪੰਜਾਬੀ ਨੂੰ ਸਤਿਕਾਰ ਨਾਲ ਸਰਕਾਰ, ਰੁਜ਼ਗਾਰ ਅਤੇ ਵਣਜ ਵਪਾਰ ਦੀ ਭਾਸ਼ਾ ਬਣਾਇਆ ਜਾਵੇ।

ਸਭ ਤੋਂ ਅਹਿਮ ਗੱਲ ਕਿ ਕੇਵਲ ਪੰਜਾਬ ਨਾਲ ਜੋੜ ਕੇ ਗੁਰਮਤਿ ਜਾਂ ਸਿੱਖੀ ਦੀ ਵਿਸ਼ਾਲਤਾ ਨੂੰ ਹੋਰ ਸੱਟ ਨਾ ਮਾਰੀਏ ਅਤੇ ਪੰਜਾਬੀ ਨੂੰ ਕੇਵਲ ਸਿੱਖਾਂ ਦੀ ਕਹਿ ਕੇ ਪੰਜਾਬ ਅਤੇ ਪੰਜਾਬੀ ਦਾ ਹੋਰ ਨੁਕਸਾਨ ਕਰਨ ਤੋਂ ਗੁਰੇਜ਼ ਕਰੀਏ। ਸਿੱਖੀ ਦੇ ਵਿਗਾਸ ਲਈ ਗੈਰ ਪੰਜਾਬੀ ਗੁਰਭਾਈਆਂ ਨਾਲ ਵਧੀਆ ਸਾਂਝ ਸੰਪਰਕ ਬਣਾਈਏ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਪੰਜਾਬੀ ਮਾਂ ਜਾਇਆਂ ਨਾਲ ਇਕਮੁੱਠਤਾ ਕਾਇਮ ਕਰੀਏ।

***ਗੁਰੂ ਸਾਹਿਬ (ਗੁਰੂ ਨਾਨਕ) ਆਖਦੇ ਹਨ ਕਿ ਆਪਣੀ ਬੋਲੀ ਛੱਡ ਕੇ ਹੁਕਮਰਾਨਾਂ ਦੀ ਬੋਲੀ ਨਹੀਂ ਬੋਲੀਦੀ ਹੁੰਦੀ। ਦੂਜੇ ਲਫ਼ਜ਼ਾਂ ਵਿਚ ਕੋਈ ਬੋਲੀ ਇਸ ਕਰ ਕੇ ਨਹੀਂ ਬੋਲੀਦੀ ਕਿ ਹੁਕਮਰਾਨ ਉਸ ਨੂੰ ਬੋਲਦੇ ਹਨ। ਆਪਦੀ ਗਰਜ਼ ਲਈ ਉਨ੍ਹਾਂ ਦੀ ਚਾਪਲੂਸੀ ਨਹੀਂ ਕਰੀਦੀ ਹੁੰਦੀ, ਜੀ ਜੀ ਸਰ ਸਰ ਨਹੀਂ ਕਰੀਦਾ। ਲੋਕਤੰਤਰ ਦੇ ਦੌਰ ਵਿਚ ਸਾਡਾ ਆਪਣੇ ਹੁਕਮਰਾਨਾਂ ਨੂੰ ਕਹਿਣਾ ਬਣਦਾ ਹੈ ਕਿ ਜਿਸ ਬੋਲੀ ਵਿਚ ਲੋਕਾਂ ਤੋਂ ਵੋਟਾਂ ਮੰਗੀਆਂ ਹਨ, ਉਹੀ ਬੋਲੀ ਵਿਧਾਨ ਸਭਾ ਵਿਚ ਵਰਤੋ। ਜਿਸ ਬੋਲੀ ਵਿਚ ਭੋਗਾਂ ਦੇ 'ਕੱਠਾਂ ਵਿਚ ਭਾਸ਼ਨ ਦਿੰਦੇ ਹੋ, ਉਸੇ ਬੋਲੀ ਵਿਚ ਫਾਈਲਾਂ 'ਤੇ ਫੈਸਲੇ ਲਿਖੋ। ਜਿਸ ਬੋਲੀ ਵਿਚ ਲੋਕ ਲੜਦੇ ਝਗੜਦੇ ਹਨ, ਉਸੇ ਬੋਲੀ ਵਿਚ ਅਦਾਲਤਾਂ ਇਨ੍ਹਾਂ ਝਗੜਿਆਂ ਦੇ ਫੈਸਲੇ ਕਰਨ ਅਤੇ ਲਿਖਣ। ਹਰ ਤਰ੍ਹਾਂ ਦੇ ਗਿਆਨ ਵਿਗਿਆਨ ਦੀ ਪੜ੍ਹਾਈ ਮਾਂ ਬੋਲੀ ਵਿਚ ਕਰਾਉਣ ਦਾ ਪ੍ਰਬੰਧ ਕਰਨ। ਪੰਜਾਬੀਆਂ ਦੀ ਹੰਢਣਸਾਰ ਅਤੇ ਸਥਾਈ ਤਰੱਕੀ ਲਈ ਪੰਜਾਬੀ ਨੂੰ ਸਤਿਕਾਰ ਨਾਲ ਸਰਕਾਰ, ਰੁਜ਼ਗਾਰ ਅਤੇ ਵਣਜ ਵਪਾਰ ਦੀ ਭਾਸ਼ਾ ਬਣਾਇਆ ਜਾਵੇ।***

# ਗੁਜਰਾਤ: ਭਾਜਪਾ ਦੀ ਵੱਡੀ ਜਿੱਤ ਦੇ ਕਾਰਨ

**ਸ਼ਿਵ ਇੰਦਰ ਸਿੰਘ**
ਫੋਨ: +91-99154-11894

ਗੁਜਰਾਤ ਵਿਚ ਭਾਜਪਾ ਨੇ ਲਗਾਤਾਰ ਸੱਤਵੀਂ ਵਾਰ ਚੋਣਾਂ ਜਿੱਤ ਕੇ ਰਿਕਾਰਡ ਸਿਰਜਿਆ ਹੈ ਅਤੇ ਆਪਣਾ 27 ਸਾਲ ਪੁਰਾਣਾ ਕਿਲ੍ਹਾ ਬਰਕਰਾਰ ਰੱਖਿਆ ਹੈ। ਭਾਜਪਾ ਨੇ 182 ਮੈਂਬਰੀ ਵਿਧਾਨ ਸਭਾ ਵਿਚੋਂ 156 ਸੀਟਾਂ ਜਿੱਤੀਆਂ ਹਨ ਅਤੇ 53 ਫ਼ੀਸਦ ਵੋਟ ਹਾਸਲ ਕੀਤੇ ਹਨ। ਕਾਂਗਰਸ ਨੂੰ ਸਿਰਫ਼ 17 ਸੀਟਾਂ ਹਾਸਲ ਹੋਈਆਂ ਤੇ ਉਸ ਦਾ ਵੋਟ 27 ਫ਼ੀਸਦ ਰਿਹਾ। ਗੁਜਰਾਤ ਵਿਚ ਦੂਜੀ ਵਾਰ ਵਿਧਾਨ ਸਭਾ ਚੋਣਾਂ ਲੜ ਰਹੀ 'ਆਪ' ਨੇ 5 ਸੀਟਾਂ ਲੈ ਕੇ ਵਿਧਾਨ ਸਭਾ ਵਿਚ ਹਾਜ਼ਰੀ ਲਗਾਈ ਹੈ ਤੇ 13 ਫ਼ੀਸਦ ਦੇ ਕਰੀਬ ਵੋਟ ਹਾਸਲ ਕੀਤੇ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ 99 ਸੀਟਾਂ ਜਿੱਤੀਆਂ ਅਤੇ 49.1 ਫੀਸਦ ਵੋਟ ਪ੍ਰਾਪਤ ਕੀਤੇ ਸਨ। ਉਸ ਸਮੇਂ ਕਾਂਗਰਸ ਨੇ 77 ਸੀਟਾਂ ਲੈ ਕੇ ਭਾਜਪਾ ਨੂੰ ਤਕੜੀ ਟੱਕਰ ਦਿੱਤੀ ਸੀ। ਭਾਜਪਾ ਨੇ 2002 ਦੇ ਫ਼ਿਰਕੂ ਦੰਗਿਆਂ ਤੋਂ ਬਾਅਦ ਹੋਈਆਂ ਚੋਣਾਂ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਜਿੱਤੀਆਂ 127 ਸੀਟਾਂ ਦੇ ਰਿਕਾਰਡ ਨੂੰ ਤਾਂ ਮਾਤ ਪਾਈ ਹੀ ਹੈ, 1985 ਵਿਚ ਕਾਂਗਰਸ ਵਲੋਂ ਮਾਧਵਸਿੰਹ ਸੋਲੰਕੀ ਦੀ ਅਗਵਾਈ ਵਿਚ ਜਿੱਤੀਆਂ 149 ਸੀਟਾਂ ਦਾ ਰਿਕਾਰਡ ਵੀ ਤੋੜ ਦਿੱਤਾ।

ਚੋਣਾਂ ਤੋਂ ਬਾਅਦ ਭਾਜਪਾ ਨੇ ਇਸ ਨੂੰ ਮੋਦੀ ਦੀ ਹਰਮਨਪਿਆਰਤਾ ਅਤੇ ਗੁਜਰਾਤ ਸਰਕਾਰ ਦੇ 'ਵਿਕਾਸਮੁਖੀ' ਕੰਮਾਂ ਦੀ ਜਿੱਤ ਆਖਦੇ ਹੋਏ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਰਿਕਾਰਡਤੋੜ ਜਿੱਤ ਦਾ ਦਾਅਵਾ ਕੀਤਾ ਹੈ। ਦੂਜੇ ਪਾਸੇ ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਮੀਡੀਆ ਸਿਰਫ਼ ਗੁਜਰਾਤ ਚੋਣਾਂ ਉੱਤੇ ਜ਼ਿਆਦਾ ਧਿਆਨ ਕੇਂਦਰਿਤ ਕਰ ਰਿਹਾ ਹੈ ਪਰ ਉਹ ਭਾਜਪਾ ਦੀ ਹਿਮਾਚਲ ਪ੍ਰਦੇਸ਼ ਵਿਧਾਨ ਸਭਾ, ਦਿੱਲੀ ਨਗਰ ਨਿਗਮ ਚੋਣਾਂ ਤੇ ਜ਼ਿਮਨੀ ਚੋਣਾਂ ਦੀ ਹਰ ਉੱਤੇ ਉਨਾਂ ਧਿਆਨ ਕੇਂਦਰਿਤ ਨਹੀਂ ਕਰ ਰਿਹਾ।

ਗੁਜਰਾਤ ਚੋਣਾਂ ਵਿਚ ਭਾਜਪਾ ਦੇ ਜਿੱਤ ਦੇ ਕਾਰਨਾਂ ਅਤੇ ਉਸ ਦੇ ਪੈਣ ਵਾਲੇ ਅਸਰਾਂ ਦੀ ਚਰਚਾ ਉਦੋਂ ਹੋਰ ਜ਼ਰੂਰੀ ਹੋ ਜਾਂਦੀ ਹੈ ਜਦੋਂ ਗੁਜਰਾਤੀਆਂ ਦੇ ਮੂੰਹੋਂ ਬੇਰੁਜ਼ਗਾਰੀ, ਮਹਿੰਗਾਈ, ਜੀ.ਐੱਸ.ਟੀ. ਦੀ ਮਾਰ ਦੀਆਂ ਗੱਲਾਂ ਸੁਣਾਈ ਦਿੰਦੀਆਂ ਹੋਣ, ਕੱਪੜਾ ਵਪਾਰੀਆਂ ਦੇ ਰੋਸ, ਸਾਲ ਕੁ ਪਹਿਲਾਂ ਪਾਟੀਦਾਰ ਅੰਦੋਲਨ, ਕੱਛ ਖੇਤਰ ਦੇ ਕਿਸਾਨ ਦੀਆਂ ਸਮੱਸਿਆਵਾਂ, ਕਿਸਾਨ ਖੁਦਕੁਸ਼ੀਆਂ, ਪਸ਼ੂ ਪਾਲਕਾਂ ਦੇ ਅੰਦੋਲਨ ਦੀਆਂ ਖ਼ਬਰਾਂ ਪੜ੍ਹਨ ਨੂੰ ਮਿਲੀਆਂ ਹੋਣ, ਮਾੜੀਆਂ ਸਿਹਤ ਸਹੂਲਤਾਂ, ਸਿੱਖਿਆ ਦਾ ਨਿੱਜੀਕਰਨ ਤੇ ਮਹਿੰਗੀ ਸਿੱਖਿਆ, ਸ਼ਹਿਰੀਕਰਨ ਨਾਲ ਪੈਦਾ ਹੋਈਆਂ ਦਿੱਕਤਾਂ ਗੁਜਰਾਤ ਵੜਦੇ ਸਾਰ ਦਿਖ ਜਾਂਦੀਆਂ ਹੋਣ, ਜਿੱਥੋਂ ਕਮਜ਼ੋਰ ਜਾਤੀਆਂ ਦੀ ਮਾੜੀ ਹਾਲਤ, ਛਾੜਾ ਆਦਿਵਾਸੀ ਕਬੀਲੇ ਵੱਲੋਂ ਘਾਹ ਖਾ ਕੇ ਗੁਜ਼ਾਰਾ ਕਰਨ ਦੀਆਂ ਖ਼ਬਰਾਂ ਆਉਂਦੀਆਂ ਹੋਣ। ਜਿੱਥੇ ਮਾਨਵ ਵਿਕਾਸ ਸੂਚਕ ਅੰਕ ਵਿਚ ਗੁਜਰਾਤ ਦਾ ਨੰਬਰ 21ਵਾਂ ਹੋਵੇ। ਜਦੋਂ ਬੱਚਿਆਂ ਦੇ ਕੁਪੋਸ਼ਣ ਦੇ ਮਾਮਲੇ ਵਿਚ ਗੁਜਰਾਤ ਮਹਾਰਾਸ਼ਟਰ ਤੇ ਬਿਹਾਰ ਤੋਂ ਬਾਅਦ ਤੀਜੇ ਨੰਬਰ ਉੱਤੇ ਹੋਵੇ ਉਦੋਂ ਇਸ ਜਿੱਤ ਦੇ ਕਾਰਨਾਂ ਨੂੰ ਦੇਖਣਾ ਹੋਰ ਵੀ ਲਾਜ਼ਮੀ ਹੋ ਜਾਂਦਾ ਹੈ।

ਇਸ ਜਿੱਤ ਦੇ ਮੁੱਖ ਦੋ ਕਾਰਨ ਫ਼ਿਰਕੂ ਧਰੁਵੀਕਰਨ ਅਤੇ ਹਰ ਤਰ੍ਹਾਂ ਦੀਆਂ ਸਿਆਸੀ ਚਤੁਰਾਈਆਂ ਹਨ। ਅੱਜ ਜੋ ਮਾਹੌਲ ਪੂਰੇ ਮੁਲਕ ਵਿਚ ਸਿਰਜਿਆ ਜਾ ਰਿਹਾ ਹੈ ਉਸ ਤਹਿਤ ਬਹੁਗਿਣਤੀ ਦੇ ਮਨਾਂ ਵਿਚ ਘੱਟਗਿਣਤੀ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਫੈਲਾਈ ਜਾ ਰਹੀ ਹੈ। ਇਕ ਖ਼ਾਸ ਸ਼ਖ਼ਸ ਨੂੰ 'ਗੰਗਾ ਜਲ' ਵਾਂਗ ਪਵਿੱਤਰ ਕਿਹਾ ਜਾਣ ਲੱਗਿਆ ਹੈ।



ਇਹ ਮਾਹੌਲ 2002 ਵਿਚ ਹੀ ਤਿਆਰ ਹੋ ਗਿਆ ਸੀ ਜੋ ਅੱਗੇ ਜਾ ਕੇ ਹੋਰ ਵਧਿਆ। 2014 ਤੋਂ ਪਹਿਲਾਂ ਜਦੋਂ ਕੋਈ ਗੁਜਰਾਤ ਨਾਲ ਜੁੜਿਆ ਵਿਦਵਾਨ ਜਾਂ ਪੱਤਰਕਾਰ ਦਿੱਲੀ ਬੈਠੇ 'ਕੌਮੀ ਵਿਦਵਾਨਾਂ/ਪੱਤਰਕਾਰਾਂ' ਨੂੰ ਗੁਜਰਾਤ ਵਿਚਲੀ ਫ਼ਿਰਕੂ ਨਫ਼ਰਤ ਦੀ ਹਕੀਕਤ ਤੋਂ ਜਾਣੂ ਕਰਾਉਂਦਾ ਤਾਂ ਦਿੱਲੀ ਬੈਠੇ 'ਮਹਾਂਪੁਰਸ਼ਾਂ' ਨੂੰ ਇਹ ਗੱਲਾਂ ਅਤਿਕਥਨੀ ਜਿਹੀ ਲੱਗਦੀਆਂ। 2014 ਤੋਂ ਬਾਅਦ ਉਹੀ 'ਗੁਜਰਾਤ ਮਾਡਲ' ਪੂਰੇ ਦੇਸ਼ ਵਿਚ ਲਾਗੂ ਕੀਤਾ ਜਾਣ ਲੱਗਾ।

ਗੁਜਰਾਤੀ ਸਮਾਜ ਵਿਚ ਬਣਾਏ ਵੰਡਪਾਊ ਮਾਹੌਲ ਦੇ ਸਿਰ 'ਤੇ ਭਾਜਪਾ ਨੇ 2002 ਵਿਚ ਵੱਡੀ ਜਿੱਤ ਹਾਸਲ ਕੀਤੀ। 'ਹਿੰਦੂ ਰਾਸ਼ਟਰ ਮੇਂ ਆਪ ਕਾ ਸਵਾਗਤ ਹੈ' ਦੇ ਬੋਰਡ ਲੱਗ ਜਾਂਦੇ ਹਨ। ਮੁਸਲਮਾਨ ਤਾਂ ਸਹਿਮਦੇ ਹੀ ਹਨ, ਦੂਜੀਆਂ ਪਾਰਟੀਆਂ ਵੀ ਮੁਸਲਮਾਨ ਨਾਲ ਹੁੰਦੇ ਧੱਕੇ ਖ਼ਿਲਾਫ਼ ਬੋਲਣ ਤੋਂ ਡਰਨ ਲੱਗਦੀਆਂ ਹਨ ਕਿ ਕਿਤੇ ਬਹੁਗਿਣਤੀ ਫ਼ਿਰਕੇ ਦੇ ਲੋਕ ਨਾਰਾਜ਼ ਨਾ ਹੋ ਜਾਣ। ਇਸੇ ਮਾਹੌਲ ਅਤੇ ਵੱਡੇ ਪੂੰਜੀਪਤੀਆਂ ਦੀ ਮਿਹਰ ਸਦਕਾ 2007 ਵਿਚ ਭਾਜਪਾ ਫਿਰ ਸੱਤਾ ਵਿਚ ਆਉਂਦੀ ਹੈ। ਪਟੇਲਾਂ ਨੇ ਮੋਦੀ ਸਰਕਾਰ ਵਿਰੁੱਧ ਆਪਣੀਆਂ ਮੰਗਾਂ ਨੂੰ ਲੈ ਕੇ ਇਕੱਠੇ ਹੋਣ ਦੀ ਕੋਸ਼ਿਸ਼ ਕੀਤੀ ਪਰ ਇਸ ਦਾ ਹੱਲ ਉਦੋਂ ਪਟੇਲਾਂ ਦੀਆਂ ਦੋ ਵੱਡੀਆਂ ਬਰਾਦਰੀਆਂ ਲੇਵਾ ਤੇ ਕੜਵਾ ਨੂੰ ਆਪਸ ਵਿਚ ਲੜਾ ਕੇ ਕੱਢ ਲਿਆ ਗਿਆ। 2012 ਵਿਚ ਭਾਜਪਾ ਹਿੰਦੂਤਵ ਦੇ ਨਾਲ-ਨਾਲ ਕਾਰਪੋਰੇਟੀ 'ਵਿਕਾਸ' ਅਤੇ ਗੁਜਰਾਤੀ 'ਗੌਰਵ' ਦੇ ਸਿਰ 'ਤੇ ਸੱਤਾ ਵਿਚ ਆਈ। ਜੇ ਮਾੜੀ-ਮੋਟੀ ਪਾਟੀਦਾਰ ਭਾਈਚਾਰੇ ਅਤੇ ਕੁਝ ਹੋਰ ਜਾਤੀਆਂ ਵੱਲੋਂ ਚੁਣੌਤੀ ਮਿਲੀ, ਉਸ ਦਾ ਹੱਲ ਉਨ੍ਹਾਂ ਭਾਈਚਾਰਿਆਂ ਦੀਆਂ ਉਪ-ਜਾਤਾਂ ਵਿਚ ਦਰਾੜ ਪਾ ਕੇ ਕੱਢ ਲਿਆ। 2014 ਦੀਆਂ ਲੋਕ ਸਭਾ ਚੋਣਾਂ ਵਿਚ 'ਗੁਜਰਾਤ ਮਾਡਲ' ਪੂਰੇ ਮੁਲਕ ਵਿਚ ਮਸ਼ਹੂਰ ਕਰ ਕੇ ਮੋਦੀ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ ਤੇ ਗੁਜਰਾਤ ਵਿਚੋਂ 26 ਦੀਆਂ 26 ਲੋਕ ਸਭਾ ਸੀਟਾਂ ਭਾਜਪਾ ਨੇ ਜਿੱਤੀਆਂ। 2017 ਦੀ ਵਿਧਾਨ ਸਭਾ ਚੋਣ ਵੇਲੇ ਭਾਵੇਂ ਮੋਦੀ ਪ੍ਰਧਾਨ ਮੰਤਰੀ ਬਣ ਚੁਕੇ ਸਨ ਪਰ ਚੋਣਾਂ ਉਨ੍ਹਾਂ ਨੂੰ ਅੱਗੇ ਰੱਖ ਕੇ ਹੀ ਲੜੀਆਂ ਗਈਆਂ। ਉਸ ਸਮੇਂ ਭਾਜਪਾ ਨੂੰ ਤਕੜੀ ਟੱਕਰ ਮਿਲ ਰਹੀ ਸੀ। ਕਾਂਗਰਸ ਕੋਲ ਉਸ ਸਮੇਂ ਪਟੇਲ ਭਾਈਚਾਰੇ ਵਿਚੋਂ ਹਾਰਦਿਕ ਪਟੇਲ, ਪਛੜੇ ਭਾਈਚਾਰੇ ਵਿਚੋਂ ਅਲਪੇਸ਼ ਠਾਕੁਰ ਅਤੇ ਦਲਿਤ ਭਾਈਚਾਰੇ ਵਿਚੋਂ ਜਗਨੇਸ਼ ਮੇਵਾਣੀ ਸਨ (ਜਗਨੇਸ਼ ਨੇ 2017 ਵਿਚ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ, ਉਸ ਨੂੰ ਕਾਂਗਰਸ ਦੀ ਹਮਾਇਤ ਸੀ)। ਉਦੋਂ ਨਰਿੰਦਰ ਮੋਦੀ ਅਤੇ ਭਾਜਪਾ ਨੇ ਹਿੰਦੂਤਵ ਦੇ ਨਾਲ ਨਾਲ 'ਵਿਕਾਸ' ਤੇ 'ਡਬਲ ਇੰਜਣ ਸਰਕਾਰ' ਦੇ ਨਾਮ 'ਤੇ ਵੋਟਾਂ ਮੰਗੀਆਂ। ਫਿਰ 2019 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਭਾਜਪਾ ਨੇ ਸਾਰੀਆਂ 26 ਸੀਟਾਂ ਜਿੱਤੀਆਂ ਸਨ।

ਇਨ੍ਹਾਂ ਚੋਣਾਂ ਦੌਰਾਨ ਇਕ ਸ਼ਖ਼ਸ ਮੀਡੀਆ ਨਾਲ ਗੱਲ ਕਰਦਿਆਂ ਆਖ ਰਿਹਾ ਸੀ ਕਿ ਉਹ ਮਹਿੰਗਾਈ ਤੋਂ ਪ੍ਰੇਸ਼ਾਨ ਹੈ, ਉਸ ਦੇ ਮੁੰਡਿਆਂ ਕੋਲ ਵੀ ਰੁਜ਼ਗਾਰ ਨਹੀਂ ਪਰ ਉਹ ਬੇਰੁਜ਼ਗਾਰੀ ਤੇ ਮਹਿੰਗਾਈ ਹੱਥੋਂ ਮਰਨਾ ਤਾਂ ਪਸੰਦ ਕਰੇਗਾ ਪਰ ਮੁਸਲਮਾਨਾਂ ਹੱਥੋਂ ਮਰਨਾ ਪਸੰਦ ਨਹੀਂ ਕਰੇਗਾ। ਮੋਦੀ ਸਾਨੂੰ ਮੁਸਲਮਾਨਾਂ ਤੋਂ ਬਚਾਉਂਦੇ ਹਨ। ਗੁਜਰਾਤ ਦੇ ਕਈ ਪਿੰਡਾਂ ਵਿਚ ਨੌਜਵਾਨਾਂ ਨੇ ਆਪਣੇ ਪਿੰਡਾਂ ਦੀਆਂ ਜੂਹਾਂ ਉੱਤੇ 'ਹਿੰਦੂ ਪਿੰਡ ਵਿਚ ਤੁਹਾਡਾ ਸਵਾਗਤ ਹੈ' ਦੇ ਬੋਰਡ ਲਗਾਏ ਹਨ। ਇਨ੍ਹਾਂ ਨੌਜਵਾਨਾਂ ਕੋਲ ਨਾ ਕੋਈ ਰੁਜ਼ਗਾਰ ਹੈ, ਨਾ ਹੀ ਉਹ ਬਹੁਤ ਪੜ੍ਹੇ ਲਿਖੇ ਹਨ। ਪਿੰਡਾਂ ਵਿਚ ਮੁਢਲੀਆਂ ਸਹੂਲਤਾਂ ਵੀ ਨਹੀਂ ਹਨ ਪਰ ਉਹ ਇਸ ਗੱਲੋਂ ਖੁਸ਼ ਹਨ ਕਿ ਉਨ੍ਹਾਂ ਦੇ ਪਿੰਡ ਵਿਚ ਹੁਣ ਸਿਰਫ਼ ਹਿੰਦੂ ਹੀ ਰਹਿੰਦੇ ਹਨ। ਉਨ੍ਹਾਂ ਨੂੰ ਆਸ ਹੈ ਕਿ ਮੋਦੀ ਜੀ ਸਾਰੇ ਹਿੰਦੋਸਤਾਨ ਨੂੰ ਉਨ੍ਹਾਂ ਦੇ ਪਿੰਡ ਵਰਗਾ ਬਣਾ ਦੇਣਗੇ। ਇਹ ਦੋ ਮਿਸਾਲਾਂ ਦੱਸਦੀਆਂ ਹਨ ਕਿ ਗੁਜਰਾਤ ਕਿਵੇਂ ਹਿੰਦੂਤਵ ਪ੍ਰਯੋਗਸ਼ਾਲਾ ਬਣ ਕੇ ਸਾਹਮਣੇ ਆਇਆ ਹੈ।

ਐਤਕੀਂ ਚੋਣਾਂ ਦੀ ਕਮਾਨ ਪ੍ਰਧਾਨ ਮੰਤਰੀ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣੇ ਹੱਥ ਲੈ ਲਈ ਸੀ। ਜਿੱਤਣ ਲਈ ਹਿੰਦੂਤਵ ਪੱਤੇ ਦੇ ਨਾਲ ਨਾਲ ਸਿਆਸੀ ਜੁਗਤਾਂ ਵਰਤੀਆਂ ਗਈਆਂ। ਚੋਣਾਂ ਪੂਰੀ ਤਰ੍ਹਾਂ ਮੋਦੀ ਦੇ ਨਾਮ 'ਤੇ ਲੜੀਆਂ ਗਈਆਂ। ਮੋਦੀ ਅਤੇ ਅਮਿਤ ਸ਼ਾਹ ਦੀ ਜੋੜੀ ਨੂੰ ਅਹਿਸਾਸ ਸੀ ਕਿ ਪਿਛਲੀ ਵਾਰ ਵਾਂਗ ਵੱਡੀ ਚੁਣੌਤੀ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਚੋਣਾਂ ਤੋਂ ਪਹਿਲਾਂ ਹੀ ਵਿਉਂਤਬੰਦੀ ਕੀਤੀ ਗਈ। ਇਸ ਵਾਰ ਅਲਪੇਸ਼ ਠਾਕੁਰ ਭਾਜਪਾ ਨਾਲ ਸੀ ਅਤੇ ਚੋਣਾਂ ਤੋਂ ਪਹਿਲਾਂ ਹੀ ਹਾਰਦਿਕ ਪਟੇਲ ਵੀ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋ ਗਿਆ ਸੀ। ਸਥਾਪਤੀ ਵਿਰੋਧੀ ਮਾਹੌਲ ਦਬਾਉਣ ਲਈ ਚੋਣਾਂ ਤੋਂ ਸਾਲ ਪਹਿਲਾਂ ਹੀ ਵਿਜੈ ਰੁਪਾਨੀ ਨੂੰ ਪੂਰੇ ਮੰਤਰੀ ਮੰਡਲ ਸਮੇਤ ਹਟਾ ਕੇ ਭੁਪੇਂਦਰ ਪਟੇਲ ਨੂੰ ਮੁੱਖ ਮੰਤਰੀ ਬਣਾ ਕੇ ਪਟੇਲਾਂ ਦੀ ਨਾਰਾਜ਼ਗੀ ਦੂਰ ਕਰਨ ਦੀ ਕੋਸ਼ਿਸ ਕੀਤੀ ਗਈ। ਇਸੇ ਤਰ੍ਹਾਂ ਟਿਕਟਾਂ ਦੀ ਵੰਡ ਵੀ ਸੋਚ ਸਮਝ ਕੇ ਕੀਤੀ ਗਈ। ਭਾਜਪਾ ਨੇ ਕਾਂਗਰਸ ਵਿਚੋਂ ਆਏ ਕਈ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਅਤੇ 'ਪਰਿਵਾਰਵਾਦ' ਦੀ ਪ੍ਰਵਾਹ ਨਹੀਂ ਕੀਤੀ। ਮੁਸ਼ਕਿਲ ਖੜ੍ਹੀ ਕਰਨ ਵਾਲਿਆਂ ਦੀਆਂ ਕਈ ਟਿਕਟਾਂ ਕੱਟੀਆਂ ਗਈਆਂ। ਕੁਝ ਅਸੰਤੁਸ਼ਟ ਵਰਗਾਂ ਅਤੇ ਅੰਦੋਲਨ ਕਰਨ ਵਾਲਿਆਂ ਨੂੰ ਭਰੋਸੇ ਵਿਚ ਲੈ ਕੇ ਮਨਾਇਆ ਗਿਆ। ਫ਼ਿਰਕੂ ਪੱਤਾ ਰੱਜ ਕੇ ਖੇਡਿਆ। ਬਿਲਕੀਸ ਬਾਨੋ ਦੇ ਦੋਸ਼ੀਆਂ ਨੂੰ 'ਸਦਾਚਾਰੀ' ਬ੍ਰਾਹਮਣ ਕਹਿਣ ਵਾਲੇ ਸੀਕੇ ਰਾਉਲਜੀ ਅਤੇ ਨਰੋਦਾ ਪਾਟੀਆ ਕਤਲੇਆਮ ਦੇ ਦੋਸ਼ੀ ਮਨੋਜ ਕੁਲਕਰਨੀ ਦੀ ਧੀ ਪਾਇਲ ਕੁਲਕਰਨੀ ਨੂੰ ਟਿਕਟ ਦਿੱਤੀ। ਦੋਵੇਂ ਜਿੱਤ ਗਏ। ਭਾਜਪਾ ਆਗੂਆਂ ਦੇ ਭਾਸ਼ਣਾਂ ਵਿਚ ਦੱਸਿਆ ਗਿਆ- '2002 ਵਿਚ ਦੰਗਾਕਾਰੀਆਂ ਨੂੰ ਸਬਕ ਸਿਖਾਇਆ ਗਿਆ।' ਪ੍ਰਧਾਨ ਮੰਤਰੀ ਨੇ ਮੇਧਾ ਪਾਟੇਕਰ ਵਰਗੀ ਕਾਰਕੁਨ ਦਾ ਨਾਮ ਕਿਸੇ ਅਪਰਾਧੀ ਵਾਂਗ ਜਾਂ ਵਿਕਾਸ ਵਿਰੋਧੀ, ਗੁਜਰਾਤ ਵਿਰੋਧੀ ਲਿਆ। ਸਾਂਝੇ ਸਿਵਲ ਕੋਡ ਵਰਗੇ ਮੁੱਦੇ ਪ੍ਰਚਾਰ ਵਿਚ ਲਿਆਂਦੇ। ਭਾਜਪਾ ਤੋਂ ਨਿਰਾਸ਼ ਆਦਿਵਾਸੀ ਭਾਈਚਾਰੇ ਨੂੰ ਆਪਣੇ ਵੱਲ ਕਰਨ ਲਈ ਇਹ ਪੱਤਾ ਖੇਡਿਆ ਕਿ ਦੇਸ਼ ਦੀ ਪਹਿਲੀ ਆਦਿਵਾਸੀ ਰਾਸ਼ਟਰਪਤੀ ਅਸੀਂ ਬਣਾਈ ਹੈ, ਕਾਂਗਰਸ ਨੇ ਉਸ ਦਾ ਵਿਰੋਧ ਕੀਤਾ ਸੀ।

ਮੋਦੀ ਨੇ ਗੁਜਰਾਤ ਵਿਚ 30 ਤੋਂ ਵੱਧ ਵੱਡੀਆਂ ਰੈਲੀਆਂ ਕੀਤੀਆਂ। 50 ਕਿਲੋਮੀਟਰ ਰੋਡ ਸ਼ੋਅ ਕੀਤਾ। ਰੈਲੀਆਂ ਵਿਚ ਉਨ੍ਹਾਂ 'ਧਰਤੀ ਪੁੱਤਰ', 'ਗੁਜਰਾਤ ਗੌਰਵ' ਵਰਗੀਆਂ ਗੱਲਾਂ ਵੀ ਕੀਤੀਆਂ। ਭਾਜਪਾ ਨੇ ਪੋਸਟਰਾਂ ਵਿਚ 1995 ਤੋਂ 2001 ਵਾਲੇ ਸਮੇਂ ਦਾ ਜ਼ਿਕਰ ਕਰਨ ਦੀ ਥਾਂ 2001 ਦੇ ਸਮੇਂ (ਜਦੋਂ ਮੋਦੀ ਪਹਿਲੀ ਵਾਰ ਗੁਜਰਾਤ ਦਾ ਮੁੱਖ ਮੰਤਰੀ ਬਣੇ) ਤੋਂ ਆਪਣਾ ਸੁਨਹਿਰੀ ਯੁੱਗ ਆਖਿਆ। ਦੂਜੇ ਪਾਸੇ, ਕਾਂਗਰਸ ਇਸ ਵਾਰ ਖ਼ੁਦ ਨੂੰ ਹਾਰੀ ਹੋਈ ਮੰਨ ਕੇ ਚੋਣ ਲੜ ਰਹੀ ਸੀ।

ਕੇਂਦਰੀ ਲੀਡਰਾਂ ਨੇ ਸਥਾਨਕ ਇਕਾਈ ਦੀ ਬਾਂਹ ਨਹੀਂ ਫੜੀ। ਰਾਹੁਲ ਗਾਂਧੀ ਨੇ ਸਿਰਫ਼ ਦੋ ਰੈਲੀਆਂ ਕੀਤੀਆਂ। ਟਿਕਟਾਂ ਦੀ ਵੰਡ ਵੇਲੇ ਹੀ ਕਲੇਸ਼ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਸੀ। ਆਮ ਆਦਮੀ ਪਾਰਟੀ ਨੇ ਵੀ ਕਾਂਗਰਸ ਦੇ ਵੋਟ ਬੈਂਕ ਨੂੰ ਖ਼ੋਰਾ ਲਾਇਆ ਹੈ।

ਸਿਆਸਤ ਨੂੰ ਸਮਝਣ ਵਾਲੇ ਕੁਝ ਲੋਕ ਹੈਰਾਨ ਹਨ ਕਿ ਮੁਸਲਿਮ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਭਾਜਪਾ ਕਿਵੇਂ ਜਿੱਤੀ। ਭਾਜਪਾ ਦੇ ਕੁਝ ਨੇਤਾਵਾਂ ਦਾ ਦਾਅਵਾ ਹੈ ਕਿ ਮੁਸਲਿਮ ਵੋਟ ਵੀ ਉਨ੍ਹਾਂ ਨੂੰ ਪਈ ਹੈ ਪਰ ਇਹ ਗੱਲ ਹਕੀਕਤ ਤੋਂ ਪਰ੍ਹੇ ਜਾਪਦੀ ਹੈ। ਗੁਜਰਾਤ ਵਿਚ ਮੁਸਲਮਾਨ ਆਬਾਦੀ 10 ਫ਼ੀਸਦ ਦੇ ਕਰੀਬ ਹੈ। 12 ਸੀਟਾਂ ਅਜਿਹੀਆਂ ਹਨ ਜਿੱਥੇ ਮੁਸਲਿਮ ਆਬਾਦੀ 20 ਤੋਂ 30 ਫ਼ੀਸਦ ਹੈ। ਇਨ੍ਹਾਂ ਵਿਚੋਂ 10 ਸੀਟਾਂ ਭਾਜਪਾ ਨੇ ਜਿੱਤੀਆਂ ਹਨ। 53 ਸੀਟਾਂ ਅਜਿਹੀਆਂ ਹਨ ਜਿੱਥੇ ਮੁਸਲਿਮ ਆਬਾਦੀ 10 ਤੋਂ 15 ਫ਼ੀਸਦ ਹੈ। ਇਨ੍ਹਾਂ ਵਿਚੋਂ ਭਾਜਪਾ ਨੇ 50 ਸੀਟਾਂ ਜਿੱਤੀਆਂ ਹਨ। ਭਾਜਪਾ ਨੇ ਇਕ ਵੀ ਮੁਸਲਮਾਨ ਨੂੰ ਟਿਕਟ ਨਹੀਂ ਦਿੱਤੀ ਸੀ, ਕਾਂਗਰਸ ਨੇ 6 ਅਤੇ 'ਆਪ' ਨੇ 4 ਮੁਸਲਿਮ ਉਮੀਦਵਾਰਾਂ ਨੂੰ ਟਿਕਟ ਦਿੱਤੀ। ਅਸਦ-ਉਦ-ਦੀਨ ਓਵੈਸੀ ਦੀ ਏ.ਆਈ.ਐੱਮ.ਆਈ.ਐੱਮ. ਨੇ 13 ਉਮੀਦਵਾਰ ਮੈਦਾਨ ਵਿਚ ਉਤਾਰੇ ਜਿਨ੍ਹਾਂ ਵਿਚੋਂ ਦੋ ਹਿੰਦੂ ਸਨ। ਇਸ ਵਾਰ ਸਿਰਫ਼ ਇਕੋ ਮੁਸਲਮਾਨ ਉਮੀਦਵਾਰ ਵਿਧਾਨ ਸਭਾ ਪਹੁੰਚਿਆ ਹੈ, ਉਹ ਕਾਂਗਰਸ ਦਾ ਇਮਰਾਨ ਖੇੜਾਵਾਲਾ ਹੈ ਜੋ ਜਮਾਲਪੁਰ ਖਾੜੀਆ ਤੋਂ ਜਿੱਤਿਆ ਹੈ। ਆਮ ਕਰ ਕੇ ਮੁਸਲਿਮ ਵੋਟ ਸੰਗਠਿਤ ਹੋ ਕੇ ਕਾਂਗਰਸ ਨੂੰ ਪੈਂਦੀ ਹੈ ਪਰ ਇਸ ਵਾਰ ਇਹ ਵੋਟ ਖਿੰਡ ਗਈ ਪ੍ਰਤੀਤ ਹੁੰਦੀ ਹੈ। ਮੁਸਲਿਮ ਆਬਾਦੀ ਵਾਲੇ ਇਲਾਕਿਆਂ ਵਿਚ ਵੱਡੀ ਗਿਣਤੀ ਵਿਚ ਮੁਸਲਮਾਨ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਖੜ੍ਹੇ ਕੀਤੇ ਗਏ ਤਾਂ ਜੋ ਮੁਸਲਿਮ ਵੋਟ ਵੰਡੀ ਜਾਵੇ। 182 ਵਿਧਾਨ ਸਭਾ ਸੀਟਾਂ ਵਾਲੇ ਗੁਜਰਾਤ ਵਿਚ 230 ਦੇ ਕਰੀਬ ਮੁਸਲਿਮ ਉਮੀਦਵਾਰਾਂ ਨੇ ਚੋਣ ਲੜੀ।

ਭਾਜਪਾ ਦੀ ਵੱਡੀ ਗੁਜਰਾਤ ਜਿੱਤ ਨਾਲ ਜਿੱਥੇ ਮੋਦੀ ਦਾ ਸਿਆਸੀ ਕੱਦ ਵਧੇਗਾ ਉਥੇ ਭਾਜਪਾ ਅਤੇ ਸੰਘ ਆਪਣੇ ਹਿੰਦੂਤਵੀ, ਕੇਂਦਰੀਕਰਨ ਤੇ ਕਾਰਪੋਰੇਟ ਪੱਖੀ ਏਜੰਡੇ ਨੂੰ ਹੋਰ ਜ਼ੋਰ-ਸ਼ੋਰ ਨਾਲ ਅੱਗੇ ਵਧਾਉਣਗੇ ਜੋ ਜਮਹੂਰੀਅਤ, ਧਰਮ-ਨਿਰਪੱਖਤਾ ਤੇ ਬਹੁਲਵਾਦ ਵਿਚ ਯਕੀਨ ਰੱਖਣ ਵਾਲੀਆਂ ਤਾਕਤਾਂ ਲਈ ਚੁਣੌਤੀ ਹੈ।

# ਯੂਕਰੇਨ ਦੀ ਅਜ਼ਮਾਇਸ਼

**ਜੀ ਪਾਰਥਾਸਾਰਥੀ**

ਸੋਵੀਅਤ ਸੰਘ ਦੇ ਜ਼ਿਆਦਾਤਰ ਸਾਬਕਾ ਗਣਰਾਜਾਂ ਦੇ ਰੂਸ ਨਾਲ ਚੰਗੇ ਸਬੰਧ ਬਣਾ ਰਹੇ ਹਨ ਪਰ ਪਿਛਲੇ ਕੁਝ ਸਾਲਾਂ ਤੋਂ ਯੂਕਰੇਨ ਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਉਸ ਕੋਲ ਇੰਨੀ ਸਿਆਸੀ ਮਜ਼ਬੂਤੀ ਤੇ ਆਰਥਿਕ ਦਬਦਬਾ ਹੈ ਕਿ ਜਿਸ ਦੇ ਦਮ 'ਤੇ ਉਹ ਰੂਸ ਨਾਲ ਆਪਣੇ ਸਬੰਧਾਂ ਵਿਚ ਕਾਫ਼ੀ ਤਬਦੀਲੀਆਂ ਕਰਵਾ ਸਕਦਾ ਹੈ। ਯੂਕਰੇਨ ਨੇ ਆਪਣੇ ਯੁਵਾ ਤੇ ਕ੍ਰਿਸ਼ਮਈ ਰਾਸ਼ਟਰਪਤੀ ਵਲੋਦੀਮੀਰ ਜ਼ੈਲੈਂਸਕੀ ਜਿਨ੍ਹਾਂ ਨੂੰ ਬਾਇਡਨ ਪ੍ਰਸ਼ਾਸਨ ਦੀ ਭਰਵੀਂ ਹਮਾਇਤ ਹਾਸਲ ਹੈ, ਦੀ ਅਗਵਾਈ ਹੇਠ ਇਹ ਰੁਖ਼ ਅਪਣਾਇਆ ਸੀ। ਜ਼ੇਲੈਂਸਕੀ ਸਰਕਾਰ ਦੇ ਇਨ੍ਹਾਂ ਕਦਮਾਂ ਮੁਤੱਲਕ ਰੂਸ ਨੂੰ ਸਖ਼ਤ ਇਤਰਾਜ਼ ਸੀ ਕਿ ਉਹ ਕ੍ਰਾਇਮੀਆ ਵਿਚ ਗਹਿਰੇ ਸਮੁੰਦਰ ਵਾਲੀ ਬੰਦਰਗਾਹ ਤੱਕ ਅਤੇ ਦੱਖਣੀ ਯੂਕਰੇਨ ਵਿਚ ਰਹਿੰਦੇ ਰੂਸੀ ਭਾਸ਼ੀ ਲੋਕਾਂ ਦੀ ਭਲਾਈ ਲਈ ਰੂਸ ਦੀ ਰਸਾਈ ਰੋਕੀ ਜਾ ਸਕਦੀ ਹੈ। ਇਸ ਕਰ ਕੇ ਯੂਕਰੇਨ ਵਿਚ ਰੂਸੀ ਫ਼ੌਜੀ ਦਖ਼ਲਅੰਦਾਜ਼ੀ ਦੀ ਸ਼ੁਰੂਆਤ ਹੋ ਗਈ। ਕ੍ਰਾਇਮੀਆ ਵਿਚ ਆਪਣੀ ਜਲ ਸੈਨਾ ਤੇ ਫ਼ੌਜੀ ਅੱਡਿਆਂ ਤੱਕ ਰਸਾਈ ਹੋਣ ਬਾਰੇ ਖਦਸ਼ਿਆਂ ਕਰ ਕੇ ਰੂਸ ਨੇ 18 ਮਾਰਚ, 2014 ਨੂੰ ਕ੍ਰਾਇਮੀਆ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਸੀ। ਕ੍ਰਾਇਮੀਆ ਨਾਲ ਰੂਸ ਦੇ ਸੰਚਾਰ ਸੰਪਰਕ ਤੋਂ ਇਲਾਵਾ ਦੱਖਣੀ ਯੂਕਰੇਨ ਵਿਚ ਰਹਿੰਦੇ ਰੂਸੀ ਭਾਸ਼ੀ ਲੋਕਾਂ ਦੀ ਭਲਾਈ ਤੇ ਸਲਾਮਤੀ ਬਾਰੇ ਰੂਸ ਦੇ ਸਰੋਕਾਰ ਬਣੇ ਹੋਏ ਸਨ।


ਯੂਕਰੇਨ ਅਤੇ ਰੂਸ ਵਿਚਕਾਰ ਸਿੱਧਮ ਸਿੱਧਾ ਟਕਰਾਅ ਸ਼ੁਰੂ ਹੋਣ ਨਾਲ ਦੋਵੇਂ ਧਿਰਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ। ਅਮਰੀਕੀ ਸੈਨਿਕ ਦਸਤਿਆਂ ਦੇ ਸਾਂਝੇ ਮੁਖੀ ਜਨਰਲ ਮਾਰਕ ਏ ਮਿਲੀ ਮੁਤਾਬਕ ਰੂਸ-ਯੂਕਰੇਨ ਟਕਰਾਅ ਕਾਰਨ ਅੰਦਾਜ਼ਨ ਇਕ ਲੱਖ ਰੂਸੀ ਫ਼ੌਜੀ ਮਾਰੇ ਗਏ ਜਾਂ ਜ਼ਖ਼ਮੀ ਹੋਏ ਹਨ ਅਤੇ ਲਗਭਗ ਇੰਨਾ ਹੀ ਜਾਨੀ ਨੁਕਸਾਨ ਯੂਕਰੇਨ ਦਾ ਹੋਇਆ ਹੈ। ਜਨਰਲ ਮਿਲੀ ਨੇ ਇਹ ਵੀ ਆਖਿਆ ਕਿ ਅੰਦਾਜ਼ਨ 40 ਹਜ਼ਾਰ ਯੂਕਰੇਨ ਨਾਗਰਿਕ ਤੇ ਫ਼ੌਜੀ ਕਰਮੀ ਮਾਰੇ ਗਏ ਹਨ ਤੇ ਡੇਢ ਕਰੋੜ ਤੋਂ ਤਿੰਨ ਕਰੋੜ ਯੂਕਰੇਨੀ ਨਾਗਰਿਕ ਬੇਘਰ ਹੋ ਗਏ ਹਨ। ਰੂਸੀ ਫ਼ੌਜ ਨੇ ਯੂਕਰੇਨ ਦੇ ਹਮਲਿਆਂ ਦੇ ਜਵਾਬ ਵਜੋਂ ਭਾਰੀ ਹਮਲੇ ਕੀਤੇ ਹਨ ਅਤੇ ਬਿਜਲੀ ਸਪਲਾਈ ਲਾਈਨਾਂ 'ਤੇ ਮਿਜ਼ਾਈਲ ਹਮਲੇ ਕੀਤੇ ਗਏ ਹਨ ਜਿਨ੍ਹਾਂ ਕਰ ਕੇ ਸਮੁੱਚੇ ਯੂਕਰੇਨ ਵਿਚ ਬਿਜਲੀ ਸਪਲਾਈ ਤੇ ਸੰਚਾਰ ਸੇਵਾਵਾਂ ਠੱਪ ਹੋ ਗਈਆਂ ਹਨ। ਠੰਢ ਦੇ ਮੌਸਮ ਵਿਚ ਯੂਕਰੇਨ ਦੇ ਲੋਕਾਂ ਨੂੰ ਬਿਜਲੀ ਤੋਂ ਬਿਨਾ ਰਹਿਣਾ ਪੈ ਰਿਹਾ ਹੈ ਤੇ ਰੂਸ ਵਲੋਂ ਗੈਸ ਦੀ ਸਪਲਾਈ ਕੱਟ ਦੇਣ ਨਾਲ ਬਹੁਤ ਸਾਰੇ ਯੂਕਰੇਨ ਦੇ ਪਰਿਵਾਰਾਂ ਨੂੰ ਸੁਰੱਖਿਆ ਲਈ ਨਵੇਂ ਟਿਕਾਣੇ ਲੱਭਣੇ ਪੈ ਰਹੇ ਹਨ। ਜਰਮਨੀ ਜਿਹੇ ਯੂਰਪੀ ਮੁਲਕਾਂ ਲਈ ਵੀ ਰੂਸ ਨੇ ਗੈਸ ਦੀ ਸਪਲਾਈ ਬੰਦ ਕੀਤੀ ਹੋਈ ਹੈ ਅਤੇ ਨਾਟੋ ਮੁਲਕਾਂ ਵਲੋਂ ਸਰਦੀਆਂ ਦੇ ਮੌਸਮ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਯੂਕਰੇਨ ਟਕਰਾਅ ਕਰ ਕੇ ਸਮੁੱਚੇ ਯੂਰਪ ਵਿਚ ਯੂਕਰੇਨ ਪ੍ਰਤੀ ਹਮਦਰਦੀ ਦੀ ਲਹਿਰ ਹੈ। ਯੂਕਰੇਨ ਘਟਨਾਵਾਂ ਕੌਮਾਂਤਰੀ ਮੀਡੀਆ ਲਈ ਕੇਂਦਰ ਬਿੰਦੂ ਹਨ। ਸ਼ੁਰੂਆਤੀ ਦਿਨਾਂ ਵਿਚ ਭਾਰਤ ਨੇ ਇਸ ਤੋਂ ਪਾਸਾ ਵੱਟ ਰੱਖਿਆ ਸੀ। ਉਂਝ, ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਸਿਖਰ ਸੰਮੇਲਨ ਦੌਰਾਨ ਰਾਸ਼ਟਰਪਤੀ ਪੂਤਿਨ ਅਤੇ ਸ਼ੀ ਜਿਨਪਿੰਗ ਦੀ ਮੌਜੂਦਗੀ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਇਸ ਟਿੱਪਣੀ ਕਿ 'ਅਜੋਕਾ ਯੁੱਗ ਜੰਗ ਦਾ ਨਹੀ ਹੈ ਅਤੇ ਮੈਂ ਤੁਹਾਡੇ ਨਾਲ ਇਸ ਬਾਰੇ ਗੱਲਬਾਤ ਵੀ ਕੀਤੀ ਸੀ। ਅੱਜ ਸਾਨੂੰ ਮੌਕਾ ਮਿਲੇਗਾ ਕਿ ਅਸੀਂ ਇਸ ਬਾਰੇ ਵਿਚਾਰ ਚਰਚਾ ਕਰੀਏ ਕਿ ਅਸੀਂ ਸ਼ਾਂਤੀ ਤੇ ਰਾਹ 'ਤੇ ਕਿਵੇਂ ਅਗਾਂਹ ਵਧ ਸਕਦੇ ਹਾਂ' ਤੋਂ ਬਾਅਦ ਦੁਨੀਆ ਦਾ ਧਿਆਨ ਇਸ ਵੱਲ ਗਿਆ ਸੀ। ਜਰਮਨੀ ਅਤੇ ਬਰਤਾਨੀਆ ਸਮੇਤ ਬਹੁਤੇ ਨਾਟੋ ਮੁਲਕ ਯੂਕਰੇਨ ਨੂੰ ਫ਼ੌਜੀ ਸਹਾਇਤਾ ਮੁਹੱਈਆ ਕਰਵਾਉਣ ਦੇ ਉਦਮ ਵਿਚ ਸ਼ਿਰਕਤ ਕਰ ਰਹੇ ਹਨ ਜਦਕਿ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਦੋਵਾਂ ਧਿਰਾਂ ਵਿਚਕਾਰ ਸਾਰਥਕ ਗੱਲਬਾਤ ਸ਼ੁਰੂ ਕਰਵਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ ਹਨ ਤਾਂ ਕਿ ਯੂਕਰੇਨ ਵਿਚ ਸ਼ਾਂਤੀ ਬਹਾਲ ਹੋ ਸਕੇ। ਉਨ੍ਹਾਂ ਦਾ ਰੁਖ਼ ਭਾਰਤ ਅਤੇ ਚੀਨ ਦੀ ਪੁਜ਼ੀਸ਼ਨ ਨਾਲ ਸਾਵਾਂ ਬੈਠਦਾ ਹੈ।

ਸਰਦੀ ਦਾ ਮੌਸਮ ਸ਼ੁਰੂ ਹੋਣ ਨਾਲ ਸਮੁੱਚੇ ਯੂਰਪ ਅੰਦਰ ਕੁਦਰਤੀ ਗੈਸ ਦੀ ਮੰਗ ਵਧ ਜਾਂਦੀ ਹੈ। ਯੂਰਪੀ ਸੰਘ ਦੇ ਮੈਂਬਰ ਮੁਲਕਾਂ ਅਤੇ ਪੂਰਬੀ ਯੂਰਪ ਅੰਦਰ ਅੰਤਾਂ ਦੀ ਠੰਢ ਪੈਂਦੀ ਹੈ ਜਿਸ ਕਰ ਕੇ ਲੋਕਾਂ ਦਾ ਸਬਰ ਜਵਾਬ ਦੇ ਸਕਦਾ ਹੈ। ਹਾਲਾਂਕਿ ਰਾਸ਼ਟਰਪਤੀ ਪੂਤਿਨ ਅੰਤ ਨੂੰ ਯੂਕਰੇਨ ਨਾਲ ਗੱਲਬਾਤ ਦਾ ਸਵਾਗਤ ਕਰਨਗੇ ਪਰ ਉਨ੍ਹਾਂ ਦਾ ਮੁੱਖ ਜ਼ੋਰ ਕ੍ਰਾਇਮੀਆ ਖ਼ਾਸਕਰ ਦੱਖਣੀ ਯੂਕਰੇਨ ਵਿਚ ਪੈਂਦੀ ਓਡੇਸਾ ਬੰਦਰਗਾਹ ਤੱਕ ਰੂਸੀ ਰਸਾਈ ਹਾਸਲ ਕਰਨ 'ਤੇ ਰਹੇਗਾ। ਸਾਬਕਾ ਸੋਵੀਅਤ ਰੂਸ ਵੇਲੇ ਓਡੇਸਾ ਭਾਰਤ ਸਮੇਤ ਦੁਨੀਆ ਭਰ ਦੇ ਦੇਸ਼ਾਂ ਨਾਲ ਵਪਾਰ ਦਾ ਧੁਰਾ ਰਿਹਾ ਸੀ। ਇਸ ਦੇ ਨਾਲ ਹੀ ਅਮਰੀਕਾ ਤੇ ਇਸ ਦੇ ਸਹਿਯੋਗੀ ਨਾਟੋ ਮੁਲਕਾਂ ਵਲੋਂ ਰੂਸੀ ਤੇਲ ਦਾ ਬਰਾਮਦੀ ਮੁੱਲ 60 ਡਾਲਰ ਫੀ ਬੈਰਲ ਮੁਕੱਰਰ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਹਾਲੇ ਇਹ ਦੇਖਣਾ ਬਾਕੀ ਹੈ ਕਿ ਇਸ ਮੁੱਦੇ ਨਾਲ ਕਿਵੇਂ ਨਜਿੱਠਿਆ ਜਾਂਦਾ ਹੈ। ਜੀ20 ਸਿਖਰ ਸੰਮੇਲਨ ਦੌਰਾਨ ਪੱਛਮੀ ਮੁਲਕਾਂ ਵਲੋਂ ਮਾਸਕੋ ਦੀ ਸਖ਼ਤ ਨੁਕਤਾਚੀਨੀ ਕੀਤੀ ਗਈ ਸੀ ਪਰ ਚੀਨ ਅਤੇ ਭਾਰਤ ਦਾ ਇਹ ਖਿਆਲ ਸੀ ਕਿ ਇਸ ਤਰ੍ਹਾਂ ਦੀ ਆਲੋਚਨਾ ਨਾਲ ਰੂਸ ਦੇ ਆਪਣੇ ਰਾਹ 'ਤੇ ਚੱਲਣ ਦੇ ਦ੍ਰਿੜ ਇਰਾਦੇ 'ਤੇ ਕੋਈ ਫ਼ਰਕ ਨਹੀਂ ਪਵੇਗਾ। ਇਹ ਜ਼ਰੂਰੀ ਹੈ ਕਿ ਰੂਸ ਅਤੇ ਯੂਕਰੇਨ ਨੂੰ ਮਿਲ ਕੇ ਤਰਕਸੰਗਤ ਨੀਤੀਆਂ ਅਪਣਾਉਣੀਆਂ ਪੈਣਗੀਆਂ ਤਾਂ ਕਿ ਵਧ ਰਹੀਆਂ ਚੁਣੌਤੀਆਂ ਨਾਲ ਸਿੱਝਿਆ ਜਾ ਸਕੇ।

ਯੂਕਰੇਨ ਸੰਕਟ ਦੌਰਾਨ ਪਾਕਿਸਤਾਨ ਨੇ ਆਪਣੀਆਂ ਨੀਤੀਆਂ ਨਾਲ ਦੁਨੀਆ ਭਰ ਵਿਚ ਬਹੁਤ ਸਾਰੇ ਲੋਕਾਂ ਨੂੰ ਹੈਰਾਨ ਕੀਤਾ ਹੈ। ਪਾਕਿਸਤਾਨ ਨੇ ਹਾਲਾਂਕਿ ਸ਼ੁਰੂ ਵਿਚ ਰੂਸ ਦੀ ਕਾਰਵਾਈ ਬਾਰੇ ਕੋਈ ਫ਼ਤਵਾ ਦੇਣ ਤੋਂ ਗੁਰੇਜ਼ ਕੀਤਾ ਸੀ। ਭਾਰਤ, ਚੀਨ ਅਤੇ ਏਸ਼ੀਆ ਦੇ ਕੁਝ ਹੋਰਨਾਂ ਮੁਲਕਾਂ ਨੇ ਵੀ ਬਹੁਤ ਸੰਜਮ ਤੋਂ ਕੰਮ ਲਿਆ ਸੀ ਅਤੇ ਰੂਸ ਤੇ ਯੂਕਰੇਨ ਵਿਚਕਾਰ ਵਧਦੇ ਟਕਰਾਅ ਬਾਰੇ ਕੋਈ ਫ਼ਤਵੇ ਦੇਣ ਤੋਂ ਗੁਰੇਜ਼ ਕੀਤਾ ਸੀ। ਬਹਰਹਾਲ, ਜਦੋਂ ਇਹ ਰਿਪੋਰਟਾਂ ਸਾਹਮਣੇ ਆਈਆਂ ਕਿ ਪਾਕਿਸਤਾਨ ਵਲੋਂ ਯੂਕਰੇਨੀ ਫੌਜ ਲਈ ਹਥਿਆਰ ਤੇ ਸਾਜ਼ੋ-ਸਾਮਾਨ ਮੁਹੱਈਆ ਕਰਾਉਣ ਲਈ ਬ੍ਰਿਟਿਸ਼ ਰਾਇਲ ਏਅਰ ਫੋਰਸ ਦੇ ਹਵਾਈ ਜਹਾਜ਼ ਲਈ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਸਨ। ਜ਼ਾਹਿਰ ਹੈ ਕਿ ਇਹ ਸਭ ਅਮਰੀਕਾ ਦੀ ਮਦਦ ਨਾਲ ਚੱਲ ਰਿਹਾ ਸੀ। ਇਸ ਦੇ ਨਾਲ ਹੀ ਅਮਰੀਕਾ ਵਲੋਂ ਪਾਕਿਸਤਾਨ ਨੂੰ 45 ਕਰੋੜ ਡਾਲਰ ਦੇ ਮੁੱਲ ਦਾ ਫ਼ੌਜੀ ਸਾਜ਼ੋ-ਸਾਮਾਨ ਮੁਹੱਈਆ ਕਰਾਉਣ ਦਾ ਐਲਾਨ ਕਰ ਦਿੱਤਾ ਗਿਆ।

# ਸੋਸ਼ਲ ਮੀਡੀਆ ਹਮਲੇ ਅਤੇ ਸ਼ਾਹਰੁਖ ਖਾਨ






*ਫਿਲਮ 'ਪਠਾਨ' ਦਾ ਪੋਸਟਰ, ਫਿਲਮਸਾਜ਼ ਸਿਧਾਰਥ ਆਨੰਦ ਅਤੇ ਦੀਪਿਕਾ ਪਾਦੂਕੋਨ।*

**ਕੁਦਰਤ ਕੌਰ**

ਫਿਲਮ ਅਦਾਕਾਰ ਸ਼ਾਹਰੁਖ ਖਾਨ ਦਾ ਕਹਿਣਾ ਹੈ ਕਿ ਦੁਨੀਆ ਕੁਝ ਵੀ ਕਰ ਲਵੇ, ਉਨ੍ਹਾਂ ਵਰਗੇ ਸਕਾਰਾਤਮਕ ਲੋਕ 'ਜਿਊਂਦੇ' ਰਹਿਣਗੇ। ਫਿਲਮ 'ਪਠਾਨ' ਦੇ ਗੀਤ ਨੂੰ ਲੈ ਕੇ ਹੋਏ ਵਿਵਾਦ ਦਰਮਿਆਨ ਅਦਾਕਾਰ ਵੱਲੋਂ ਇਹ ਟਿੱਪਣੀ ਕੀਤੀ ਗਈ ਹੈ। ਕੋਲਕਾਤਾ ਕੌਮਾਂਤਰੀ ਫਿਲਮ ਮੇਲੇ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਅਦਾਕਾਰ ਨੇ ਇਹ ਵੀ ਕਿਹਾ ਕਿ ਕਿਵੇਂ ਸੋਸ਼ਲ ਮੀਡੀਆ ਅਕਸਰ ਕੁਝ ਸੌੜੇ ਵਿਚਾਰਾਂ ਤੋਂ ਪ੍ਰੇਰਿਤ ਹੁੰਦਾ ਹੈ ਅਤੇ ਇਸ ਨੂੰ ਵੰਡਪਾਊ ਤੇ ਤਬਾਹਕੁਨ ਬਣਾ ਦਿੰਦਾ ਹੈ। ਉਨ੍ਹਾਂ ਕਿਹਾ, "ਸਿਨੇਮਾ ਮਨੁੱਖਤਾ ਦੀ ਦਿਆਲਤਾ, ਏਕਤਾ ਤੇ ਭਾਈਚਾਰੇ ਦੀ ਵੱਡੀ ਸਮਰੱਥਾ ਨੂੰ ਸਾਹਮਣੇ ਲਿਆਉਂਦਾ ਹੈ। ਦੁਨੀਆ ਭਾਵੇਂ ਕੁਝ ਵੀ ਕਰ ਲਵੇ, ਮੈਂ ਅਤੇ ਤੁਸੀਂ ਲੋਕ ਤੇ ਜਿੰਨੇ ਵੀ ਹਾਂ-ਪੱਖੀ ਲੋਕ ਹਨ, ਜਿਊਂਦੇ ਰਹਿਣਗੇ।' ਸਮਾਗਮ 'ਚ ਮੁੱਖ ਮਹਿਮਾਨ ਵਜੋਂ ਪਹੁੰਚੇ ਸ਼ਾਹਰੁਖ ਨੇ ਕਿਹਾ ਕਿ ਸਿਨੇਮਾ ਮਨੁੱਖਤਾ ਖਿਲਾਫ਼ ਬਿਰਤਾਂਤ ਸਿਰਜਣ ਵਾਲਿਆਂ ਦਾ ਟਾਕਰਾ ਕਰਨ ਦਾ ਪੁਖ਼ਤਾ ਸਾਧਨ ਹੈ। ਸਿਨੇਮਾ ਵੱਖ ਵੱਖ ਰੰਗਾਂ, ਜਾਤਾਂ ਤੇ ਧਰਮਾਂ ਦੇ ਲੋਕਾਂ ਲਈ ਇੱਕ-ਦੂਜੇ ਨੂੰ ਬਿਹਤਰ ਢੰਗ ਨਾਲ ਸਮਝਣ ਦਾ ਜ਼ਰੀਆ ਹੈ।

ਜ਼ਿਕਰਯੋਗ ਹੈ ਕਿ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਫਿਲਮ 'ਪਠਾਨ' ਦੇ ਗੀਤ 'ਬੇਸ਼ਰਮ ਰੰਗ' ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਹੋਏ ਹਨ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਹੈ ਕਿ ਇਸ ਗੀਤ ਨਾਲ ਇੱਕ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਫਿਲਮ 25 ਜਨਵਰੀ ਨੂੰ ਰਿਲੀਜ਼ ਹੋਣੀ ਹੈ।

ਇਸ ਤੋਂ ਪਹਿਲਾਂ ਸ਼ਾਹਰੁਖ ਖਾਨ ਆਪਣੀ ਫਿਲਮ 'ਪਠਾਨ' ਦੇ ਗੀਤ 'ਬੇਸ਼ਰਮ ਰੰਗ' ਦੇ ਰਿਲੀਜ਼ ਹੋਣ ਤੋਂ ਪਹਿਲਾਂ ਵੈਸ਼ਨੋ ਦੇਵੀ ਮੰਦਰ ਵਿਖੇ ਨਤਮਸਤਕ ਹੋਇਆ। ਇਸ ਸਬੰਧੀ ਸ਼ਾਹਰੁਖ ਦਾ ਵੀਡੀਓ ਸਾਹਮਣੇ ਆਇਆ ਹੈ ਜਿਸ ਵਿਚ ਉਹ ਮਾਤਾ ਵੈਸ਼ਨੋ ਦੇਵੀ ਮੰਦਰ ਵਿਖੇ ਸ਼ੁਕਰਾਨਾ ਕਰਨ ਤੇ ਆਸ਼ੀਰਵਾਦ ਲੈਣ ਜਾਂਦੇ ਦਿਖਾਈ ਦੇ ਰਹੇ ਹਨ। ਇਸ ਵੀਡੀਓ ਵਿਚ ਸ਼ਾਹਰੁਖ ਖਾਨ ਪੁਲੀਸ ਮੁਲਾਜ਼ਮਾਂ ਤੇ ਅਧਿਕਾਰੀਆਂ ਨਾਲ ਘਿਰੇ ਹੋਏ ਦਿਖਾਈ ਦੇ ਰਹੇ ਹਨ। ਉਸ ਨੇ ਆਪਣੀ ਪਛਾਣ ਛੁਪਾਉਣ ਲਈ ਕਾਲਾ ਪਹਿਰਾਵਾ ਪਹਿਨਿਆ ਹੋਇਆ ਸੀ। ਸਿਧਾਰਥ ਆਨੰਦ ਵੱਲੋਂ ਨਿਰਦੇਸ਼ਿਤ ਫਿਲਮ 'ਪਠਾਨ' ਵਿਚ ਦੀਪਿਕਾ ਪਾਦੂਕੋਨ ਅਤੇ ਜੌਹਨ ਅਬਰਾਹਮ ਵੀ ਹਨ। ਜਾਸੂਸੀ ਥ੍ਰਿਲਰ ਇਹ ਫਿਲਮ ਰਾਅ ਏਜੰਟ ਪਠਾਨ ਦੁਆਲੇ ਘੁੰਮਦੀ ਹੈ। ਇਸ ਵਿਚ ਸਲਮਾਨ ਖਾਨ ਦੀ ਸੰਖੇਪ ਜਿਹੀ ਭੂਮਿਕਾ ਹੈ। ਯਾਦ ਰਹੇ ਕਿ ਫਿਲਮ 'ਪਠਾਨ' ਦਾ ਵਿਰੋਧ ਇਸ ਕਰ ਕੇ ਵੀ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਫਿਲਮ ਵਿਚ ਅਦਾਕਾਰਾ ਦੀਪਿਕਾ ਪਾਦੂਕੋਨ ਹੈ। ਦੀਪਿਕਾ ਪਾਦੂਕੋਨ ਨੇ ਜੇ.ਐਨ.ਯੂ. ਵਿਦਿਆਰਥੀਆਂ ਦੇ ਅੰਦੋਲਨ ਦੌਰਾਨ ਯੂਨੀਵਰਸਿਟੀ ਵਿਚ ਪੁੱਜ ਕੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ ਸੀ। ਉਧਰ, ਫਿਲਮ ਦੇ ਨਿਰਦੇਸ਼ਕ ਸਿਧਾਰਥ ਆਨੰਦ ਨੇ ਕਿਹਾ ਹੈ ਕਿ ਦੀਪਿਕਾ ਪਾਦੂਕੋਨ ਬਿਹਤਰੀਨ ਅਦਾਕਾਰਾ ਹੋਣ ਦੇ ਨਾਲ-ਨਾਲ ਦੇਸ਼ ਦੀਆਂ ਸਭ ਤੋਂ ਖ਼ੂਬਸੂਰਤ ਅਦਾਕਾਰਾਵਾਂ ਵਿਚੋਂ ਇੱਕ ਹੈ ਜਿਸ ਦੀ ਸ਼ਖ਼ਸੀਅਤ ਹਰ ਫਿਲਮ ਨਾਲ ਹੋਰ ਨਿੱਖਰੀ ਹੈ। ਦੀਪਿਕਾ ਨੂੰ ਇਸ ਫਿਲਮ ਵਿਚ ਲੈਣ ਦਾ ਫੈਸਲਾ ਸੁਭਾਵਕ ਸੀ, ਉਹ ਬਿਨਾ ਕਿਸੇ ਖ਼ਾਸ ਮਿਹਨਤ ਤੋਂ ਬਹੁਤ ਖ਼ੂਬਸੂਰਤ ਲੱਗ ਸਕਦੀ ਹੈ।"



# ਫਿਰ ਗਾਲਿਬ ਬਣਨਾ ਚਾਹੁੰਦਾ ਨਸੀਰੂਦੀਨ

**ਜਗਜੀਤ ਸਿੰਘ**

ਰਹੱਸਮਈ ਰੋਮਾਂਚਕ ਫਿਲਮ 'ਮਰੀਚ' ਫਿਲਮ ਨਾਲ ਇਕ ਵਾਰ ਫਿਰ ਉਘੇ ਅਦਾਕਾਰ ਨਸੀਰੂਦੀਨ ਸ਼ਾਹ ਦੀ ਚਰਚਾ ਹੋਈ ਹੈ। ਧਰੁਵ ਲਾਥੇਰ ਦੀ ਨਿਰਦੇਸ਼ਿਤ ਇਹ ਫਿਲਮ ਦਸੰਬਰ ਦੇ ਆਰੰਭ ਵਿਚ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ। ਫਿਲਮ ਵਿਚ ਅਦਾਕਾਰ ਤੁਸ਼ਾਰ ਕਪੂਰ ਦੀ ਨਾਇਕ ਵਜੋਂ ਭੂਮਿਕਾ ਹੈ। ਫਿਲਮ ਬਾਰੇ ਗੱਲ ਕਰਦਿਆਂ ਤੁਸ਼ਾਰ ਕਪੂਰ ਨੇ ਕਿਹਾ ਸੀ ਕਿ ਇਹ ਫਿਲਮ ਬਹੁਤ ਸਾਰੇ ਕਾਰਨਾਂ ਕਰ ਕੇ ਉਸ ਦੇ ਦਿਲ ਦੇ ਨੇੜੇ ਹੈ। ਵਾਕਈ ਹੀ ਉਸ ਨੇ ਇਸ ਫਿਲਮ ਵਿਚ ਕੰਮ ਵੀ ਰੂਹ ਨਾਲ ਕੀਤਾ ਹੈ।

ਇਸੇ ਦੌਰਾਨ ਨਸੀਰੂਦੀਨ ਸ਼ਾਹ ਨੇ ਇਸ ਫਿਲਮ ਦੇ ਬਹਾਨੇ ਹੋਈ ਇਕ ਇੰਟਰਵਿਊ ਦੌਰਾਨ ਕਿਹਾ ਕਿ ਉਹ ਬਤੌਰ ਅਦਾਕਾਰ ਆਪਣੇ ਹੁਣ ਤੱਕ ਦੇ ਫਿਲਮੀ ਸਫਰ ਤੋਂ ਸੰਤੁਸ਼ਟ ਹੈ; ਉਂਝ, ਉਹ ਇਕ ਵਾਰ ਫਿਰ ਚਾਹੁੰਦਾ ਹੈ ਕਿ ਉਹ ਮਿਰਜ਼ਾ ਗਾਲਿਬ ਵਰਗਾ ਕਿਰਦਾਰ ਨਿਭਾਏ। ਯਾਦ ਰਹੇ ਕਿ ਨਸੀਰੂਦੀਨ ਸ਼ਾਹ ਨੇ ਉਘੇ ਫਿਲਮਸਾਜ਼ ਅਤੇ ਗੀਤਕਾਰ ਗੁਲਜ਼ਾਰ ਦੇ ਟੀ.ਵੀ. ਲੜੀਵਾਰ 'ਗਾਲਿਬ' ਵਿਚ ਮਿਰਜ਼ਾ ਗਾਲਿਬ ਦੀ ਭੂਮਿਕਾ ਨਿਭਾਈ ਸੀ। ਨਸੀਰੂਦੀਨ ਸ਼ਾਹ ਨੇ ਕਿਹਾ, "ਗਾਲਿਬ ਦਾ ਰੋਲ ਕਰਦਿਆਂ ਮੈਂ ਬੱਸ ਗਾਲਿਬ ਹੀ ਹੋ ਗਿਆ ਸਾਂ। ਸਭ ਦਾ ਇਹੀ ਹਾਲ ਸੀ। ਗੁਲਜ਼ਾਰ ਸਾਹਿਬ ਇਸ ਲੜੀਵਾਰ ਵਿਚ ਬਹੁਤ ਜ਼ਿਆਦਾ ਖੁੱਭ ਗਏ ਸਨ। ਇਸੇ ਲਈ ਮੈਂ ਚਾਹੁੰਦਾ ਹਾਂ ਕਿ ਮੈਂ ਇਕ ਵਾਰ ਫਿਰ ਗਾਲਿਬ ਬਣਾਂ ਅਤੇ ਉਸ ਦੌਰ ਦਾ ਪੂਰਾ ਆਨੰਦ ਮਾਣਾਂ।"

ਉਨ੍ਹਾਂ ਕਿਹਾ ਕਿ ਹੁਣ ਤਾਂ ਜ਼ਮਾਨੇ ਬਦਲ ਗਏ ਹਨ। ਫਿਲਮ ਸਨਅਤ ਨਾਲ ਜੁੜੇ ਕੁਝ ਲੋਕ ਹੋਰ ਪਾਸੇ ਹੀ ਤੁਰ ਗਏ ਹਨ। ਫਿਰਕਿਆਂ ਦੇ ਆਧਾਰ 'ਤੇ ਮੁੱਲ ਪਾਇਆ ਜਾ ਰਿਹਾ ਹੈ। ਯਾਦ ਰਹੇ ਕਿ ਨਸੀਰੂਦੀਨ ਸ਼ਾਹ ਅਜਿਹੇ ਮਸਲਿਆਂ ਬਾਰੇ ਆਪਣੇ ਵਿਚਾਰ ਅਕਸਰ ਜ਼ਾਹਿਰ ਕਰਦੇ ਰਹੇ ਹਨ।


*ਟੀ.ਵੀ. ਲੜੀਵਾਰ 'ਮਿਰਜ਼ਾ ਗਾਲਿਬ' ਵਿਚ ਨਸੀਰੂਦੀਨ ਸ਼ਾਹ ਅਤੇ (ਸੱਜੇ) ਅੱਜ ਦਾ ਅਦਾਕਾਰ ਨਸੀਰੂਦੀਨ ਸ਼ਾਹ।*

# ਇਮਤਿਆਜ਼ ਅਲੀ ਦੀ ਫਿਲਮ 'ਚਮਕੀਲਾ'

**ਗੁਰਜੰਟ ਸਿੰਘ**

ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨਿਰਦੇਸ਼ਕ ਇਮਤਿਆਜ਼ ਅਲੀ ਦੀ ਅਗਲੀ ਫਿਮਲ 'ਚਮਕੀਲਾ' ਵਿਚ ਪਰਿਨੀਤੀ ਚੋਪੜਾ ਨਾਲ ਕੰਮ ਕਰੇਗਾ। ਇਹ ਫਿਲਮ ਪੰਜਾਬ ਦੀ ਦੋਗਾਣਾ ਜੋੜੀ ਅਮਰਜੋਤ ਕੌਰ ਅਤੇ ਅਮਰ ਸਿੰਘ ਚਮਕੀਲਾ 'ਤੇ ਆਧਾਰਿਤ ਹੈ ਜਿਸ ਵਿਚ ਪਰਿਨੀਤੀ ਚੋਪੜਾ ਅਮਰਜੋਤ ਕੌਰ ਅਤੇ ਦਿਲਜੀਤ ਦੋਸਾਂਝ ਅਮਰ ਸਿੰਘ ਚਮਕੀਲਾ ਦੀ ਭੂਮਿਕਾ ਵਿਚ ਨਜ਼ਰ ਆਵੇਗਾ। ਜ਼ਿਕਰਯੋਗ ਹੈ ਕਿ 8 ਮਾਰਚ 1988 ਨੂੰ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਪਤਨੀ ਅਮਰਜੋਤ ਕੌਰ ਦਾ ਕਤਲ ਕਰ ਦਿੱਤਾ ਗਿਆ ਸੀ। ਫਿਲਮ 'ਚਮਕੀਲਾ' ਦੀ ਸ਼ੂਟਿੰਗ ਮੁੰਬਈ 'ਚ ਸ਼ੁਰੂ ਹੋ ਗਈ ਹੈ। ਇਸ ਫਿਲਮ ਦੀ ਤਿਆਰੀ ਲਈ ਦੋਵੇਂ ਅਦਾਕਾਰਾਂ ਨੇ ਕਈ ਵਰਕਸ਼ਾਪਾਂ ਵੀ ਲਗਾਈਆਂ ਹਨ।

ਅਦਾਕਾਰਾ ਪਰਿਨੀਤੀ ਚੋਪੜਾ ਦਾ ਕਹਿਣਾ ਹੈ ਕਿ ਉਸ ਨੇ ਇਸ ਫਿਲਮ ਲਈ ਵਾਲਾਂ ਦਾ ਸਟਾਈਲ ਬਦਲਿਆ ਹੈ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਸ਼ੀਸ਼ੇ ਅੱਗੇ ਖੜ੍ਹ ਕੇ ਲਈ ਸੈਲਫ਼ੀ ਸਾਂਝੀ ਕੀਤੀ ਹੈ ਜਿਸ ਵਿਚ ਉਸ ਨੇ ਸੰਤਰੀ ਰੰਗ ਦਾ ਟਰੈਕ ਸੂਟ ਅਤੇ ਬੂਟ ਪਾਏ ਹੋਏ ਹਨ। ਇਸ ਤਸਵੀਰ ਦੀ ਕੈਪਸ਼ਨ 'ਚ ਅਦਾਕਾਰਾ ਨੇ ਲਿਖਿਆ, 'ਨਵੀਂ ਫਿਲਮ, ਨਵੇਂ ਵਾਲ।' ਪਰਿਨੀਤੀ ਚੋਪੜਾ ਦੀ ਨਿਰਦੇਸ਼ਕ ਇਮਤਿਆਜ਼ ਅਲੀ ਨਾਲ ਇਹ ਪਹਿਲੀ ਫਿਲਮ ਹੈ।




*ਫਿਲਮਸਾਜ਼ ਇਮਤਿਆਜ਼ ਅਲੀ ਅਤੇ ਦਿਲਜੀਤ ਦੋਸਾਂਝ।*

ਅਮਰ ਸਿੰਘ ਚਮਕੀਲਾ 80ਵਿਆਂ ਦੇ ਦੌਰ ਦਾ ਬੜਾ ਪਾਪੂਲਰ ਗਾਇਕ ਸੀ। ਪਿੰਡਾਂ ਵਿਚ ਲੱਗਦੇ ਅਖਾੜਿਆਂ ਵਿਚ ਉਸ ਦੀ ਤੂਤੀ ਬੋਲਦੀ ਸੀ। ਉਂਝ, ਉਸ ਉਤੇ ਇਹ ਦੋਸ਼ ਲਗਾਤਾਰ ਲੱਗਦੇ ਰਹੇ ਕਿ ਕਿ ਉਹ ਅਸ਼ਲੀਲ ਗੀਤ ਗਾਉਂਦਾ ਹੈ। ਦੂਜੇ ਬੰਨੇ ਉਸ ਦਾ ਦਾਅਵਾ ਸੀ ਕਿ ਉਹ ਪੰਜਾਬੀ ਰਹਿਤਲ ਨੂੰ ਹੀ ਆਪਣੇ ਗੀਤਾਂ ਵਿਚ ਪੇਸ਼ ਕਰਦਾ ਹੈ। ਕਿਹਾ ਜਾਂਦਾ ਹੈ ਕਿ ਅਮਰ ਸਿੰਘ ਚਮਕੀਲਾ ਆਪਣੇ ਗੀਤ ਆਪ ਹੀ ਲਿਖਦਾ ਸੀ। ਜਦੋਂ ਕੁਝ ਖਾੜਕੂਆਂ ਨੇ ਅਸ਼ਲੀਲ ਗੀਤਾਂ ਦੇ ਦੋਸ਼ ਹੇਠ ਉਸ ਨੂੰ ਚਿਤਾਵਨੀ ਦਿੱਤੀ ਤਾਂ ਉਸ ਨੇ ਵਧੇਰੇ ਧਾਰਮਿਕ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਸਨ। ਉਹ ਸਬੰਧਤ ਖਾੜਕੂਆਂ ਨੂੰ ਮਿਲ ਕੇ ਮੁਆਫੀ ਵੀ ਮੰਗਣੀ ਚਾਹੁੰਦਾ ਸੀ ਪਰ ਉਸ ਵਕਤ ਮਾਹੌਲ ਹੀ ਅਜਿਹਾ ਸੀ ਕਿ ਦੋਹਾਂ ਧਿਰਾਂ ਵਿਚਕਾਰ ਕੋਈ ਵੀ ਗੱਲ ਹੋਣ ਤੋਂ ਪਹਿਲਾਂ ਗੋਲੀ ਚੱਲ ਗਈ ਅਤੇ ਉਹ ਮਾਰਿਆ ਗਿਆ। ਸੰਗੀਤ ਨਾਲ ਜੁੜੇ ਲੋਕਾਂ ਦਾ ਮੰਨਣਾ ਹੈ ਕਿ ਚਮਕੀਲਾ ਬੜਾ ਪ੍ਰਤਿਭਾਸ਼ੀਲ ਗੀਤਕਾਰ ਤੇ ਗਾਇਕ ਸੀ। ਉਸ ਦੇ ਕੁਝ ਗੀਤਾਂ ਨੂੰ ਕੁਝ ਖਾਸ ਨੇਮਾਂ ਤਹਿਤ ਅਸ਼ਲੀਲ ਜ਼ਰੂਰ ਕਿਹਾ ਜਾ ਸਕਦਾ ਹੈ ਪਰ ਉਸ ਦੇ ਗਾਏ ਗੀਤ ਅੱਜ ਵੀ ਲੋਕ ਸੁਣਦੇ ਹਨ।



*ਅਦਾਕਾਰਾ ਪਰਿਨੀਤੀ ਚੋਪੜਾ।*

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮ



**ਪ੍ਰਭਾਤ ਫੇਰੀ:** 26 ਦਸੰਬਰ ਤੋਂ 29 ਦਸੰਬਰ ਤੱਕ ਰੋਜ਼ਾਨਾ ਸਵੇਰੇ 4:30 ਤੋਂ 5:30 ਵਜੇ ਤੱਕ ਪ੍ਰਭਾਤ ਫੇਰੀ ਕੱਢੀ ਜਾਵੇਗੀ।

**ਵੀਰਵਾਰ, 29 ਦਸੰਬਰ 2022**

ਗੁਰਪੁਰਬ ਸਬੰਧੀ ਸਾਰਾ ਦਿਨ ਕਥਾ ਵਿਆਖਿਆ ਅਤੇ ਕੀਰਤਨ ਦੀਵਾਨ




### ਪ੍ਰੋਗਰਾਮ ਦਾ ਵੇਰਵਾ

*20 ਤੋਂ 25 ਦਸੰਬਰ, 2022: ਵਿਸ਼ੇਸ਼ ਕੀਰਤਨ: ਭਾਈ ਸਰਬਜੀਤ ਸਿੰਘ ਰੰਗੀਲਾ ਅਤੇ ਜਥਾ*

*18 ਦਸੰਬਰ ਤੋਂ 15 ਜਨਵਰੀ: ਕਥਾ: ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ*

*ਦੋਵਾਂ ਜਥਿਆਂ ਵਲੋਂ 19 ਤੋਂ 24 ਦਸੰਬਰ ਨੂੰ ਰੋਜ਼ਾਨਾ ਸ਼ਾਮ 6 ਤੋਂ 8:30 ਵਜੇ ਤਕ ਅਤੇ ਐਤਵਾਰ ਸਾਰਾ ਦਿਨ ਕਥਾ-ਕੀਰਤਨ ਕੀਤਾ ਜਾਵੇਗਾ*

25 ਦਸੰਬਰ, ਐਤਵਾਰ
ਸਵੇਰੇ 10 ਤੋਂ ਦੁਪਹਿਰ 1 ਵਜੇ ਤਕ
ਬੱਚਿਆਂ ਲਈ ਲੰਗਰ ਹਾਲ ਵਿਚ ਦਸਤਾਰ ਸਜਾਉਣ, ਫੋਟੋ ਬੂਥ, ਆਰਟਸ ਤੇ ਕਰਾਫਟ ਨਾਲ ਸੰਬੰਧਤ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਕੀਰਤਨ ਸੁਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

**ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org**